

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ



Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 24, Issue 51; December 23, 2023



20451 N. Plum Grove Rd., Palatine, IL 60074 Ph:847-359-0746, Fax:847-705-9388


# ਸੁਖਬੀਰ ਦੀ ਮੁਆਫੀ ਤੋਂ ਬਾਅਦ ਅਕਾਲੀ ਸਿਆਸਤ ਭਖੀ

**ਚੰਡੀਗੜ੍ਹ:** ਸਿਆਸੀ ਪੈਰ ਧਰਾਵੇ ਲਈ ਹੱਥ ਪੈਰ ਮਾਰ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਦਿੱਤੇ ਗਏ ਪੰਥਕ ਏਕੇ ਦੇ ਹੋਕਾ ਨੂੰ ਹੁੰਗਾਰਾ ਮਿਲਣ ਦੇ ਆਸਾਰ ਬਣਨ ਲੱਗੇ ਹਨ। ਇਹ ਪਹਿਲੀ ਵਾਰ ਹੈ ਕਿ ਜਦੋਂ ਸੁਖਬੀਰ ਸਿੰਘ ਬਾਦਲ ਹੱਥ ਪਾਰਟੀ ਦੀ ਕਮਾਨ ਆਉਣ ਤੋਂ ਬਾਅਦ ਵੱਖ ਹੋਏ ਆਗੂਆਂ ਨੇ ਏਕੇ ਦੇ ਸੰਕੇਤ ਦਿੱਤੇ ਹਨ।

ਯਾਦ ਰਹੇ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਸਰ ਵਿਚ ਸਾਲ 2015-16 ਵਿਚ ਉਨ੍ਹਾਂ ਦੀ ਪਾਰਟੀ ਦੇ ਕਾਰਜਕਾਲ ਦੌਰਾਨ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਲਈ ਮੁਆਫੀ ਮੰਗੀ ਅਤੇ ਪਾਰਟੀ ਨਾਲੋਂ ਵੱਖ ਹੋਏ ਆਗੂਆਂ ਨੂੰ ਘਰ ਵਾਪਸੀ ਲਈ ਸੱਦਾ ਦਿੱਤਾ। ਇਸ ਸੱਦੇ ਤੋਂ ਤੁਰੰਤ ਪਿੱਛੋਂ ਦੋ ਸਾਬਕਾ ਸੀਨੀਅਰ ਆਗੂ ਜੋ ਸੰਯੁਕਤ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ, ਆਪਣੇ ਸਮਰਥਕਾਂ ਸਣੇ ਵਾਪਸ ਸ਼੍ਰੋਮਣੀ ਅਕਾਲੀ ਦਲ ਵਿਚ ਆ ਗਏ ਹਨ। ਸੀਨੀਅਰ ਆਗੂ ਤੇ ਸਾਬਕਾ ਪਾਰਲੀਮਾਨੀ ਸਕੱਤਰ ਦੇਸ ਰਾਜ ਧੁੱਗਾ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਜਸਵੀਰ ਸਿੰਘ ਘੁੰਮਣ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਮੁੜ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ। ਇਥੋਂ ਤੱਕ ਕਿ ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਂਭੇ ਕਰ ਕੇ ਹੀ ਵਾਪਸੀ ਕਰਨ ਉਤੇ ਅੜੇ ਹੋਏ ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਵੀ ਇਸ ਵਾਰ ਸੁਰ ਨਰਮ ਕਰ ਲਏ ਹਨ। ਢੀਂਡਸਾ ਨੇ ਇਸ ਮੁੱਦੇ 'ਤੇ ਪਾਰਟੀ ਵਰਕਰਾਂ



ਨਾਲ ਚਰਚਾ ਕਰਨ ਮਗਰੋਂ ਫੈਸਲਾ ਕਰਨ ਦੀ ਹਾਮੀ ਭਰ ਦਿੱਤੀ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਈ ਇਕ ਹੋਰ ਮੁੱਖ ਆਗੂ ਜਗੀਰ ਕੌਰ ਵੀ ਪਾਰਟੀ ਨਾਲ ਸਮਝੌਤਾ ਕਰ ਸਕਦੇ ਹਨ। ਉਨ੍ਹਾਂ ਨੇ ਸਾਫ ਆਖਿਆ ਹੈ ਕਿ ਉਨ੍ਹਾਂ ਨੇ ਪਾਰਟੀ ਛੱਡੀ ਨਹੀਂ ਸਗੋਂ ਉਨ੍ਹਾਂ ਨੂੰ ਕੱਢਿਆ ਗਿਆ ਸੀ, ਮਸਲਾ ਮਾਣ ਸਨਮਾਨ ਦਾ ਹੈ।

ਚਰਚਾ ਹੈ ਕਿ ਅਕਾਲੀ ਆਗੂਆਂ ਦੇ ਵੱਖ-ਵੱਖ ਧੜਿਆਂ ਦੇ ਇਕੱਠੇ ਹੋਣ ਦੇ ਨਾਲ ਹੀ 2024 ਦੀਆਂ ਆਮ ਚੋਣਾਂ ਵਿਚ ਪਾਰਟੀ ਦੀ ਭਾਜਪਾ ਨਾਲ ਮੁੜ ਗੱਠਜੋੜ ਹੋਣ ਦੀ ਸੰਭਾਵਨਾ ਹੈ। ਸੂਤਰ ਇਹ ਵੀ ਦੱਸ ਰਹੇ ਹਨ ਕਿ ਅਕਾਲੀ ਦਲ ਬਾਦਲ ਨੇ 2024 ਦੀਆਂ ਲੋਕ ਸਭਾ ਚੋਣ ਲਈ ਗੱਠਜੋੜ ਕਰਨ ਲਈ ਭਾਜਪਾ ਤੱਕ ਪਹੁੰਚ ਕੀਤੀ ਸੀ ਪਰ



ਭਗਵਾ ਧਿਰ ਖਿੰਡੇ-ਪੁੰਡੇ ਅਕਾਲੀ ਦਲ ਨੂੰ ਮੂੰਹ ਲਾਉਣ ਤਿਆਰ ਨਹੀਂ ਹੋਈ। ਇਥੋਂ ਤੱਕ ਕਿ ਭਾਜਪਾ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਈਵਾਲ ਬਣੇ ਢੀਂਡਸਾ ਧੜੇ ਤੋਂ ਵੀ ਪਾਸਾ ਵੱਟਣ ਲੱਗੀ ਸੀ। ਦੱਸ ਦਈਏ ਕਿ ਪਿੱਛੇ ਜਿਹੇ ਭਾਜਪਾ ਨੇ ਢੀਂਡਸਾ ਧੜੇ ਨੂੰ ਹੀ ਅਸਲੀ ਅਕਾਲੀ ਦਲ ਦੱਸ ਕੇ ਟਕਸਾਲੀ ਆਗੂਆਂ ਨੂੰ ਸੁਖਬੀਰ ਦਾ ਸਾਥ ਛੱਡ ਕੇ ਇਸ ਧੜੇ ਵਿਚ ਸ਼ਾਮਲ ਹੋਣ ਦਾ ਹੋਕਾ ਦਿੱਤਾ ਸੀ, ਹਾਲਾਂਕਿ ਇਸ ਸੱਦੇ ਨੂੰ ਭੋਰਾ ਹੁੰਗਾਰਾ ਨਹੀਂ ਮਿਲਿਆ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਅਕਾਲੀ ਧੜੇ ਹੁਣ ਇਹ ਗੱਲ ਸਮਝਣ ਲੱਗੇ ਹਨ ਕਿ ਏਕੇ ਬਿਨਾਂ ਕੋਈ ਕੌਮੀ ਪਾਰਟੀ ਉਨ੍ਹਾਂ ਨੂੰ ਮੂੰਹ ਲਾਉਣ ਤਿਆਰ ਨਹੀਂ ਹੋਵੇਗੀ।

ਸੂਤਰਾਂ ਦਾ ਕਹਿਣਾ ਹੈ ਕਿ ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਂਭੇ ਕਰ ਕੇ ਹੀ ਪਾਰਟੀ ਵਿਚ ਵਾਪਸੀ ਉਤੇ ਅੜੇ ਢੀਂਡਸਾ ਸਮੇਤ ਕਈ ਧੜਿਆਂ ਨੇ ਹੁਣ ਸਿਰਫ ਮੁਆਫੀ ਮੰਗਣ ਦੀ ਹੀ ਸ਼ਰਤ ਰੱਖੀ ਸੀ। ਢੀਂਡਸਾ ਦੇ ਸ਼੍ਰੋਮਣੀ ਅਕਾਲੀ ਤੋਂ ਵੱਖ ਹੋਣ ਕਾਰਨ ਵੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਮੁੜ ਗੱਠਜੋੜ 'ਚ ਅੜਿੱਕਾ ਪੈ ਰਿਹਾ ਹੈ। ਚੇਤੇ ਰਹੇ


*(ਬਾਕੀ ਸਫਾ 6 'ਤੇ)*


## ਦਿੱਲੀ ਦੇ ਅਕਾਲੀ ਆਗੂ ਵੀ ਸਰਗਰਮ ਹੋਏ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮੁਆਫੀ ਮੰਗਣ ਨਾਲ ਦਿੱਲੀ ਦੀ ਸਿੱਖ ਸਿਆਸਤ ਵੀ ਭਖ ਗਈ ਹੈ। ਬੇਅਦਬੀਆਂ ਦੇ ਮੁੱਦੇ 'ਤੇ ਬਾਦਲ ਪਰਿਵਾਰ ਨੂੰ ਲਗਾਤਾਰ ਕੋਸਣ ਵਾਲੇ ਪਰਮਜੀਤ ਸਿੰਘ ਸਰਨਾ ਨੇ ਵੀ ਸੁਖਬੀਰ ਬਾਦਲ ਦੇ ਫੈਸਲੇ ਨੂੰ ਚੰਗਾ ਅਮਲ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਅਹਿਮ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਣ ਨਾਤੇ ਸੁਖਬੀਰ ਸਿੰਘ ਬਾਦਲ ਨੇ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਪੰਥਕ ਸਰਕਾਰ ਹੋਣ ਦੇ ਬਾਵਜੂਦ ਦੋਸ਼ੀ ਫੜੇ ਨਾ ਜਾਣ ਅਤੇ ਸੱਤਾ ਵਿਚ ਰਹਿੰਦਿਆਂ ਹੋਈਆਂ ਭੁੱਲਾਂ ਲਈ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਨਤਮਸਤਕ ਹੋ ਕੇ ਪੰਥ ਕੋਲੋਂ ਮੁਆਫੀ ਮੰਗੀ ਹੈ।

# ਆਨੰਦ ਮੈਰਿਜ ਐਕਟ ਵਿਚ ਸੋਧ ਦੀ ਲੋੜ: ਧਾਮੀ



**ਰੂਪਨਗਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਵਿਖੇ ਜੋੜ ਮੇਲ ਦੌਰਾਨ ਗੁਰਦੁਆਰੇ ਨਤਮਸਤਕ ਹੋਏ। ਉਪਰੰਤ ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਧਾਮੀ ਨੇ ਕਿਹਾ ਕਿ ਆਨੰਦ ਮੈਰਿਜ ਐਕਟ ਹਾਲੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਹੈ ਅਤੇ ਇਸ ਵਿਚ ਸੋਧ ਦੀ ਸਖਤ ਜ਼ਰੂਰਤ ਹੈ।

ਉਨ੍ਹਾਂ ਕਿਹਾ ਕਿ ਆਨੰਦ ਮੈਰਿਜ ਐਕਟ ਵਿਚ 1909 ਦੇ ਮਤੇ ਨੂੰ ਇੰਨ-ਬਿੰਨ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਗੁਰੂਘਰ ਦਾ ਨਾਮ ਕਿਸੇ ਵਿਅਕਤੀ ਵਿਸ਼ੇਸ਼ ਦੇ ਨਿੱਜੀ ਨਾਮ 'ਤੇ ਨਹੀਂ ਰੱਖਿਆ ਜਾਣਾ ਚਾਹੀਦਾ


*(ਬਾਕੀ ਸਫਾ 6 'ਤੇ)*



**ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਹਰਪਾਲ ਸਿੰਘ ਪੰਨੂ ਦਾ ਵਿਸ਼ੇਸ਼ ਲੇਖ ਸਫਾ 15 'ਤੇ ਪੜ੍ਹੋ।**



## One stop shop for all your taxi needs

The Friendly Group Ltd.
Chelsea Taxi Brokers
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
* Medallion transfers
* Accident claims
* Taxi Stand Facility available





We are here at your service to sell and buy or insure medallions and we are in business to help our Punjabi Community since last 40 years.

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

*Ask us about Purchase or new buyer and financing.

# ਗੁਰਦੁਆਰਾ ਬਰਾਡਸ਼ਾਅ ਰੋਡ ਵੱਲੋਂ ਮਰਹੂਮ ਪੁਲਿਸ ਅਫਸਰ ਹਰਮਿੰਦਰ ਸਿੰਘ ਗਰੇਵਾਲ ਦੇ ਪਰਿਵਾਰ ਨੂੰ 25 ਹਜ਼ਾਰ ਡਾਲਰ ਦਾ ਚੈੱਕ ਭੇਟ

ਸੈਕਰਾਮੈਂਟੋ: ਸੈਕਰਾਮੈਂਟੋ ਸਿੱਖ ਸੁਸਾਇਟੀ, ਬਰਾਡਸ਼ਾਅ ਰੋਡ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਗਾਲਟ ਸਿਟੀ ਦੇ ਸਿੱਖ ਪੁਲਿਸ ਅਫਸਰ ਹਰਮਿੰਦਰ ਸਿੰਘ ਗਰੇਵਾਲ ਦੇ ਪਰਿਵਾਰ ਲਈ 25 ਹਜ਼ਾਰ ਡਾਲਰ ਸਹਾਇਤਾ ਵਜੋਂ ਦਿੱਤੇ ਗਏ ਹਨ। ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਇਹ ਚੈੱਕ ਗਾਲਟ ਸਿਟੀ ਦੇ ਮੇਅਰ ਪਰਗਟ ਸਿੰਘ ਸੰਧੂ ਨੂੰ ਭੇਟ ਕੀਤਾ, ਜਿਸ



'ਤੇ ਮੇਅਰ ਅਤੇ ਸਮੁੱਚੇ ਕੌਂਸਲ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਦੀ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਖਵੀਰ ਸਿੰਘ ਔਜਲਾ, ਰਣਧੀਰ ਸਿੰਘ ਧੀਰਾ ਨਿੱਜਰ, ਬੱਬੂ ਕਲੋਟੀਆ, ਦਵਿੰਦਰ ਸਿੰਘ ਝਾਵਰ, ਅਮਰੀਕ ਸਿੰਘ ਕੈਲ, ਗੋਲਡੀ ਲਾਲੀ, ਹੈਰੀ ਸੰਘਾ ਵੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਹਰਮਿੰਦਰ ਸਿੰਘ ਗਰੇਵਾਲ ਗਾਲਟ ਪੁਲਿਸ ਵਿਭਾਗ ਵਿਚ ਤਾਇਨਾਤ ਸਨ ਅਤੇ ਡਿਊਟੀ ਦੌਰਾਨ ਉਨ੍ਹਾਂ ਦੀ ਇਕ ਹਾਦਸੇ ਵਿਚ ਮੌਤ ਹੋ ਗਈ ਸੀ। ਪੁਲਿਸ ਵਿਭਾਗ ਅਨੁਸਾਰ ਹਰਮਿੰਦਰ ਸਿੰਘ ਗਰੇਵਾਲ ਇਕ ਮਿਹਨਤਕਸ਼ ਅਫਸਰ ਸਨ। ਉਨ੍ਹਾਂ ਦੇ ਜਾਣ ਨਾਲ ਪੁਲਿਸ ਵਿਭਾਗ ਵੱਲੋਂ ਮਰਨ ਉਪਰੰਤ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਹੁਣ ਪਰਿਵਾਰ ਦੀ ਮਦਦ ਲਈ ਗੁਰਦੁਆਰਾ ਬਰਾਡਸ਼ਾਅ ਰੋਡ ਦੀ ਸਮੁੱਚੀ ਕਮੇਟੀ ਨੇ ਮਾਇਕ ਮਦਦ ਕੀਤੀ ਹੈ।

**– ਹੁਸਨ ਲੜੋਆ ਬੰਗਾ**

# ਕਾਲਮ ਨਵੀਸ ਉਜਾਗਰ ਸਿੰਘ ਨੂੰ ਲਾਈਫ਼ ਟਾਈਮ ਅਚੀਵਮੈਂਟ ਅਵਾਰਡ

ਸਰੀ: ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਪੰਜਾਬੀ ਦੇ ਪ੍ਰਸਿੱਧ ਕਾਲਮ ਨਵੀਸ, ਲੇਖਕ ਅਤੇ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਪਟਿਆਲਾ ਉਜਾਗਰ ਸਿੰਘ ਨੂੰ ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਨਾਲ



ਸਨਮਾਨਿਤ ਕੀਤਾ ਗਿਆ। ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਦੇ ਵਿਹੜੇ ਵਿਖੇ ਇਕ ਸਮਾਗਮ ਵਿਚ ਉਨ੍ਹਾਂ ਨੂੰ ਇਹ ਅਵਾਰਡ ਪ੍ਰਦਾਨ ਕੀਤਾ ਗਿਆ। ਇਹ ਅਵਾਰਡ ਪ੍ਰੋ. ਬਲਕਾਰ ਸਿੰਘ, ਡਾ. ਕੇਹਰ ਸਿੰਘ ਅਤੇ ਡਾ. ਭੀਮਇੰਦਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਸਾਂਝੇ ਤੌਰ 'ਤੇ ਸਨਮਾਨ ਪੱਤਰ ਅਤੇ ਸਿਰੋਪਾਓ ਦੇ ਕੇ ਪ੍ਰਦਾਨ ਕੀਤਾ।

ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਰੂਹੇ ਰਵਾਂ ਜੈਤੇਗ ਸਿੰਘ ਅਨੰਤ ਨੇ ਆਪਣੇ ਇਕ ਸੰਦੇਸ਼ ਵਿਚ ਕਿਹਾ ਕਿ ਉਜਾਗਰ ਸਿੰਘ ਨੇ ਟਰੱਸਟ ਦੇ ਇੰਡੀਆ ਚੈਪਟਰ ਦੇ ਕੋਆਰਡੀਨੇਟਰ ਦੇ ਤੌਰ 'ਤੇ ਸ਼ਲਾਘਾਯੋਗ ਕੰਮ ਕੀਤਾ ਹੈ ਅਤੇ ਉਨ੍ਹਾਂ ਦੇ ਯੋਗਦਾਨ ਲਈ ਇਹ ਅਵਾਰਡ ਇੱਕ ਤੁੱਛ ਜਿਹੀ ਭੇਟਾ ਹੈ। ਇਸ ਮੌਕੇ ਪ੍ਰੋ. ਬਲਕਾਰ ਸਿੰਘ ਨੇ ਉਜਾਗਰ ਸਿੰਘ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਸਮਾਜਿਕ ਅਤੇ ਸਭਿਆਚਾਰਕ ਖੇਤਰ ਵਿਚ ਕਾਰਜਸ਼ੀਲ ਹੁੰਦਿਆਂ ਪੰਜਾਬੀ ਦੀ ਪ੍ਰਫੁੱਲਤਾ ਲਈ ਵਿਲੱਖਣ ਯੋਗਦਾਨ ਪਾਇਆ ਹੈ। ਉਨ੍ਹਾਂ ਨੂੰ ਇਮਾਨਦਾਰੀ, ਮਿਹਨਤ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਪ੍ਰਤੀਬੱਧਤਾ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ। ਡਾ. ਕੇਹਰ ਸਿੰਘ ਅਤੇ ਡਾ. ਭੀਮਇੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਉਜਾਗਰ ਸਿੰਘ ਦੇ ਸਿਦਕ ਤੇ ਸਿਰੜ੍ਹ ਦੇ ਜੀਵਨ ਤੋਂ ਸਿੱਖਿਆ ਲੈ ਕੇ ਖੋਜ ਕਾਰਜ ਪ੍ਰਤੀਬੱਧਤਾ ਨਾਲ ਕਰਨੇ ਚਾਹੀਦੇ ਹਨ।

ਡਾ. ਦਰਸ਼ਨ ਸਿੰਘ ਆਸ਼ਟ ਨੇ ਉਜਾਗਰ ਸਿੰਘ ਦਾ ਸਨਮਾਨ ਪੱਤਰ ਪੜ੍ਹਦਿਆਂ ਕਿਹਾ ਕਿ ਉਜਾਗਰ ਸਿੰਘ ਨੇ ਪੰਜਾਬੀ ਬੋਲੀ ਦੀ ਝੋਲੀ ਵਿਚ ਇਕ ਦਰਜਨ ਪੁਸਤਕਾਂ ਪਾਈਆਂ ਹਨ। ਇਸ ਤੋਂ ਇਲਾਵਾ ਪੰਜਾਬੀ ਦੇ ਰਸਾਲਿਆਂ ਦੇ ਸੰਪਾਦਕ ਹੁੰਦਿਆਂ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਉਹ ਪੰਜਾਬੀ ਭਾਸ਼ਾ ਦੇ ਵਿਕਾਸ ਸੰਬੰਧੀ ਪੂਰਨ ਸਮਰਪਿਤ ਹਨ। ਇਸ ਮੌਕੇ ਦਲੀਪ ਸਿੰਘ ਉਪਲ ਅਤੇ ਅਵਤਾਰ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇੰਜ. ਜੋਤਿੰਦਰ ਸਿੰਘ ਨੇ ਸਮਾਗਮ ਵਿਚ ਹਿੱਸਾ ਲੈਣ ਵਾਲਿਆਂ ਦਾ ਧੰਨਵਾਦ ਕਰਦਿਆਂ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਦੀਆਂ ਸਰਗਮੀਆਂ ਬਾਰੇ ਜਾਣਕਾਰੀ ਦਿੱਤੀ।

# ਸੁਰਿੰਦਰ ਸਿੰਘ ਸੀਰਤ ਦੀ ਪੁਸਤਕ 'ਜੰਗ ਜਾਰੀ ਹੈ' ਉੱਪਰ ਵਿਚਾਰ ਚਰਚਾ

**ਸਰੀ :** ਬੀਤੇ ਦਿਨੀਂ ਸ਼ਬਦ ਵਿਚਾਰ ਮੰਚ ਵੱਲੋਂ ਅਮਰੀਕਨ ਪੰਜਾਬੀ ਕਵੀ ਸੁਰਿੰਦਰ ਸਿੰਘ ਸੀਰਤ ਦੀ ਪੁਸਤਕ 'ਜੰਗ ਜਾਰੀ ਹੈ' ਰਿਲੀਜ਼ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ ਇਕ ਸਮਾਗਮ ਪੰਜਾਬ ਯੂਨੀਵਰਸਿਟੀ ਦੇ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਸਕੂਲ ਆਫ਼ ਪੰਜਾਬੀ ਸਟੱਡੀਜ਼ ਦੇ ਚੇਅਰਪਰਸਨ ਡਾ. ਸਰਬਜੀਤ ਸਿੰਘ ਨੇ ਕੀਤੀ ਅਤੇ ਕੈਨੇਡਾ ਦੀ ਸਮਾਜ ਸੇਵੀ ਸ਼ਖ਼ਸੀਅਤ ਅਜਾਇਬ ਸਿੰਘ ਚੱਠਾ ਇਸ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।

ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਅਕਾਦਮਿਕ ਮੁਖੀ ਡਾ. ਗੁਰਪਾਲ ਸਿੰਘ ਨੇ ਸਭਨਾਂ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਵਿਚ ਜਿੱਥੇ ਦੁਨੀਆ ਵਿਚ ਹਰ ਚੀਜ਼ ਗੁੰਝਲਦਾਰ ਅਤੇ ਔਖੀ ਹੈ, ਉੱਥੇ ਪਛਾਣ, ਹੋਂਦ, ਟਕਰਾਅ, ਮਾਨਤਾ ਅਤੇ ਪੁਸ਼ਟੀ ਵਰਗੀਆਂ ਮਹੱਤਵਪੂਰਨ ਸਮੱਸਿਆਵਾਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਦੁਨੀਆ ਭਰ ਵਿਚ ਪ੍ਰਵਾਸੀ ਭਾਰਤੀ ਇਕ ਨਵੀਂ ਕਿਸਮ ਦੇ ਵਰਤਾਰੇ ਦਾ ਸਾਹਮਣਾ ਕਰ ਰਹੇ ਹਨ। ਪਰਵਾਸੀ ਦੂਸਰਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਦੂਜਿਆਂ ਦੁਆਰਾ ਵੀ ਪ੍ਰਭਾਵਿਤ ਹੋ ਰਹੇ ਹਨ। ਇਹ ਸੰਚਾਰ ਅਤੇ ਤਬਦੀਲੀ ਦਾ



ਯੁੱਗ ਹੈ। ਸ਼ਾਇਰ ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਇਹ ਰਚਨਾ ਉਨ੍ਹਾਂ ਦੀ ਦੂਜੇ ਦੇਸ਼ ਵਿਚ ਭਾਰਤੀ ਪ੍ਰਵਾਸੀਆਂ ਬਾਰੇ ਸਮਝ ਅਤੇ ਅਨੁਭਵ ਦਾ ਪ੍ਰਤੀਕ ਹੈ।

ਮੁੱਖ ਮਹਿਮਾਨ ਕੈਨੇਡੀਅਨ ਸਮਾਜ ਸੇਵੀ ਅਜੈਬ ਸਿੰਘ ਚੱਠਾ ਨੇ ਕਿਹਾ ਕਿ ਮੌਜੂਦਾ ਕਾਰਜ ਸਮਾਜ 'ਤੇ ਕਾਫੀ ਪ੍ਰਭਾਵ ਪਾਉਂਦੇ ਹਨ। ਕਿਸੇ ਸਮਾਜ ਜਾਂ ਸਮੂਹ ਲਈ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਸਮਝਣਾ ਜ਼ਰੂਰੀ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਕੂਲ ਆਫ਼ ਪੰਜਾਬੀ ਸਟੱਡੀਜ਼ ਦੇ ਚੇਅਰਪਰਸਨ ਅਤੇ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਸਮਾਜ ਅਤੇ ਸਮੂਹ ਲੋਕਾਂ ਦੀ ਜਾਗਰੂਕਤਾ ਲਈ ਅਜਿਹੇ ਕਾਰਜ ਜ਼ਰੂਰੀ ਹਨ। ਇਹੋ ਜਿਹੀਆਂ ਰਚਨਾਵਾਂ ਸਾਨੂੰ ਇੱਕ ਵਿਦੇਸ਼ੀ ਕੌਮ ਦੇ ਸੰਘਰਸ਼ਾਂ, ਯਤਨਾਂ ਅਤੇ ਉਮੀਦਾਂ ਦੀ ਝਲਕ ਦਿੰਦੀਆਂ ਹਨ। ਲੋਕਾਂ ਲਈ ਇਸ ਤਰ੍ਹਾਂ ਦਾ ਹੋਰ ਵੀ ਬਹੁਤ ਕੰਮ ਕਰਨ ਦੀ ਲੋੜ ਹੈ।

***–ਹਰਦਮ ਮਾਨ***

# ਸਿੱਖ ਸ਼ਹਾਦਤਾਂ ਨੂੰ ਸਮਰਪਿਤ ਰਹੀ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ

**ਕੈਲਗਰੀ:** ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਸਾਲ 2023 ਦੀ ਆਖਰੀ ਮੀਟਿੰਗ, 16 ਦਸੰਬਰ ਨੂੰ ਕੋਸੋ ਹਾਲ ਵਿਚ ਹੋਈ। ਮੀਟਿੰਗ ਪੋਹ ਮਹੀਨੇ ਵਿਚ ਵਾਪਰੀਆਂ ਸਿੱਖ ਸ਼ਹਾਦਤਾਂ ਅਤੇ ਦਸੰਬਰ ਮਹੀਨੇ ਪੂਰੀ ਦੁਨੀਆਂ ਵਿਚ ਈਸਾ ਮਸੀਹ ਦੇ ਜਨਮ ਦਿਨ ਨੂੰ ਕ੍ਰਿਸਮਸ ਤਿਉਹਾਰ ਵਜੋਂ ਮਨਾਏ ਜਾਣ ਨੂੰ ਸਮਰਪਿਤ ਸੀ। ਮੀਟਿੰਗ ਦੀ ਪ੍ਰਧਾਨਗੀ ਬਲਵਿੰਦਰ ਬਰਾੜ ਅਤੇ





ਸੀਨੀਅਰ ਮੈਂਬਰ ਬੀਜੀ ਹਰਭਜਨ ਕੌਰ ਨੇ ਕੀਤੀ। ਸਭਾ ਦੇ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਅਤੇ ਲਗਪਗ ਪੰਜਾਹ ਮੈਂਬਰਾਂ ਦੀ ਹਾਜ਼ਰੀ ਲਈ ਧੰਨਵਾਦ ਕੀਤਾ। ਉਨ੍ਹਾਂ ਸੰਨ 1704 ਵਿਚ ਇਸ ਮਹੀਨੇ ਸਿੱਖ ਇਤਿਹਾਸ ਵਿਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਤੇ ਲਾਸਾਨੀ ਸਿੱਖ ਸ਼ਹਾਦਤਾਂ ਦਾ ਵਰਣਨ ਕੀਤਾ ਅਤੇ ਸਿੱਖ ਕੌਮ ਦੀਆਂ ਅਨਮੋਲ ਜਿੰਦਾਂ ਦੀ ਸ਼ਹਾਦਤ ਨੂੰ ਨਤਮਸਤਕ ਹੋ ਸ਼ਰਧਾ ਦੇ ਫੁੱਲ ਭੇਟ ਕੀਤੇ। ਉਪਰੰਤ 25 ਦਸੰਬਰ ਨੂੰ ਮਨਾਏ ਜਾਣ ਵਾਲੇ ਕ੍ਰਿਸਮਸ ਦੀ ਮਹੱਤਤਾ ਦਾ ਵਰਣਨ ਕੀਤਾ। ਨਵੰਬਰ ਮਹੀਨੇ 'ਲੋਕ ਕੀ ਕਹਿਣਗੇ' ਸਾਲਾਨਾ ਈਵੈਂਟ ਦੀ ਭਰਪੂਰ ਸਫ਼ਲਤਾ ਲਈ ਸਭਾ ਦੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਸਭ ਦੇ ਸਹਿਯੋਗ ਲਈ ਧੰਨਵਾਦ ਕੀਤਾ।

ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ ਖੂਨੀ ਪੱਤਰਿਆਂ 'ਤੇ ਮਾਣ ਤਾਂ ਕਰਦੇ ਹਾਂ ਪਰ ਧਿਆਨ ਨਹੀਂ ਕਰਦੇ। ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਨੂੰ ਦੁਨੀਆਂ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਹੋਣ ਦਾ ਮਾਣ ਹਾਸਲ ਹੈ। ਉਨ੍ਹਾਂ ਪਿਛਲੇ ਦਿਨੀਂ ਆਪਣੀ ਨਿਊਜ਼ੀਲੈਂਡ ਦੀ ਫੇਰੀ ਨੂੰ ਯਾਦ ਕਰਦਿਆਂ ਉੱਥੇ ਵਾਪਰੀਆਂ ਕਈ ਜਜ਼ਬਾਤੀ ਘਟਨਾਵਾਂ ਦਾ ਵਰਣਨ ਕੀਤਾ। ਸਭਾ ਵਿਚ ਸ਼ਾਮਲ ਹੋਏ ਨਵੇਂ ਮੈਂਬਰਾਂ ਦਰਸ਼ਨ ਕੌਰ ਅਤੇ ਕਮਲੇਸ਼ ਰਾਣੀ ਨਾਲ ਜਾਣ-ਪਛਾਣ ਕਰਵਾਈ ਗਈ।

ਇੰਨੀ ਦੇਰ ਤੱਕ ਮੇਜ਼ਾਂ 'ਤੇ ਸਜਾਏ ਜਾ ਚੁੱਕੇ ਖਾਣੇ ਦੀ ਖੁਸ਼ਬੂ ਨੇ ਕਮਰਾ ਮਹਿਕਾ ਦਿੱਤਾ ਸੀ। ਫੂਡ ਕਮੇਟੀ ਦੀਆਂ ਮੈਂਬਰਾਂ ਨੇ ਸਭ ਨੂੰ ਕੁਰਸੀਆਂ 'ਤੇ ਬੈਠਿਆਂ ਨੂੰ ਹੀ ਖਾਣਾ ਸਰਵ ਕੀਤਾ। ਚਾਹ ਪੀਣ ਉਪਰੰਤ ਮੀਟਿੰਗ ਦੀ ਅਗਲੇਰੀ ਕਾਰਵਾਈ ਆਰੰਭ ਹੋ ਗਈ। ਸਭ ਤੋਂ ਪਹਿਲਾਂ ਫੂਡ ਕਮੇਟੀ ਦੇ ਮੈਂਬਰ ਬਲਜੀਤ ਜਠੌਲ, ਅਮਰਜੀਤ ਸੱਗੂ, ਸੁਰਿੰਦਰ ਗਿੱਲ ਅਤੇ ਸੁਰਿੰਦਰ ਚੀਮਾ ਜੀ ਨੂੰ ਸਟੇਜ 'ਤੇ ਬੁਲਾ ਕੇ ਉਨ੍ਹਾਂ ਵਲੋਂ ਪੂਰਾ ਸਾਲ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਪ੍ਰਸ਼ੰਸਾ ਕੀਤੀ ਗਈ। ਕ੍ਰਿਸਮਸ ਦੀਆਂ ਖੁਸ਼ੀਆਂ ਮਨਾਉਣ ਵੇਲੇ ਤੋਹਫ਼ੇ ਦੇਣ ਦੀ ਰੀਤ ਨੂੰ ਨਿਭਾਇਆ ਗਿਆ। ਸਾਰੀਆਂ ਭੈਣਾਂ ਨੂੰ ਗਿਫ਼ਟ ਪੈਕ ਦਿੱਤੇ ਗਏ।

ਇਸ ਮੌਕੇ ਰਾਜਵੰਤ ਕੌਰ ਮਾਨ ਪੰਜਾਬ ਤੋਂ ਵਾਪਸ ਆਏ ਸਨ। ਉਨ੍ਹਾਂ ਦੱਸਿਆ ਕਿ ਉਹ ਉੱਥੇ ਗ਼ਮੀਆਂ ਅਤੇ ਖੁਸ਼ੀਆਂ ਵਿਚ ਸ਼ਾਮਲ ਹੋ ਕੇ ਆਏ ਹਨ। ਉਨ੍ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਆਪਣੀ ਕਿਤਾਬ 'ਅਮਨ ਦੀ ਹੂਕ' ਰਿਲੀਜ਼ ਕੀਤੀ। ਸੁਰਿੰਦਰ ਸੰਧੂ, ਅਮਰਜੀਤ ਵਿਰਦੀ, ਜਸਵਿੰਦਰ ਕੌਰ, ਅਤੇ ਚਰਨਜੀਤ ਬਾਜਵਾ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦਰਸਾਉਂਦੇ ਗੀਤਾਂ ਨਾਲ ਹਾਜ਼ਰੀ ਲੁਆਈ।

ਸਭਾ ਦੀ ਖਜ਼ਾਨਚੀ ਕਿਰਨ ਕਲਸੀ ਨੇ ਇਸ ਸਾਲ ਸਭਾ ਦੀ ਪਿਆਰੀ ਮੈਂਬਰ ਤੇ ਉਨ੍ਹਾਂ ਦੀ ਨਜ਼ਦੀਕੀ ਭੈਣਾਂ ਵਰਗੀ ਰਿਸ਼ਤੇਦਾਰ ਅਮਰਜੀਤ ਕੌਰ ਦੇ ਸਦੀਵੀ ਵਿਛੋੜੇ ਨੂੰ ਭਰੇ ਗਲ਼ੇ ਨਾਲ ਯਾਦ ਕੀਤਾ ਅਤੇ ਛੋਟੇ ਸਾਬਿਜ਼ਾਦਿਆਂ ਦੀ ਸ਼ਹੀਦੀ ਦਾ ਦ੍ਰਿਸ਼ ਰੂਪਮਾਨ ਕਰਦੀ ਕਵਿਤਾ 'ਜਦੋਂ ਉਸਰੀ ਸੀ ਕੰਧ, ਦੰਗ ਰਹਿ ਗਏ ਸਭ' ਸਾਂਝੀ ਕੀਤੀ। ਸਰਬਜੀਤ ਉੱਪਲ ਨੇ ਆਪਣੇ ਪਰਿਵਾਰ ਵਿਚ ਨੰਨ੍ਹੀ ਪਰੀ ਦੇ ਰੂਪ ਵਿਚ ਸ਼ਾਮਲ ਹੋਈ ਆਪਣੀ ਪੋਤਰੀ ਦੇ ਜਨਮ ਦੀ ਖੁਸ਼ੀ ਸਾਂਝੀ ਕੀਤੀ ਅਤੇ ਨਾਲ ਹੀ ਹਸਪਤਾਲਾਂ ਵਿਚ ਹੋਣ ਵਾਲੀ ਖੱਜਲ ਖੁਆਰੀ ਦਾ ਜ਼ਿਕਰ ਵੀ ਕੀਤਾ। ਸਰਬਜੀਤ ਨੇ 'ਚੁੰਮ ਚੁੰਮ ਰੱਖਾਂ ਨੀ ਮੈਂ ਕਲਗੀ ਜੁਝਾਰ ਦੀ' ਗੀਤ ਵੀ ਸੁਣਾਇਆ। ਗੁਰਜੀਤ ਬੈਦਵਾਨ ਨੇ ਪੋਹ ਮਹੀਨੇ ਦੇ ਅਤਿ ਛੋਟੇ ਦਿਨਾਂ ਵਿਚ ਚੌਂਕੇ ਚੁੱਲ੍ਹੇ ਸਬੰਧੀ ਢੁੱਕਦੀ ਕਹਾਵਤ 'ਚੜ੍ਹਿਆ ਪੋਹ, ਤਵਾ ਲਾਹ ਤੇ ਤੌੜੀ ਧੋ' ਅਤੇ ਹੋਰ ਕਹਾਵਤਾਂ ਦੀ ਸਾਂਝ ਪਾਈ ਅਤੇ ਗੀਤ ਪੇਸ਼ ਕੀਤਾ। ਅਮਰਜੀਤ ਸੱਗੂ, ਜੁਗਿੰਦਰ ਪੁਰਬਾ ਅਤੇ ਸਾਥਣਾਂ ਨੇ ਬੋਲੀਆਂ ਪਾਉਣ ਦੀ ਪਿਰਤ ਬਰਕਰਾਰ ਰੱਖੀ।

ਸਭਾ ਦੀ ਮੈਂਬਰ ਹਰਜਿੰਦਰ ਕੌਰ ਨੇ ਆਪਣੀ ਦੋਹਤੀ ਦੀਪ ਸੇਖੋਂ ਨੂੰ, ਅਲਬਰਟਾ ਸੂਬੇ ਦੇ ਲੈਫਟੀਨੈਂਟ ਗਵਰਨਰ ਵਲੋਂ ਉਸ ਦੀਆਂ ਵਾਲੰਟੀਅਰ ਸੇਵਾਵਾਂ ਨੂੰ ਅਵਾਰਡ ਦੇ ਕੇ ਸਨਮਾਨਤ ਕੀਤੇ ਜਾਣ ਦੀ ਖੁਸ਼ੀ ਸਾਂਝੀ ਕੀਤੀ। ਉਨ੍ਹਾਂ ਦੇ ਨਵੀਆਂ ਪੈੜਾਂ ਪਾਉਣ ਦਾ ਸੁਨੇਹਾ ਦੇਂਦੇ ਬੋਲ 'ਸੜਕਾਂ 'ਤੇ ਤੁਰਨਾ ਵੀ ਕਾਹਦੀ ਮਰਦਾਨਗੀ, ਮਨਚਲੇ ਪਗਡੰਡੀਆਂ ਉਲੀਕਣ ਛੱਡ ਕੇ ਵਗਦੇ ਪਹੇ' ਨੂੰ ਤਾੜੀਆਂ ਦੀ ਭਰਵੀਂ ਦਾਦ ਦਿੱਤੀ ਗਈ। ਗੁਰਚਰਨ ਥਿੰਦ ਨੇ ਅੱਜ ਦੀ ਇਕੱਤਰਤਾ ਦਾ ਤੱਤਸਾਰ ਦਰਸਾਉਂਦੇ ਇਨ੍ਹਾਂ ਬੋਲਾਂ ਨੂੰ ਮੁੜ ਦੁਹਰਾਇਆ ਅਤੇ ਭਰਵੀਂ ਹਾਜ਼ਰੀ ਲਈ ਸਭ ਦਾ ਧੰਨਵਾਦ ਕਰਕੇ ਮੀਟਿੰਗ ਦੀ ਸਮਾਪਤੀ ਕਰ ਦਿੱਤੀ।

***–ਰਿਪੋਰਟ: ਗੁਰਚਰਨ ਥਿੰਦ***
***ਫੋਨ: 403-402-9635: 403-590-9629***

# ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ ਨੂੰ ਸਾਲਾਨਾ ਦੇਵੇਗਾ 13 ਲੱਖ ਰੁਪਏ

ਗਾਖਲ ਗਰੁੱਪ ਯੂ.ਐੱਸ.ਏ. ਅਤੇ ਗਾਖਲ ਪਰਿਵਾਰ ਹਮੇਸ਼ਾ ਹੀ ਖੇਡਾਂ ਲਈ ਅੱਗੇ ਆਇਆ ਹੈ ਅਤੇ ਪਿਛਲੇ ਲਗਭਗ 20 ਸਾਲਾਂ ਤੋਂ ਸੁਰਜੀਤ ਹਾਕੀ ਟੂਰਨਾਮੈਂਟ ਜਲੰਧਰ ਦਾ 5 ਲੱਖ ਰੁਪਏ ਦਾ ਪਹਿਲਾ ਨਕਦ ਇਨਾਮ ਵੀ ਦਿੰਦਾ ਆਇਆ ਹੈ। ਹੁਣ ਇਕ ਹੋਰ ਪਹਿਲ ਕਰਦਿਆਂ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ 'ਅਜੀਤ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੁਰਜੀਤ ਹਾਕੀ ਸੋਸਾਇਟੀ ਜਲੰਧਰ ਦੇ ਸੀ.ਈ.ਓ. ਸ. ਇਕਬਾਲ ਸਿੰਘ ਸੰਧੂ ਨੇ ਦੱਸਿਆ ਕਿ ਪਾਕਿਸਤਾਨ 'ਚ ਨਨਕਾਣਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਉੱਤੇ ਬਣੀ ਹਾਕੀ ਅਕੈਡਮੀ ਵਧੀਆ ਕੰਮ ਕਰ ਰਹੀ ਹੈ ਪਰ ਉਨ੍ਹਾਂ ਨੂੰ ਫੰਡਾਂ ਦੀ ਲੋੜ ਹੈ। ਜਿਸ 'ਤੇ ਅਸੀਂ ਗਾਖਲ ਭਰਾਵਾਂ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ) ਅਤੇ ਗਾਖਲ ਗਰੁੱਪ ਵਲੋਂ ਬਾਬਾ ਨਾਨਕ ਜੀ ਦੇ ਤੇਰਾ-ਤੇਰਾ ਸੰਕਲਪ ਨੂੰ ਆਧਾਰ ਬਣਾ ਕੇ 13 ਲੱਖ ਰੁਪਏ ਸਾਲਾਨਾ ਦੇਣ ਦਾ ਪ੍ਰਣ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਹਮੇਸ਼ਾ ਹੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸੇਵਾ ਕਰਦਾ ਰਿਹਾ ਹੈ ਅਤੇ ਬਾਬਾ ਗੁਰੂ ਨਾਨਕ ਅਕੈਡਮੀ ਨਨਕਾਣਾ ਸਾਹਿਬ ਲਈ ਸੇਵਾ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਡੇ ਕੋਲ ਆਪ ਹੀ ਲਈ ਹੈ ਅਤੇ ਅਸੀਂ ਸਾਰਾ ਪਰਿਵਾਰ ਖੁਸ਼ੀ ਖੁਸ਼ੀ ਇਹ ਸੇਵਾ ਕਰਾਂਗੇ। ਉਨ੍ਹਾਂ ਹੋਰ ਐੱਨ.ਆਰ.ਆਈਜ਼ ਨੂੰ ਵੀ ਬੇਨਤੀ ਕੀਤੀ ਕਿ ਉਹ ਖੇਡਾਂ ਲਈ ਆਪਣੀ ਕਮਾਈ ਦਾ ਦਸਵੰਧ ਜ਼ਰੂਰ ਕੱਢਣ।





*ਅਮੋਲਕ ਸਿੰਘ ਗਾਖਲ ਇਕਬਾਲ ਸਿੰਘ ਸੰਧੂ, ਇਕਬਾਲ ਸਿੰਘ ਗਾਖਲ*

# ਪਰਗਟ ਸਿੰਘ ਸੰਧੂ ਦੂਜੀ ਵਾਰ ਗਾਲਟ ਸਿਟੀ ਦੇ ਮੇਅਰ ਬਣੇ

ਸੈਕਰਾਮੈਂਟੋ, ਕੈਲੀਫੋਰਨੀਆ: ਸਥਾਨਕ ਸਿੱਖ ਆਗੂ ਪਰਗਟ ਸਿੰਘ ਸੰਧੂ ਨੂੰ ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਗਾਲਟ ਸਿਟੀ ਦਾ ਮੇਅਰ ਚੁਣ ਲਿਆ ਗਿਆ ਹੈ, ਉਨ੍ਹਾਂ ਨੂੰ ਸਾਰੇ ਕੌਂਸਲ ਮੈਂਬਰਾਂ ਨੇ ਸਰਬਸੰਮਤੀ ਨਾਲ ਇਸ ਅਹੁਦੇ ਲਈ ਚੁਣਿਆ। ਪਰਗਟ ਸਿੰਘ ਸੰਧੂ ਪਿਛਲੇ ਲੰਮੇ ਸਮੇਂ ਤੋਂ ਅਮਰੀਕਨ ਸਿਆਸਤ ਵਿਚ ਸਰਗਰਮ ਹਨ। ਇਸ ਤੋਂ ਪਹਿਲਾਂ ਉਹ ਗਾਲਟ ਪਲੈਨਿੰਗ ਕਮਿਸ਼ਨ ਦੇ ਮੁਖੀ ਵੀ ਰਹਿ ਚੁੱਕੇ ਹਨ। ਇਸ ਤੋਂ ਬਾਅਦ ਉਹ ਅਮਰੀਕਾ ਦੇ ਪਹਿਲੇ ਸਿੱਖ ਕੌਂਸਲ ਮੈਂਬਰ ਚੁਣੇ ਗਏ। ਫਿਰ ਗਾਲਟ ਸਿਟੀ ਦੇ ਮੇਅਰ ਦੇ ਅਹੁਦੇ ਤੱਕ ਪਹੁੰਚੇ।

ਪਰਗਟ ਸਿੰਘ ਸੰਧੂ ਸਥਾਨਕ ਭਾਈਚਾਰੇ ਵਿਚ ਕਾਫੀ ਸਤਿਕਾਰੇ ਜਾਂਦੇ ਹਨ। ਉਹ ਜਲੰਧਰ ਦੇ ਛੋਟੇ ਜਿਹੇ ਪਿੰਡ ਬਸ਼ੇਰਪੁਰ ਤੋਂ ਅਮਰੀਕਾ ਪਹੁੰਚੇ ਤੇ ਇਥੇ ਆ ਕੇ ਉਨ੍ਹਾਂ ਨੇ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਉਨ੍ਹਾਂ ਅਮਰੀਕਾ ਵਿਚ ਰਹਿੰਦਿਆਂ 25 ਸਾਲ ਦੇ ਕਰੀਬ ਅਮਰੀਕਨ ਪੋਸਟ ਆਫਿਸ ਵਿਚ ਨੌਕਰੀ ਕੀਤੀ। ਨੌਕਰੀ ਤੋਂ ਰਿਟਾਇਰਮੈਂਟ ਲੈਣ ਉਪਰੰਤ ਉਹ ਅਮਰੀਕਨ ਰਾਜਨੀਤੀ ਵਿਚ ਕੁੱਦ ਪਏ ਅਤੇ ਉਨ੍ਹਾਂ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖਿਆ। ਪਹਿਲੀ ਵਾਰ ਉਹ ਦਸੰਬਰ 2019 ਵਿਚ ਗਾਲਟ ਸਿਟੀ ਦੇ ਮੇਅਰ ਨਿਯੁਕਤ ਕੀਤੇ ਗਏ ਸਨ। ਉਪਰੰਤ ਉਹ ਸਿਟੀ ਦੇ ਵਾਈਸ ਮੇਅਰ ਰਹੇ ਅਤੇ ਹੁਣ ਫਿਰ ਤੋਂ ਗਾਲਟ ਸਿਟੀ ਦੇ ਮੇਅਰ ਚੁਣੇ ਗਏ ਹਨ। ਪਰਗਟ ਸਿੰਘ ਸੰਧੂ ਗਾਲਟ ਸਿਟੀ ਤੋਂ ਇਲਾਵਾ ਸਿੱਖ ਭਾਈਚਾਰੇ ਦੀਆਂ ਗਤੀਵਿਧੀਆਂ 'ਚ ਵੀ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਉਹ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਅਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਮੁੱਖ ਪ੍ਰਬੰਧਕ ਵੀ ਹਨ।

**-ਹੁਸਨ ਲੜੋਆ ਬੰਗਾ**





Corporate NMLS# 68434
AZ License# BK-0945946
Sistar Mortgage
A Nationwide Lender
Over 2 Decades of experience providing high level servicing for new and experienced borrowers!
Balbir (Bill) Grewal
MORTGAGE LOAN OFFICER
NMLS# 353442
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੀ ਦੀ ਲੋੜ ਹੈ

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures at Whatsapp: (224) 595-9926 or E-Mail: inderjeetverma08@gmail.com

51-54

Ramgharia Sikh family looking for a suitable Sikh girl living in the US or Canada for their 29 years old 5'11" son, qualification PhD from University of Michigan in Industrial & Operations Engineering, working as Software Engineering Advisor in Los Angeles, California. Please contact us at: Email: kaur.parminder41@gmail.com

50-53

Arora Sikh family looking for a suitable match in USA or Canada for clean-shaven highly placed Sikh Surgeon in New York, USA, height 6'1", recently divorced, with Gursikh values no drinking, no smoking, vegetarian. Caste no bar, but the girl also should have Gursikh values, and no drinking, at least a graduate, and preferably working. Contact: E-Mail: jawa222@gmail.com or Call. 785-304-6280

50-53

Sikh Ahluwalia family looking for a Gursikh girl with educated background for their 37, 5' 8" son. Qualification BTech IT and PG in software development. Working as an IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at Whatsapp +1 315-849-6562 or Email @ richiewalia@gmail.com

50-53

ਜੱਟ ਸਿਖ 47, 5'10" ਸੋਹਣੇ ਸੁਨੱਖੇ, ਪੜ੍ਹੇ-ਲਿਖੇ, ਸ਼ਹਿਰੀ, ਖਾਨਦਾਨੀ ਯੂ.ਐੱਸ.ਏ. visitor visa, ਲੜਕੇ ਲਈ ਲੜਕੀ ਦੀ ਲੋੜ ਹੈ। Divorce, Widow ਵੀ ਸੰਪਰਕ ਕਰ ਸਕਦੇ ਹਨ। ਅੰਮ੍ਰਿਤਸਰ ਸ਼ਹਿਰੀ ਜਾਇਦਾਦ। ਵੱਡਾ ਭਰਾ ਯੂ.ਐੱਸ.ਏ. ਸਿਟੀਜ਼ਨ। ਚਾਹਵਾਨ ਸੰਪਰਕ ਕਰਨ: 484-219-4922 ਜਾਂ ਈ-ਮੇਲ baljitrandhawa0001@gmail.com.

48-51

Ramgharia Sikh boy 5'8" 1992 born, MEng Western University Canada, Working as Senior Software Engineer in Toronto Canada, Looking for a girl in similar profession living in Canada or US. Email: **dev.kirat@gmail.com** Ph +1 (313) 718-0178

45-48

ਗੁਰਸਿੱਖ ਪਰਿਵਾਰ ਨਾਲ ਸਬੰਧਤ ਅੰਮ੍ਰਿਤਧਾਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 11 ਇੰਚ, Software Manager (San Francisco, CA, USA), ਵੈਜੀਟੇਰੀਅਨ, San Francisco Bay Area ਵਿੱਚ ਆਪਣਾ ਘਰ, ਤਲਾਕਸ਼ੁਦਾ (ਵਿਆਹ ਤੋਂ 4 ਮਹੀਨੇ ਬਾਅਦ) ਲਈ ਪੜ੍ਹੀ-ਲਿਖੀ, ਅੰਮ੍ਰਿਤਧਾਰੀ, ਵੈਜੀਟੇਰੀਅਨ, ਕੇਸਕੀ/ਦਸਤਾਰਧਾਰੀ (or willing to wear) ਲੜਕੀ ਦੀ ਲੋੜ ਹੈ। ਯੂ ਐਸ ਏ ਜਾਂ ਕੈਨੇਡਾ ਰਹਿ ਰਹੀ ਲੜਕੀ ਨੂੰ ਪਹਿਲ। ਜਾਤਪਾਤ ਦਾ ਕੋਈ ਬੰਧਨ ਨਹੀਂ। ਆਪਣਾ ਬਾਇਓਡੇਟਾ ਅਤੇ ਤਸਵੀਰ singhmat001@gmail.com 'ਤੇ ਈਮੇਲ ਕਰੋ ਜਾਂ +91-98993-79442 'ਤੇ ਵਟਸਐਪ ਕਰੋ ਜਾਂ 1-510-281-7065 'ਤੇ ਫੋਨ ਕਰੋ।

40-43

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

# ਕੇਂਦਰ ਨੇ ਪੰਜਾਬ ਸਰਕਾਰ ਦੀ ਤੀਰਥ ਯਾਤਰਾ ਸਕੀਮ ਨੂੰ ਬਰੇਕਾਂ ਲਾਈਆਂ

**ਚੰਡੀਗੜ੍ਹ:** ਕੇਂਦਰੀ ਰੇਲ ਮੰਤਰਾਲੇ ਦੇ ਅੜਿੱਕੇ ਕਾਰਨ ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਨੂੰ ਬਰੇਕ ਲੱਗ ਗਈ ਹੈ। ਕੇਂਦਰ ਸਰਕਾਰ ਨੇ ਆਉਂਦੇ ਡੇਢ ਮਹੀਨੇ ਦੌਰਾਨ ਪੰਜਾਬ ਨੂੰ ਇਸ ਸਕੀਮ ਤਹਿਤ ਰੇਲਾਂ ਦੇਣ ਤੋਂ ਅਸਮਰੱਥਾ ਜ਼ਾਹਿਰ ਕਰ ਦਿੱਤੀ ਹੈ।

ਭਾਰਤੀ ਰੇਲਵੇ ਦੇ ਇਕ ਸੀਨੀਅਰ ਅਧਿਕਾਰੀ ਨੇ ਪੰਜਾਬ ਸਰਕਾਰ ਨੂੰ ਜ਼ਬਾਨੀ ਤੌਰ 'ਤੇ ਸੂਚਿਤ ਕਰ ਦਿੱਤਾ ਹੈ ਕਿ ਉਹ ਫਰਵਰੀ ਮਹੀਨੇ ਤੋਂ ਹੀ ਰੇਲਾਂ ਦੇ ਸਕਣਗੇ। ਸੂਬਾ ਸਰਕਾਰ ਹੁਣ ਰੇਲਵੇ ਦੇ ਪੱਤਰ ਦੀ ਉਡੀਕ ਕਰ ਰਹੀ ਹੈ। ਬੇਸ਼ੱਕ ਰੇਲਵੇ ਵੱਲੋਂ ਇਸ ਸਬੰਧੀ ਕਈ ਬਹਾਨੇ ਘੜੇ ਜਾ ਰਹੇ ਹਨ ਪਰ ਸਿਆਸੀ ਹਲਕਿਆਂ ਮੁਤਾਬਕ ਕੇਂਦਰ ਸਰਕਾਰ ਜਾਣਬੁੱਝ ਕੇ ਪੰਜਾਬ ਸਰਕਾਰ ਦੀ 'ਤੀਰਥ ਯਾਤਰਾ' ਸਕੀਮ ਨੂੰ ਫਲਾਪ ਕਰਨ ਦੇ ਰੌਅ ਵਿਚ ਹੈ।



ਇਸੇ ਕਾਰਨ ਪੰਜਾਬ 'ਚੋਂ ਹਾਲੇ ਤੱਕ ਤੀਰਥ ਯਾਤਰਾ ਲਈ ਸਿਰਫ ਇਕ ਹੀ ਰੇਲ ਜਾ ਸਕੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਕੀਮ ਦਾ ਆਗਾਜ਼ ਕਰਦਿਆਂ ਯਾਤਰੀਆਂ ਦਾ ਪਹਿਲਾ ਜਥਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਲਈ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਸੀ। ਭਾਰਤੀ ਰੇਲਵੇ ਦੇ ਅੜਿੱਕੇ ਕਰਕੇ 6 ਦਸੰਬਰ ਨੂੰ ਜਲੰਧਰ ਤੋਂ ਵਾਰਾਨਸੀ ਲਈ ਜਾਣ ਵਾਲੀ ਗੱਡੀ ਵੀ ਰੱਦ ਹੋ ਗਈ ਸੀ ਜਿਸ ਕਰਕੇ ਯਾਤਰੀ ਰਵਾਨਾ ਨਹੀਂ ਹੋ ਸਕੇ ਸਨ। ਰੇਲਵੇ ਨੇ ਤੈਅ ਪ੍ਰੋਗਰਾਮ ਤੋਂ ਦੋ ਦਿਨ ਪਹਿਲਾਂ ਹੀ ਪੰਜਾਬ ਸਰਕਾਰ ਨੂੰ ਟਰੇਨ ਪ੍ਰੋਗਰਾਮ ਰੱਦ ਹੋਣ ਦਾ ਸੁਨੇਹਾ ਦਿੱਤਾ ਸੀ। ਹੁਣ 15 ਦਸੰਬਰ ਨੂੰ ਮਾਲੇਰਕੋਟਲਾ ਤੋਂ ਅਜਮੇਰ ਸ਼ਰੀਫ ਲਈ ਗੱਡੀ ਜ਼ਰੀਏ ਸ਼ਰਧਾਲੂਆਂ ਦਾ ਜਥਾ ਜਾਣਾ ਸੀ ਪਰ ਰੇਲਵੇ ਨੇ ਗੱਡੀ ਦੇਣ ਤੋਂ ਅਸਮਰੱਥਾ ਜਤਾ ਦਿੱਤੀ ਹੈ।

ਪੰਜਾਬ ਸਰਕਾਰ ਨੇ 15 ਦਸੰਬਰ ਵਾਲੀ ਗੱਡੀ ਦੇ 1.34 ਕਰੋੜ ਰੁਪਏ ਰੇਲਵੇ ਕੋਲ ਜਮ੍ਹਾਂ ਵੀ ਕਰਾਏ ਹੋਏ ਸਨ। ਰੇਲਵੇ ਅਧਿਕਾਰੀ ਆਖ ਰਹੇ ਹਨ ਕਿ ਜਨਰੇਟਰ ਕਾਰਾਂ ਦੀ ਕਮੀ ਕਰਕੇ ਏਸੀ ਰੇਲਾਂ ਦੀ ਉਪਲਬਧਤਾ ਨਹੀਂ ਹੈ ਅਤੇ ਕੋਲਾ ਰੈਕ ਆਉਣ ਕਰਕੇ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਸਰਕਾਰ ਦੇ ਅਧਿਕਾਰੀ ਦਲੀਲ ਦੇ ਰਹੇ ਹਨ ਕਿ ਜਦੋਂ ਬਕਾਇਦਾ ਐਮ.ਓ.ਯੂ. ਸਾਈਨ ਹੋਇਆ ਹੈ ਅਤੇ ਰਾਸ਼ੀ ਵੀ ਐਡਵਾਂਸ ਵਿਚ ਦਿੱਤੀ ਜਾ ਰਹੀ ਹੈ ਤਾਂ ਅਜਿਹਾ ਕਿਉਂ ਹੋ ਰਿਹਾ ਹੈ। ਦੱਸਣਯੋਗ ਹੈ ਕਿ 'ਆਪ' ਸਰਕਾਰ ਵੱਲੋਂ ਵਰ੍ਹਾ 2023-24 ਲਈ ਇਸ ਸਕੀਮ ਤਹਿਤ 40 ਕਰੋੜ ਦਾ ਬਜਟ ਰੱਖਿਆ ਗਿਆ ਹੈ। ਚਾਲੂ ਵਿੱਤੀ ਵਰ੍ਹੇ ਦੌਰਾਨ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਤਹਿਤ 13 ਰੇਲਾਂ ਧਾਰਮਿਕ ਅਸਥਾਨਾਂ ਲਈ ਭੇਜੇ ਜਾਣ ਦਾ ਪ੍ਰੋਗਰਾਮ ਸੀ ਅਤੇ ਹਰ ਹਫਤੇ ਇਕ ਗੱਡੀ ਰਵਾਨਾ ਹੋਣੀ ਸੀ ਤੇ ਪ੍ਰਤੀ ਗੱਡੀ ਇਕ ਹਜ਼ਾਰ ਯਾਤਰੀ ਜਾਣੇ ਸਨ।

ਪੰਜਾਬ ਸਰਕਾਰ ਨੇ ਇੰਡੀਅਨ ਰੇਲਵੇ ਕੇਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ ਨਾਲ ਬਕਾਇਦਾ ਐਮ.ਓ.ਯੂ. ਸਾਈਨ ਕੀਤਾ ਹੋਇਆ ਹੈ। ਦੂਸਰੀ ਤਰਫ ਪੰਜਾਬ ਵਿਚਲੇ ਤਖ਼ਤਾਂ ਦੀ ਯਾਤਰਾ ਲਈ ਬੱਸਾਂ ਰਾਹੀਂ ਯਾਤਰੀਆਂ ਨੂੰ ਭੇਜਿਆ ਜਾ ਰਿਹਾ ਹੈ। ਇਸ ਯਾਤਰਾ ਦੀ ਰੂਪ-ਰੇਖਾ ਲਈ ਕੈਬਨਿਟ ਸਬ-ਕਮੇਟੀ ਬਣੀ ਹੋਈ ਹੈ ਜਿਸ ਵਿਚ ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਸਿੰਘ ਭੁੱਲਰ ਅਤੇ ਅਮਨ ਅਰੋੜਾ ਸ਼ਾਮਲ ਹਨ। ਮੁੱਖ ਸਕੱਤਰ ਅਨੁਰਾਗ ਵਰਮਾ ਨੇ ਕਿਹਾ ਕਿ ਉਹ ਰੇਲਵੇ ਤੋਂ ਗੱਡੀਆਂ ਲੈਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ ਅਤੇ ਰੇਲਵੇ ਬੋਰਡ ਦੇ ਚੇਅਰਮੈਨ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਹੁਣ ਬੱਸਾਂ ਦੀ ਗਿਣਤੀ ਵਧਾ ਕੇ ਰੋਜ਼ਾਨਾ ਦੀ 10 ਕਰ ਦਿੱਤੀ ਗਈ ਹੈ ਅਤੇ ਹਫਤੇ ਵਿਚ ਇਕ ਗੱਡੀ ਭੇਜਣ ਦੀ ਯੋਜਨਾ ਸੀ।

## ਨਸ਼ਾ ਤਸਕਰੀ 'ਚ 15 ਸਾਲ ਦੀ ਸਜ਼ਾ ਤੋਂ ਬਚਣ ਲਈ ਪੰਜਾਬੀ ਭਾਰਤ ਫਰਾਰ

**ਟੋਰਾਂਟੋ:** ਬ੍ਰਿਟਿਸ਼ ਕੋਲੰਬੀਆ ਸੂਬੇ ਦੇ 60 ਸਾਲਾ ਪੰਜਾਬੀ ਟਰੱਕ ਡਰਾਈਵਰ ਖ਼ਿਲਾਫ਼ ਕੈਨੇਡਾ ਵਿਆਪੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿਚ 15 ਸਾਲ ਦੀ ਸਜ਼ਾ ਹੋਣ ਤੋਂ ਬਾਅਦ ਭਾਰਤ ਭੱਜ ਗਿਆ। ਸਰੀ ਦੇ ਰਾਜ ਕੁਮਾਰ ਮਹਿਮੀ ਨੂੰ ਨਵੰਬਰ ਵਿਚ ਕੈਨੇਡਾ-ਅਮਰੀਕਾ ਪੈਸੀਫਿਕ ਹਾਈਵੇਅ ਬਾਰਡਰ ਕ੍ਰਾਸਿੰਗ ਰਾਹੀਂ ਬ੍ਰਿਟਿਸ਼ ਕੋਲੰਬੀਆ ਵਿਚ 80 ਕਿਲੋਗ੍ਰਾਮ ਕੋਕੀਨ ਦੀ ਤਸਕਰੀ ਕਰਨ ਲਈ ਸਜ਼ਾ ਸੁਣਾਈ ਗਈ ਸੀ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ ਕਿਹਾ ਕਿ ਉਸ ਦਾ ਪਤਾ ਲਗਾਉਣ ਅਤੇ ਆਰਜ਼ੀ ਤੌਰ ਉਤੇ ਗ੍ਰਿਫਤਾਰ ਕਰਨ ਲਈ ਇੰਟਰਪੋਲ ਦੀ ਮਦਦ ਮੰਗੀ ਗਈ ਹੈ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਸੈਮੀ-ਟ੍ਰੇਲਰ ਟਰੱਕ ਦੇ ਅੰਦਰੋਂ 80 ਕਿਲੋ ਕੋਕੀਨ ਬਰਾਮਦ ਕੀਤੀ ਸੀ। 6 ਨਵੰਬਰ 2017 ਨੂੰ ਮਹਿਮੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਵੇਲੇ ਕੋਕੀਨ ਦੀ 32 ਕਰੋੜ ਡਾਲਰ ਸੀ। 6 ਸਤੰਬਰ 2022 ਨੂੰ ਸੁਪਰੀਮ ਕੋਰਟ ਦੇ ਜੱਜ ਨੇ ਮਹਿਮੀ ਨੂੰ ਦੋਸ਼ੀ ਕਰਾਰ ਦਿੱਤਾ ਤੇ 9 ਜਨਵਰੀ 2023 ਨੂੰ ਸਜ਼ਾ ਸੁਣਾਈ ਜਾਣੀ ਸੀ। 11 ਅਕਤੂਬਰ 2022 ਨੂੰ ਮਹਿਮੀ ਵੈਨਕੂਵਰ ਤੋਂ ਜਹਾਜ਼ ਵਿਚ ਸਵਾਰ ਹੋਣ ਤੋਂ ਬਾਅਦ ਭਾਰਤ ਭੱਜ ਗਿਆ ਅਤੇ ਨਵੀਂ ਦਿੱਲੀ ਪਹੁੰਚ ਗਿਆ। ਪੁਲਿਸ ਨੇ ਕਿਹਾ ਕਿ ਮਹਿਮੀ ਦਾ ਕੈਨੇਡੀਅਨ ਪਾਸਪੋਰਟ ਉਸ ਦੀ ਗ੍ਰਿਫਤਾਰੀ ਸਮੇਂ ਜ਼ਬਤ ਕਰ ਲਿਆ ਗਿਆ ਸੀ। ਉਸ ਦੀ ਗ੍ਰਿਫਤਾਰੀ ਅਤੇ ਦੋਸ਼ੀ ਕਰਾਰ ਦੇਣ ਦੀ ਪ੍ਰਕਿਰਿਆ ਲੰਮੀ ਹੋਣ ਕਾਰਨ ਨਵਾਂ ਕੈਨੇਡੀਅਨ ਪਾਸਪੋਰਟ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ ਤੇ ਦੇਸ਼ 'ਚੋਂ ਫਰਾਰ ਹੋ ਗਿਆ।




## ਜੰਮੂ ਕਸ਼ਮੀਰ ਵਿਚ ਆਨੰਦ ਮੈਰਿਜ ਐਕਟ ਲਾਗੂ

**ਜੰਮੂ:** ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਆਨੰਦ ਮੈਰਿਜ ਐਕਟ ਤਹਿਤ ਵਿਆਹਾਂ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾਏ ਗਏ ਹਨ, ਜੋ ਸਿੱਖਾਂ ਦੇ ਵਿਆਹਾਂ ਨੂੰ ਮਾਨਤਾ ਦਿੱਤੀ ਜਾਵੇਗੀ। ਇਸ ਨਾਲ ਸਿੱਖਾਂ ਦੀ ਲੰਬੇ ਸਮੇਂ ਦੀ ਮੰਗ ਪੂਰੀ ਹੋ ਗਈ ਹੈ। ਵਿਆਹਾਂ ਦੀ ਰਜਿਸਟ੍ਰੇਸ਼ਨ ਲਈ 'ਜੰਮੂ ਅਤੇ ਕਸ਼ਮੀਰ ਆਨੰਦ ਮੈਰਿਜ ਰਜਿਸਟ੍ਰੇਸ਼ਨ ਨਿਯਮ, 2023' ਬਣਾਏ ਗਏ ਹਨ, ਜਿਸ ਤਹਿਤ ਜਾਰੀ ਕੀਤੇ ਸਰਕਾਰੀ ਨੋਟੀਫਿਕੇਸ਼ਨ ਅਨੁਸਾਰ ਸਬੰਧਤ ਤਹਿਸੀਲਦਾਰ ਆਪਣੇ ਖੇਤਰੀ ਅਧਿਕਾਰ ਖੇਤਰ ਦੇ ਅੰਦਰ ਅਜਿਹੇ ਵਿਆਹਾਂ ਦੇ ਰਜਿਸਟਰਾਰ ਹੋਣਗੇ। ਕਾਨੂੰਨ, ਨਿਆਂ ਅਤੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਵੱਲੋਂ 30 ਨਵੰਬਰ ਨੂੰ ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ, 'ਸਿੱਖ ਜੋੜੇ ਆਪਣੇ ਵਿਆਹ ਤੋਂ ਬਾਅਦ ਤਿੰਨ ਮਹੀਨਿਆਂ ਦੇ ਅੰਦਰ ਰਜਿਸਟ੍ਰੇਸ਼ਨ ਲਈ ਅਰਜ਼ੀ ਦੇ ਸਕਦੇ ਹਨ ਪਰ ਜੇ ਸਮਾਂ ਸੀਮਾ ਖਤਮ ਹੋਣ ਤੋਂ ਬਾਅਦ ਰਸਮੀ ਕਾਰਵਾਈਆਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਲੇਟ ਫੀਸ ਭਰਨੀ ਪਵੇਗੀ।

## ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ 'ਚ ਸਿੱਖ ਵਿਆਹ ਬਾਰੇ ਨਿਯਮ ਤੈਅ

**ਅੰਮ੍ਰਿਤਸਰ:** ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਸਣੇ ਪੰਜ ਪਿਆਰਿਆਂ ਵੱਲੋਂ ਇਕ ਮਤਾ ਪਾਸ ਕਰ ਕੇ ਸਿੱਖ ਲੜਕਾ-ਲੜਕੀ ਦੇ ਵਿਆਹ ਸਬੰਧੀ ਲੜਕੀ ਦੇ ਵਸਤਰ ਸਬੰਧੀ ਅਤੇ ਕੁਝ ਹੋਰ ਨਿਯਮ ਨਿਰਧਾਰਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਵਿਆਹ ਵਾਲੇ ਕਾਰਡਾਂ 'ਤੇ ਬੱਚੇ ਬੱਚੀ ਦੇ ਅਧੂਰੇ ਨਾਮ ਲਿਖੇ ਜਾਂਦੇ ਹਨ ਜੋ ਕਿ ਠੀਕ ਨਹੀਂ ਹੈ, ਬਲਕਿ ਇਨ੍ਹਾਂ ਦੇ ਨਾਂ ਸਿੰਘ ਜਾਂ ਕੌਰ ਪੂਰੇ ਲਿਖੇ ਜਾਣ। ਇਸੇ ਤਰ੍ਹਾਂ ਲਾਵਾਂ ਫੇਰੇ ਸਮੇਂ ਲੜਕੀ ਨੂੰ ਲਹਿੰਗਾ ਨਾ ਪਵਾਇਆ ਜਾਵੇ। ਇਸ ਮੌਕੇ ਕੁੜੀ ਨੂੰ ਸਲਵਾਰ ਕਮੀਜ਼ ਵਾਲਾ ਸੰਪੂਰਨ ਸੂਟ ਪਹਿਨਾਇਆ ਜਾਵੇ ਕਿਉਂਕਿ ਲਹਿੰਗਾ ਪਾ ਕੇ ਲੜਕੀ ਨੂੰ ਆਨੰਦ ਕਾਰਜ ਵੇਲੇ ਉਠਣ-ਬੈਠਣ ਵਿਚ ਔਖ ਹੁੰਦੀ ਹੈ। ਲਾਵਾਂ ਫੇਰੇ ਸਮੇਂ ਗੁਰੂ ਦੀ ਹਾਜ਼ਰੀ ਵਿਚ ਲੜਕੀ ਨੂੰ ਲਿਆਉਣ ਸਮੇਂ ਉਸ ਉੱਪਰ ਚੁੰਨੀ ਤਾਣ ਕੇ ਜਾਂ ਫੁੱਲਾਂ ਦਾ ਛਤਰ ਬਣਾ ਕੇ ਨਾ ਲਿਆਂਦਾ ਜਾਵੇ



## ਅਣ-ਅਧਿਕਾਰਤ ਆਈਲੈਟਸ ਸੈਂਟਰਾਂ ਖਿਲਾਫ ਪ੍ਰਸ਼ਾਸਨ ਸਖਤ

**ਜਗਰਾਉਂ:** ਅਣ-ਅਧਿਕਾਰਿਤ ਆਈਲੈਟਸ ਸੈਂਟਰਾਂ ਵੱਲੋਂ ਭੋਲੇ-ਭਾਲੇ ਲੋਕਾਂ ਨਾਲ ਕੀਤੀ ਜਾਂਦੀ ਧੋਖਾਧੜੀ ਖ਼ਿਲਾਫ਼ ਸਖ਼ਤ ਰੁਖ ਅਪਣਾਉਂਦਿਆਂ ਉਪ ਮੰਡਲ ਮੈਜਿਸਟਰੇਟ ਗੁਰਬੀਰ ਸਿੰਘ ਕੋਹਲੀ ਨੇ ਸਰਕਾਰੀ ਹਦਾਇਤਾਂ ਦੀ ਹੂ-ਬ-ਹੂ ਪਾਲਣਾ ਕਰਵਾਉਣ ਸਬੰਧੀ ਸੈਂਟਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਉਪ-ਮੰਡਲ ਮੈਜਿਸਟਰੇਟ ਗੁਰਬੀਰ ਸਿੰਘ ਕੋਹਲੀ ਨੇ ਆਖਿਆ ਕਿ ਬਹੁ-ਗਿਣਤੀ ਸੈਂਟਰ ਸਰਕਾਰੀ ਨਿਯਮਾਂ 'ਤੇ ਖਰੇ ਨਹੀਂ ਉੱਤਰਦੇ ਅਤੇ ਲਾਇਸੰਸ ਨਾ ਹੋਣ ਦੇ ਬਾਵਜੂਦ ਭੋਲੇ ਭਾਲੇ ਲੋਕਾਂ ਦੇ ਬੱਚਿਆਂ ਨੂੰ ਵਿਦੇਸ਼ ਭੇਜਣ ਦੀ ਆੜ 'ਚ ਉਨ੍ਹਾਂ ਦੀ ਆਰਥਿਕ ਤੌਰ 'ਤੇ ਵੱਡੀ ਲੁੱਟ ਕਰਦੇ ਹਨ, ਜਿਨ੍ਹਾਂ ਦੇ ਚੱਲਦਿਆਂ ਸਰਕਾਰ ਨੇ ਅਜਿਹੇ ਲੋਕਾਂ ਖ਼ਿਲਾਫ਼ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ।

ਅਗਲੇ ਦਿਨਾਂ 'ਚ ਉਨ੍ਹਾਂ ਖ਼ਿਲਾਫ਼ ਕਾਰਵਾਈ ਹੋਣੀ ਤੈਅ ਹੈ। ਜਿਹੜੇ ਸੈਂਟਰ ਬੱਚਿਆਂ ਦੀ ਭਲਾਈ ਲਈ ਬਣਾਏ ਨਿਯਮਾਂ ਦੀ ਪਾਲਣਾ ਨਹੀਂ ਕਰਨਗੇ, ਉਨ੍ਹਾਂ ਦੀ ਸ਼ਨਾਖ਼ਤ ਕਰ ਕੇ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਆਖਿਆ ਕਿ ਤਾੜਨਾ ਮਗਰੋਂ ਜੇ ਕੋਈ ਅਜਿਹਾ ਸੈਂਟਰ ਚੱਲਦਾ ਮਿਲ ਗਿਆ ਤਾਂ ਉਨ੍ਹਾਂ ਖ਼ਿਲਾਫ਼ ਬਿਨਾਂ ਦੇਰੀ ਕਾਰਵਾਈ ਕੀਤੀ ਜਾਵੇਗੀ।

## ਸ਼ਹੀਦੀ ਪੰਦਰਵਾੜੇ ਦੌਰਾਨ ਗੁਰੂ ਘਰਾਂ ਵਿਚ ਸਾਦਾ ਲੰਗਰ ਲੱਗਣਗੇ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਾਰੇ ਗੁਰਦੁਆਰਿਆਂ 'ਚ ਸ਼ਹੀਦੀ ਪੰਦਰਵਾੜੇ ਦੌਰਾਨ 16 ਤੋਂ 31 ਦਸੰਬਰ ਤੱਕ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਸਿਰੋਪਾਓ ਤੇ ਵਿਸ਼ੇਸ਼ ਸਨਮਾਨ ਨਹੀਂ ਦਿੱਤੇ ਜਾਣਗੇ।

॥ਇਸ ਸਮੇਂ ਦੌਰਾਨ ਗੁਰੂਘਰ ਦੇ ਲੰਗਰਾਂ ਵਿਚ ਮਿੱਠੇ ਪਕਵਾਨ ਨਹੀਂ ਬਣਨਗੇ ਤੇ ਸਾਦੇ ਲੰਗਰ ਤਿਆਰ ਕੀਤੇ ਜਾਣਗੇ। ਸ੍ਰੀ ਧਾਮੀ ਨੇ ਕਿਹਾ ਕਿ ਸ਼ਹੀਦੀ ਪੰਦਰਵਾੜਾ ਸਿੱਖ ਕੌਮ ਲਈ ਬੇਹੱਦ ਭਾਵੁਕ ਸਮਾਂ ਹੈ। ਸ਼੍ਰੋਮਣੀ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਲੰਗਰ ਘਰਾਂ ਵਿਚ ਇਸ ਸਮੇਂ ਦੌਰਾਨ ਰੋਜ਼ਾਨਾ ਦਾਲ, ਇਕ ਸਬਜ਼ੀ ਤੇ ਪਰਸ਼ਾਦੇ ਤਿਆਰ ਹੋਣਗੇ। ਇਸੇ ਤਰ੍ਹਾਂ ਸਿਰਫ ਨਗਰ ਕੀਰਤਨ ਦੌਰਾਨ ਪੰਜ ਪਿਆਰਿਆਂ ਨੂੰ ਸਿਰੋਪਾਓ ਦਿੱਤੇ ਜਾਣਗੇ ਤੇ ਇਸ ਤੋਂ ਬਿਨਾਂ ਗੁਰੂ ਘਰਾਂ ਵਿਚ ਹੋਰ ਕਿਸੇ ਵਿਅਕਤੀ ਨੂੰ ਸਿਰੋਪਾਓ ਨਹੀਂ ਦਿੱਤੇ ਜਾਣਗੇ। ਇਸ ਸਬੰਧੀ ਸਾਰੇ ਗੁਰਦੁਆਰਿਆਂ ਦੇ ਮੁਲਾਜ਼ਮਾਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

## ਗਿਆਸਪੁਰਾ ਗੈਸ ਲੀਕ ਕਾਂਡ ਦੀ ਜਾਂਚ ਮੁੜ ਸ਼ੁਰੂ

**ਲੁਧਿਆਣਾ:** ਗਿਆਸਪੁਰਾ ਖੇਤਰ ਵਿਚ ਸੀਵਰੇਜ ਦੀ ਗੈਸ ਲੀਕ ਹੋਣ ਨਾਲ ਹੋਏ ਹਾਦਸੇ ਦੀ ਇਕ ਵਾਰ ਫਿਰ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਦੀ ਟੀਮ ਫਿਰ ਗਿਆਸਪੁਰਾ ਉਸ ਥਾਂ 'ਤੇ ਪੁੱਜੀ ਜਿੱਥੇ 30 ਅਪਰੈਲ ਨੂੰ ਸੀਵਰੇਜ ਦੀ ਗੈਸ ਲੀਕ ਹੋਣ ਕਾਰਨ 11 ਜਣਿਆਂ ਦੀ ਮੌਤ ਹੋਈ ਸੀ।



ਇਸ ਦੌਰਾਨ ਕਈ ਫੈਕਟਰੀਆਂ 'ਚ ਛਾਪੇ ਮਾਰੇ ਗਏ ਅਤੇ ਜਾਂਚ ਕੀਤੀ ਗਈ। ਇਲਾਕੇ 'ਚ ਸੀਵਰੇਜ ਦੇ ਸੈਂਪਲ ਲਏ ਗਏ। ਇਸ ਦੌਰਾਨ ਐਨ.ਜੀ.ਟੀ. ਦੀ ਟੀਮ ਦੇ ਮੈਂਬਰਾਂ ਨੇ ਫੈਕਟਰੀ ਵਾਲਿਆਂ ਨਾਲ ਗੱਲਬਾਤ ਕੀਤੀ। ਟੀਮ ਵਿਚ ਕੇਂਦਰੀ ਪ੍ਰਦੂਸ਼ਣ ਬੋਰਡ ਤੋਂ ਭਰਤ ਕੁਮਾਰ ਸ਼ਰਮਾ, ਵਾਤਾਵਰਨ ਮੰਤਰਾਲੇ ਤੋਂ ਰਾਜਾ ਰਾਮ, ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਤੇ ਐਨ.ਡੀ.ਆਰ.ਐਫ. ਤੋਂ ਦੁਗਨ ਲਾਲ ਜਾਖੜ ਪੁੱਜੇ। ਐਨ.ਜੀ.ਟੀ. ਦੀ ਟੀਮ ਨੇ ਨਵੇਂ ਸਿਰੇ ਤੋਂ ਇਸ ਮਾਮਲੇ ਦੀ ਜਾਂਚ ਸ਼ੁਰੂ ਕਰਵਾਈ ਹੈ। ਇਸ ਮੌਕੇ ਹਾਦਸੇ ਸਮੇਂ ਮੌਜੂਦ ਹੋਣ ਵਾਲੇ ਕੁਝ ਲੋਕਾਂ ਨਾਲ ਗੱਲਬਾਤ ਵੀ ਕੀਤੀ ਗਈ। ਜ਼ਿਕਰਯੋਗ ਹੈ ਕਿ ਦੋ ਮਹੀਨੇ ਪਹਿਲਾਂ ਐਨ.ਜੀ.ਟੀ. ਨੇ ਪ੍ਰਸ਼ਾਸਨ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਜਾਂਚ 'ਤੇ ਅਸੰਤੁਸ਼ਟੀ ਪ੍ਰਗਟਾਈ ਸੀ। ਇਸ ਮਾਮਲੇ 'ਚ ਹਾਲੇ ਤੱਕ ਕੋਈ ਸਬੂਤ ਨਾ ਮਿਲਣ 'ਤੇ ਐਨ.ਜੀ.ਟੀ. ਹਰਕਤ 'ਚ ਆਈ ਸੀ। ਇਸ ਤੋਂ ਬਾਅਦ ਇਕ ਵਾਰ ਫਿਰ ਕਮੇਟੀ ਬਣਾਈ ਗਈ ਸੀ। ਨਵੀਂ ਟੀਮ ਗੈਸ ਲੀਕ ਹੋਣ ਦੇ ਕਾਰਨਾਂ ਤੇ ਇਸ ਲਈ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰੇਗੀ।

## ਅਧਿਆਪਕਾ ਨੂੰ ਗੋਲੀ ਮਾਰਨ ਵਾਲੇ 6 ਸਾਲਾ ਲੜਕੇ ਦੀ ਮਾਂ ਨੂੰ ਸਜ਼ਾ

**ਵਰਜ਼ੀਨੀਆ (ਅਮਰੀਕਾ):** ਵਰਜ਼ੀਨੀਆ ਵਿਚ ਆਪਣੀ ਅਧਿਆਪਕਾ ਨੂੰ ਗੋਲੀ ਮਾਰਨ ਵਾਲੇ ਛੇ ਸਾਲਾ ਬੱਚੇ ਦੀ ਮਾਂ ਨੂੰ ਬੱਚਿਆਂ ਦੇ ਪਾਲਣ-ਪੋਸ਼ਣ ਵਿਚ ਲਾਪਰਵਾਹੀ ਵਰਤਣ ਦੇ ਦੋਸ਼ ਵਿਚ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਡੇਜਾ ਟੇਲਰ ਦੇ ਬੇਟੇ ਨੇ ਆਪਣੀ ਸਾਰਟ ਬੰਦੂਕ ਨਾਲ ਅਧਿਆਪਕਾਂ ਨੂੰ ਗੋਲੀ ਮਾਰ ਦਿੱਤੀ ਸੀ। ਟੇਲਰ ਨੂੰ ਨਵੰਬਰ ਵਿਚ ਸੰਘੀ ਕੇਸ ਵਿਚ ਬੰਦੂਕ ਰੱਖਣ ਦੌਰਾਨ ਭੰਗ ਦੀ ਵਰਤੋਂ ਕਰਨ ਲਈ 21 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਸੀ। ਬੰਦੂਕ ਦੀ ਨਾਲ ਭੰਗ ਦੀ ਵਰਤੋਂ ਅਮਰੀਕੀ ਕਾਨੂੰਨ ਦੀ ਉਲੰਘਣਾ ਹੈ।

ਟੇਲਰ ਨੂੰ ਰਾਜ ਤੇ ਸੰਘੀ ਕੇਸ ਵਿਚ ਕੁੱਲ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਟੇਲਰ ਦੇ ਬੇਟੇ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨੇ 9 ਐਮ.ਐਮ. ਪਿਸਟਲ ਜੋ ਉਸ ਦੇ ਮਾਂ ਦੇ ਪਰਸ ਵਿਚ ਸੀ, ਨੂੰ ਆਪਣੇ ਬਸਤੇ 'ਚ ਪਾ ਕੇ ਸਕੂਲ ਲੈ ਗਿਆ ਸੀ ਤੇ ਪਹਿਲੀ ਜਮਾਤ ਦੀ ਅਧਿਆਪਕਾ ਐਬੀ ਜਵੇਨਰ ਨੂੰ ਗੋਲੀ ਮਾਰ ਦਿੱਤੀ ਜਿਸ ਨਾਲ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਈ ਸੀ।

# ਸੁਖਬੀਰ ਸਿੰਘ ਬਾਦਲ ਨੇ ਬੇਅਦਬੀ ਘਟਨਾ ਲਈ ਪੰਥ ਤੋਂ ਮੁਆਫੀ ਮੰਗੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ 103ਵੇਂ ਸਥਾਪਨਾ ਦਿਵਸ ਮੌਕੇ ਪ੍ਰਧਾਨ ਸੁਖਬੀਰ ਬਾਦਲ ਨੇ ਅਕਾਲੀ ਸਰਕਾਰ ਵੇਲੇ ਸਾਲ 2015 ਵਿਚ ਵਾਪਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਅਤੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿਚ ਅਸਫਲ ਰਹਿਣ ਲਈ ਸਿੱਖ ਪੰਥ ਕੋਲੋਂ ਮੁਆਫੀ ਮੰਗੀ ਹੈ। ਉਹ ਇਥੇ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਸਬੰਧੀ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਵਿਚ ਸ਼ਾਮਲ ਹੋਣ ਲਈ ਪੁੱਜੇ ਸਨ।

ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸ਼ਹੀਦ ਬਾਬਾ ਗੁਰਬਖਸ਼ ਸਿੰਘ ਦੇ ਅਸਥਾਨ 'ਤੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੰਬੋਧਨ ਕਰਦਿਆਂ ਸ੍ਰੀ ਬਾਦਲ ਨੇ ਆਖਿਆ ਕਿ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਆਖਰੀ ਸਮੇਂ ਤੱਕ ਇਸ ਗੱਲ ਦਾ ਦੁੱਖ ਰਿਹਾ ਹੈ ਕਿ ਉਨ੍ਹਾਂ ਦੀ ਪੰਥਕ ਸਰਕਾਰ ਦੇ ਕਾਰਜਕਾਲ ਵਿਚ ਬੇਅਦਬੀ ਦੀ ਘਟਨਾ ਵਾਪਰੀ ਅਤੇ ਉਹ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰ ਸਕੇ। ਉਨ੍ਹਾਂ ਖੁਲਾਸਾ ਕੀਤਾ ਕਿ ਉਸ ਵੇਲੇ ਹਾਲਾਤ ਦੇ ਦਬਾਅ ਕਾਰਨ ਅਕਾਲੀ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਦੇ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਬਾਅਦ 'ਚ ਆਈਆਂ ਹੁਣ ਤੱਕ ਦੀਆਂ ਸਰਕਾਰਾਂ ਵੀ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰ ਸਕੀਆਂ ਜਦੋਂਕਿ ਉਨ੍ਹਾਂ ਇਸ ਮੁੱਦੇ 'ਤੇ ਸਿਆਸਤ ਕੀਤੀ ਅਤੇ ਲੋਕਾਂ ਦੇ ਜਜ਼ਬਾਤ ਨਾਲ ਖੇਡਦਿਆਂ ਸਰਕਾਰਾਂ ਬਣਾਈਆਂ। ਉਨ੍ਹਾਂ ਪੰਥ ਕੋਲੋਂ ਬਿਨਾਂ ਸ਼ਰਤ ਮੁਆਫੀ ਮੰਗਦਿਆਂ ਵਾਅਦਾ ਕੀਤਾ ਕਿ ਮੌਕਾ ਮਿਲਣ 'ਤੇ ਅਕਾਲੀ ਦਲ ਕਥਿਤ ਦੋਸ਼ੀਆਂ ਨੂੰ ਨਾ ਸਿਰਫ ਗ੍ਰਿਫਤਾਰ ਕਰੇਗਾ ਸਗੋਂ ਇਸ ਮੁੱਦੇ 'ਤੇ ਸਿਆਸਤ ਕਰਨ ਵਾਲਿਆਂ ਨੂੰ ਵੀ ਬੇਨਕਾਬ ਕਰੇਗਾ।



ਸੁਖਬੀਰ ਬਾਦਲ ਨੇ ਬਿਨਾਂ ਕਿਸੇ ਦਾ ਨਾਂ ਲਏ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਅਤੇ ਰੁੱਸੇ ਹੋਏ ਅਕਾਲੀ ਆਗੂਆਂ ਕੋਲੋਂ ਵੀ ਮੁਆਫੀ ਮੰਗੀ ਅਤੇ ਉਨ੍ਹਾਂ ਨੂੰ ਘਰ ਵਾਪਸੀ ਦੀ ਅਪੀਲ ਕੀਤੀ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਇਕੱਠੇ ਹੋ ਕੇ ਸਾਹਮਣਾ ਕੀਤਾ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਤਾਕਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਪੰਥਕ ਸੰਸਥਾਵਾਂ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਇਹ ਤਾਕਤਾਂ ਆਪਣੇ ਮੰਤਵ ਵਿਚ ਸਫਲ ਹੋਈਆਂ ਹਨ, ਜਿਸ ਦਾ ਸਿੱਟਾ ਹੈ ਕਿ 102 ਸਾਲ ਪੁਰਾਣੀ ਸਿੱਖ ਸੰਸਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜ ਦਿੱਤਾ ਗਿਆ ਹੈ। ਦਿੱਲੀ ਕਮੇਟੀ ਅਤੇ ਪੰਜਾਬ ਤੋਂ ਬਾਹਰਲੇ ਦੋਵੇਂ ਤਖਤਾਂ ਦੇ ਪ੍ਰਬੰਧਕੀ ਬੋਰਡ ਖੋਹ ਲਏ ਗਏ ਹਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ 103 ਸਾਲਾਂ ਦੇ ਇਤਿਹਾਸ ਦੀ ਸਮੀਖਿਆ ਕਰਦਿਆਂ ਕਿਹਾ ਕਿ ਇਹ ਜਥੇਬੰਦੀ ਸਰਕਾਰ ਬਣਾਉਣ ਵਾਸਤੇ ਨਹੀਂ ਸਗੋਂ ਜ਼ੁਲਮਾਂ ਦਾ ਸਾਹਮਣਾ ਕਰਨ ਤੇ ਉਨ੍ਹਾਂ ਦਾ ਵਿਰੋਧ ਕਰਨ ਵਾਸਤੇ ਬਣੀ ਸੀ। ਉਨ੍ਹਾਂ ਸਮੂਹ ਸਿੱਖਾਂ ਨੂੰ ਇਕ ਨਿਸ਼ਾਨ ਹੇਠਾਂ ਇਕੱਠੇ ਹੋਣ ਦੀ ਅਪੀਲ ਕੀਤੀ।

## ਸੁਖਬੀਰ ਨੇ ਮੁਆਫੀ ਦਾ ਢੌਂਗ ਰਚ ਕੇ ਬੇਅਦਬੀ ਕੀਤੀ: ਕਾਲਕਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਇਕ ਖੂੰਜੇ ਵਿਚ ਮੁਆਫੀ ਮੰਗਣ ਦਾ ਢੌਂਗ ਰਚ ਕੇ ਸਭ ਤੋਂ ਵੱਡੀ ਬੇਅਦਬੀ ਕੀਤੀ ਹੈ। ਸ੍ਰੀ ਕਾਲਕਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਦੀ ਹਦਾਇਤ 'ਤੇ ਸੁਖਬੀਰ ਬਾਦਲ ਨੇ ਇਹ ਡਰਾਮਾ ਕੀਤਾ ਹੈ? ਜੇਕਰ ਨਹੀਂ ਤਾਂ ਫਿਰ ਉਹ ਸੁਖਬੀਰ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰ ਕੇ ਸਵਾਲ ਪੁੱਛਣ ਕਿ ਇਹ ਢੌਂਗ ਕਿਉਂ ਰਚਿਆ ਗਿਆ ਹੈ? ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਇਹ ਦੱਸਣ ਕਿ ਕੀ 8 ਸਾਲਾਂ ਬਾਅਦ ਉਨ੍ਹਾਂ ਨੂੰ ਸੋਝੀ ਆਈ ਹੈ ਕਿ ਕੌਮ ਕੋਲੋਂ ਮੁਆਫੀ ਮੰਗਣੀ ਹੈ?

## ਗਲਤੀਆਂ ਤਾਂ ਮੁਆਫ ਹੋ ਸਕਦੀਆਂ ਪਰ ਅਪਰਾਧ ਨਹੀਂ: ਭਗਵੰਤ ਮਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਲੋਕ ਸਭਾ ਮੈਂਬਰ ਵੱਲੋਂ ਸਿਆਸੀ ਤੌਰ 'ਤੇ ਮੁਆਫ਼ੀ ਮੰਗਣ ਦਾ ਕੋਈ ਫਾਇਦਾ ਨਹੀਂ ਹੈ ਕਿਉਂਕਿ ਗਲਤੀਆਂ ਮੁਆਫ਼ ਹੋ ਸਕਦੀਆਂ ਹਨ ਪਰ ਅਪਰਾਧ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਬਾਦਲ ਪਰਿਵਾਰ ਨੂੰ ਸੂਬੇ ਅਤੇ ਇਸ ਦੇ ਲੋਕਾਂ ਵਿਰੁੱਧ ਕੀਤੇ ਬੱਜਰ ਗੁਨਾਹਾਂ ਲਈ ਕਦੇ ਮੁਆਫ਼ ਨਹੀਂ ਕਰਨਗੇ। ਸ੍ਰੀ ਮਾਨ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਸੱਤਾ ਦੀ ਦੁਰਵਰਤੋਂ ਕਰਦਿਆਂ ਸੂਬੇ ਨੂੰ ਬਰਬਾਦੀ ਵੱਲ ਧੱਕਿਆ ਹੈ।

ਇਸੇ ਦੌਰਾਨ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਸੁਖਬੀਰ ਬਾਦਲ ਨੇ ਆਪਣੀਆਂ 'ਗਲਤੀਆਂ' ਦੀ ਮੁਆਫੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਾਂ ਵਰਤ ਕੇ ਸਿੱਖ ਸੰਗਤ ਨੂੰ ਗੁਮਰਾਹ ਕਰਨ ਦਾ ਬੱਜਰ ਗੁਨਾਹ ਕੀਤਾ ਹੈ। ਇਸ ਲਈ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਦ ਕੇ ਤਨਖ਼ਾਹ ਲਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਮੁਆਫ਼ੀ ਨਹੀਂ ਮੰਗੀ ਸਗੋਂ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਚ ਰੱਖੇ ਪਾਰਟੀ ਸਮਾਗਮ ਵਿਚ ਮੁਆਫ਼ੀ ਮੰਗਣ ਦਾ ਨਾਟਕ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਨੇ ਸੱਚੇ ਦਿਲੋਂ ਮੁਆਫ਼ੀ ਮੰਗਣੀ ਹੁੰਦੀ ਤਾਂ ਉਹ ਪੰਥਕ ਪਰੰਪਰਾਵਾਂ ਅਨੁਸਾਰ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੰਜ ਪਿਆਰਿਆਂ ਅੱਗੇ ਪੇਸ਼ ਹੁੰਦੇ ਤੇ ਆਪਣੇ ਗੁਨਾਹਾਂ ਨੂੰ ਕਬੂਲ ਕੇ ਖਿਮਾ ਮੰਗਦੇ।

## ਸਿੱਖ ਕਤਲੇਆਮ: ਜਗਦੀਸ਼ ਟਾਈਟਲਰ ਖਿਲਾਫ ਸੁਣਵਾਈ ਟਲੀ

**ਨਵੀਂ ਦਿੱਲੀ:** ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੇ ਵਕੀਲ ਨੂੰ 1984 'ਚ ਪੁਲ ਬੰਗਸ ਸਿੱਖ ਦੰਗਿਆਂ ਵਿਚ ਦਿੱਲੀ ਪੁਲਿਸ ਅਤੇ ਸੀ.ਬੀ.ਆਈ. ਵੱਲੋਂ ਦਰਜ ਐਫ.ਆਈ.ਆਰਜ਼ ਦੀ ਸੂਚੀ ਅਤੇ ਇਸ ਦੀ ਜਾਂਚ ਤੇ ਮੁਕੱਦਮਿਆਂ ਦੇ ਨਤੀਜਿਆਂ ਦੀ ਸੂਚੀ ਦੇਣ ਲਈ ਕਿਹਾ ਹੈ। ਇਸ ਮਾਮਲੇ ਦਾ ਮੁਲਜ਼ਮ ਟਾਈਟਲਰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਇਆ। ਇਹ ਮਾਮਲਾ ਪਹਿਲੀ ਨਵੰਬਰ 1984 ਨੂੰ ਪੁਲ ਬੰਗਸ ਗੁਰਦੁਆਰੇ ਵਿਚ ਹੋਏ ਸਿੱਖਾਂ ਦੇ ਕਤਲ ਨਾਲ ਸਬੰਧਤ ਹੈ। ਸੀ.ਬੀ.ਆਈ. ਨੇ ਮਈ ਵਿਚ ਉਸ ਖ਼ਿਲਾਫ਼ ਸਪਲੀਮੈਂਟਰੀ ਚਾਰਜਸ਼ੀਟ ਦਾਖਲ ਕੀਤੀ ਸੀ। ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਬਚਾਅ ਪੱਖ ਦੇ ਵਕੀਲ ਦੀ ਇਹ ਦਲੀਲ ਸੁਣਨ ਤੋਂ ਬਾਅਦ ਮਾਮਲੇ ਦੀ ਸੁਣਵਾਈ 9 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਕਿ ਪਿਛਲੀਆਂ ਚਾਰਜਸ਼ੀਟਾਂ ਦੀਆਂ ਪ੍ਰਮਾਣਿਤ ਕਾਪੀਆਂ ਪ੍ਰਾਪਤ ਨਹੀਂ ਹੋਈਆਂ ਸਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਿਜਦਾ ਕੀਤਾ



## ਗੁਰੂ ਤੇਗ ਬਹਾਦਰ ਹੌਸਲੇ ਤੇ ਤਾਕਤ ਦੀ ਮਿਸਾਲ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ, ਏਕਤਾ ਅਤੇ ਸਚਾਈ 'ਤੇ ਜੋਰ ਦਿੰਦੀਆਂ ਹਨ ਅਤੇ ਭਾਈਚਾਰਕ ਸਾਂਝ ਤੇ ਸ਼ਾਂਤੀ ਦੀ ਪ੍ਰਾਪਤੀ ਲਈ "ਸਾਡਾ ਰਾਹ ਰੁਸ਼ਨਾਉਂਦੀਆਂ ਹਨ। ਨੌਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ ਨੂੰ ਮੁਗਲ ਸ਼ਾਸਕ ਔਰੰਗਜ਼ੇਬ ਦੇ ਹੁਕਮਾਂ 'ਤੇ ਸ਼ਹੀਦ ਕੀਤਾ ਗਿਆ ਸੀ। ਐਕਸ 'ਤੇ ਪੋਸਟ ਵਿਚ, ਮੋਦੀ ਨੇ ਕਿਹਾ, "ਅੱਜ ਅਸੀਂ ਹੌਸਲੇ ਅਤੇ ਤਾਕਤ ਦੇ ਪ੍ਰਤੀਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਯਾਦ ਕਰਦੇ ਹਾਂ। ਆਜ਼ਾਦੀ ਅਤੇ ਮਨੁੱਖੀ ਸਨਮਾਨ ਲਈ ਉਨ੍ਹਾਂ ਦੀ ਬੇਮਿਸਾਲ ਸ਼ਹਾਦਤ ਸਮੇਂ ਦੇ ਨਾਲ ਗੂੰਜਦੀ ਹੈ। ਮਨੁੱਖਤਾ ਨੂੰ ਏਕਤਾ ਅਤੇ ਦਇਆ ਨਾਲ ਰਹਿਣ ਲਈ ਪ੍ਰੇਰਿਤ ਕਰਦੀ ਹੈ।"

**ਅੰਮ੍ਰਿਤਸਰ:** ਹਿੰਦ ਦੀ ਚਾਦਰ ਅਤੇ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਦੌਰਾਨ ਗੁਰੂ ਸਾਹਿਬ ਦੇ ਪਿਆਰੇ ਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦਾ ਸ਼ਹੀਦੀ ਦਿਹਾੜਾ ਵੀ ਮਨਾਇਆ ਗਿਆ।

ਇਸ ਦੌਰਾਨ ਨੌਵੇਂ ਗੁਰੂ ਦੇ ਸ਼ਹੀਦੀ ਦਿਹਾੜੇ ਸਬੰਧੀ ਉਨ੍ਹਾਂ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਵੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਗੁਰਮਤਿ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾਂ ਸਮੇਂ ਵੱਖ-ਵੱਖ ਸੇਵਾ ਸੁਸਾਇਟੀਆਂ ਦੇ ਸ਼ਬਦੀ ਜਥਿਆਂ ਨੇ ਸ਼ਬਦ ਕੀਰਤਨ ਕੀਤਾ, ਪ੍ਰਸਿੱਧ ਰਾਗੀ ਜਥਿਆਂ ਅਤੇ ਕਥਾਵਾਚਕਾਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਜੋੜਿਆ। ਇਸ ਮੌਕੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਮਜੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਗੁਰਦੁਆਰਾ ਸ਼ਹੀਦ ਗੰਜ ਦੇ ਗ੍ਰੰਥੀ ਭਾਈ ਗੁਰਮੀਤ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਦੇ ਇਤਿਹਾਸਕ ਪ੍ਰਸੰਗ ਨੂੰ ਸੰਗਤ ਨਾਲ ਸਾਂਝਾ ਕੀਤਾ। ਉਨ੍ਹਾਂ ਸੰਗਤ ਨੂੰ ਗੁਰਮਤਿ ਵਿਚਾਰਧਾਰਾ ਨਾਲ ਜੁੜਨ ਅਤੇ ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਪ੍ਰੇਰਨਾ ਕੀਤੀ।

# ਕੇਂਦਰ ਤੇ ਪੰਜਾਬ ਸਰਕਾਰ 'ਤੇ ਸਿੱਖਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੇ ਦੋਸ਼

**ਅੰਮ੍ਰਿਤਸਰ:** ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਸਣੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪਰਿਵਾਰ ਤੇ ਸਮਰਥਕਾਂ ਵੱਲੋਂ ਚੌਥੇ ਪੜਾਅ ਦੀ ਅਰਦਾਸ ਤਖਤ ਪਟਨਾ ਸਾਹਿਬ ਬਿਹਾਰ ਵਿਖੇ ਕੀਤੀ ਗਈ। ਇਸ ਤੋਂ ਪਹਿਲਾਂ ਸਵੇਰੇ ਤਖਤ ਸ੍ਰੀ ਪਟਨਾ ਸਾਹਿਬ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਸਿਲਸਿਲੇ ਤਹਿਤ ਪਰਿਵਾਰ ਵਲੋਂ ਪਹਿਲਾਂ ਸ੍ਰੀ ਅਕਾਲ ਤਖਤ, ਤਖਤ ਸ੍ਰੀ ਕੇਸਗੜ੍ਹ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਅਰਦਾਸ ਕੀਤੀ ਜਾ ਚੁੱਕੀ ਹੈ।

ਪਰਿਵਾਰ ਵੱਲੋਂ ਉਨ੍ਹਾਂ ਦੀ ਰਿਹਾਈ ਵਾਸਤੇ ਪੰਜ ਤਖਤ ਸਾਹਿਬਾਨ 'ਤੇ ਅਰਦਾਸ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਅਰਦਾਸ ਮਗਰੋਂ ਬੰਦੀ ਸਿੰਘਾਂ ਦੇ ਪਰਿਵਾਰਾਂ ਵੱਲੋਂ ਅੰਮ੍ਰਿਤਪਾਲ ਸਿੰਘ ਦੇ ਮਾਤਾ ਬਲਵਿੰਦਰ ਕੌਰ ਅਤੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ, ਉਸ ਦੇ ਸਾਥੀਆਂ ਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਗੁਰੂ ਘਰ ਵਿਚ ਅਰਦਾਸ ਨਾਲ ਹੀ ਸੰਭਵ ਹੋ ਸਕੇਗੀ। ਉਨ੍ਹਾਂ ਦੋਸ਼ ਲਾਇਆ ਕਿ ਹਕੂਮਤਾਂ ਨੇ ਝੂਠ ਦੇ ਜਾਲ ਬੁਣ ਕੇ ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਹੈ ਜਿਸ ਤੋਂ ਸਪਸ਼ਟ ਹੈ ਕਿ ਸਰਕਾਰਾਂ ਸਹਿਮ ਗਈਆਂ ਹਨ ਤੇ ਉਹ ਸਿੱਖ ਨੌਜਵਾਨਾਂ ਨੂੰ ਧਰਮ ਨਾਲ ਜੁੜਨ ਤੇ ਧਰਮ ਦੇ ਰਾਹ 'ਤੇ ਚੱਲਣ ਤੋਂ ਰੋਕ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਗਈ ਮੁਹਿੰਮ ਅਤੇ ਖਾਲਸਾ ਵਹੀਰ ਨੇ ਪੰਜਾਬ ਹੀ ਨਹੀਂ ਸਗੋਂ ਨੇੜਲੇ ਸੂਬਿਆਂ ਵਿਚ ਵੀ ਜੋਰ ਫੜਿਆ ਸੀ। ਇਸ ਕਾਰਨ ਵੱਡੀ ਗਿਣਤੀ ਸਿੱਖ ਨੌਜਵਾਨ ਨਸ਼ਿਆਂ ਦਾ ਖਹਿੜਾ ਛੱਡ ਕੇ ਅੰਮ੍ਰਿਤਧਾਰੀ ਹੋ ਗਏ ਸਨ।

ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੇ ਪਰਿਵਾਰਾਂ ਨੂੰ ਆਪਣੇ ਗੁਰੂ 'ਤੇ ਪੂਰਾ ਭਰੋਸਾ ਹੈ ਕਿ ਜਲਦੀ ਹੀ ਸਾਰਿਆਂ ਦੀ ਰਿਹਾਈ ਹੋਵੇਗੀ।

# ਰਾਜੋਆਣਾ ਮਾਮਲਾ: ਜਥੇਦਾਰ ਦੀ ਬਣਾਈ ਕਮੇਟੀ 'ਚ ਮਤਭੇਦ ਉੱਭਰੇ

**ਅੰਮ੍ਰਿਤਸਰ:** ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਮੁਆਫੀ ਦੇ ਮਾਮਲੇ 'ਤੇ ਅਗਲੇਰੀ ਕਾਰਵਾਈ ਲਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਵੱਲੋਂ ਇਕ ਪਾਸੇ ਦੇਸ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਦੂਜੇ ਪਾਸੇ ਹੁਣ ਪੰਜ ਮੈਂਬਰੀ ਕਮੇਟੀ ਦੇ ਕੁਝ ਮੈਂਬਰਾਂ ਵਿਚ ਆਪਸੀ ਤਕਰਾਰ ਸ਼ੁਰੂ ਹੋ ਗਈ ਹੈ ਜਿਸ ਕਾਰਨ ਕਮੇਟੀ ਮੈਂਬਰਾਂ ਵਿਚ ਆਪਸੀ ਮਤਭੇਦ ਉਭਰਦੇ ਨਜ਼ਰ ਆ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਸਤਾਵਿਤ ਦਿੱਲੀ ਰੋਸ ਮਾਰਚ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਫੈਸਲੇ ਤੋਂ ਬਾਅਦ ਹੀ ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਵਿਚਾਲੇ ਤਕਰਾਰ ਸ਼ੁਰੂ ਹੋ ਗਈ ਹੈ। ਇਸ ਸਬੰਧੀ ਪੰਜ ਮੈਂਬਰੀ ਕਮੇਟੀ ਵਿਚ ਸ਼ਾਮਲ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦੀਆਂ ਵੱਖ-ਵੱਖ ਵੀਡੀਓ ਕਲਿੱਪ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ ਜਿਸ ਵਿਚ ਦੋਵਾਂ ਵੱਲੋਂ ਹੀ ਇਕ ਦੂਜੇ ਖ਼ਿਲਾਫ਼ ਦੋਸ਼ ਲਾਏ ਜਾ ਰਹੇ ਹਨ। ਦੱਸਣਯੋਗ ਹ ਕਿ ਪੰਜ ਮੈਂਬਰੀ ਕਮੇਟੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਬਣਾਈ ਗਈ ਸੀ।



ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਆਖਿਆ ਕਿ ਉਹ ਅਕਾਲ ਤਖਤ ਵਿਖੇ ਭੇਜੇ ਗਏ ਆਪਣੇ ਪੱਤਰ ਨੂੰ ਵਾਪਸ ਲੈਣ ਲਈ ਤਿਆਰ ਹਨ ਜਿਸ ਕਾਰਨ ਸ਼੍ਰੋਮਣੀ ਕਮੇਟੀ ਨੂੰ 20 ਦਸੰਬਰ ਨੂੰ ਦਿੱਲੀ ਵਿਚ ਕੀਤੇ ਜਾਣ ਵਾਲਾ ਰੋਸ ਮਾਰਚ ਮੁਲਤਵੀ ਕਰਨਾ ਪਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਕਾਲਕਾ ਵੱਲੋਂ ਇਸ ਤੋਂ ਪਹਿਲਾਂ ਵਿਰਸਾ ਸਿੰਘ ਵਲਟੋਹਾ ਦੀ ਪੰਜ ਮੈਂਬਰੀ ਕਮੇਟੀ ਵਿਚ ਸ਼ਮੂਲੀਅਤ 'ਤੇ ਵੀ ਇਤਰਾਜ਼ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਕਮੇਟੀ ਵਿਚ ਉਹ ਇਕੱਲਾ ਨਹੀਂ ਸਗੋਂ ਦੋ ਹੋਰ ਮੈਂਬਰ ਇਸ ਹੱਕ ਵਿਚ ਹਨ ਕਿ ਇਸ ਮੁਹਿੰਮ ਨੂੰ ਤਕਰਾਰ ਦੀ ਥਾਂ ਸੰਵਾਦ ਰਾਹੀਂ ਹੱਲ ਕਰਨਾ ਚਾਹੀਦਾ ਹੈ। ਇਸ ਲਈ ਇਕ ਪਾਸੇ ਗੱਲਬਾਤ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਦੂਜੇ ਪਾਸੇ ਰੋਸ ਮਾਰਚ ਕੱਢਣਾ ਤਰਕਸੰਗਤ ਨਹੀਂ। ਅਕਾਲ ਤਖਤ ਦੇ ਜਥੇਦਾਰ ਨੂੰ ਇਸ ਬਾਰੇ ਜਾਣੂ ਕਰਾਉਣਾ ਜਰੂਰੀ ਸੀ। ਇਸ ਕਰ ਕੇ ਉਨ੍ਹਾਂ ਨੂੰ ਪੱਤਰ ਭੇਜਿਆ ਗਿਆ ਸੀ। ਉਹ ਆਪਣਾ ਪੱਤਰ ਵਾਪਸ ਲੈਣ ਲਈ ਤਿਆਰ ਹਨ ਤੇ ਸ਼੍ਰੋਮਣੀ ਕਮੇਟੀ ਆਪਣਾ ਪ੍ਰੋਗਰਾਮ ਜਾਰੀ ਰੱਖ ਸਕਦੀ ਹੈ।

ਉਧਰ, ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਦਿੱਲੀ ਵਿਚ ਰੋਸ ਮਾਰਚ ਕਰਕੇ ਕੇਂਦਰ ਸਰਕਾਰ ਨੂੰ ਸਖਤ ਸੁਨੇਹਾ ਦੇਣ ਦਾ ਉਪਰਾਲਾ ਸ਼ੁਰੂ ਕੀਤਾ ਗਿਆ ਸੀ ਜਿਸ ਨੂੰ ਦਿੱਲੀ ਕਮੇਟੀ ਦੇ ਇਸ ਆਗੂ ਵੱਲੋਂ ਭੇਜੇ ਗਏ ਪੱਤਰ ਕਾਰਨ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਰਾਜੋਆਣਾ ਦੀ ਫਾਂਸੀ ਦੀ ਮੁਆਫੀ ਸੰਵੇਦਨਸ਼ੀਲ ਮਾਮਲੇ ਹਨ ਜਿਸ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਵੇਰਵਿਆਂ ਮੁਤਾਬਕ ਪੰਜ ਮੈਂਬਰੀ ਕਮੇਟੀ ਦੀ ਮੀਟਿੰਗ ਵਿਚ ਫੈਸਲਾ ਹੋਇਆ ਸੀ ਕਿ ਪੰਜ ਮੈਂਬਰੀ ਕਮੇਟੀ ਦਾ ਕੋਈ ਵੀ ਮੈਂਬਰ ਆਪਣੇ ਤੌਰ 'ਤੇ ਸਿੱਧਾ ਬਿਆਨ ਨਹੀਂ ਦੇਵੇਗਾ ਜਿਸ ਦੀ ਉਲੰਘਣਾ ਹੋਈ ਹੈ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੇਅਦਬੀ ਦੀ ਘਟਨਾ ਦੇ ਰੋਸ ਵਜੋਂ ਸ੍ਰੀ ਅਕਾਲ ਤਖਤ ਵਿਖੇ ਅਰਦਾਸ

**ਅੰਮ੍ਰਿਤਸਰ:** ਦੋ ਸਾਲ ਪਹਿਲਾਂ 2021 ਵਿਚ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਵਾਪਰੀ ਬੇਅਦਬੀ ਦੀ ਘਟਨਾ ਸਬੰਧੀ ਸ੍ਰੀ ਅਕਾਲ ਤਖਤ ਵਿਖੇ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਅਰਦਾਸ ਕੀਤੀ ਗਈ। ਇਸ ਅਰਦਾਸ ਸਮਾਗਮ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਦਾ ਅਰਦਾਸ ਸਮਾਗਮ ਕੌਮ ਦੇ ਸਮੂਹਿਕ ਰੋਹ ਅਤੇ ਨਿਆਂ ਲਈ ਚੱਲ ਰਹੀ ਜੱਦੋ-ਜਹਿਦ ਦਾ ਪ੍ਰਤੀਕ ਹੈ। ਮਗਰੋਂ ਸਿੱਖ ਜਥੇਬੰਦੀ ਦੇ ਕਾਰਕੁਨਾਂ ਨੇ ਤਖਤੀਆਂ ਫੜ ਕੇ ਇਸ ਘਟਨਾ ਨੂੰ ਬਿਨਾਂ ਹੱਲ ਕੀਤੇ ਹੀ ਵਿਚਾਲੇ ਛੱਡਣ ਦੇ ਰੋਸ ਵਜੋਂ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰਾ ਵੀ ਕੀਤਾ।

ਸਮਾਗਮ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਸ੍ਰੀ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ ਹੈ ਕਿ ਬੇਅਦਬੀ ਕਰਨ ਵਾਲਿਆਂ ਦੀ ਪਛਾਣ ਤੇ ਉਨ੍ਹਾਂ ਦੇ ਨਾਪਾਕ ਇਰਾਦਿਆਂ ਨੂੰ ਜੱਗ-ਜ਼ਾਹਿਰ ਕਰਨ ਅਤੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਤੇ ਨਿਆਂ ਦੀ ਪ੍ਰਾਪਤੀ ਲਈ ਸਿੱਖ ਕੌਮ ਨੂੰ ਲੜਦੇ ਰਹਿਣ ਦਾ ਬਲ ਪ੍ਰਦਾਨ ਕਰਨ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰਵਾਏ ਗਏ ਇਸ ਅਰਦਾਸ ਸਮਾਗਮ ਦਾ ਮਕਸਦ ਨਾ ਸਿਰਫ ਬੀਤੇ ਸਾਲ ਦੀ ਘਟਨਾ ਦੀ ਯਾਦ ਨੂੰ ਚੇਤੇ ਕਰਨਾ ਹੈ, ਸਗੋਂ ਗੁਰੂ ਸਾਹਿਬਾਨ ਦਾ ਅਦਬ, ਗੁਰਧਾਮਾਂ ਦੀ ਮਾਣ-ਮਰਿਆਦਾ ਅਤੇ ਕੌਮੀ ਸਵੈਮਾਣ ਪ੍ਰਤੀ ਆਪਣੀ ਕੌਮੀ ਦ੍ਰਿੜ੍ਹਤਾ ਤੇ ਏਕਤਾ ਦੇ ਸਬੂਤ ਦਾ ਸੁਨੇਹਾ ਦੇਣਾ ਵੀ ਹੈ।

ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 18 ਦਸੰਬਰ 2021 ਨੂੰ ਇਕ ਮਾੜੇ ਅਨਸਰ ਨੇ ਦਰਬਾਰ ਸਾਹਿਬ ਦੇ ਪਾਵਨ ਅਸਥਾਨ ਦੀ ਬੇਅਦਬੀ ਦੀ ਕੋਸ਼ਿਸ਼ ਕੀਤੀ ਸੀ। ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਦੀਆਂ ਐਡਵਾਂਸ ਬਾਇਓਮੀਟ੍ਰਿਕ ਤਕਨੀਕਾਂ ਦੇ ਬਾਵਜੂਦ ਬੇਅਦਬੀ ਦੇ ਦੋਸ਼ੀ ਦੀ ਪਛਾਣ ਇਕ ਰਹੱਸ ਬਣ ਚੁੱਕੀ ਹੈ।

## ਮਾਨ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਨਵੇਂ ਸਾਲ ਦਾ ਤੋਹਫਾ

**ਚੰਡੀਗੜ੍ਹ:** ਮੁੱਖ ਮੰਤਰੀ ਨੇ ਪੰਜਾਬ ਸਰਕਾਰ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਨਵੇਂ ਸਾਲ ਦੇ ਤੋਹਫੇ ਵਜੋਂ ਪਹਿਲੀ ਦਸੰਬਰ 2023 ਤੋਂ 4 ਫੀਸਦੀ ਮਹਿੰਗਾਈ ਭੱਤਾ (ਡੀ.ਏ) ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਮਗਰੋਂ ਮਹਿੰਗਾਈ ਭੱਤਾ 34 ਤੋਂ ਵਧ ਕੇ 38 ਫੀਸਦੀ ਹੋ ਗਿਆ। ਇਹ ਫੈਸਲਾ ਪੰਜਾਬ ਭਵਨ ਵਿਚ ਮੁੱਖ ਮੰਤਰੀ ਵੱਲੋਂ ਮੁਲਾਜ਼ਮਾਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਲਿਆ ਗਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਮੁਲਾਜ਼ਮਾਂ ਦੀ ਭਲਾਈ ਲਈ ਵਚਬਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਫੈਸਲੇ ਨਾਲ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਮੁਲਾਜ਼ਮ ਸੂਬਾਈ ਪ੍ਰਸ਼ਾਸਨ ਦਾ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨਾ ਸਰਕਾਰ ਦੀ ਮੁੱਖ ਤਰਜੀਹ ਹੈ। ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੁਲਾਜ਼ਮਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾਏਗੀ। ਇਸ ਮਾਮਲੇ ਨੂੰ ਅੱਗੇ ਵਧਾਉਣ ਲਈ ਕੇਂਦਰ ਸਰਕਾਰ ਦੇ ਵਿੱਤ ਸਕੱਤਰ ਨਾਲ ਮੀਟਿੰਗ ਕੀਤੀ ਜਾਵੇਗੀ।

ਭਗਵੰਤ ਮਾਨ ਨੇ ਸਟੈਨੋ ਟਾਈਪਿਸਟਾਂ ਲਈ ਸੀਨੀਆਰਤਾ ਦੇ ਆਧਾਰ 'ਤੇ ਵੱਖ-ਵੱਖ ਵਿਭਾਗਾਂ ਵਿਚ ਤਰੱਕੀਆਂ ਸਮਾਂਬੱਧ ਕਰਨ ਦੇ ਵੀ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਾਰੇ ਵਿਭਾਗਾਂ ਦੀਆਂ ਮਨਿਸਟੀਰੀਅਲ ਸੇਵਾਵਾਂ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਦੀ ਪ੍ਰਕਿਰਿਆ ਦੋ ਮਹੀਨਿਆਂ ਦੇ ਅੰਦਰ-ਅੰਦਰ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

## ਫਿਲਮ 'ਐਨੀਮਲ' ਦੇ ਗੀਤ ਸਬੰਧੀ ਟੀ-ਸੀਰੀਜ਼ ਨੂੰ ਨੋਟਿਸ

**ਪਟਿਆਲਾ:** ਬਾਲੀਵੁੱਡ ਦੀ ਫਿਲਮ 'ਐਨੀਮਲ' ਦੇ ਗੀਤ 'ਅਰਜਨ ਵੈਲੀ' ਨੂੰ ਲੈ ਕੇ ਪਟਿਆਲਾ ਤੋਂ ਕਾਨੂੰਨੀ ਨੋਟਿਸ ਜਾਰੀ ਕੀਤਾ ਗਿਆ ਹੈ। ਪੰਜਾਬੀ ਗਾਇਕ ਗੁਰਮੀਤ ਸਿੰਘ ਮੀਤ ਨੇ ਦਾਅਵਾ ਕੀਤਾ ਕਿ ਇਹ ਗੀਤ ਗੀਤਕਾਰ ਦੇਵ ਥਰੀਕੇਵਾਲਾ ਨੇ ਸਾਲ 2015 ਵਿਚ ਲਿਖਿਆ ਸੀ ਅਤੇ ਉਸ ਨੇ ਇਸ ਨੂੰ ਆਪਣੀ ਐਲਬਮ (ਬੁਰੀ ਹੁੰਦੀ ਆ) ਵਿਚ ਰਿਲੀਜ਼ ਕੀਤਾ ਸੀ। ਹੁਣ ਟੀ-ਸੀਰੀਜ਼ ਕੰਪਨੀ ਨੇ ਉਸ ਦੇ ਗੀਤ ਦੇ ਕੁਝ ਹਿੱਸਿਆਂ ਨੂੰ ਤੋੜ-ਮਰੋੜ ਕੇ ਫਿਲਮ 'ਐਨੀਮਲ' ਵਿਚ ਵਰਤਿਆ ਹੈ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਟੀ-ਸੀਰੀਜ਼ ਕੰਪਨੀ ਅਤੇ ਗਾਇਕ ਭੁਪਿੰਦਰ ਬੱਬਲ ਨੂੰ ਬਿਨਾਂ ਇਜਾਜ਼ਤ ਉਨ੍ਹਾਂ ਦੇ ਗੀਤ ਦੀ ਵਰਤੋਂ ਕਰਨ ਲਈ ਕਾਨੂੰਨੀ ਨੋਟਿਸ ਭੇਜਿਆ ਹੈ। ਇਸ ਮੌਕੇ ਮਿਊਜ਼ਿਕ ਕੰਪਨੀ ਕੇ ਐਂਟਰਟੇਨਰਾਂ ਦੇ ਮਾਲਕ ਗੁਰਧਿਆਨ ਸਿੰਘ ਖਰੌੜ ਸਿਉਣਾ, ਸਾਥੀ ਭੁਪਿੰਦਰ ਸਿੰਘ ਬਾਰਨ ਅਤੇ ਸੰਗੀਤ ਨਿਰਦੇਸ਼ਕ ਮਨੂ ਰਿਸ਼ੀ ਵੀ ਹਾਜ਼ਰ ਸਨ। ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਲੀਗਲ ਨੋਟਿਸ ਵਿਚ ਟੀ-ਸੀਰੀਜ਼ ਕੰਪਨੀ ਤੋਂ ਮੰਗ ਕੀਤੀ ਹੈ ਕਿ ਇਸ ਗੀਤ ਨੂੰ ਫਿਲਮ ਐਨੀਮਲ ਦੇ ਨਾਲ-ਨਾਲ ਸੋਸ਼ਲ ਮੀਡੀਆ ਤੋਂ ਹਟਾਇਆ ਜਾਵੇ। ਇਸ ਤੋਂ ਇਲਾਵਾ ਟੀ-ਸੀਰੀਜ਼ ਕੰਪਨੀ ਤੋਂ ਰੌਇਲਟੀ ਵਜੋਂ ਅੱਠ ਕਰੋੜ ਰੁਪਏ ਦੀ ਮੰਗ ਵੀ ਕੀਤੀ ਗਈ ਹੈ। ਉਨ੍ਹਾਂ ਗੀਤ ਚੋਰੀ ਹੋਣ ਸਬੰਧੀ ਟੀ-ਸੀਰੀਜ਼ ਕੰਪਨੀ ਨੂੰ ਕਾਨੂੰਨੀ ਨੋਟਿਸ ਭੇਜਣ ਦੇ ਨਾਲ-ਨਾਲ ਕਾਪੀ-ਰਾਈਟ ਐਕਟ ਦੀ ਉਲੰਘਣਾ ਸਬੰਧੀ ਪਟਿਆਲਾ ਪੁਲਿਸ ਨੂੰ ਲਿਖਤੀ ਸ਼ਿਕਾਇਤ ਵੀ ਦਿੱਤੀ ਹੈ।

## ਸ਼ਹੀਦੀ ਪੰਦਰਵਾੜਾ: ਸ਼੍ਰੋਮਣੀ ਕਮੇਟੀ ਵੱਲੋਂ ਮਿੱਠੇ ਪਕਵਾਨ ਨਾ ਬਣਾਉਣ ਦੀ ਅਪੀਲ

**ਫ਼ਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਚ ਗੱਠੜੀ ਘਰ ਅਤੇ ਜੋੜਾ ਘਰ ਦਾ ਉਦਘਾਟਨ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਹੀਦੀ ਪੰਦਰਵਾੜੇ ਨੂੰ ਮੁੱਖ ਰੱਖਦਿਆਂ ਸਮੂਹ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਪਹਿਲੀ ਜਨਵਰੀ ਤੱਕ ਕਿਸੇ ਵੀ ਕਿਸਮ ਦਾ ਮਿੱਠਾ ਪਕਵਾਨ ਨਾ ਬਣਾਉਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਲੰਗਰ ਵਿਚ ਸਿਰਫ ਦਾਲ ਅਤੇ ਸਬਜ਼ੀ ਹੀ ਬਣਾਈ ਜਾਵੇ। ਇਸੇ ਤਰ੍ਹਾਂ ਉਨ੍ਹਾਂ ਨਗਰ ਕੀਰਤਨ ਸਮੇਂ 5 ਪਿਆਰਿਆਂ ਤੋਂ ਇਲਾਵਾ ਕਿਸੇ ਨੂੰ ਵੀ ਸਿਰੋਪਾਓ ਨਾ ਦੇਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਫ਼ਤਹਿਗੜ੍ਹ ਸਾਹਿਬ ਵਿਚ 26 ਦਸੰਬਰ ਤੋਂ ਸ਼ੁਰੂ ਹੋ ਰਹੀ ਸਭਾ ਲਈ ਵੱਡੀ ਗਿਣਤੀ ਸੰਗਤ ਪਹੁੰਚਣੀ ਸ਼ੁਰੂ ਹੋ ਗਈ ਹੈ। ਇਸ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਤਾ ਗੁਜਰੀ ਕਾਲਜ, ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਕਾਲਜ ਵਿਚ ਸੰਗਤ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰਬੰਧ ਕੀਤੇ ਹਨ। ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੰਗਤ ਲਈ 15 ਪਾਰਕਿੰਗ ਸਥਾਨ ਬਣਾਏ ਗਏ ਹਨ। ਇਸ ਤੋਂ ਇਲਾਵਾ ਸਿਹਤ ਸੇਵਾਵਾਂ ਆਦਿ ਦੀ ਵੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦੀ ਪੰਦਰਵਾੜੇ ਨੂੰ ਮੁੱਖ ਰੱਖਦਿਆਂ ਗੱਠੜੀ ਘਰ ਅਤੇ ਜੋੜਾ ਘਰ ਸਮੇਤ ਹੋਰ ਕਾਊਂਟਰ ਚਾਲੂ ਕੀਤੇ ਗਏ ਹਨ। ਇਨ੍ਹਾਂ ਨੂੰ ਬਾਬਾ ਬਚਨ ਸਿੰਘ ਕਾਰ ਸੇਵਾ ਵਾਲਿਆਂ ਨੇ ਤਿਆਰ ਕਰਵਾਇਆ ਹੈ। ਬਾਅਦ ਵਿਚ ਉਨ੍ਹਾਂ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਦੇ ਅਹੁਦੇਦਾਰਾਂ ਨਾਲ ਇਤਿਹਾਸਕ ਜਹਾਜ਼ੀ ਹਵੇਲੀ ਤਿਆਰ ਕਰਨ ਸਬੰਧੀ ਮੀਟਿੰਗ ਕੀਤੀ। ਇਸ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਐੱਚ.ਸੀ ਅਰੋੜਾ ਅਤੇ ਸਨਦੀਪ ਸਿੰਘ ਵਾਲੀਆ ਨੇ ਵੀ ਸ਼ਮੂਲੀਅਤ ਕੀਤੀ।

## ਆਨੰਦ ਮੈਰਿਜ ਐਕਟ ਵਿਚ ਸੋਧ ਦੀ ਲੋੜ: ਧਾਮੀ

*(ਪਹਿਲੇ ਸਫੇ ਦੀ ਬਾਕੀ)*

ਅਤੇ ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਆਦੇਸ਼ ਜਾਰੀ ਕੀਤੇ ਹੋਏ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਬਹੁਤ ਵਾਰੀ ਔਕੜਾਂ ਆਈਆਂ ਪਰ ਪੰਥ ਹਮੇਸ਼ਾ ਚੜ੍ਹਦੀ ਕਲਾ ਵਿਚ ਹੀ ਰਿਹਾ ਹੈ ਅਤੇ ਸਦਾ ਰਹੇਗਾ। ਇਸ ਤੋਂ ਪਹਿਲਾਂ ਉਨ੍ਹਾਂ ਦੀਵਾਨ ਹਾਲ ਵਿਚ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਜਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਦੇਸ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਬਦੀ ਸਿੰਘਾਂ ਦੀ ਰਿਹਾਈ ਲਈ ਰੋਸ ਮਾਰਚ ਕੱਢਣ ਦਾ ਪ੍ਰੋਗਰਾਮ ਇਸ ਲਈ ਮੁਲਤਵੀ ਕਰਨਾ ਪਿਆ ਹੈ ਕਿਉਂਕਿ ਪੰਜ ਮੈਂਬਰੀ ਕਮੇਟੀ ਨੇ ਪੰਥ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਫੈਸਲਾ ਲਿਆ ਹੈ ਕਿ ਪਹਿਲਾਂ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਿਆ ਜਾਵੇ।

## ਸੁਖਬੀਰ ਦੀ ਮੁਆਫੀ ਤੋਂ ਬਾਅਦ ਅਕਾਲੀ ਸਿਆਸਤ ਭਖੀ

*(ਪਹਿਲੇ ਸਫੇ ਦੀ ਬਾਕੀ)*

ਕਿ ਸ਼੍ਰੋਮਣੀ ਅਕਾਲੀ ਦਲ ਨੇ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਭਾਜਪਾ ਨਾਲੋਂ ਗੱਠਜੋੜ ਤੋੜ ਲਿਆ ਸੀ। ਹਾਲਾਂਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਦੋਵਾਂ ਪਾਰਟੀਆਂ ਨੂੰ ਕਰਾਰੀ ਹਾਰ ਦਿੱਤੀ ਸੀ ਜਿਸ ਕਾਰਨ ਵੀ ਦੋਵਾਂ ਵਿਚਾਲੇ ਮੁੜ ਗੱਠਜੋੜ ਦੀਆਂ ਸੰਭਾਵਨਾਵਾਂ ਬਣੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿੱਛੇ ਜਿਹੇ ਚੰਡੀਗੜ੍ਹ ਸਥਿਤ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਆ ਕੇ ਮਰਹੂਮ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਭੇਟ ਕੀਤੀ ਸੀ। ਇਸ ਵੇਲੇ ਗੱਠਜੋੜ ਵਿਚਾਲੇ ਮੁੜ ਅੜਿੱਕਾ ਸੂਬੇ ਦੀਆਂ 13 ਲੋਕ ਸਭਾ ਸੀਟਾਂ ਦੀ ਵੰਡ ਕਾਰਨ ਹੈ। ਭਾਜਪਾ ਸੰਗਰੂਰ ਲੋਕ ਸਭਾ ਸੀਟ ਢੀਂਡਸਾ ਪਰਿਵਾਰ ਨੂੰ ਦੇਣ ਸਮੇਤ ਘੱਟੋ-ਘੱਟ ਛੇ ਸੀਟਾਂ ਚਾਹੁੰਦੀ ਹੈ।

ਸੂਤਰਾਂ ਅਨੁਸਾਰ ਬਾਦਲ ਅਤੇ ਢੀਂਡਸਾ ਪਰਿਵਾਰ ਦੇ ਹਮਾਇਤੀਆਂ ਵੱਲੋਂ ਲੰਮੇ ਸਮੇਂ ਤੋਂ ਦੋਵੇਂ ਦਲਾਂ ਦਰਮਿਆਨ ਏਕਤਾ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ ਤੇ ਹੁਣ ਸੁਖਬੀਰ ਬਾਦਲ ਦੀ ਮੁਆਫੀ ਮਗਰੋਂ ਇਨ੍ਹਾਂ ਯਤਨਾਂ ਨੂੰ ਬੂਰ ਪੈਂਦਾ ਦਿਖਾਈ ਦੇ ਰਿਹਾ ਹੈ। ਦੇਖਿਆ ਜਾਵੇ ਤਾਂ ਬੇਅਦਬੀ ਦੇ ਦੋਸ਼ ਲੱਗਣ ਮਗਰੋਂ ਹੁਣ ਤੱਕ ਅਕਾਲੀ ਦਲ ਅਤੇ ਬਾਦਲ ਪਰਿਵਾਰ ਅੰਦਰੂਨੀ ਤੇ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰਦੇ ਆ ਰਹੇ ਹਨ।

ਸੁਖਬੀਰ ਸਿੰਘ ਬਾਦਲ ਹੱਥ ਪਾਰਟੀ ਦੀ ਕਮਾਨ ਆਉਂਦੇ ਹੀ ਇਹ ਪੰਥਕ ਧਿਰ ਵੱਡੀਆਂ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰਦੀ ਆ ਰਹੀ ਹੈ। ਵੱਡੀ ਗਿਣਤੀ ਟਕਸਾਲੀ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਗਏ ਹਨ। ਸ਼੍ਰੋਮਣੀ ਅਕਾਲੀ ਦਲ ਅੰਦਰ ਬਗਾਵਤਾਂ ਦਾ ਅਮਲ 2017 ਦੀਆਂ ਚੋਣਾਂ ਹਾਰਨ ਤੋਂ ਬਾਅਦ ਸ਼ੁਰੂ ਹੋਇਆ ਸੀ ਜਦੋਂ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ ਆਦਿ ਨੇ ਬਗਾਵਤ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੇ ਸੰਕਟ ਦੇ ਹੱਲ ਲਈ ਪਾਰਟੀ ਵੱਲੋਂ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਕਮੇਟੀ ਬਣਾ ਕੇ ਜ਼ਮੀਨੀ ਪੱਧਰ ਤੱਕ ਵਰਕਰਾਂ ਨਾਲ ਗੱਲਬਾਤ ਕਰ ਕੇ ਰਿਪੋਰਟ ਤਿਆਰ ਕੀਤੀ ਗਈ। ਇਸ ਕਮੇਟੀ ਦੀ ਰਿਪੋਰਟ ਵਿਚ ਸਪਸ਼ਟ ਤੌਰ 'ਤੇ ਅਕਾਲੀ ਦਲ ਦੇ ਵਰਕਰਾਂ ਨੇ ਪਾਰਟੀ ਦੀ ਲੀਡਰਸ਼ਿਪ ਖਾਸ ਕਰ ਸੁਖਬੀਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾਇਆ ਸੀ। ਹਾਲਾਂਕਿ ਕਮੇਟੀ ਦੀ ਲੀਡਰਸ਼ਿਪ ਤਬਦੀਲੀ ਬਾਰੇ ਸਿਫਾਰਸ਼ ਨੂੰ ਹੇਠਲੇ ਪੱਧਰ ਤੱਕ ਹੀ ਲਾਗੂ ਕਰਕੇ ਸੁਖਬੀਰ ਬਾਦਲ ਦੀ ਕੁਰਸੀ ਬਚਾ ਲਈ ਗਈ।

ਦੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਸਿਆਸੀ ਗੱਠਜੋੜ ਤੋੜਨ ਤੋਂ ਬਾਅਦ ਪਾਰਟੀ ਦਾ ਪੰਜਾਬ ਵਿਚ ਸਿਆਸੀ ਪ੍ਰਭਾਵ ਲਗਾਤਾਰ ਘਟ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਇਸ ਸਮੇਂ ਲੋਕ ਸਭਾ ਵਿਚ ਦੋ ਮੈਂਬਰ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਹਨ। ਇਸ ਪਾਰਟੀ ਦਾ ਰਾਜ ਸਭਾ ਵਿਚ ਕੋਈ ਮੈਂਬਰ ਨਹੀਂ ਹੈ। ਪੰਜਾਬ ਵਿਧਾਨ ਸਭਾ ਵਿਚ ਵੀ ਪਾਰਟੀ ਨੂੰ 3 ਸੀਟਾਂ ਨਾਲ ਹੀ ਸਬਰ ਕਰਨਾ ਪਿਆ ਸੀ।

## ਪੈਨਸ਼ਨ ਦਾ ਮੁੱਦਾ ਉਠਾਏਗੀ ਮਾਨ ਸਰਕਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਲਈ ਡੀਏ 4 ਫ਼ੀਸਦੀ ਵਧਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਇਸ ਦੇ ਨਾਲ ਹੀ ਭਰੋਸਾ ਦਿੱਤਾ ਹੈ ਕਿ ਮਾਨ ਸਰਕਾਰ ਜਲਦੀ ਹੀ ਪੁਰਾਣੀ ਪੈਨਸ਼ਨ ਸਕੀਮ ਦਾ ਮਾਮਲਾ ਕੇਂਦਰ ਸਰਕਾਰ ਕੋਲ ਉਠਾਏਗੀ।

'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਹੈੱਡਕੁਆਰਟਰ 'ਚ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ 'ਆਪ' ਦੀ ਸਰਕਾਰ ਹਰੇਕ ਵਰਗ ਦੀ ਸਰਕਾਰ ਹੈ ਅਤੇ ਕਿਸੇ ਵੀ ਵਰਗ ਨੂੰ ਪਿੱਛੇ ਨਹੀਂ ਛੱਡਿਆ ਜਾਵੇਗਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵਿੱਚ 90 ਫ਼ੀਸਦੀ ਘਰਾਂ ਨੂੰ ਜ਼ੀਰੋ ਬਿਜਲੀ ਬਿੱਲ ਆ ਰਿਹਾ ਹੈ। ਹਰੇਕ ਖੇਤਰ ਦੇ ਹਰੇਕ ਕੋਨੇ ਨੂੰ ਨਹਿਰੀ ਪਾਣੀ ਮਿਲ ਰਿਹਾ ਹੈ। ਨੌਜਵਾਨਾਂ ਨੂੰ 40,000 ਸਰਕਾਰੀ ਨੌਕਰੀਆਂ ਮਿਲੀਆਂ ਤੇ ਸਾਰੇ ਵਿਭਾਗਾਂ ਦੇ ਮਾਲੀਏ ਵਿਚ ਵਾਧਾ ਹੋਇਆ ਹੈ। ਸ੍ਰੀ ਕੰਗ ਨੇ ਕਿਹਾ ਕਿ ਮੁਲਾਜ਼ਮ ਸਰਕਾਰੀ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਹਨ ਅਤੇ ਉਨ੍ਹਾਂ ਦੀ ਭਲਾਈ ਵੀ ਬਹੁਤ ਜ਼ਰੂਰੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਲੋਕ ਸਭਾ ਚੋਣਾਂ ਤੋਂ ਪਹਿਲਾਂ ਐਸ.ਵਾਈ.ਐਲ. ਦਾ ਮੁੱਦਾ ਮੁੜ ਭਖਣ ਦੇ ਆਸਾਰ

**ਚੰਡੀਗੜ੍ਹ:** ਕੇਂਦਰੀ ਜਲ ਸ਼ਕਤੀ ਮੰਤਰਾਲੇ ਨੇ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਨਿਰਮਾਣ 'ਚ ਬਣੇ ਅੜਿੱਕੇ ਦੁਵੱਲੀ ਗੱਲਬਾਤ ਨਾਲ ਸੁਲਝਾਉਣ ਲਈ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਸਾਂਝੀ ਮੀਟਿੰਗ 28 ਦਸੰਬਰ ਨੂੰ ਸੱਦ ਲਈ ਹੈ। ਕੇਂਦਰੀ ਮੰਤਰਾਲਾ ਤੀਸਰੇ ਗੇੜ ਦੀ ਇਹ ਮੀਟਿੰਗ ਚੰਡੀਗੜ੍ਹ ਵਿਚ ਕਰ ਰਿਹਾ ਹੈ। ਸੁਪਰੀਮ ਕੋਰਟ 'ਚ ਐਸ.ਵਾਈ.ਐਲ. ਦੇ ਮੁੱਦੇ 'ਤੇ ਜਨਵਰੀ 2024 ਦੇ ਪਹਿਲੇ ਹਫਤੇ ਸੁਣਵਾਈ ਹੋਣੀ ਹੈ ਜਿਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਇਸ ਮੁੱਦੇ ਨੂੰ ਦੋਵੇਂ ਸੂਬਿਆਂ ਦੀ ਆਪਸੀ ਸਹਿਮਤੀ ਨਾਲ ਸੁਲਝਾਉਣ ਲਈ ਇਹ ਮੀਟਿੰਗ ਸੱਦੀ ਹੈ।

ਸੁਪਰੀਮ ਕੋਰਟ ਦੇ ਜਸਟਿਸ ਸੰਜੈ ਕਿਸ਼ਨ ਕੌਲ ਦੀ ਅਗਵਾਈ ਹੇਠਲੇ ਬੈਂਚ ਨੇ 4 ਅਕਤੂਬਰ ਨੂੰ ਕੇਂਦਰ ਸਰਕਾਰ ਨੂੰ ਐਸ.ਵਾਈ.ਐਲ. ਦੀ ਪੰਜਾਬ ਵਿਚਲੀ ਜ਼ਮੀਨ ਦਾ ਸਰਵੇਖਣ ਕਰਨ ਦੇ ਹੁਕਮ ਸੁਣਾਏ ਸਨ ਜਿਸ ਨੂੰ ਲੈ ਕੇ ਸਿਆਸੀ ਮਾਹੌਲ ਭਖ ਗਿਆ ਸੀ। ਬੇਸ਼ੱਕ ਕੇਂਦਰ ਨੇ ਸਰਵੇਖਣ ਕਰਾਏ ਜਾਣ ਤੋਂ ਕਿਨਾਰਾ ਕੀਤਾ ਹੈ ਪਰ ਹੁਣ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਸੱਦ ਲਈ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਮੀਟਿੰਗ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੇ ਹਰਿਆਣਵੀ ਹਮਰੁਤਬਾ ਮਨੋਹਰ ਲਾਲ ਖੱਟਰ ਨੂੰ ਪੱਤਰ ਭੇਜਿਆ ਹੈ।



ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਪਹਿਲੀ ਸਾਂਝੀ ਮੀਟਿੰਗ ਦਿੱਲੀ 'ਚ 18 ਅਗਸਤ, 2020 ਜਦੋਂ ਕਿ ਦੂਸਰੀ ਮੀਟਿੰਗ 4 ਜਨਵਰੀ, 2023 ਨੂੰ ਦਿੱਲੀ 'ਚ ਹੋਈ ਸੀ। ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਇਕ ਮੀਟਿੰਗ ਚੰਡੀਗੜ੍ਹ 'ਚ 14 ਅਕਤੂਬਰ, 2022 ਨੂੰ ਵੀ ਹੋਈ ਸੀ। ਇਨ੍ਹਾਂ ਸਾਰੀਆਂ ਮੀਟਿੰਗਾਂ ਵਿਚ ਐਸ.ਵਾਈ.ਐਲ. ਬਾਰੇ ਕੋਈ ਸਿੱਟਾ ਨਹੀਂ ਨਿਕਲਿਆ ਸੀ। ਸੁਪਰੀਮ ਕੋਰਟ ਨੇ ਮੌਜੂਦਾ ਵਰ੍ਹੇ 23 ਮਾਰਚ ਨੂੰ ਕੇਂਦਰ ਸਰਕਾਰ ਨੂੰ ਇਸ ਮਸਲੇ ਦੇ ਹੱਲ ਲਈ ਦੋਹਾਂ ਸੂਬਿਆਂ ਦਰਮਿਆਨ ਵਿਚੋਲਗੀ ਲਈ ਸਰਗਰਮ ਭੂਮਿਕਾ ਨਿਭਾਉਣ ਵਾਸਤੇ ਕਿਹਾ ਸੀ। ਕੇਂਦਰੀ ਮੰਤਰਾਲੇ ਨੇ ਹੁਣ ਕਿਹਾ ਹੈ ਕਿ 28 ਦਸੰਬਰ ਨੂੰ ਚੰਡੀਗੜ੍ਹ 'ਚ ਸ਼ਾਮ 4 ਵਜੇ ਹੋਣ ਵਾਲੀ ਮੀਟਿੰਗ ਰਾਹੀਂ ਕੇਂਦਰ ਸਰਕਾਰ ਲੰਮੇ ਸਮੇਂ ਤੋਂ ਚੱਲੇ ਆ ਰਹੇ ਇਸ ਵਿਵਾਦਿਤ ਮੁੱਦੇ ਨੂੰ ਆਪਸੀ ਗੱਲਬਾਤ ਨਾਲ ਸੁਲਝਾਉਣਾ ਚਾਹੁੰਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਸੀ ਗੱਲਬਾਤ ਦਾ ਹਮੇਸ਼ਾ ਸਵਾਗਤ ਕੀਤਾ ਹੈ ਅਤੇ ਪੰਜਾਬ ਦੇ ਹਿੱਤਾਂ ਦੇ ਮੱਦੇਨਜ਼ਰ ਉਨ੍ਹਾਂ ਸਪੱਸ਼ਟ ਸਟੈਂਡ ਦਾ ਪ੍ਰਗਟਾਵਾ ਵੀ ਕੀਤਾ ਹੈ। ਸੁਪਰੀਮ ਕੋਰਟ ਵਿਚ 4 ਅਕਤੂਬਰ ਨੂੰ ਹੋਈ ਸੁਣਵਾਈ ਮੌਕੇ ਹਰਿਆਣਾ ਨੇ ਆਖ ਦਿੱਤਾ ਸੀ ਕਿ ਪੰਜਾਬ ਕੋਈ ਪੱਲਾ ਨਹੀਂ ਫੜਾ ਰਿਹਾ ਹੈ।

ਸੁਪਰੀਮ ਕੋਰਟ 'ਚ ਪੰਜਾਬ ਸਰਕਾਰ ਨੇ ਆਪਣਾ ਪੱਖ ਰੱਖਿਆ ਹੈ ਕਿ ਸੂਬੇ ਕੋਲ ਨਾ ਜ਼ਮੀਨ ਹੈ ਅਤੇ ਨਾ ਹੀ ਵਾਧੂ ਪਾਣੀ ਹੈ। ਸੁਪਰੀਮ ਕੋਰਟ ਨੇ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭਾਟੀ ਤੋਂ ਐਸ.ਵਾਈ.ਐਲ. ਨਹਿਰ ਲਈ ਪਾਣੀ ਦੀ ਉਪਲਬਧਤਾ ਬਾਰੇ ਦੋ ਮਹੀਨਿਆਂ ਵਿਚ ਰਿਪੋਰਟ ਵੀ ਮੰਗੀ ਸੀ। ਹਰਿਆਣਾ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ 15 ਜਨਵਰੀ, 2002 ਅਤੇ 4 ਜੂਨ, 2004 ਦੇ ਹੁਕਮਾਂ ਨੂੰ ਲਾਗੂ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਤਾਂ ਪਹਿਲੀਆਂ ਮੀਟਿੰਗਾਂ ਵਿਚ ਯਮੁਨਾ ਦੇ ਪਾਣੀਆਂ 'ਤੇ ਵੀ ਦਾਅਵਾ ਕਰ ਚੁੱਕੇ ਹਨ। ਤੱਥਾਂ 'ਤੇ ਨਜ਼ਰ ਮਾਰੀਏ ਤਾਂ 1982 ਵਿਚ ਨਹਿਰ ਦੀ ਉਸਾਰੀ ਸ਼ੁਰੂ ਹੋਈ ਸੀ ਜੋ 1990 ਵਿਚ ਬੰਦ ਹੋ ਗਈ।

ਹਰਿਆਣਾ ਨੇ 1996 ਵਿਚ ਪਟੀਸ਼ਨ ਦਾਇਰ ਕੀਤੀ ਸੀ ਅਤੇ 2002 ਵਿਚ ਸੁਪਰੀਮ ਕੋਰਟ ਨੇ ਨਹਿਰ ਦੀ ਉਸਾਰੀ ਮੁਕੰਮਲ ਕਰਨ ਵਾਸਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਸੀ। ਸੁਪਰੀਮ ਕੋਰਟ ਨੇ ਸਾਲ 2004 ਵਿਚ ਕੇਂਦਰ ਨੂੰ ਕਿਹਾ ਸੀ ਕਿ ਜੇ ਪੰਜਾਬ ਨਹਿਰ ਦੀ ਉਸਾਰੀ ਨਹੀਂ ਕਰਦਾ ਹੈ ਤਾਂ ਕੇਂਦਰ ਸਰਕਾਰ ਉਸਾਰੀ ਦਾ ਕੰਮ ਕਰੇ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਨੇ 2004 ਵਿਚ ਪਾਣੀਆਂ ਦੇ ਸਮਝੌਤੇ ਹੀ ਰੱਦ ਕਰ ਦਿੱਤੇ ਸਨ। ਜਦੋਂ ਪਿਛਲੇ ਸਮੇਂ ਦੌਰਾਨ ਨਹਿਰ ਦੀ ਜ਼ਮੀਨ ਦੇ ਸਰਵੇਖਣ ਦੀ ਗੱਲ ਤੁਰੀ ਤਾਂ ਉਸ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਨਵੰਬਰ ਨੂੰ ਲੁਧਿਆਣਾ 'ਚ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਖੁੱਲ੍ਹੀ ਬਹਿਸ ਵੀ ਰੱਖੀ ਸੀ।

ਕੇਂਦਰ ਸਰਕਾਰ ਦੇ ਰੌਂਅ ਤੋਂ ਜਾਪਦਾ ਹੈ ਕਿ ਉਹ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਆਗਾਮੀ ਲੋਕ ਸਭਾ ਚੋਣਾਂ ਨੂੰ ਦੇਖਦਿਆਂ ਟਾਲਣਾ ਚਾਹੁੰਦਾ ਹੈ। ਸੂਤਰ ਦੱਸਦੇ ਹਨ ਕਿ ਕੇਂਦਰ ਨੇ ਪੰਜਾਬ ਵਿਚ ਐਸ.ਵਾਈ.ਐਲ. ਦੀ ਜ਼ਮੀਨ ਦੇ ਸਰਵੇਖਣ ਲਈ ਆਪਣੀ ਟੀਮ ਭੇਜਣ ਤੋਂ ਵੀ ਗੁਰੇਜ਼ ਹੀ ਕੀਤਾ ਹੈ। ਕੇਂਦਰ ਸਰਕਾਰ ਸੂਬੇ ਦੇ ਸ਼ਾਂਤ ਪਾਣੀਆਂ ਵਿਚ ਕੋਈ ਉਬਾਲ ਲਿਆਉਣ ਤੋਂ ਫਿਲਹਾਲ ਪਾਸਾ ਵੱਟਦੀ ਨਜ਼ਰ ਆ ਰਹੀ ਹੈ। ਆਗਾਮੀ ਚੋਣਾਂ ਦਾ ਪਰਛਾਵਾਂ ਇਸ ਨਹਿਰ ਦੇ ਮੁੱਦੇ 'ਤੇ ਸਾਫ ਨਜ਼ਰ ਆ ਰਿਹਾ ਹੈ।

# ਨਵਜੋਤ ਸਿੱਧੂ ਨੇ ਲੋਕ ਸਭਾ ਚੋਣਾਂ ਲੜਨ ਤੋਂ ਸਾਫ ਇਨਕਾਰ ਕੀਤਾ

**ਬਠਿੰਡਾ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦੇ ਪਿੰਡ ਮਹਿਰਾਜ ਵਿਚ 'ਜਿੱਤੇਗਾ ਪੰਜਾਬ' ਰੈਲੀ ਕਰਨ ਲਈ ਪੁੱਜੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪ੍ਰੈੱਸ ਕਾਨਫਰੰਸ ਦੌਰਾਨ ਸਪਸ਼ਟ ਕੀਤਾ ਕਿ ਉਹ ਆਗਾਮੀ ਲੋਕ ਸਭਾ ਚੋਣਾਂ ਨਹੀਂ ਲੜਨਗੇ। ਵਿਸ਼ੇਸ਼ ਗੱਲ ਇਹ ਰਹੀ ਕਿ ਕਾਨਫਰੰਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਪੱਖੀ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਗੈਰਹਾਜ਼ਰ ਰਹੀ।

ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦੇ ਉੱਤਰ ਦਿੰਦਿਆਂ ਉਨ੍ਹਾਂ ਆਪਣੀ ਪਤਨੀ ਨਵਜੋਤ ਕੌਰ ਸਿੱਧੂ ਵੱਲੋਂ ਚੋਣ ਲੜਨ ਬਾਰੇ ਕਿਹਾ ਕਿ 'ਉਸ ਦਾ ਜਵਾਬ ਉਹੀ ਦੇ ਸਕਦੇ ਹਨ'। ਚੋਣ ਪ੍ਰਚਾਰ ਕਰਨ ਬਾਰੇ ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ ਸਿਪਾਹੀ ਹਨ, ਜੋ ਵੱਡੇ ਆਗੂ ਕਹਿਣਗੇ ਤਾਂ ਜ਼ਰੂਰ ਕਰਨਗੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਮੁਆਫ਼ੀ ਮੰਗੇ ਜਾਣ ਦੇ ਮੁੱਦੇ ਬਾਰੇ ਉਨ੍ਹਾਂ ਕਿਹਾ 'ਤੁਸੀਂ ਜਦੋਂ ਆਪ ਸਾਰੇ ਗੁਨਾਹ ਕਰ ਰਹੇ ਹੋ। ਜਦੋਂ ਤੁਹਾਡੀ ਸਰਕਾਰ ਸੀ ਉਦੋਂ ਕਿਉਂ ਨਾ ਬੋਲੇ। ਹੁਣ ਮੁਆਫ਼ੀ ਮੰਗ ਕੇ ਜੁਰਮ ਤਾਂ ਤੁਸੀਂ ਕਬੂਲ ਕਰ ਹੀ ਲਿਆ ਹੈ।' ਉਨ੍ਹਾਂ ਨਾਲ ਹੀ ਇਸ ਮਾਮਲੇ 'ਚ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਨਜ ਕਸਿਆ ਕਿ 'ਸਜ਼ਾ ਕੌਣ ਦਿਊ ਹੋਮ ਮਨਿਸਟਰ? ਪਰ ਉਹ ਤਾਂ ਸਕੂਲਾਂ ਦਾ ਉਦਘਾਟਨ ਹੀ ਕਰ ਰਹੇ ਨੇ।' ਚੋਣਾਂ 'ਚ 'ਆਪ' ਅਤੇ ਕਾਂਗਰਸ ਦੇ ਗੱਠਜੋੜ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ 'ਜਦੋਂ ਜਮਹੂਰੀਅਤ ਹੀ ਨਾ ਰਹੀ ਤਾਂ ਪਾਰਟੀਆਂ ਕੀ ਕਰਨਗੀਆਂ?' ਉਨ੍ਹਾਂ ਕਿਹਾ ਕਿ ਜਦੋਂ ਚੋਣ ਕਮਿਸ਼ਨ ਸਮੇਤ ਹਰ ਅਦਾਰੇ 'ਚ ਆਪਣੇ ਬੰਦੇ ਬਿਠਾਏ ਜਾ ਰਹੇ ਹੋਣ ਤਾਂ ਕੌਣ ਰੋਕੂ?



ਨਵਜੋਤ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਨੂੰ ਦਿਸ਼ਾਹੀਣ ਕਰਾਰ ਦਿੰਦਿਆਂ ਦੋਸ਼ ਲਗਾਇਆ ਕਿ ਪੰਜਾਬ ਨੂੰ ਤੇਜ਼ੀ ਨਾਲ ਆਰਥਿਕ ਸੰਕਟ ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾਂ ਸਰਕਾਰ 'ਤੇ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸੇ ਹੋਣ ਦਾ ਦੋਸ਼ ਲਾਉਂਦਿਆਂ ਆਖਿਆ ਕਿ ਸੂਬੇ ਅੰਦਰ ਰੇਤਾ, ਸ਼ਰਾਬ, ਕੇਬਲ ਆਦਿ ਮਾਫੀਆ ਸਰਗਰਮ ਹੈ ਪਰ ਸਰਕਾਰ ਸਭ ਕੁਝ ਜਾਣਦੇ ਹੋਈ ਵੀ ਅੱਖਾਂ ਬੰਦ ਕਰੀ ਬੈਠੀ ਹੈ। ਸਿੱਧੂ ਨੇ ਕਿਹਾ ਕਿ ਬੇਅਦਬੀ ਅਤੇ ਅਮਨ-ਕਾਨੂੰਨ ਦੇ ਮੁੱਦਿਆਂ ਤੋਂ ਇਲਾਵਾ ਬਾਕੀ ਸਾਰੇ ਮਸਲਿਆਂ ਦਾ ਹੱਲ ਮਜ਼ਬੂਤ ਆਰਥਿਕਤਾ ਹੀ ਹੈ ਜਿਸ ਵਾਸਤੇ 'ਆਪ' ਸਰਕਾਰ ਕੋਲ ਕੋਈ ਠੋਸ ਨੀਤੀ ਜਾਂ ਪ੍ਰੋਗਰਾਮ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਆਬਕਾਰੀ ਮਾਲੀਆ (ਐਕਸਾਈਜ਼ ਰੈਵੇਨਿਊ) ਛੋਟੇ ਜਿਹੇ ਸੂਬੇ ਤਾਮਿਲਨਾਡੂ ਤੋਂ ਕਈ ਗੁਣਾ ਇਸ ਲਈ ਘੱਟ ਹੈ ਕਿਉਂਕਿ ਇਸ ਵਿਚ ਚੋਰ ਮੋਰੀਆਂ ਹਨ। ਉਨ੍ਹਾਂ ਦੋਸ਼ ਲਾਇਆ ਐੱਲ-1 ਲਾਇਸੈਂਸ (ਸ਼ਰਾਬ ਦੇ ਥੋਕ ਡੰਪ) ਸਰਕਾਰ ਵੱਲੋਂ ਆਪਣੇ ਚਹੇਤਿਆਂ ਨੂੰ ਜਾਰੀ ਕੀਤੇ ਗਏ ਹਨ ਜਿਸ ਕਰ ਕੇ ਆਬਕਾਰੀ ਮਾਲੀਏ 'ਚ ਨਿਘਾਰ ਆਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਕੇਬਲ 'ਤੇ ਕਬਜ਼ਾ ਕੀਤਾ ਜਾ ਰਿਹਾ ਹੈ। ਸਿੱਧੂ ਨੇ ਬਿਜਲੀ ਨੀਤੀ ਨੂੰ ਲੈ ਕੇ 'ਆਪ' ਸਰਕਾਰ ਨੂੰ ਕਟਹਿਰੇ ਵਿਚ ਇਹ ਆਖ ਕੇ ਖੜ੍ਹਾ ਕੀਤਾ ਕਿ 21 ਰੁਪਏ ਪ੍ਰਤੀ ਯੂਨਿਟ ਬਿਜਲੀ ਖ਼ਰੀਦੀ ਜਾ ਰਹੀ ਹੈ ਜਦਕਿ ਸੱਤਾਧਾਰੀ ਧਿਰ ਨੇ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਦੇ ਨਿੱਜੀ ਥਰਮਲਾਂ ਨਾਲ ਸਮਝੌਤੇ ਤੋੜਨ ਦੀ ਗੱਲ ਆਖੀ ਸੀ।

# ਸ਼ਰਾਬ ਦਾ ਠੇਕਾ ਲੁੱਟਣ ਵਾਲੇ ਚਾਰ ਪੰਜਾਬੀ ਗ੍ਰਿਫਤਾਰ

**ਵੈਨਕੂਵਰ:** ਓਂਟਾਰੀਓ 'ਚ ਯੌਰਕ ਪੁਲਿਸ ਨੇ ਮਿਸੀਸਾਗਾ 'ਚ ਸ਼ਰਾਬ ਦਾ ਠੇਕਾ ਲੁੱਟਣ ਵਾਲੇ ਚਾਰ ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮਾਂ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ 50 ਹਜ਼ਾਰ ਡਾਲਰ ਦੀ ਚੋਰੀ ਕੀਤੀ ਸ਼ਰਾਬ ਨੂੰ ਸ਼ਿਪਿੰਗ ਕੰਟੇਨਰ ਵਿਚ ਲੱਦ ਰਹੇ ਸਨ। ਪੁਲਿਸ ਅਨੁਸਾਰ ਉਨ੍ਹਾਂ ਤੋਂ 20 ਹਜ਼ਾਰ ਡਾਲਰ ਦੀ ਕਰੰਸੀ ਅਤੇ ਕਈ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਵੇਰਵਿਆਂ ਅਨੁਸਾਰ ਸ਼ਮਸ਼ੇਰ ਸਿੰਘ (26), ਜਸਵਿੰਦਰ ਸਿੰਘ (55), ਸਹਿਰਨਾਜ਼ਦੀਪ ਸਿੰਘ ਬਰਾੜ (25) ਤੇ ਲਵਪ੍ਰੀਤ ਸਿੰਘ (55) ਨੇ ਰਾਤ ਸਾਢੇ ਅੱਠ ਵਜੇ ਹਾਈਟੈੱਕ ਰੋਡ ਅਤੇ ਯੰਗ ਸਟਰੀਟ 'ਤੇ ਸਥਿਤ ਸਰਕਾਰੀ ਸ਼ਰਾਬ ਦੇ ਠੇਕੇ ਦੀ ਪਿਛਲੀ ਕੰਧ ਤੋੜੀ ਅਤੇ ਅੰਦਰੋਂ ਸ਼ਰਾਬ ਦੀਆਂ ਕਈ ਪੇਟੀਆਂ ਚੋਰੀ ਕਰ ਲਈਆਂ। ਉਹ ਇਨ੍ਹਾਂ ਪੇਟੀਆਂ ਨੂੰ ਥੋੜ੍ਹੀ ਦੂਰ ਖੜ੍ਹੇ ਕੀਤੇ ਕੰਟੇਨਰ ਵਿਚ ਲੱਦ ਰਹੇ ਸਨ ਤੇ ਪੁਲਿਸ ਨੂੰ ਵੇਖ ਕੇ ਉਨ੍ਹਾਂ ਭੱਜਣ ਦਾ ਯਤਨ ਕੀਤਾ ਪਰ ਸਾਰੇ ਦਬੋਚ ਲਏ ਗਏ।

# ਪੰਜਾਬ 'ਚ ਬਿਜਲੀ ਮਹਿੰਗੀ ਹੋਵੇਗੀ; ਪਾਵਰਕੌਮ ਨੇ ਦਰਾਂ ਵਿਚ 11 ਫੀਸਦੀ ਵਾਧਾ ਮੰਗਿਆ

**ਚੰਡੀਗੜ੍ਹ:** ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਪਾਵਰਕੌਮ ਨੇ ਅਗਲੇ ਵਿੱਤੀ ਵਰ੍ਹੇ 2024-25 ਲਈ ਬਿਜਲੀ ਦਰਾਂ ਵਿਚ 11 ਫੀਸਦ ਵਾਧਾ ਕੀਤੇ ਜਾਣ ਲਈ ਪਟੀਸ਼ਨ ਪਾਈ ਹੈ। ਇਹ ਪ੍ਰਵਾਨਗੀ ਪਾਵਰਕੌਮ ਨੇ ਆਮਦਨੀ ਤੇ ਖਰਚੇ ਵਿਚਲੇ ਖੱਪੇ ਨੂੰ ਪੂਰਨ ਲਈ ਮੰਗੀ ਹੈ ਤੇ ਤਰਕ ਦਿੱਤਾ ਗਿਆ ਹੈ ਕਿ ਵਿੱਤੀ ਸੁਧਾਰ, ਬਿਜਲੀ ਚੋਰੀ ਤੇ ਸਰਕਾਰੀ ਵਿਭਾਗਾਂ ਦੇ ਬਕਾਏ ਆਦਿ ਵਰਗੀਆਂ ਵੱਡੀਆਂ ਚੁਣੌਤੀਆਂ ਪਾਵਰਕੌਮ ਨੂੰ ਦਰਪੇਸ਼ ਹਨ। ਹੁਣ ਦੇਖਣਾ ਹੋਵੇਗਾ ਕਿ ਬਿਜਲੀ ਰੈਗੂਲੇਟਰੀ ਕਮਿਸ਼ਨ ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਬਿਜਲੀ ਦਰਾਂ 'ਚ ਵਾਧੇ ਦਾ ਫੈਸਲਾ ਲਵੇਗਾ ਜਾਂ ਨਹੀਂ।

ਪਾਵਰਕੌਮ ਦਾ ਦਾਅਵਾ ਹੈ ਕਿ ਬੀਤੇ ਡੇਢ ਦਹਾਕੇ ਦੌਰਾਨ ਪਾਵਰਕੌਮ ਵੱਲੋਂ ਬਿਜਲੀ ਦਰਾਂ ਵਿਚ ਸਭ ਤੋਂ ਘੱਟ 11 ਫੀਸਦ ਬਿਜਲੀ ਦਰਾਂ ਵਿਚ ਵਾਧੇ ਦੀ ਪਟੀਸ਼ਨ ਪਾਈ ਗਈ ਹੈ, ਜਦਕਿ ਬੀਤੇ 15 ਵਰ੍ਹਿਆਂ ਦੌਰਾਨ ਪਾਵਰਕੌਮ ਨੇ ਹਰ ਵਰ੍ਹੇ ਬਿਜਲੀ ਦਰਾਂ ਵਿਚ 13 ਤੋਂ 60 ਫੀਸਦ ਦਾ ਵਾਧਾ ਮੰਗਿਆ ਹੈ। ਹਾਲਾਂਕਿ ਰੈਗੂਲੇਟਰੀ ਕਮਿਸ਼ਨ ਨੇ ਕਦੇ ਵੀ ਪਾਵਰਕੌਮ ਦੀਆਂ ਲੋੜਾਂ ਮੁਤਾਬਕ ਬਿਜਲੀ ਦਰਾਂ ਵਿਚ ਵਾਧਾ ਨਹੀਂ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ 2011-12 ਵਿਚ ਪਾਵਰਕੌਮ ਨੇ ਬਿਜਲੀ ਦਰਾਂ ਵਿਚ 54 ਫੀਸਦ ਵਾਧੇ ਦੀ ਮੰਗ ਰੱਖੀ ਸੀ, ਪਰ ਕਮਿਸ਼ਨ ਨੇ 9.19 ਫੀਸਦੀ ਦਾ ਵਾਧਾ ਕੀਤਾ ਸੀ। ਜ਼ਿਕਰਯੋਗ ਹੈ ਕਿ ਪਾਵਰਕੌਮ ਨੇ ਦਾਇਰ ਪਟੀਸ਼ਨਾਂ ਵਿਚ ਸਾਲ 2024-25 ਲਈ 46,400 ਕਰੋੜ ਦੇ ਸਾਲਾਨਾ ਮਾਲੀਏ ਦੀ ਲੋੜ ਦਰਸਾਈ ਹੈ ਤੇ ਦਰਾਂ ਵਿਚ ਵਾਧੇ ਨਾਲ ਪਾਵਰਕੌਮ ਨੂੰ 1550 ਕਰੋੜ ਦੀ ਵਾਧੂ ਆਮਦਨੀ ਦੀ ਆਸ ਹੈ।



ਚੰਨੀ ਸਰਕਾਰ ਵੇਲੇ ਟੈਰਿਫ ਵਿਚ ਇਕ ਫੀਸਦ ਦੀ ਕਟੌਤੀ ਹੋਈ ਸੀ ਤੇ 'ਆਪ' ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਬਿਜਲੀ ਦਰਾਂ ਵਿਚ ਕੋਈ ਵਾਧਾ ਨਹੀਂ ਕੀਤਾ ਹੈ। ਪਾਵਰਕੌਮ ਨੇ ਦਲੀਲ ਦਿੱਤੀ ਹੈ ਕਿ ਸਾਲ 2022-23 ਦੌਰਾਨ ਵਿਦੇਸ਼ੀ ਕੋਲੇ ਦੀ ਵਰਤੋਂ ਥੋਪੇ ਜਾਣ ਕਰ ਕੇ ਬਿਜਲੀ ਦੀ ਖਰੀਦ ਲਾਗਤ ਵਿਚ ਚਾਰ ਹਜ਼ਾਰ ਕਰੋੜ ਦਾ ਵਾਧਾ ਹੋ ਗਿਆ ਹੈ। ਇਸੇ ਤਰ੍ਹਾਂ ਟਰਾਂਸਮਿਸ਼ਨ ਚਾਰਜਿਜ਼ ਵਿਚ 600 ਕਰੋੜ ਤੇ ਛੇਵਾਂ ਤਨਖ਼ਾਹ ਕਮਿਸ਼ਨ ਲਾਗੂ ਹੋਣ ਕਰ ਕੇ ਸਰਕਾਰ 'ਤੇ 1700 ਕਰੋੜ ਰੁਪਏ ਦਾ ਵਾਧੂ ਬੋਝ ਪਿਆ ਹੈ। ਵਰ੍ਹਾ 2024-25 ਲਈ 30 ਹਜ਼ਾਰ ਕਰੋੜ ਰੁਪਏ ਸਿਰਫ ਬਿਜਲੀ ਦੀ ਖਰੀਦ ਲਾਗਤ ਅਤੇ 3600 ਕਰੋੜ ਰੁਪਏ ਕੋਲੇ ਦੀ ਵਰਤੋਂ ਵਾਸਤੇ ਖਰਚੇ ਜਾਣੇ ਹਨ। ਅਗਲੇ ਵਿੱਤੀ ਵਰ੍ਹੇ ਦੌਰਾਨ 7000 ਕਰੋੜ ਰੁਪਏ ਮੁਲਾਜ਼ਮਾਂ 'ਤੇ ਖਰਚ ਹੋਣਗੇ ਤੇ 1700 ਕਰੋੜ ਰੁਪਏ ਦਾ ਟਰਾਂਸਮਿਸ਼ਨ ਖਰਚਾ ਹੋਣ ਦੀ ਸੰਭਾਵਨਾ ਹੈ।

ਗੌਰਤਲਬ ਹੈ ਕਿ ਪਾਵਰਕੌਮ ਨੂੰ ਵੱਡੀ ਵਿੱਤੀ ਸੱਟ 2000 ਕਰੋੜ ਰੁਪਏ ਦੀ ਹੁੰਦੀ ਬਿਜਲੀ ਚੋਰੀ ਤੋਂ ਵੱਜਦੀ ਹੈ ਤੇ 3500 ਕਰੋੜ ਰੁਪਏ ਦੇ ਸਰਕਾਰੀ ਵਿਭਾਗਾਂ ਵੱਲ ਬਿਜਲੀ ਬਿੱਲਾਂ ਦੇ ਬਕਾਏ ਖੜ੍ਹੇ ਹਨ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਪਾਵਰਕੌਮ ਵੱਲੋਂ ਪਾਈਆਂ ਪਟੀਸ਼ਨਾਂ 'ਤੇ ਹੁਣ ਜਨਤਕ ਸੁਣਵਾਈ ਕੀਤੀ ਜਾਵੇਗੀ ਤੇ 31 ਮਾਰਚ 2024 ਤੋਂ ਪਹਿਲਾਂ ਟੈਰਿਫ ਦਾ ਫੈਸਲਾ ਸੁਣਾਇਆ ਜਾਣਾ ਹੈ।

ਪਾਵਰਕੌਮ ਨੇ ਅਗਲੇ ਵਿੱਤੀ ਵਰ੍ਹੇ ਦੌਰਾਨ ਬਿਜਲੀ ਸਬਸਿਡੀ ਦਾ ਅਨੁਮਾਨਿਤ ਖਰਚਾ 22 ਹਜ਼ਾਰ ਕਰੋੜ ਰੁਪਏ ਦੱਸਿਆ ਹੈ, ਜਿਸ 'ਚੋਂ 9000 ਕਰੋੜ ਤਾਂ ਸਿਰਫ ਘਰੇਲੂ ਖਪਤਕਾਰਾਂ ਨੂੰ ਦਿੱਤੀ ਜਾਂਦੀ 300 ਯੂਨਿਟ ਮੁਫ਼ਤ ਬਿਜਲੀ ਦਾ ਹੋਵੇਗਾ ਤੇ 3000 ਕਰੋੜ ਰੁਪਏ ਸਨਅਤੀ ਖੇਤਰ ਦੀ ਸਬਸਿਡੀ ਦੇ ਹੋਣਗੇ। ਖੇਤੀ ਮੋਟਰਾਂ ਦੀ ਬਿਜਲੀ ਸਬਸਿਡੀ 'ਤੇ ਵੀ 10,000 ਕਰੋੜ ਰੁਪਏ ਦਾ ਅਨੁਮਾਨ ਹੈ। ਪੰਜਾਬ ਸਰਕਾਰ ਨੇ ਸਾਲ 2022-23 ਦੌਰਾਨ 20,200 ਕਰੋੜ ਤੇ ਸਾਲ 2023-24 ਦੌਰਾਨ 14,500 ਕਰੋੜ ਰੁਪਏ ਦੀ ਸਬਸਿਡੀ ਸਮੇਂ ਸਿਰ ਤਾਰੀ ਹੈ।

## ਬਿਜਲੀ ਮਹਿੰਗੀ ਕਰਨ ਦਾ ਕੋਈ ਪ੍ਰਸਤਾਵ ਨਹੀਂ: ਈ.ਟੀ.ਓ.

**ਮੋਗਾ:** ਪੰਜਾਬ ਦੇ ਬਿਜਲੀ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਬਿਜਲੀ ਦਰਾਂ ਵਿਚ 65 ਪੈਸੇ ਦਾ ਵਾਧਾ ਕਰਨ ਦੀ ਖਬਰ ਦਾ ਖੰਡਨ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿਚ ਬਿਜਲੀ ਮਹਿੰਗੀ ਕਰਨ ਦਾ ਹਾਲੇ ਕੋਈ ਪ੍ਰਸਤਾਵ ਨਹੀਂ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਨੂੰ ਸਹੀ ਅਰਥਾਂ ਵਿਚ ਰੰਗਲਾ ਪੰਜਾਬ ਬਣਾਉਣ ਲਈ ਯਤਨਸ਼ੀਲ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਜਦੋਂ ਦੀ ਪੰਜਾਬ ਵਿਚ 'ਆਪ' ਸਰਕਾਰ ਬਣੀ ਹੈ, ਉਦੋਂ ਤੋਂ ਇਕ ਵਾਰ ਵੀ ਬਿਜਲੀ ਮਹਿੰਗੀ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਿਜਲੀ ਮੁਫ਼ਤ ਕੀਤਿਆਂ 17 ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਆਪਣੀ ਪਹਿਲੀ ਚੋਣ ਗਾਰੰਟੀ ਮੁਫਤ ਬਿਜਲੀ ਯੂਨਿਟਾਂ ਦੇ ਕੇ ਪੂਰੀ ਕੀਤੀ ਸੀ।

# ਇਜ਼ਰਾਈਲ ਨੇ ਗਾਜ਼ਾ ਪੱਟੀ 'ਤੇ ਹਮਲੇ ਤੇਜ਼ ਕੀਤੇ



**ਦੀਰ ਅਲ-ਬਲਾਹ:** ਇਜ਼ਰਾਈਲ ਵੱਲੋਂ ਗਾਜ਼ਾ ਉਤੇ ਹਮਲੇ ਲਗਾਤਾਰ ਜਾਰੀ ਹਨ। ਇਸੇ ਦੌਰਾਨ ਵਾਪਰੀਆਂ ਗੋਲੀਬਾਰੀ ਦੀਆਂ ਕਈ ਘਟਨਾਵਾਂ, ਜਿਨ੍ਹਾਂ ਵਿਚ ਤਿੰਨ ਬੰਧਕਾਂ ਨੂੰ ਗੋਲੀ ਮਾਰਨਾ ਵੀ ਸ਼ਾਮਲ ਹੈ, ਨੇ ਇਜ਼ਰਾਈਲ ਦੇ ਵਿਹਾਰ ਉਤੇ ਸਵਾਲ ਵੀ ਖੜ੍ਹੇ ਕੀਤੇ ਹਨ। 10 ਹਫਤਿਆਂ ਤੋਂ ਚੱਲ ਰਹੀ ਜੰਗ ਦੌਰਾਨ ਹਜ਼ਾਰਾਂ ਮੌਤਾਂ ਹੋ ਚੁੱਕੀਆਂ ਹਨ ਤੇ ਵੱਡੇ ਪੱਧਰ ਉਤੇ ਤਬਾਹੀ ਹੋਈ ਹੈ।

ਗਾਜ਼ਾ ਵਿਚ ਲਗਾਤਾਰ ਸੰਚਾਰ ਸੇਵਾਵਾਂ ਬੰਦ ਹਨ। ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹਾ ਹੋ ਚੁੱਕਾ ਹੈ। ਇਸ ਕਾਰਨ ਬਚਾਅ ਕਾਰਜਾਂ ਵਿਚ ਅੜਿੱਕਾ ਪੈ ਰਿਹਾ ਹੈ ਤੇ ਮਦਦ ਪਹੁੰਚਾਉਣ ਵਿਚ ਮੁਸ਼ਕਲ ਆ ਰਹੀ ਹੈ। ਹਾਲਾਂਕਿ ਅਮਰੀਕੀ ਰੱਖਿਆ ਮੰਤਰੀ ਲੌਇਡ ਆਸਟਿਨ ਦੇ ਇਸ ਹਫਤੇ ਇਜ਼ਰਾਈਲ ਦੇ ਦੌਰੇ ਦੌਰਾਨ ਇਜ਼ਰਾਈਲ 'ਤੇ ਹਮਲਿਆਂ ਨੂੰ ਘਟਾਉਣ ਦਾ ਦਬਾਅ ਵਧ ਸਕਦਾ ਹੈ। ਨਾਗਰਿਕਾਂ ਦੀਆਂ ਮੌਤਾਂ ਤੇ 19 ਲੱਖ ਫਲਸਤੀਨੀਆਂ ਦੇ ਉਜਾੜੇ 'ਤੇ ਅਮਰੀਕਾ ਨੇ ਚਿੰਤਾ ਜ਼ਾਹਿਰ ਕੀਤੀ ਸੀ। ਹਾਲਾਂਕਿ ਇਹ ਇਜ਼ਰਾਈਲ ਦੀ ਫੌਜੀ ਤੇ ਕੂਟਨੀਤਕ ਪੱਧਰ ਉਤੇ ਮਦਦ ਵੀ ਕਰ ਰਿਹਾ ਹੈ।

ਇਜ਼ਰਾਈਲ ਵੱਲੋਂ ਉੱਤਰੀ ਗਾਜ਼ਾ ਉਤੇ ਕੀਤੇ ਜ਼ੋਰਦਾਰ ਹਵਾਈ ਤੇ ਜ਼ਮੀਨੀ ਹਮਲਿਆਂ ਕਾਰਨ ਵੱਡੀ ਗਿਣਤੀ ਆਬਾਦੀ ਦੱਖਣੀ ਹਿੱਸੇ ਵੱਲ ਜਾਣ ਲਈ ਮਜਬੂਰ ਹੋ ਗਈ ਹੈ। ਇੱਥੇ ਬਹੁਤੇ ਲੋਕ ਮਾੜੀਆਂ ਹਾਲਤਾਂ ਵਿਚ ਟੈਂਟਾਂ 'ਚ ਰਹਿ ਰਹੇ ਹਨ। ਇਜ਼ਰਾਇਲੀ ਸੈਨਾ ਨੇ ਅਹਿਦ ਕੀਤਾ ਹੈ ਕਿ ਜਦ ਤੱਕ ਉਹ ਹਮਾਸ ਦਾ ਢਾਂਚਾ ਖਤਮ ਨਹੀਂ ਕਰ ਦਿੰਦੇ ਜੰਗ ਜਾਰੀ ਰੱਖਣਗੇ।

ਇਜ਼ਰਾਈਲ ਦੇ ਯੂਰਪ ਵਿਚਲੇ ਕੁਝ ਬੇਹੱਦ ਕਰੀਬੀ ਸਾਥੀਆਂ ਨੇ ਹਮਾਸ ਨਾਲ ਗੋਲੀਬੰਦੀ ਲਈ ਦਬਾਅ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਦਾ ਕਾਰਨ ਗਾਜ਼ਾ ਦੇ ਲੋਕਾਂ ਉਤੇ ਤਬਾਹੀ ਦਾ ਲਗਾਤਾਰ ਵਧਦਾ ਅਸਰ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਰੱਖਿਆ ਮੰਤਰੀ ਲੌਇਡ ਆਸਟਿਨ ਵੀ ਇਜ਼ਰਾਈਲ ਪਹੁੰਚੇ ਹਨ, ਤੇ ਉਨ੍ਹਾਂ ਵੱਲੋਂ ਵੀ ਇਜ਼ਰਾਇਲੀ ਆਗੂਆਂ 'ਤੇ ਦਬਾਅ ਪਾਉਣ ਦੀ ਸੰਭਾਵਨਾ ਹੈ। 'ਸੰਡੇ ਟਾਈਮਜ਼' ਵਿਚ ਬਰਤਾਨੀਆ ਦੇ ਵਿਦੇਸ਼ ਮੰਤਰੀ ਡੇਵਿਡ ਕੈਮਰੌਨ ਤੇ ਜਰਮਨੀ ਦੀ ਵਿਦੇਸ਼ ਮੰਤਰੀ ਐਨਾਲੀਨਾ ਬੇਅਰਬੌਕ ਨੇ ਇਕ ਸਾਂਝਾ ਲੇਖ ਪ੍ਰਕਾਸ਼ਿਤ ਕਰ ਕੇ ਗੋਲੀਬੰਦੀ ਦਾ ਸੱਦਾ ਦਿੱਤਾ ਹੈ ਤੇ ਕਿਹਾ ਹੈ ਕਿ 'ਬਹੁਤ ਸਾਰੇ ਨਾਗਰਿਕ ਮਾਰੇ ਗਏ ਹਨ।' ਉਨ੍ਹਾਂ ਕਿਹਾ ਹੈ ਕਿ ਅਤਿਵਾਦੀਆਂ ਤੇ ਨਾਗਰਿਕਾਂ 'ਚ ਫਰਕ ਰੱਖਣ ਲਈ ਇਜ਼ਰਾਇਲੀ ਸਰਕਾਰ ਤੇ ਆਗੂਆਂ ਨੂੰ ਹੋਰ ਕੰਮ ਕਰਨ ਦੀ ਲੋੜ ਹੈ, ਤਾਂ ਕਿ ਜੰਗ ਹਮਾਸ ਵੱਲ ਸੇਧਿਤ ਹੋ ਸਕੇ।

## ਪੂਰਬੀ ਯੂਕਰੇਨ 'ਚ ਰੂਸੀ ਸੈਨਾ ਦਾ ਨੁਕਸਾਨ

ਕੀਵ: ਰੂਸ-ਯੂਕਰੇਨ ਵਿਚਾਲੇ ਜਾਰੀ ਜੰਗ ਦੀ ਇਕ ਹਵਾਈ ਫੁਟੇਜ ਵਿਚ ਰੂਸੀ ਫੌਜ ਦਾ ਵੱਡਾ ਨੁਕਸਾਨ ਸਾਹਮਣੇ ਆਇਆ ਹੈ। ਰੂਸੀ ਸੈਨਾ ਪੂਰਬੀ ਯੂਕਰੇਨ 'ਚ ਅਵਦਿਵਕਾ ਕਸਬੇ ਉਤੇ ਕਬਜ਼ਾ ਕਰਨ ਲਈ ਅੱਗੇ ਵਧ ਰਹੀ ਹੈ। ਯੂਕਰੇਨ ਦੇ ਫੌਜੀ ਡਰੋਨ ਨੇ ਇਹ ਵੀਡੀਓ ਕਸਬੇ ਨੇੜਲੇ ਇਕ ਪਿੰਡ ਦੇ ਉਪਰੋਂ ਇਸੇ ਮਹੀਨੇ ਬਣਾਈ ਹੈ। ਇਸ ਥਾਂ 'ਤੇ ਦੋਵਾਂ ਸੈਨਾਵਾਂ ਵਿਚਾਲੇ ਜੰਗ ਚੱਲ ਰਹੀ ਹੈ। ਦੋ ਵੱਖ-ਵੱਖ ਕਲਿੱਪਾਂ 'ਚ ਕਰੀਬ 150 ਸੈਨਿਕਾਂ ਦੀਆਂ ਦੇਹਾਂ ਨਜ਼ਰ ਆ ਰਹੀਆਂ ਹਨ ਜਿਨ੍ਹਾਂ ਰੂਸੀ ਵਰਦੀ ਪਾਈ ਹੋਈ ਹੈ। ਰੂਸੀ ਸੈਨਿਕ ਜਿਸ ਪਿੰਡ ਵਿਚ ਬਚਣ ਲਈ ਲੁਕੇ ਹੋਏ ਸਨ, ਉਹ ਪੂਰੀ ਤਰ੍ਹਾਂ ਮਲਬੇ ਵਿਚ ਤਬਦੀਲ ਹੋ ਚੁੱਕਾ ਹੈ। ਡਰੋਨ ਯੂਨਿਟ ਦਾ ਕਹਿਣਾ ਹੈ ਕਿ ਮ੍ਰਿਤਕਾਂ ਵਿਚ ਕੁਝ ਯੂਕਰੇਨੀ ਵੀ ਹੋ ਸਕਦੇ ਹਨ। ਯੂਕਰੇਨੀ ਸੈਨਾ ਦਾ ਕਹਿਣਾ ਹੈ ਕਿ ਇਹ ਫੁਟੇਜ 6 ਦਸੰਬਰ ਦੀ ਹੈ ਤੇ ਕਈ ਦੇਹਾਂ ਹਫਤਿਆਂ ਤੋਂ ਇੱਥੇ ਪਈਆਂ ਹਨ। ਰੂਸੀ ਸੈਨਾ ਨੇ ਇਸ ਇਲਾਕੇ ਵਿਚ ਹਮਲੇ ਅਕਤੂਬਰ 'ਚ ਸ਼ੁਰੂ ਕੀਤੇ ਸਨ।

## ਇਜ਼ਰਾਈਲ ਦਾ ਭਾਰਤ 'ਚ ਨਵਾਂ ਰਾਜਦੂਤ

**ਯੇਰੂਸ਼ਲਮ:** ਇਜ਼ਰਾਈਲ ਦੀ ਸਰਕਾਰ ਨੇ ਭਾਰਤ ਵਿਚ ਨਵੇਂ ਰਾਜਦੂਤ ਵਜੋਂ ਰੀਯੂਵੇਨ ਅਜਾਰ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਜ਼ਰਾਈਲ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਅਨੁਸਾਰ ਅਜਾਰ ਸ੍ਰੀਲੰਕਾ ਅਤੇ ਭੂਟਾਨ ਵਿਚ ਗੈਰ-ਨਿਵਾਸੀ ਰਾਜਦੂਤ ਵਜੋਂ ਵੀ ਕੰਮ ਕਰਨਗੇ। ਉਨ੍ਹਾਂ ਦੇ ਨਾਲ ਹੀ ਇਜ਼ਰਾਈਲ ਸਰਕਾਰ ਨੇ ਵਿਦੇਸ਼ਾਂ 'ਚ ਦੂਤਾਵਾਸਾਂ ਵਿਚ 21 ਨਵੇਂ ਡਿਪਲੋਮੈਟਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ ਜੋ ਜਲਦ ਹੀ ਆਪਣਾ ਅਹੁਦਾ ਸੰਭਾਲਣਗੇ।

## ਘਰ ਨੂੰ ਅੱਗ ਲੱਗਣ ਕਾਰਨ 5 ਬੱਚੇ ਜ਼ਿੰਦਾ ਸੜੇ



**ਬੁੱਲਹੈੱਡ ਸਿਟੀ:** ਅਮਰੀਕਾ ਦੇ ਐਰੀਜ਼ੋਨਾ ਸੂਬੇ ਵਿਚ ਘਰ ਵਿਚ ਅੱਗ ਲੱਗਣ ਕਾਰਨ ਪੰਜ ਬੱਚਿਆਂ ਦੀ ਮੌਤ ਹੋ ਗਈ। ਲੱਗਦਾ ਹੈ, ਘਟਨਾ ਸਮੇਂ ਘਰ ਵਿਚ ਕੋਈ ਬਾਲਗ ਮੌਜੂਦ ਨਹੀਂ ਸੀ। ਬੁੱਲਹੈੱਡ ਸਿਟੀ ਪੁਲਿਸ ਨੇ ਕਿਹਾ ਕਿ ਅੱਗ ਸ਼ਾਮ 5 ਵਜੇ ਦੇ ਕਰੀਬ ਲੱਗੀ ਅਤੇ ਘਟਨਾ ਦੇ ਸਮੇਂ ਪੀੜਤ ਦੋ ਮੰਜ਼ਿਲਾ ਇਮਾਰਤ ਤੋਂ ਬਾਹਰ ਨਹੀਂ ਨਿਕਲ ਸਕੇ। ਸ਼ਹਿਰ ਦੇ ਫਾਇਰ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਹਾਦਸੇ ਵਿਚ ਮਰਨ ਵਾਲੇ ਪੰਜ ਬੱਚਿਆਂ ਦੀ ਉਮਰ ਦੋ ਤੋਂ 13 ਸਾਲ ਦਰਮਿਆਨ ਸੀ। ਅਧਿਕਾਰੀਆਂ ਨੇ ਦੱਸਿਆ ਕਿ ਫਿਲਹਾਲ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

# ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਜਾਂਦੇ ਕਾਂਗਰਸੀਆਂ 'ਤੇ ਪਾਣੀ ਦੀ ਵਾਛੜ

**ਚੰਡੀਗੜ੍ਹ:** ਪੰਜਾਬ ਯੂਥ ਕਾਂਗਰਸ ਨੇ ਸੂਬੇ ਵਿਚ ਦਿਨ-ਦਿਹਾੜੇ ਕਤਲ, ਜਬਰ-ਜਨਾਹ ਅਤੇ ਔਰਤਾਂ ਖਿਲਾਫ ਅਪਰਾਧ ਜਿਹੇ ਮਾਮਲਿਆਂ ਨਾਲ ਨਜਿੱਠਣ ਵਿਚ ਨਾਕਾਮ ਰਹਿਣ 'ਤੇ ਚੰਡੀਗੜ੍ਹ ਵਿਚ ਪੰਜਾਬ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ। ਇਸ ਮੌਕੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਦੀ ਅਗਵਾਈ ਹੇਠ ਵੱਡੀ ਗਿਣਤੀ ਕਾਂਗਰਸੀ ਵਰਕਰ ਸੈਕਟਰ-15 ਸਥਿਤ ਪੰਜਾਬ ਕਾਂਗਰਸ ਦੇ ਦਫਤਰ 'ਚ ਇਕੱਠੇ ਹੋਏ।

ਇਸ ਦੌਰਾਨ ਜਦੋਂ ਉਹ ਮੁੱਖ ਮੰਤਰੀ ਭਗੰਵਤ ਮਾਨ ਦੀ ਰਿਹਾਇਸ਼ ਘੇਰਨ ਲਈ ਅੱਗੇ ਵਧੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਰਸਤੇ ਵਿਚ ਹੀ ਰੋਕ ਲਿਆ। ਇਸ ਦੌਰਾਨ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਹਲਕੀ ਖਿੱਚ-ਧੂਹ ਹੋਈ ਅਤੇ ਪੁਲਿਸ ਨੇ ਯੂਥ ਕਾਂਗਰਸੀਆਂ 'ਤੇ ਪਾਣੀ ਦੀਆਂ ਬੁਛਾੜਾਂ ਵੀ ਮਾਰੀਆਂ। ਚੰਡੀਗੜ੍ਹ ਪੁਲਿਸ ਨੇ ਯੂਥ ਕਾਂਗਰਸ



ਦੇ ਪ੍ਰਧਾਨ ਮੋਹਿਤ ਮਹਿੰਦਰਾ ਸਣੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਜਿਨ੍ਹਾਂ ਨੂੰ ਕੁਝ ਸਮੇਂ ਬਾਅਦ ਛੱਡ ਦਿੱਤਾ ਗਿਆ।

ਇਸ ਮੌਕੇ ਮੋਹਿਤ ਮਹਿੰਦਰਾ ਨੇ ਕਿਹਾ ਕਿ ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਇਸ ਨਾਲ ਨਜਿੱਠਣ ਲਈ ਸਾਰਥਕ ਪਹੁੰਚ ਦੀ ਲੋੜ ਹੈ। ਇਸ ਸਬੰਧੀ ਸਰਕਾਰ ਨੂੰ ਸਰਬ ਪਾਰਟੀ ਮੀਟਿੰਗ ਬੁਲਾਉਣੀ ਚਾਹੀਦੀ ਹੈ। ਉਨ੍ਹਾਂ ਨੇ ਪੰਜਾਬ 'ਚੋਂ ਨਸ਼ਿਆਂ ਦੇ ਖਾਤਮੇ ਤੇ ਪੁਲਿਸ ਫੋਰਸ ਦੇ ਆਧੁਨਿਕੀਕਰਨ ਲਈ ਕੇਂਦਰ ਤੋਂ ਵਿਸ਼ੇਸ਼ ਪੈਕੇਜ ਮੰਗਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਦਖਲ ਦੇਣ ਅਤੇ ਕੇਂਦਰ ਕੋਲ ਪੰਜਾਬ ਦੇ ਕੇਸ ਦੀ ਪੈਰਵੀ ਕਰਨ ਲਈ ਯੂਥ ਕਾਂਗਰਸ ਵੱਲੋਂ ਪੰਜਾਬ ਦੇ ਰਾਜਪਾਲ ਤੋਂ ਸਮਾਂ ਮੰਗਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਨਵੇਂ ਮੁਹੱਲਾ ਕਲੀਨਿਕ ਖੋਲ੍ਹਣ ਦੀ ਬਜਾਏ ਨਸ਼ਾ ਮੁਕਤੀ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ ਨੂੰ ਮਜ਼ਬੂਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਨੌਜਵਾਨ ਨਸ਼ਿਆਂ ਦੇ ਦਲਦਲ ਵਿਚ ਫਸਦੇ ਜਾ ਰਹੇ ਹਨ।

# ਭਾਰਤ ਜ਼ਿੰਮੇਵਾਰ ਮੁਲਕ ਵਜੋਂ ਦਿੱਤੀ ਸੂਚਨਾ 'ਤੇ ਵਿਚਾਰ ਲਈ ਤਿਆਰ: ਜੈਸ਼ੰਕਰ

**ਬੰਗਲੁਰੂ:** ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿਚ ਹੋਏ ਕਤਲ 'ਤੇ ਭਾਰਤ-ਕੈਨੇਡਾ ਵਿਚਾਲੇ ਪੈਦਾ ਹੋਏ ਕੂਟਨੀਤਕ ਟਕਰਾਅ ਬਾਰੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਕਿਸੇ ਜ਼ਿੰਮੇਵਾਰ ਤੇ ਸਮਝਦਾਰ ਮੁਲਕ ਵਜੋਂ ਭਾਰਤ ਹਮੇਸ਼ਾ ਕਿਸੇ ਹੋਰ ਮੁਲਕ ਵੱਲੋਂ ਦਿੱਤੀ ਗਈ ਸੂਚਨਾ ਦੀ ਪੜਤਾਲ ਕਰਨ ਲਈ ਤਿਆਰ ਹੈ।

ਉਨ੍ਹਾਂ ਕਿਹਾ, "ਇਹ ਜ਼ਰੂਰੀ ਨਹੀਂ ਕਿ ਕੈਨੇਡਾ ਤੇ ਅਮਰੀਕਾ ਵੱਲੋਂ ਉਠਾਏ ਮੁੱਦੇ ਇਕੋ ਹੋਣ। ਹਰ ਕੋਈ ਜਾਣਦਾ ਹੈ ਕਿ ਭਾਰਤ ਅਜਿਹਾ ਮੁਲਕ ਹੈ ਜੋ ਆਪਣੇ ਕੰਮਾਂ ਪ੍ਰਤੀ ਬਹੁਤ ਜ਼ਿੰਮੇਵਾਰ ਹੈ ਤੇ ਸਮਝਦਾਰੀ ਤੋਂ ਕੰਮ ਲੈਂਦਾ ਹੈ। ਅਸੀਂ ਕਹਿੰਦੇ ਰਹੇ ਹਾਂ ਕਿ ਸਿਰਫ ਕੈਨੇਡਾ ਨੂੰ ਨਹੀਂ, ਜੇਕਰ ਕਿਸੇ ਵੀ ਮੁਲਕ ਨੂੰ ਕੋਈ ਚਿੰਤਾ ਹੈ ਤਾਂ ਉਹ ਸਾਡੇ ਨਾਲ ਜਾਣਕਾਰੀ ਸਾਂਝੀ ਕਰ ਸਕਦਾ ਹੈ ਅਤੇ ਇਸ ਲਈ ਕੁਝ ਆਧਾਰ ਵੀ ਦੱਸ ਸਕਦਾ ਹੈ। ਅਸੀਂ ਵਿਚਾਰ ਕਰਨ ਲਈ ਤਿਆਰ ਹਾਂ।"

ਰੋਟਰੀ ਇੰਸਟੀਚਿਊਟ ਦੇ ਸਮਾਗਮ ਦੌਰਾਨ ਉਨ੍ਹਾਂ ਇਹ ਜ਼ਿਕਰ ਵੀ ਕੀਤਾ ਕਿ ਜਿਹੜਾ ਮੁੱਦਾ ਅਮਰੀਕੀਆਂ ਨੇ ਉਠਾਇਆ ਹੈ, ਉਸ ਨਾਲ ਉਨ੍ਹਾਂ ਕੁਝ ਖਾਸ ਚੀਜ਼ਾਂ ਵੀ ਸਾਂਝੀਆਂ ਕੀਤੀਆਂ ਹਨ। ਮੰਤਰੀ ਨੇ ਕਿਹਾ ਕਿ ਭਾਰਤ ਨੇ 'ਬਹੁਤ ਗੰਭੀਰਤਾ' ਨਾਲ ਕੈਨੇਡੀਅਨਾਂ ਨੂੰ ਦੱਸਿਆ ਹੈ ਕਿ ਇਹ ਉਨ੍ਹਾਂ (ਕੈਨੇਡਾ) ਦੀ ਮਰਜ਼ੀ ਹੈ, ਜੇਕਰ ਉਹ ਚਾਹੁੰਦੇ ਹਨ ਤਾਂ ਇਸ ਮਾਮਲੇ ਉਤੇ ਅੱਗੇ ਵਧਿਆ ਜਾ ਸਕਦਾ ਹੈ।

# ਭਾਰਤ ਦੇ 2047 ਤੱਕ ਅਮੀਰ ਮੁਲਕ ਬਣਨ ਦੇ ਦਾਅਵੇ 'ਤੇ ਸਵਾਲ



**ਹੈਦਰਾਬਾਦ:** ਆਰ.ਬੀ.ਆਈ. ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਹੈ ਕਿ ਜੇਕਰ 2047 (ਅੰਮ੍ਰਿਤ ਕਾਲ) ਤੱਕ ਆਬਾਦੀ ਵਿਚ ਬਿਨਾਂ ਕਿਸੇ ਵਾਧੇ ਦੇ ਭਾਰਤ ਦੀ ਸੰਭਾਵੀ ਵਿਕਾਸ ਦਰ ਸਾਲਾਨਾ ਔਸਤਨ ਛੇ ਪ੍ਰਤੀਸ਼ਤ ਰਹਿੰਦੀ ਹੈ, ਤਾਂ ਇਹ ਹੇਠਲਾ ਮੱਧ ਵਰਗ ਦਾ ਅਰਥਚਾਰਾ ਹੀ ਬਣਿਆ ਰਹੇਗਾ। ਇਸ ਤੋਂ ਇਲਾਵਾ ਉਸ ਵੇਲੇ ਤੱਕ ਭਾਰਤ ਨੂੰ ਮਿਲ ਰਿਹਾ ਆਬਾਦੀ ਸਬੰਧੀ ਲਾਭ ਵੀ ਖਤਮ ਹੋ ਜਾਵੇਗਾ।

ਰਾਜਨ ਨੇ ਇੱਥੇ 'ਮੰਥਨ' ਵੱਲੋਂ ਕਰਵਾਏ ਇਕ ਸਮਾਗਮ ਵਿਚ ਕਿਹਾ ਕਿ ਜੇਕਰ ਦੇਸ਼ ਤੇਜ ਵਾਧਾ ਹਾਸਲ ਨਹੀਂ ਕਰਦਾ ਤਾਂ ਉਹ ਅਮੀਰ ਹੋਣ ਤੋਂ ਪਹਿਲਾਂ (ਆਬਾਦੀ ਦੇ ਪੱਖ ਤੋਂ) 'ਬਜ਼ੁਰਗ' ਹੋ ਜਾਵੇਗਾ, ਜਿਸ ਦਾ ਮਤਲਬ ਹੈ ਕਿ ਉਸ ਵੇਲੇ ਦੇਸ਼ ਉਤੇ ਵੱਡੀ ਉਮਰ ਵਾਲੀ ਆਬਾਦੀ ਦਾ ਵੀ ਬੋਝ ਹੋਵੇਗਾ। ਰਾਜਨ ਨੇ ਕਿਹਾ ਕਿ ਪਿਛਲੀਆਂ ਦੋ ਤਿਮਾਹੀਆਂ ਵਿਚ ਭਾਰਤ ਦੀ ਜੀ.ਡੀ.ਪੀ. ਦੀ ਵਿਕਾਸ ਦਰ 7.5 ਪ੍ਰਤੀਸ਼ਤ ਦੇ ਨੇੜੇ-ਤੇੜੇ ਰਹੀ ਹੈ, ਤੇ ਜੇ ਕੋਈ ਕਿਰਤੀਆਂ ਦੀ ਹਿੱਸੇਦਾਰੀ ਨੂੰ ਦੇਖਦਾ ਹੈ ਤਾਂ ਇਹ ਕਾਫੀ ਘੱਟ ਹੈ। ਔਰਤਾਂ ਦੀ ਹਿੱਸੇਦਾਰੀ ਤਾਂ ਜੀ20 ਵਿਚ ਸਭ ਤੋਂ ਘੱਟ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਵਾਧੇ ਦੀ ਸਮਰੱਥਾ ਲਗਭਗ 6 ਪ੍ਰਤੀਸ਼ਤ ਸਾਲਾਨਾ ਹੈ। ਉਨ੍ਹਾਂ ਕਿਹਾ, "ਜੇਕਰ ਤੁਸੀਂ ਗਿਣਤੀ ਕਰੋ, ਤਾਂ 6 ਪ੍ਰਤੀਸ਼ਤ ਪ੍ਰਤੀ ਵਰ੍ਹੇ ਦੀ ਦਰ ਨਾਲ ਤੁਸੀਂ ਹਰ 12 ਸਾਲਾਂ ਵਿਚ ਦੁੱਗਣੇ ਹੋ ਜਾਵੋਗੇ ਤੇ ਇਸ ਤਰ੍ਹਾਂ 24 ਸਾਲਾਂ ਵਿਚ ਅਸੀਂ ਪ੍ਰਤੀ ਵਿਅਕਤੀ ਆਮਦਨ ਤੋਂ ਚਾਰ ਗੁਣਾ ਹੋ ਜਾਵਾਂਗੇ। ਵਰਤਮਾਨ 'ਚ ਭਾਰਤ ਵਿਚ ਪ੍ਰਤੀ ਵਿਅਕਤੀ ਆਮਦਨੀ 2500 ਡਾਲਰ ਪ੍ਰਤੀ ਵਿਅਕਤੀ ਤੋਂ ਥੋੜ੍ਹੀ ਘੱਟ ਹੈ। ਇਸ ਨੂੰ ਚਾਰ ਨਾਲ ਗੁਣਾ ਕਰਨ 'ਤੇ ਇਹ 10 ਹਜ਼ਾਰ ਡਾਲਰ ਹੋਵੇਗੀ। ਇਸ ਲਈ ਜੇ ਤੁਸੀਂ ਸਾਡੀ ਵਰਤਮਾਨ ਵਿਕਾਸ ਦਰ ਦੇ ਹਿਸਾਬ ਨਾਲ ਗਿਣਤੀ ਕਰੋ, ਤਾਂ ਅਸੀਂ ਅਮੀਰ ਨਹੀਂ ਬਣਦੇ। ਅਸੀਂ 2047 ਤੱਕ ਹੇਠਲੇ ਮੱਧ ਪੱਧਰ ਦੀ ਆਮਦਨੀ ਵਾਲਾ ਦੇਸ਼ ਬਣੇ ਰਹਾਂਗੇ।"

ਉਨ੍ਹਾਂ ਕਿਹਾ ਕਿ ਵਿਕਾਸ ਦੀ ਵਰਤਮਾਨ ਰਫਤਾਰ ਸਾਰੇ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਕਾਫੀ ਨਹੀਂ ਹੈ। ਉਨ੍ਹਾਂ ਕਿਹਾ ਕਿ ਕੁਝ ਵਿਕਸਿਤ ਦੇਸ਼ ਅਮੀਰ ਬਣਨ ਤੋਂ ਪਹਿਲਾਂ ਨਿਰਮਾਣ ਤੋਂ ਸੇਵਾਵਾਂ ਦੇ ਖੇਤਰ ਵੱਲ ਵਧੇ ਹਨ। ਉਨ੍ਹਾਂ ਕਿਹਾ ਕਿ ਇਹ ਦੇਸ਼ ਮੁੱਖ ਰੂਪ 'ਚ ਸੇਵਾ ਅਧਾਰਿਤ ਅਰਥਚਾਰੇ ਹਨ। ਅਮੀਰ ਦੇਸ਼ਾਂ ਵਿਚ 70 ਪ੍ਰਤੀਸ਼ਤ ਲੋਕ ਸੇਵਾ ਖੇਤਰ ਵਿਚ ਤੇ 20 ਪ੍ਰਤੀਸ਼ਤ ਨਿਰਮਾਣ ਖੇਤਰ ਵਿਚ ਕੰਮ ਕਰਦੇ ਹਨ। ਇਸ ਦੇ ਨਾਲ ਹੀ 5-5 ਪ੍ਰਤੀਸ਼ਤ ਉਸਾਰੀ ਤੇ ਖੇਤੀਬਾੜੀ ਖੇਤਰ ਵਿਚ ਕਾਰਜਸ਼ੀਲ ਹਨ।

## 2047 ਤੱਕ ਵਿਕਸਤ ਮੁਲਕ ਬਣਾਉਣ ਦਾ ਟੀਚਾ: ਮੇਘਵਾਲ

**ਮਜੀਠਾ:** ਭਾਰਤ ਸੰਕਲਪ ਵਿਕਸਤ ਯਾਤਰਾ ਪਿੰਡ ਸੋਹੀਆਂ ਕਲਾਂ ਪੁੱਜੀ ਜਿੱਥੇ ਕੇਂਦਰੀ ਕਾਨੂੰਨ ਤੇ ਨਿਆਂ ਮੰਤਰੀ ਅਰਜਨ ਰਾਮ ਮੇਘਵਾਲ ਨੇ ਕਿਹਾ ਕਿ ਸਰਕਾਰ ਦਾ ਟੀਚਾ ਸਾਲ 2047 ਤੱਕ ਭਾਰਤ ਨੂੰ ਵਿਕਸਤ ਮੁਲਕ ਬਣਾਉਣ ਦਾ ਹੈ। ਵਿਕਸਤ ਭਾਰਤ ਸੰਕਲਪ ਯਾਤਰਾ ਤਹਿਤ ਲਾਏ ਗਏ ਕੈਂਪਾਂ ਜ਼ਰੀਏ ਲੋਕ ਵੱਖੋ ਵੱਖ ਯੋਜਨਾਵਾਂ ਦਾ ਲਾਹਾ ਲੈਣ ਤੋਂ ਇਲਾਵਾ ਖੁਦ ਨੂੰ ਰਜਿਸਟਰ ਵੀ ਕਰਵਾ ਸਕਦੇ ਹਨ। ਇਸ ਦੌਰਾਨ ਲੋਕਾਂ ਨੂੰ ਜਿੱਥੇ ਲੋਕ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਇਆ ਗਿਆ, ਉੱਥੇ ਹੀ ਖੇਤੀਬਾੜੀ ਦੇ ਵਿਕਾਸ ਬਾਰੇ ਵੀ ਜਾਣਕਾਰੀ ਦਿੱਤੀ ਗਈ।

## ਬੀਚ 'ਤੇ ਔਰਤਾਂ ਨਾਲ ਛੇੜਖਾਨੀ ਕਰਨ ਵਾਲੇ ਭਾਰਤੀ ਬਜ਼ੁਰਗ ਨੂੰ ਸਜ਼ਾ

**ਵੈਲਿੰਗਟਨ:** ਨਿਊਜ਼ੀਲੈਂਡ ਦੇ ਬੀਚ 'ਤੇ ਤਿੰਨ ਔਰਤਾਂ ਨਾਲ ਫੋਟੋ ਖਿਚਵਾਉਣ ਦੇ ਬਹਾਨੇ ਛੇੜਖਾਨੀ ਕਰਨ ਵਾਲੇ 67 ਸਾਲਾ ਭਾਰਤੀ ਨਾਗਰਿਕ ਨੂੰ ਪੀੜਤਾਂ ਨੂੰ 3000 ਨਿਊਜ਼ੀਲੈਂਡ ਡਾਲਰ ਅਦਾ ਕਰਨ ਦਾ ਹੁਕਮ ਦਿੱਤਾ ਗਿਆ। ਦੋਸ਼ੀ ਦੀ ਪਛਾਣ ਜਵਾਹਰ ਸਿੰਘ ਵਜੋਂ ਹੋਈ ਹੈ ਤੇ ਉਸ ਨੇ ਨੈਲਸਨ ਦੀ ਬੀਚ ਉਤੇ ਆਪਣੀਆਂ ਹਰਕਤਾਂ ਨਾਲ ਪਰਿਵਾਰ ਨੂੰ ਸ਼ਰਮਿੰਦਾ ਕੀਤਾ ਹੈ।

ਅਦਾਲਤ ਨੇ ਕਿਹਾ ਕਿ ਦੋਸ਼ੀ ਆਪਣੇ ਪੁੱਤ ਨੂੰ ਮਿਲਣ ਲਈ ਨਿਊਜ਼ੀਲੈਂਡ ਆਇਆ ਸੀ ਤੇ ਉਸ ਨੇ ਆਪਣੇ ਅਤੇ ਆਪਣੇ ਪੁੱਤਰ ਲਈ ਸ਼ਰਮਸਾਰ ਹੋਣ ਵਾਲਾ ਕਾਰਾ ਕੀਤਾ ਹੈ। ਦੋਸ਼ੀ ਨੂੰ ਹਰ ਪੀੜਤ ਨੂੰ ਭਾਵਨਾਤਮਕ ਠੇਸ ਪਹੁੰਚਾਉਣ ਲਈ ਇਕ ਇਕ ਹਜ਼ਾਰ ਡਾਲਰ ਦੇਣ ਦਾ ਹੁਕਮ ਦਿੱਤਾ ਗਿਆ ਹੈ। ਪੁਲਿਸ ਅਨੁਸਾਰ 28 ਸਤੰਬਰ ਨੂੰ ਔਰਤ ਸਵੇਰੇ 9.15 ਵਜੇ ਦੇ ਤਕਰੀਬਨ ਆਪਣੇ ਕੁੱਤੇ ਨੂੰ ਬੀਚ ਉਤੇ ਸੈਰ ਕਰ ਰਹੀ ਸੀ, ਜਵਾਹਰ ਸਿੰਘ ਨੇ ਉਸ ਨਾਲ ਫੋਟੋ ਖਿਚਵਾਉਣ ਲਈ ਉਸ ਕੋਲ ਪਹੁੰਚ ਕੀਤੀ। ਉਸ ਨੇ ਲਗਾਤਾਰ ਵੱਖ-ਵੱਖ ਸਮੇਂ 'ਤੇ ਔਰਤਾਂ ਨਾਲ ਫੋਟੋਆਂ ਖਿਚਵਾਉਣ ਦੇ ਬਹਾਨੇ ਛੇੜਖਾਨੀ ਕੀਤੀ।

# ਕਿਸਾਨ ਜਥੇਬੰਦੀਆਂ ਵੱਲੋਂ ਇਕ ਵਾਰ ਫਿਰ ਦਿੱਲੀ ਕੂਚ ਦਾ ਐਲਾਨ

**ਮੋਗਾ:** ਕਿਸਾਨ ਜਥੇਬੰਦੀਆਂ ਮੁੜ ਕੇਂਦਰ ਖ਼ਿਲਾਫ਼ ਅੰਦੋਲਨ ਛੇੜਨ ਦੀ ਤਿਆਰੀ ਵਿਚ ਹਨ। ਕਿਸਾਨ ਆਗੂਆਂ ਨੇ ਇੱਕਜੁਟ ਹੋ ਕੇ ਆਪਣੀਆਂ ਮੰਗਾਂ ਲਈ 24 ਫ਼ਰਵਰੀ 2024 ਨੂੰ ਦਿੱਲੀ ਵੱਲ ਕੂਚ ਕਰਨ ਦਾ ਐਲਾਨ ਕੀਤਾ। ਕਿਸਾਨ ਮਹਾਂ ਪੰਚਾਇਤ ਵਿਚ ਕਿਸਾਨਾਂ ਨੂੰ ਹੜ੍ਹਾਂ ਕਾਰਨ ਖਰਾਬ ਹੋਈ ਫਸਲ ਦਾ ਮੁਆਵਜ਼ਾ ਦਿਵਾਉਣ, ਕਿਸਾਨਾਂ-ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ, ਪਿਛਲੇ ਸਾਲ ਹੋਈ ਨਰਮੇ ਦੀ ਖ਼ਰਾਬੀ ਦਾ ਮੁਆਵਜ਼ਾ ਦੇਣ ਅਤੇ ਲੰਪੀ ਸਕਿਨ ਨਾਲ ਮਰੇ ਪਸ਼ੂਆਂ ਦਾ ਮੁਆਵਜ਼ਾ ਦੇਣ, ਪਰਾਲੀ ਸਬੰਧੀ ਮੁਕੱਦਮੇ ਤੇ ਜਰਮਾਨੇ ਰੱਦ ਕਰਵਾਉਣ, ਦਿੱਲੀ ਕਿਸਾਨ ਅੰਦੋਲਨ ਦੀਆਂ ਅਧੂਰੀਆਂ ਮੰਗਾਂ ਪੂਰੀਆਂ ਕਰਵਾਉਣ, ਐਮ.ਐਸ.ਪੀ. ਗਾਰੰਟੀ ਕਾਨੂੰਨ ਲਾਗੂ ਕਰਵਾਉਣ ਅਤੇ ਜ਼ਮੀਨਾਂ 'ਤੇ ਭਾਰਤ ਮਾਲਾ ਪ੍ਰੋਜੈਕਟ ਤਹਿਤ ਕੀਤੇ ਜਾ ਰਹੇ ਨਾਜਾਇਜ਼ ਕਬਜ਼ਿਆਂ ਨੂੰ ਠੱਲ੍ਹ ਪਾਉਣ ਦੀ ਮੰਗ ਕੀਤੀ ਗਈ। ਇਨ੍ਹਾਂ ਮੰਗਾਂ ਲਈ ਆਗਾਮੀ 24 ਫਰਵਰੀ ਨੂੰ ਦਿੱਲੀ ਵੱਲ ਕੂਚ ਕਰਨ ਦਾ ਐਲਾਨ ਕੀਤਾ ਗਿਆ।

ਇਥੇ ਬੀ.ਕੇ.ਯੂ. ਖੋਸਾ ਦੀ ਅਗਵਾਈ ਹੇਠ ਮਹਾ ਪੰਚਾਇਤ ਹੋਈ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ 'ਤੇ ਵਾਅਦੇ ਤੋਂ ਮੁੱਕਰਨ ਦੇ ਦੋਸ਼ ਲਾਏ ਹਾਲਾਂਕਿ ਸੂਬੇ ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਇਸ ਮਹਾ ਪੰਚਾਇਤ ਵਿਚ ਸ਼ਿਰਕਤ ਨਹੀਂ



ਕੀਤੀ ਪਰ ਇਸ ਕਿਸਾਨ ਮਹਾ ਪੰਚਾਇਤ ਵਿਚ ਬਾਹਰਲੇ ਸੂਬਿਆਂ ਤੋਂ ਵੀ ਕਿਸਾਨ ਆਗੂ ਪੁੱਜੇ ਹੋਏ ਸਨ। ਉਨ੍ਹਾਂ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਕਿਸਾਨਾਂ ਨੇ ਕਿਹਾ ਕਿ ਅੰਦੋਲਨ ਦੌਰਾਨ ਸ਼ਹੀਦ ਹੋਏ 700 ਕਿਸਾਨਾਂ ਦੀ ਕੁਰਬਾਨੀ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਜ਼ਿਸ਼ ਤਹਿਤ ਕਿਸਾਨਾਂ ਤੋਂ ਪਾਣੀ ਖੋਹਿਆ ਜਾ ਰਿਹਾ ਹੈ।

ਇਸੇ ਤਰ੍ਹਾਂ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਤੇ ਭਾਕਿਯੂ (ਏਕਤਾ ਸਿੱਧੂਪੁਰ) ਦੇ ਸੱਦੇ 'ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿਚ ਕਿਸਾਨ ਮਹਾ-ਪੰਚਾਇਤ ਕਰਵਾਈ ਗਈ, ਜਿਸ ਵਿਚ ਪੰਜਾਬ ਭਰ ਤੋਂ ਵੱਡੀ ਗਿਣਤੀ ਕਿਸਾਨਾਂ, ਬੀਬੀਆਂ ਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਿਸ਼ਵ ਵਪਾਰ ਸੰਗਠਨ ਦੇ ਦਬਾਅ ਹੇਠ ਅਨਾਜ ਤੇ ਹੋਰ ਜਿਣਸਾਂ ਸਮੇਤ ਸੁੱਕੇ ਮੇਵਿਆਂ ਤੋਂ ਦਰਾਮਦ ਡਿਊਟੀ ਘਟਾ ਕੇ ਜਾਂ ਖ਼ਤਮ ਕਰ ਕੇ ਵਿਦੇਸ਼ੀ ਉਤਪਾਦਾਂ ਲਈ ਭਾਰਤ ਦੇ ਰਾਹ

### ਕਿਸਾਨ ਮਹਾ-ਪੰਚਾਇਤਾਂ ਕਰਨ ਦੀ ਰਣਨੀਤੀ

**ਚੰਡੀਗੜ੍ਹ:** ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਿਸ਼ਵ ਵਪਾਰ ਸੰਗਠਨ ਦੇ ਦਬਾਅ ਹੇਠ ਅਨਾਜ ਤੇ ਹੋਰ ਜਿਣਸਾਂ ਸਮੇਤ ਸੁੱਕੇ ਮੇਵਿਆਂ ਤੋਂ ਦਰਾਮਦ ਡਿਊਟੀ ਘਟਾ ਕੇ ਜਾਂ ਖ਼ਤਮ ਕਰ ਕੇ ਵਿਦੇਸ਼ੀ ਉਤਪਾਦਾਂ ਲਈ ਭਾਰਤ ਦੇ ਰਾਹ ਖੋਲ੍ਹਣ ਅਤੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਤੋਰਨ ਦੀ ਤਿਆਰੀ ਕਰ ਰਹੀ ਹੈ। ਕੇਂਦਰ ਦੇ ਇਸ ਫੈਸਲੇ ਖ਼ਿਲਾਫ਼ ਮੋਰਚਾ ਵਿੱਢਣ ਲਈ ਆਗੂਆਂ ਨੇ ਦੇਸ਼ ਭਰ ਵਿਚ ਅਜਿਹੀਆਂ 20 ਕਿਸਾਨ ਮਹਾ-ਪੰਚਾਇਤਾਂ ਕਰਨ ਦਾ ਐਲਾਨ ਕੀਤਾ ਹੈ।

ਖੋਲ੍ਹਣ ਅਤੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਰਨ ਦੀ ਤਿਆਰੀ ਕਰ ਰਹੀ ਹੈ। ਕੇਂਦਰ ਦੇ ਇਸ ਫੈਸਲੇ ਖ਼ਿਲਾਫ਼ ਮੋਰਚਾ ਵਿੱਢਣ ਲਈ ਆਗੂਆਂ ਨੇ ਦੇਸ਼ ਭਰ ਵਿਚ ਅਜਿਹੀਆਂ 20 ਕਿਸਾਨ ਮਹਾ-ਪੰਚਾਇਤਾਂ ਕਰਨ ਦਾ ਐਲਾਨ ਕੀਤਾ ਹੈ। ਕਿਸਾਨ ਆਗੂ ਡੱਲੇਵਾਲ ਨੇ ਦੋਸ਼ ਲਾਇਆ ਕਿ ਸੂਬਾ ਸਰਕਾਰ ਨੇ ਭਾਰਤ ਮਾਲਾ ਯੋਜਨਾ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਤੇ ਮੁਆਵਜ਼ਾ ਰਾਸ਼ੀ ਦੇ ਚੈੱਕ ਨਾ ਕਬੂਲਣ ਵਾਲੇ ਕਿਸਾਨਾਂ ਦੀਆਂ ਜ਼ਮੀਨਾਂ ਵੀ ਜ਼ਬਰਦਸਤੀ ਖੋਹੀਆਂ ਜਾ ਰਹੀਆਂ ਹਨ, ਜਦਕਿ ਪੰਜਾਬ ਵਿਚ ਅਜਿਹੇ ਸ਼ਾਹਰਾਹਾਂ ਦੀ ਲੋੜ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਦੀ ਕੋਈ ਆਰਥਿਕ ਮਦਦ ਨਹੀਂ ਕੀਤੀ, ਪਰ ਪ੍ਰਦੂਸ਼ਣ ਦੀ ਭਰਪਾਈ ਦੇ ਨਾਮ 'ਤੇ ਮੋਟੀਆਂ ਰਕਮਾਂ ਵਸੂਲੀਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਮਾਨਸਿਕ ਪਰੇਸ਼ਾਨੀ ਕਾਰਨ ਗਰੀਬ ਕਿਸਾਨ ਗੁਰਦੀਪ ਸਿੰਘ ਕੋਠਾ ਗੁਰੂ ਨੂੰ ਇਸ ਦੀ ਕੀਮਤ ਚੁਕਾਉਣੀ ਪਈ ਹੈ।

ਕਿਸਾਨ ਆਗੂਆਂ ਨੇ ਕੁਦਰਤੀ ਆਫਤਾਂ ਕਾਰਨ ਜਾਨ-ਮਾਲ ਦਾ ਮੁਆਵਜ਼ਾ ਨਾ ਦਿੱਤੇ ਜਾਣ 'ਤੇ ਵੀ ਤਿੱਖਾ ਰੋਸ ਜ਼ਾਹਰ ਕੀਤਾ। ਕਰਨਾਟਕ ਦੇ ਕਿਸਾਨ ਆਗੂ ਕੁਰਬੁਰ ਸ਼ਾਂਤਾ ਕੁਮਾਰ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਤੇ ਬਿਜਲੀ ਸੋਧ ਬਿੱਲ ਬਾਰੇ ਵਾਅਦਿਆਂ ਤੋਂ ਸਰਕਾਰ ਮੁਨਕਰ ਹੋ ਚੁੱਕੀ ਹੈ ਅਤੇ ਗੰਨਾ ਕਾਸ਼ਤਕਾਰਾਂ ਨੂੰ ਲਾਗਤ ਮੁੱਲ ਨਹੀਂ ਦਿੱਤਾ ਜਾ ਰਿਹਾ।

## ਕੌਮਾਂਤਰੀ ਗਤਕਾ ਖਿਡਾਰੀ ਸਣੇ ਹੈਰੋਇਨ ਸਮੇਤ ਤਿੰਨ ਕਾਬੂ

**ਤਰਨ ਤਾਰਨ:** ਸੂਬੇ ਦੀ ਸਟੇਟ ਅਪਰੇਸ਼ਨ ਸੈੱਲ (ਐਸ.ਓ.ਸੀ.) ਟੀਮ ਨੇ ਝਬਾਲ ਨੇੜਲੇ ਪਿੰਡ ਮੰਨਣ ਤੋਂ ਤਿੰਨ ਵਿਅਕਤੀਆਂ ਨੂੰ 500 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਕਾਬੂ ਕੀਤੇ ਗਏ ਮੁਲਜ਼ਮਾਂ ਵਿਚ ਗਤਕਾ ਖੇਤਰ ਦਾ ਕੌਮਾਂਤਰੀ ਖਿਡਾਰੀ ਜਗਦੀਪ ਸਿੰਘ ਵਾਸੀ ਪਿੰਡ ਜਠੌਲ, ਜੋਗਿੰਦਰ ਕੁਮਾਰ ਤੇ ਰਾਜ ਕੁਮਾਰ ਦੋਵੇਂ ਵਾਸੀ ਪਿੰਡ ਛੇਹਰਟਾ (ਅੰਮ੍ਰਿਤਸਰ) ਵਜੋਂ ਹੋਈ ਹੈ।

ਇਸ ਸਬੰਧੀ ਐਸ.ਓ.ਸੀ. ਦੇ ਥਾਣਾ ਅੰਮ੍ਰਿਤਸਰ ਦੀ ਪੁਲਿਸ ਨੇ ਕੇਸ ਦਰਜ ਕੀਤਾ ਹੈ। ਐਸ.ਓ.ਸੀ. ਦੇ ਸਬ-ਇੰਸਪੈਕਟਰ ਅਮਨਦੀਪ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੇ ਸਰਹੱਦ ਪਾਰ ਪਾਕਿਸਤਾਨ ਸਥਿਤ ਤਸਕਰਾਂ ਨਾਲ ਸਬੰਧ ਹਨ ਜੋ ਡਰੋਨ ਰਾਹੀਂ ਭਾਰਤ ਵਿਚ ਨਸ਼ੀਲੇ ਪਦਾਰਥ ਤੇ ਹਥਿਆਰ ਸਪਲਾਈ ਕਰਦੇ ਸਨ। ਜਾਣਕਾਰੀ



ਅਨੁਸਾਰ ਮੁਲਜ਼ਮਾਂ ਵਿਚ ਸ਼ਾਮਲ ਜਗਦੀਪ ਸਿੰਘ ਗਤਕੇ ਦਾ ਕੌਮਾਂਤਰੀ ਖਿਡਾਰੀ ਹੈ, ਜਿਸ ਨੇ ਅਮਰੀਕਾ ਵਿਚ ਗਤਕਾ ਮੁਕਾਬਲਾ 'ਟੇਲੈਂਟ ਗੌਟ' ਸਣੇ ਹੋਰ ਕਈ ਦੇਸ਼ਾਂ ਵਿਚ ਵੀ ਮੁਕਾਬਲੇ ਜਿੱਤੇ ਹਨ। ਉਸ ਨੇ ਕੁਝ ਸਮਾਂ ਪੰਜਾਬ ਪੁਲਿਸ ਵਿਚ ਵੀ ਨੌਕਰੀ ਕੀਤੀ ਸੀ। ਤਰਨ ਤਾਰਨ ਸਥਿਤ ਇਕ ਗਤਕਾ ਪਾਰਟੀ ਦੇ ਸੰਪਰਕ ਵਿਚ ਆਉਣ ਮਗਰੋਂ ਵਿਦੇਸ਼ਾਂ ਤੱਕ ਉਸ ਦੇ ਸਬੰਧ ਬਣੇ ਸਨ।

## ਪੰਜਾਬ ਦੇ 22 ਲੱਖ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਦੀ ਉਡੀਕ

**ਚੰਡੀਗੜ੍ਹ:** ਪੰਜਾਬ ਦੇ ਤਕਰੀਬਨ 22 ਲੱਖ ਤੋਂ ਵੱਧ ਬਜ਼ੁਰਗਾਂ ਨੂੰ ਨਵੰਬਰ ਮਹੀਨੇ ਦੀ ਬੁਢਾਪਾ ਪੈਨਸ਼ਨ ਨਹੀਂ ਮਿਲੀ ਹੈ ਜਿਸ ਕਰਕੇ ਉਨ੍ਹਾਂ ਦੀਆਂ ਪਰੇਸ਼ਾਨੀਆਂ ਵਧ ਗਈਆਂ ਹਨ। ਬੁਢਾਪਾ ਪੈਨਸ਼ਨਾਂ ਵੀ ਬੀਤੀ 8 ਨਵੰਬਰ ਤੋਂ ਚੱਲ ਰਹੀ ਮਨਿਸਟਰੀਅਲ ਮੁਲਾਜ਼ਮਾਂ ਦੀ ਹੜਤਾਲ ਦੀ ਭੇਟ ਚੜ੍ਹ ਗਈ ਹੈ। ਵੱਡੀ ਗਿਣਤੀ ਬਜ਼ੁਰਗਾਂ ਦੀਆਂ ਲੋੜਾਂ ਇਸ ਪੈਨਸ਼ਨ ਤੋਂ ਹੀ ਪੂਰੀਆਂ ਹੁੰਦੀਆਂ ਹਨ ਤੇ ਪੈਨਸ਼ਨ ਨਾ ਆਉਣ ਕਰਕੇ ਹੁਣ ਉਨ੍ਹਾਂ ਲਈ ਗੁਜ਼ਾਰੇ ਕਰਨੇ ਮੁਸ਼ਕਲ ਹੋ ਗਏ ਹਨ।

ਦਸੰਬਰ ਦਾ ਅੱਧਾ ਮਹੀਨਾ ਬੀਤ ਚੁੱਕਾ ਹੈ, ਪਰ ਇਨ੍ਹਾਂ ਬਜ਼ੁਰਗਾਂ ਦੇ ਬੈਂਕ ਖਾਤੇ ਪੈਨਸ਼ਨ ਉਡੀਕ ਕਰ ਰਹੇ ਹਨ। ਉਂਜ, ਸਮਾਜਿਕ ਸੁਰੱਖਿਆ,



ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ 32.92 ਲੱਖ ਲਾਭਪਾਤਰੀਆਂ ਨੂੰ ਹਰ ਮਹੀਨੇ ਪੈਨਸ਼ਨ ਭੇਜੀ ਜਾਂਦੀ ਹੈ, ਜਿਨ੍ਹਾਂ ਵਿਚ ਬੁਢਾਪਾ ਪੈਨਸ਼ਨ ਸਮੇਤ ਵਿਧਵਾ ਤੇ ਬੇਸਹਾਰਾ ਔਰਤਾਂ ਲਈ ਪੈਨਸ਼ਨ ਅਤੇ ਅਪਾਹਜ ਵਿਅਕਤੀਆਂ ਦਾ ਅੰਕੜਾ ਵੀ ਸ਼ਾਮਲ ਹੈ। 'ਆਪ' ਸਰਕਾਰ ਦੇ ਕਾਰਜਕਾਲ ਦੇ 21 ਮਹੀਨਿਆਂ ਦੌਰਾਨ ਇਹ ਪਹਿਲਾ ਮੌਕਾ ਹੈ ਕਿ ਜਦੋਂ ਸਮਾਜਿਕ ਸੁਰੱਖਿਆ ਵਿਭਾਗ ਦੇ ਪੈਨਸ਼ਨਰਾਂ ਨੂੰ ਉਡੀਕ ਕਰਨੀ ਪਈ ਹੈ। ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਬੁਢਾਪਾ ਪੈਨਸ਼ਨ ਦਿੱਤੀ ਜਾਂਦੀ ਹੈ।

ਇਕ ਬਜ਼ੁਰਗ ਨੇ ਦੱਸਿਆ ਕਿ ਉਹ ਇਸ ਹਫਤੇ ਦੌਰਾਨ ਬੈਂਕ ਦੇ ਤਿੰਨ ਚੱਕਰ ਲਾ ਚੁੱਕਿਆ ਹੈ, ਪਰ ਹਾਲੇ ਤੱਕ ਖਾਤੇ ਵਿਚ ਪੈਨਸ਼ਨ ਨਹੀਂ ਆਈ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦਾ ਕਹਿਣਾ ਹੈ ਕਿ ਉਹ ਪੈਨਸ਼ਨਰਾਂ ਨੂੰ ਦਰਪੇਸ਼ ਮੁਸ਼ਕਲਾਂ ਤੋਂ ਜਾਣੂ ਹਨ ਤੇ ਜਲਦੀ ਹੀ ਪੈਨਸ਼ਨ ਵੰਡੇ ਜਾਣ ਨੂੰ ਯਕੀਨੀ ਬਣਾਉਣ ਵਾਸਤੇ ਯਤਨ ਕਰ ਰਹੇ ਹਨ ਤੇ ਵਿਭਾਗ ਲਗਾਤਾਰ ਇਸ ਕੰਮ ਲਈ ਯਤਨਸ਼ੀਲ ਹੈ। ਉਨ੍ਹਾਂ ਨੇ ਇਸ ਬਾਰੇ ਮੀਟਿੰਗ ਵੀ ਰੱਖੀ ਹੈ।

### ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ

**ਲੁਧਿਆਣਾ:** ਸ਼ਹਿਰ ਦੇ ਮਨਜੀਤ ਨਗਰ ਇਲਾਕੇ 'ਚ ਨਸ਼ੇ ਦੀ ਓਵਰਡੋਜ਼ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਘੇਲ ਸਿੰਘ (28) ਵਜੋਂ ਹੋਈ ਹੈ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਉਸ ਦਾ ਪੁੱਤਰ ਕੱਪੜਾ ਵੇਚਣ ਦਾ ਕੰਮ ਕਰਦਾ ਸੀ। ਸ਼ਾਮ ਨੂੰ ਉਹ ਘਰੋਂ ਇਹ ਕਹਿ ਕੇ ਗਿਆ ਸੀ ਕਿ ਥੋੜ੍ਹੀ ਦੇਰ ਤੱਕ ਆ ਜਾਵੇਗਾ ਪਰ ਜਦੋਂ ਲੰਬਾ ਸਮਾਂ ਉਹ ਘਰ ਨਾ ਮੁੜਿਆ ਤਾਂ ਉਨ੍ਹਾਂ ਉਸ ਦੀ ਭਾਲ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਕਿ ਬੱਸ ਅੱਡੇ ਨੇੜੇ ਬਘੇਲ ਦੀ ਐਕਟਿਵਾ ਮਿਲੀ ਤੇ ਨੇੜੇ ਹੀ ਉਸ ਦੀ ਲਾਸ਼ ਪਈ ਸੀ ਜਿਸ ਦੇ ਮੂੰਹ 'ਤੇ ਜੈਕੇਟ ਪਾਈ ਹੋਈ ਸੀ। ਉਨ੍ਹਾਂ ਦੱਸਿਆ ਕਿ ਕੁਝ ਵਿਅਕਤੀ ਬਘੇਲ ਦੀ ਲਾਸ਼ ਕੋਲ ਬੈਠੇ ਨਸ਼ਾ ਕਰ ਰਹੇ ਸਨ ਜੋ ਉਨ੍ਹਾਂ ਦੇ ਨੇੜੇ ਜਾਣ 'ਤੇ ਉਥੋਂ ਚਲੇ ਗਏ।

## ਹਾਦਸਾ ਮੁਆਵਜ਼ਾ ਨੀਤੀ ਬਣਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਰਮਚਾਰੀਆਂ ਦੀ ਭਲਾਈ ਨੂੰ ਪਹਿਲ ਦਿੰਦਿਆਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਦੇ ਕਰਮਚਾਰੀਆਂ ਲਈ ਹਾਦਸਾ ਮੁਆਵਜ਼ਾ ਨੀਤੀ ਪੇਸ਼ ਕੀਤੀ ਹੈ।

ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਇਹ ਨੀਤੀ 8 ਦਸੰਬਰ ਤੋਂ ਪ੍ਰਭਾਵੀ ਹੈ, ਜੋ ਕੰਮ ਨਾਲ ਸਬੰਧਤ ਹਾਦਸਿਆਂ ਦੇ ਮੱਦੇਨਜ਼ਰ ਕਰਮਚਾਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਵਿਚ ਰੈਗੂਲਰ, ਠੇਕੇ ਅਤੇ ਉਪ-ਠੇਕੇ 'ਤੇ ਕੰਮ ਕਰਨ ਵਾਲੇ ਕਾਮੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਨਵੀਂ ਨੀਤੀ ਤਹਿਤ ਪੀ.ਐਸ.ਪੀ.ਸੀ.ਐਲ. ਦੇ ਰੈਗੂਲਰ ਕਰਮਚਾਰੀਆਂ ਨੂੰ ਨਾ ਸਿਰਫ ਦੁਰਘਟਨਾ ਦੇ ਲਾਭ ਪ੍ਰਾਪਤ ਹੋਣਗੇ, ਬਲਕਿ ਉਹ ਐਮਰਜੈਂਸੀ ਦੌਰਾਨ 3 ਲੱਖ ਤੱਕ ਦੇ ਐਡਵਾਂਸ ਵੀ ਪ੍ਰਾਪਤ ਕਰ ਸਕਣਗੇ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਠੇਕੇ ਦੀਆਂ ਸ਼ਰਤਾਂ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਹਾਦਸਿਆਂ ਲਈ ਦਿੱਤੀ ਜਾਣ ਵਾਲੀ ਐਕਸਗ੍ਰੇਸ਼ੀਆ ਸਹਾਇਤਾ ਨੂੰ 5 ਲੱਖ ਤੋਂ ਵਧਾ ਕੇ 10 ਲੱਖ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਅਜਿਹੇ ਕਾਮਿਆਂ ਲਈ ਵਿੱਤੀ ਸਹਾਇਤਾ ਨੂੰ ਵਧਾਉਂਦੇ ਹੋਏ ਸਮੂਹਿਕ ਬੀਮੇ ਦੀ ਰਕਮ 5 ਲੱਖ ਤੋਂ ਵਧਾ ਕੇ 10 ਲੱਖ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਨੀਤੀ ਦੀ ਸ਼ੁਰੂਆਤ ਤੋਂ ਪਹਿਲਾਂ ਠੇਕੇ ਅਤੇ ਉਪ-ਠੇਕੇ ਵਾਲੀਆਂ ਸ਼੍ਰੇਣੀਆਂ ਦੇ ਕਾਮਿਆਂ ਨੂੰ ਹਾਦਸਿਆਂ ਦੀ ਸਥਿਤੀ ਵਿਚ ਕੋਈ ਵਿੱਤੀ ਲਾਭ ਨਹੀਂ ਮਿਲਦਾ ਸੀ, ਜਦਕਿ ਨਵੀਂ ਨੀਤੀ ਇਸ ਅੰਤਰ ਨੂੰ ਪੂਰਾ ਕਰਦੇ ਹੋਏ ਯਕੀਨੀ ਬਣਾਉਂਦੀ ਹੈ ਕਿ 100 ਫੀਸਦੀ ਅਪੰਗਤਾ ਦੀ ਸਥਿਤੀ ਵਿਚ 10 ਲੱਖ ਦੀ ਰਕਮ ਦਾ ਭੁਗਤਾਨ ਕੀਤਾ ਜਾਵੇਗਾ।

## ਕੇਂਦਰੀ ਜੇਲ੍ਹ 'ਚ ਕੈਦੀਆਂ ਵੱਲੋਂ ਨਸ਼ਾ ਸਪਲਾਈ ਕਰਨ ਦਾ ਮਾਮਲਾ ਉਜਾਗਰ

**ਕੋਟਕਪੂਰਾ:** ਫਰੀਦਕੋਟ ਦੀ ਕੇਂਦਰੀ ਜੇਲ੍ਹ ਗੈਂਗਸਟਰਾਂ ਵੱਲੋਂ ਵੀਡੀਓ ਅਪਲੋਡ ਕਰਨ ਤੇ ਕਦੇ ਨਸ਼ੀਲੇ ਪਦਾਰਥ ਮਿਲਣ ਕਰਕੇ ਅਕਸਰ ਸੁਰਖੀਆਂ ਵਿਚ ਰਹੀ ਹੈ। ਇਸ ਵਾਰ ਜੇਲ੍ਹ ਅੰਦਰ 14 ਕੈਦੀਆਂ ਵੱਲੋਂ ਆਪਸ ਵਿਚ ਮਿਲ ਕੇ ਜੇਲ੍ਹ ਦੇ ਅੰਦਰ ਨਸ਼ੇ ਦਾ ਕਾਰੋਬਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਫਰੀਦਕੋਟ ਪੁਲਿਸ ਨੇ 14 ਕੈਦੀਆਂ ਵਿਰੁੱਧ ਮਾਮਲਾ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਫ਼ਰੀਦਕੋਟ ਦੇ ਐਸ.ਐਸ.ਪੀ. ਹਰਜੀਤ ਸਿੰਘ ਨੇ ਇਸ ਮਾਮਲੇ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਪਿਛਲੇ ਦਿਨੀਂ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਜੇਲ੍ਹ ਅੰਦਰ ਇਹ ਗੈਰਕਾਨੂੰਨੀ ਕਾਰੋਬਾਰ ਹੋ ਰਿਹਾ ਹੈ। ਪੁਲਿਸ ਦੀ ਜਾਂਚ ਦੌਰਾਨ ਇਸ ਧੰਦੇ ਵਿਚ ਪ੍ਰਬਤ ਸਿੰਘ, ਗੁਰਜਿੰਦਰ ਸਿੰਘ, ਹਰਜ਼ਦੀਪ ਸਿੰਘ, ਪਰਵਿੰਦਰ ਸਿੰਘ, ਬਲਜੀਤ ਸਿੰਘ, ਮਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਜਸਪਾਲ ਸਿੰਘ, ਰਾਹੁਲ, ਅਕਸ਼ਦੀਪ ਸਿੰਘ, ਪ੍ਰਦੀਪ ਸਿੰਘ, ਸਾਗਰ ਸਿੰਘ, ਵਿਕਾਸ ਸ਼੍ਰੀਵਾਸਤਵ, ਸੰਦੀਪ ਕੁਮਾਰ ਦੇ ਸ਼ਾਮਲ ਹੋਣ ਦੀ ਪੁਸ਼ਟੀ ਹੋਈ ਸੀ। ਪੁਲਿਸ ਨੇ ਜਾਂਚ ਦੌਰਾਨ ਇਹ ਵੀ ਤੱਥ ਸਾਹਮਣੇ ਲਿਆਂਦਾ ਕਿ ਕੈਦੀਆਂ ਨੇ ਆਪਣਾ ਨੈੱਟਵਰਕ ਬਣਾ ਕੇ ਜੇਲ੍ਹ ਵਿਚ ਮੋਬਾਈਲ, ਸਿਮ, ਨਸ਼ੀਲਾ ਪਦਾਰਥ, ਹੈਰੋਇਨ ਵਗੈਰਾ ਸੁਟਵਾ ਕੇ ਜੇਲ੍ਹ ਦੇ ਬੰਦੀਆਂ ਨੂੰ ਮਹਿੰਗੇ ਭਾਅ ਵਿਚ ਇਹ ਚੀਜ਼ਾਂ ਵੇਚੀਆਂ ਗਈਆਂ ਸਨ। ਪੁਲਿਸ ਨੇ ਕੈਦੀਆਂ ਦੀ ਤਲਾਸ਼ੀ ਦੌਰਾਨ ਅਨੂਪ ਅਰੋੜਾ ਨਾਂ ਦੇ ਇਕ ਕੈਦੀ ਪਾਸੋਂ 100 ਗਰਾਮ ਅਫੀਮ ਬਰਾਮਦ ਕੀਤੀ।

## ਕਿਸਾਨਾਂ ਲਈ ਦੋ ਹਫਤਿਆਂ ਦਾ ਡੇਅਰੀ ਫਾਰਮਿੰਗ ਸਿਖਲਾਈ ਪ੍ਰੋਗਰਾਮ

**ਚੰਡੀਗੜ੍ਹ:** ਪੰਜਾਬ 'ਚ ਦੁੱਧ ਉਤਪਾਦਨ ਅਤੇ ਸੂਬੇ ਦੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਦੇ ਉਦੇਸ਼ ਨਾਲ ਡੇਅਰੀ ਵਿਕਾਸ ਵਿਭਾਗ ਵੱਲੋਂ 18 ਤੋਂ 29 ਦਸੰਬਰ ਤੱਕ ਦੋ ਹਫਤਿਆਂ ਦੇ ਡੇਅਰੀ ਫਾਰਮਿੰਗ ਸਿਖਲਾਈ ਪ੍ਰੋਗਰਾਮ ਲਈ ਨਵਾਂ ਬੈਚ ਸ਼ੁਰੂ ਕੀਤਾ ਗਿਆ ਹੈ।

ਇਸ ਸਬੰਧੀ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸਿਖਲਾਈ ਤੋਂ ਬਾਅਦ ਜਨਰਲ ਸ਼੍ਰੇਣੀ ਦੇ ਕਿਸਾਨ ਵਿਭਾਗ ਦੀ ਸਕੀਮ ਅਧੀਨ 2 ਤੋਂ 20 ਪਸ਼ੂਆਂ ਦਾ ਡੇਅਰੀ ਯੂਨਿਟ ਸਥਾਪਤ ਕਰਨ ਲਈ ਹਰੇਕ ਦੁਧਾਰੂ ਪਸ਼ੂ ਉਤੇ 17,500 ਰੁਪਏ ਸਬਸਿਡੀ ਦਾ ਲਾਭ ਲੈਣ ਦੇ ਯੋਗ ਹੋਣਗੇ। ਇਸੇ ਤਰ੍ਹਾਂ ਅਨੁਸੂਚਿਤ ਜਾਤੀ (ਐਸ.ਸੀ.) ਵਰਗ ਨਾਲ ਸਬੰਧਤ ਡੇਅਰੀ ਕਿਸਾਨਾਂ ਨੂੰ ਅਜਿਹੇ ਹੀ ਯੂਨਿਟ ਦੀ ਸਥਾਪਨਾ ਲਈ ਹਰੇਕ ਦੁਧਾਰੂ ਪਸ਼ੂ ਉਤੇ 23100 ਰੁਪਏ ਸਬਸਿਡੀ ਮਿਲਣਯੋਗ ਹੋਵੇਗੀ। ਮੰਤਰੀ ਨੇ



ਦੱਸਿਆ ਕਿ ਕਿਸਾਨ ਮਾਡਲ ਕੈਟਲ ਸ਼ੈੱਡ, ਦੁੱਧ ਚੁਆਈ ਵਾਲੀਆਂ (ਮਿਲਕਿੰਗ) ਮਸ਼ੀਨਾਂ ਅਤੇ ਚਾਰਾ ਵੱਢਣ ਵਾਲੀਆਂ ਮਸ਼ੀਨਾਂ (ਫੌਡਰ ਹਾਰਵੈਸਟਰ) ਸਮੇਤ ਹੋਰ ਮਸ਼ੀਨਰੀ ਉਤੇ ਵੀ ਸਬਸਿਡੀ ਦਾ ਲਾਭ ਲੈ ਸਕਦੇ ਹਨ। ਪੇਂਡੂ ਖੇਤਰ ਨਾਲ ਸਬੰਧਤ 18 ਤੋਂ 55 ਸਾਲ ਦੀ ਉਮਰ ਦੇ ਡੇਅਰੀ ਫਾਰਮਰ, ਜਿਨ੍ਹਾਂ ਨੇ ਘੱਟੋ-ਘੱਟ 5ਵੀਂ ਪਾਸ ਕੀਤੀ ਹੋਵੇ ਅਤੇ ਹਰਾ ਚਾਰਾ ਉਗਾਉਣ ਲਈ ਆਪਣੀ ਜ਼ਮੀਨ ਹੋਵੇ, ਆਪਣੇ ਨੇੜਲੇ ਜ਼ਿਲ੍ਹਾ ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ ਦਫਤਰ ਵਿਖੇ ਆਪਣਾ ਸਿੱਖਿਆ ਯੋਗਤਾ ਸਰਟੀਫਿਕੇਟ, ਆਧਾਰ ਕਾਰਡ ਅਤੇ ਪਾਸਪੋਰਟ ਸਾਈਜ਼ ਫੋਟੋ ਜਮ੍ਹਾਂ ਕਰਵਾ ਕੇ ਇਸ ਸਿਖਲਾਈ ਵਾਸਤੇ ਆਪਣਾ ਨਾਮ ਦਰਜ ਕਰਵਾ ਸਕਦੇ ਹਨ।

ਇਸ ਸਿਖਲਾਈ ਦੌਰਾਨ ਡੇਅਰੀ ਫਾਰਮਰਾਂ ਨੂੰ ਦੁਧਾਰੂ ਪਸ਼ੂਆਂ ਦੇ ਪਾਲਣ ਪੋਸ਼ਣ, ਖੁਰਾਕ, ਬਿਮਾਰੀਆਂ ਤੋਂ ਬਚਾਅ, ਨਸਲ ਸੁਧਾਰ, ਸਾਰਾ ਸਾਲ ਹਰਾ ਚਾਰਾ ਪੈਦਾ ਕਰਨ, ਦੁੱਧ ਤੋਂ ਹੋਰ ਉਤਪਾਦ ਬਣਾਉਣ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇਗੀ।

# ਬੱਚੇ ਤੇ ਔਰਤਾਂ ਵੀ ਨਸ਼ਾ ਤਸਕਰੀ ਦੇ ਰਾਹ, ਗ੍ਰਿਫਤਾਰਾਂ 'ਚ ਸਭ ਤੋਂ ਵੱਧ ਪੰਜਾਬਣਾਂ

**ਚੰਡੀਗੜ੍ਹ:** ਪੰਜਾਬ ਵਿਚ ਬੱਚੇ ਵੀ ਨਸ਼ਾ ਤਸਕਰੀ ਦੇ ਰਾਹ ਪੈ ਗਏ ਹਨ। ਬੀਤੇ ਤਿੰਨ ਸਾਲਾਂ ਵਿਚ 78 ਨਾਬਾਲਗਾਂ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਸਾਲ 2022 ਵਿਚ 37 ਨਾਬਾਲਗ, ਸਾਲ 2021 ਵਿਚ 25 ਤੇ ਸਾਲ 2020 ਵਿਚ 16 ਨਾਬਾਲਗਾਂ ਨੂੰ ਪੰਜਾਬ ਪੁਲਿਸ ਨੇ ਐਨ.ਡੀ.ਪੀ.ਐਸ. ਐਕਟ ਤਹਿਤ ਗ੍ਰਿਫ਼ਤਾਰ ਕੀਤਾ ਹੈ। ਹਰਿਆਣਾ ਵਿਚ ਤਿੰਨ ਸਾਲਾਂ ਦੌਰਾਨ 55 ਨਾਬਾਲਗਾਂ ਦੀ ਗ੍ਰਿਫ਼ਤਾਰੀ ਹੋਈ ਹੈ। ਦੇਸ਼ 'ਚ ਨਸ਼ਾ ਤਸਕਰੀ ਦੇ ਕਾਰੋਬਾਰ ਵਿਚ ਪੰਜਾਬੀ ਔਰਤਾਂ ਸਿਖਰ 'ਤੇ ਹਨ। ਸਮੁੱਚੇ ਮੁਲਕ ਵਿਚ ਨਸ਼ਾ ਤਸਕਰੀ ਦੇ ਦੋਸ਼ ਹੇਠ ਗ੍ਰਿਫਤਾਰ ਹੋਣ ਵਾਲੀਆਂ ਮਹਿਲਾਵਾਂ ਵਿਚ ਸਭ ਤੋਂ ਵੱਧ ਗਿਣਤੀ ਪੰਜਾਬੀ ਔਰਤਾਂ ਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਤਿੰਨ ਵਰ੍ਹਿਆਂ ਵਿਚ ਦੇਸ਼ ਭਰ ਵਿਚ ਐਨ.ਡੀ.ਪੀ.ਐਸ. ਐਕਟ ਤਹਿਤ 9631 ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ 'ਚ 3,164 (32.85 ਫੀਸਦ) ਔਰਤਾਂ ਪੰਜਾਬੀ ਹਨ।

ਪੰਜਾਬ ਦੇ ਦਰਜਨਾਂ ਪਿੰਡ ਅਜਿਹੇ ਹਨ, ਜਿੱਥੇ ਔਰਤਾਂ 'ਤੇ ਨਸ਼ਾ ਤਸਕਰੀ ਦੇ ਜ਼ਿਆਦਾ ਕੇਸ ਦਰਜ ਹਨ। ਕੌਮੀ ਕ੍ਰਾਈਮ ਰਿਕਾਰਡ ਬਿਊਰੋ ਦੇ ਤੱਥਾਂ ਅਨੁਸਾਰ ਸਾਲ 2022 ਵਿਚ ਦੇਸ਼ ਭਰ 'ਚ ਐਨ.ਡੀ.ਪੀ.ਐਸ. ਐਕਟ ਤਹਿਤ 4000 ਔਰਤਾਂ ਦੀ ਗ੍ਰਿਫਤਾਰੀ ਹੋਈ ਹੈ ਅਤੇ ਪੰਜਾਬ ਵਿਚ ਇਹ ਅੰਕੜਾ 1,448 ਔਰਤਾਂ ਦਾ ਹੈ। ਦੂਸਰੇ ਨੰਬਰ 'ਤੇ ਤਾਮਿਲਨਾਡੂ 'ਚ 490 ਤੇ ਹਰਿਆਣਾ ਵਿਚ 337 ਔਰਤਾਂ ਫੜੀਆਂ ਗਈਆਂ ਹਨ। ਸਾਲ 2021 ਵਿਚ ਸਮੁੱਚੇ ਮੁਲਕ 'ਚ 3,104 ਔਰਤਾਂ ਇਸ ਦੋਸ਼ ਹੇਠ ਫੜੀਆਂ ਗਈਆਂ ਸਨ, ਜਦਕਿ ਪੰਜਾਬ ਵਿਚ 928 ਔਰਤਾਂ ਦੀ ਗ੍ਰਿਫਤਾਰੀ ਹੋਈ ਸੀ। ਇਸੇ ਤਰ੍ਹਾਂ ਸਾਲ 2020 ਵਿਚ ਗ੍ਰਿਫਤਾਰ ਹੋਈਆਂ ਕੁਲ 2527 ਔਰਤਾਂ 'ਚੋਂ ਪੰਜਾਬ ਵਿੱਚ ਫੜੀਆਂ ਗਈਆਂ ਔਰਤਾਂ ਦਾ ਅੰਕੜਾ 788 ਸੀ। ਤਿੰਨਾਂ ਵਰ੍ਹਿਆਂ ਦੌਰਾਨ ਸਭ ਤੋਂ ਵੱਧ ਗ੍ਰਿਫਤਾਰੀ ਪੰਜਾਬੀ ਔਰਤਾਂ ਦੀ ਹੋਈ ਹੈ।

ਇਸ ਤੋਂ ਪਹਿਲਾਂ ਔਰਤਾਂ ਸਰਕਾਰੀ ਸ਼ਰਾਬ ਦੇ ਠੇਕਿਆਂ ਦੇ ਕਾਰੋਬਾਰ ਵਿਚ ਵੀ ਕੁੱਦੀਆਂ ਹਨ। ਇਕ ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਜੇਲ੍ਹਾਂ 'ਚ ਬੰਦ ਔਰਤਾਂ 'ਚੋਂ ਬਹੁਗਿਣਤੀ ਐਨ.ਡੀ.ਪੀ.ਐਸ. ਕੇਸਾਂ ਤਹਿਤ ਆਈਆਂ ਹਨ। ਪੰਜਾਬ ਦੀਆਂ ਜੇਲ੍ਹਾਂ ਦੀ ਸਮਰੱਥਾ ਇਸ ਵੇਲੇ 26,556 ਬੰਦੀਆਂ ਦੀ ਹੈ, ਜਦਕਿ ਇਨ੍ਹਾਂ ਵਿਚ ਇਸ ਵੇਲੇ 31,218 (117.55 ਫੀਸਦ) ਕੈਦੀ ਬੰਦ ਹਨ। ਇਨ੍ਹਾਂ 'ਚ ਔਰਤਾਂ ਦੀ ਗਿਣਤੀ 1497 ਹੈ।

ਬਾਰਡਰ ਰੇਂਜ ਦੇ ਡੀ.ਆਈ.ਜੀ. ਨਰਿੰਦਰ ਭਾਰਗਵ ਦਾ ਕਹਿਣਾ ਹੈ ਕਿ ਬਹੁਤੀਆਂ ਔਰਤਾਂ ਦੇ ਪਤੀ ਨਸ਼ੇੜੀ ਹੁੰਦੇ ਹਨ ਤੇ ਉਨ੍ਹਾਂ ਨੂੰ ਮਜਬੂਰੀ ਹੇਠ ਇਹ ਕੰਮ ਕਰਨਾ ਪੈਂਦਾ ਹੈ। ਬਹੁਤੇ ਕੇਸਾਂ ਵਿਚ ਨਸ਼ਾ ਤਸਕਰੀ ਦਾ ਕੰਮ ਪਤੀ ਪਤਨੀ ਦੋਵੇਂ ਕਰਦੇ ਹਨ।



## ਨਸ਼ਿਆਂ ਦੇ ਮੁੱਦੇ 'ਤੇ ਰਾਜਪਾਲ ਨੇ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਵਿਚ ਵਧ ਰਹੇ ਨਸ਼ਿਆਂ ਦੇ ਪਾਸਾਰ ਨੂੰ ਲੈ ਕੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਸਰਕਾਰ ਨੂੰ ਮੁੜ ਘੇਰਿਆ। ਉਨ੍ਹਾਂ ਚੰਡੀਗੜ੍ਹ ਦੇ ਯੂਟੀ ਸਕੱਤਰੇਤ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਦੇ ਮੁੱਦੇ ਬਾਰੇ ਚਿੰਤਤ ਹਨ। ਇਸੇ ਕਰਕੇ ਉਹ ਸਰਹੱਦੀ ਖੇਤਰ ਦਾ ਦੌਰਾ ਕਰਕੇ ਆਏ ਸਨ ਤੇ ਸੂਬਾ ਸਰਕਾਰ ਨੂੰ ਕਾਰਵਾਈ ਦੀ ਸਲਾਹ ਦਿੱਤੀ ਸੀ ਪਰ ਸਰਕਾਰ ਮੰਨਣ ਨੂੰ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਬੀ.ਐਸ.ਐਫ. ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਨਸ਼ਿਆਂ ਦੇ ਕਾਰੋਬਾਰ 'ਚ ਸ਼ਾਮਲ 75 ਜਣਿਆਂ ਦੀ ਸੂਚੀ ਸਰਕਾਰ ਨੂੰ ਸੌਂਪ ਦਿੱਤੀ ਹੈ ਤਾਂ ਸਰਕਾਰ ਵੱਲੋਂ ਕਾਰਵਾਈ ਕਿਉਂ ਨਹੀਂ ਕੀਤੀ ਗਈ। ਰਾਜਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਨਸ਼ਾ ਤਸਕਰੀ ਦੇ ਮਾਮਲੇ 'ਤੇ ਮੇਰੀ ਨਹੀਂ ਤਾਂ ਹਾਈ ਕੋਰਟ ਦੇ ਆਦੇਸ਼ਾਂ 'ਤੇ ਤੁਰਤ ਕਾਰਵਾਈ ਕਰਨੀ ਚਾਹੀਦੀ ਹੈ।

## ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਦਾਅਵੇ ਖੋਖਲੇ: ਖੰਨਾ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ 'ਆਪ' ਸਰਕਾਰ ਨਸ਼ੇ ਵਿਚ ਧਸਦੇ ਪੰਜਾਬ ਨੂੰ ਸੰਭਾਲਣ ਵਿਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ 6 ਮਹੀਨੇ ਵਿਚ ਨਸ਼ਾ ਖਤਮ ਕਰਨ ਦਾ ਦਾਅਵਾ ਕਰਨ ਵਾਲੇ ਮੁੱਖ ਮੰਤਰੀ ਨੇ ਡੇਢ ਸਾਲ ਵਿਚ ਵੀ ਨਸ਼ੇ ਖਿਲਾਫ ਕੋਈ ਸਾਰਥਕ ਕਦਮ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਇਸ ਸਰਕਾਰ ਦੇ 2 ਸਾਲਾਂ ਦੇ ਕਾਰਜਕਾਲ ਦੌਰਾਨ ਨਸ਼ੇ ਕਾਰਨ ਦੇਸ਼ ਵਿਚੋਂ ਸਭ ਤੋਂ ਵੱਧ 144 ਮੌਤਾਂ ਪੰਜਾਬ ਵਿਚ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਦਾ ਵੀ ਮਾੜਾ ਹਾਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚੋਂ ਨਸ਼ਾ ਖਤਮ ਕਰਨ ਲਈ ਭਗਵੰਤ ਮਾਨ ਪੰਜਾਬ ਦੇ ਪਿੰਡਾਂ ਵਿਚ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ ਨੂੰ ਸਹਿਯੋਗ ਦੇਣ ਤਾਂ ਜੋ ਪਿੰਡ ਪੱਧਰ 'ਤੇ ਲੋਕਾਂ ਵੱਲੋਂ ਚਲਾਈ ਗਈ ਨਸ਼ਾ ਵਿਰੋਧੀ ਮੁਹਿੰਮ ਰਾਹੀਂ ਨਸ਼ੇ 'ਤੇ ਨਕੇਲ ਪਾਈ ਜਾ ਸਕੇ।

# ਹੁਣ ਸਜ਼ਾ ਤੋਂ ਡਰੇ ਗੈਂਗਸਟਰ: ਬਲਕੌਰ ਸਿੱਧੂ

**ਮਾਨਸਾ:** ਸਥਾਨਕ ਅਦਾਲਤ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਦੇ ਵਕੀਲਾਂ ਵੱਲੋਂ ਇਨ੍ਹਾਂ ਗੈਂਗਸਟਰਾਂ ਦੇ ਮੂਸੇਵਾਲਾ ਕਤਲ ਕੇਸ ਵਿਚ ਸ਼ਾਮਲ ਨਾ ਹੋਣ ਦਾ ਦਾਅਵਾ ਕਰਦਿਆਂ ਰਿਹਾਈ ਦੀ ਮੰਗ ਕਰਨ ਦੇ ਮਾਮਲੇ ਵਿਚ ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਇਸ ਕਤਲ ਨਾਲ ਖੁਦ ਨੂੰ ਜੋੜ ਕੇ ਮਸ਼ਹੂਰੀਆਂ ਖੱਟਣ ਵਾਲੇ ਗੈਂਗਸਟਰਾਂ ਨੇ ਫ਼ਿਰੌਤੀਆਂ ਦੀਆਂ ਕੀਮਤਾਂ ਵਧਾ ਲਈਆਂ ਤੇ ਹੁਣ ਜਦੋਂ ਸਜ਼ਾ ਦਾ ਮਾਮਲਾ ਨੇੜੇ ਲੱਗਣ ਲੱਗਾ ਹੈ ਤਾਂ ਇੰਟਰਵਿਊ ਤੋਂ ਵੀ ਮੁੱਕਰਨ ਲੱਗੇ ਹਨ।

ਜ਼ਿਕਰਯੋਗ ਹੈ ਕਿ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦੇ ਵਕੀਲਾਂ ਵੱਲੋਂ ਮਾਨਸਾ ਦੀ ਅਦਾਲਤ ਵਿਚ ਪਟੀਸ਼ਨ ਦਾਇਰ ਕਰਦਿਆਂ ਦਾਅਵਾ ਕੀਤਾ ਸੀ ਕਿ ਪੰਜਾਬੀ ਗਾਇਕ ਮੂਸੇਵਾਲਾ ਦੇ ਕਤਲ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਉਨ੍ਹਾਂ ਪੁਲਿਸ ਦੀ ਚਾਰਜਸ਼ੀਟ ਨੂੰ ਵੀ ਗਲਤ ਦੱਸਿਆ ਹੈ। ਇਸ ਸਬੰਧੀ ਬਲਕੌਰ ਸਿੰਘ ਨੇ ਕਿਹਾ ਕਿ ਕੱਲ੍ਹ ਤੱਕ ਲਾਰੈਂਸ ਬਿਸ਼ਨੋਈ ਮੀਡੀਆ ਨੂੰ ਇੰਟਰਵਿਊ ਦੇ ਕੇ ਪੰਜਾਬੀ ਗਾਇਕ ਨੂੰ ਮਾਰਨ ਦੀ ਜ਼ਿੰਮੇਵਾਰੀ ਲੈਂਦਾ ਰਿਹਾ ਸੀ ਤੇ ਹੁਣ ਕਤਲ ਨਾਲ ਕੋਈ ਸਬੰਧ ਨਾ ਹੋਣ ਦੀ ਗੱਲ ਕਹਿ ਕੇ ਸਚਾਈ ਤੋਂ ਭੱਜ ਰਿਹਾ ਹੈ। ਬਲਕੌਰ ਸਿੰਘ ਨੇ ਦੋਸ਼ ਲਾਇਆ ਕਿ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲੈ ਕੇ ਇਨ੍ਹਾਂ ਗੈਂਗਸਟਰਾਂ ਨੇ ਆਪਣੀਆਂ ਫਿਰੌਤੀਆਂ ਦਾ ਘੇਰਾ ਅਤੇ ਕੀਮਤਾਂ ਵਧਾਈਆਂ ਹਨ ਤੇ ਦੁਨੀਆਂ ਭਰ ਵਿਚ ਮਸ਼ਹੂਰੀਆਂ ਖੱਟੀਆਂ ਹਨ ਅਤੇ ਹੁਣ ਪੰਜਾਬ ਦੇ ਵਪਾਰੀਆਂ ਨੂੰ ਡਰਾ ਕੇ ਖੌਫ਼ ਪੈਦਾ ਕਰਨ ਵਾਲੇ ਸਜ਼ਾ ਵੇਲੇ ਮੁੱਕਰ ਰਹੇ ਹਨ। ਇਕ ਸਵਾਲ ਦੇ ਜਵਾਬ ਵਿਚ ਮਰਹੂਮ ਗਾਇਕ ਦੇ ਪਿਤਾ ਨੇ ਕਿਹਾ ਕਿ ਅਦਾਲਤ ਵਿਚ ਮੁਲਜ਼ਮਾਂ ਉਪਰ ਦੋਸ਼ ਆਇਦ ਹੋਣੇ ਸਨ, ਇਸ ਲਈ ਵਕੀਲਾਂ ਨੇ ਕੇਸ ਨੂੰ ਲਟਕਾਉਣ ਲਈ ਇਹ ਅਰਜ਼ੀਆਂ ਲਗਾਈਆਂ ਹਨ।




## ਸਹੀ ਜਾਂਚ ਕਰਨ 'ਚ ਪੁਲਿਸ ਅਸਫਲ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਰਚਣ ਵਾਲੇ ਦੋ ਗੈਂਗਸਟਰਾਂ ਵੱਲੋਂ ਮਾਨਸਾ ਦੀ ਅਦਾਲਤ ਵਿਚ ਉਨ੍ਹਾਂ ਨੂੰ ਬਰੀ ਕਰਨ ਲਈ ਦਾਇਰ ਕੀਤੀਆਂ ਅਰਜ਼ੀਆਂ ਤੋਂ ਬਾਅਦ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ 'ਤੇ ਇਸ ਮਾਮਲੇ ਵਿਚ ਲਾਪਰਵਾਹੀ ਵਰਤਣ ਦਾ ਦੋਸ਼ ਲਾਇਆ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਪੰਜਾਬ ਪੁਲਿਸ, ਜੋ ਸਿੱਧੇ ਤੌਰ 'ਤੇ ਪੰਜਾਬ ਦੇ ਮੁੱਖ ਮੰਤਰੀ-ਕਮ-ਗ੍ਰਹਿ ਮੰਤਰੀ ਭਗਵੰਤ ਮਾਨ ਦੇ ਅਧੀਨ ਆਉਂਦੀ ਹੈ, ਇਨ੍ਹਾਂ ਗੈਂਗਸਟਰਾਂ ਵਿਰੁੱਧ ਠੋਸ ਸਬੂਤ ਇਕੱਠੇ ਕਰਨ ਵਿਚ ਅਸਫਲ ਜਾਪਦੀ ਹੈ। ਉਨ੍ਹਾਂ ਕਿਹਾ ਕਿ ਸਪਸ਼ਟ ਤੌਰ 'ਤੇ ਪੁਲਿਸ ਇਸ ਮਾਮਲੇ ਦੀ ਸਹੀ ਢੰਗ ਨਾਲ ਜਾਂਚ ਕਰਨ ਵਿਚ ਫੇਲ੍ਹ ਰਹੀ ਹੈ, ਹਾਲਾਂਕਿ ਬਿਸ਼ਨੋਈ ਨੇ ਖੁਦ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ।

# ਪ੍ਰਨੀਤ ਕੌਰ ਨੂੰ ਕਾਂਗਰਸ 'ਚੋਂ ਕੱਢਣ ਦੀ ਮੰਗ ਨੇ ਜ਼ੋਰ ਫੜਿਆ

**ਪਟਿਆਲਾ:** ਪਟਿਆਲਾ ਤੋਂ ਸ਼ਾਹੀ ਪਰਿਵਾਰ ਦੀ ਨੂੰਹ ਤੇ ਕਾਂਗਰਸੀ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਵੱਲੋਂ ਭਾਰਤੀ ਜਨਤਾ ਪਾਰਟੀ ਦੀਆਂ ਸਟੇਜਾਂ ਤੋਂ ਬੋਲਣ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ, ਹਾਲਾਂਕਿ ਪ੍ਰਨੀਤ ਕੌਰ ਆਪਣੇ ਆਪ ਨੂੰ ਕਾਂਗਰਸ ਦੀ ਵਫ਼ਾਦਾਰ ਹੋਣ ਬਾਰੇ ਕਹਿ ਰਹੇ ਹਨ ਪਰ ਪਟਿਆਲਾ ਦੀ ਕਾਂਗਰਸੀ ਲੀਡਰਸ਼ਿਪ ਅਤੇ ਉਸ ਦੇ ਵਿਰੁੱਧ ਚੋਣ ਲੜਨ ਵਾਲੇ ਡਾ. ਧਰਮਵੀਰ ਗਾਂਧੀ ਨੇ ਵੀ ਪ੍ਰਨੀਤ ਕੌਰ ਨੂੰ ਪਟਿਆਲਾ ਲੋਕ ਸਭਾ ਹਲਕੇ ਦੇ ਲੋਕਾਂ ਲਈ ਧੋਖੇਬਾਜ਼ ਕਰਾਰ ਦੇ ਦਿੱਤਾ ਹੈ।



ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਪ੍ਰਨੀਤ ਇਸ ਵੇਲੇ ਨਾ ਤਾਂ ਕਾਂਗਰਸ ਦੇ ਪੱਖ ਵਿਚ ਖੜ੍ਹੇ ਨਜ਼ਰ ਆ ਰਹੇ ਹਨ, ਨਾ ਹੀ ਉਹ ਪਟਿਆਲਾ ਹਲਕੇ ਦੇ ਲੋਕਾਂ ਨਾਲ ਖੜ੍ਹੇ ਨਜ਼ਰ ਆ ਰਹੇ ਹਨ। ਜੇਕਰ ਉਹ ਭਾਜਪਾ ਨਾਲ ਵੀ ਖੜ੍ਹੇ ਹਨ ਤਾਂ ਉਨ੍ਹਾਂ ਨੂੰ ਸ਼ਰੇਆਮ ਕਾਂਗਰਸ ਛੱਡ ਕੇ ਭਾਜਪਾ ਨਾਲ ਹੋ ਕੇ ਚੱਲਣਾ ਚਾਹੀਦਾ ਹੈ ਤੇ ਕੇਂਦਰ ਦੀ ਭਾਜਪਾ ਸਰਕਾਰ ਤੋਂ ਪਟਿਆਲਾ ਲਈ ਕੋਈ ਵੱਡਾ ਪੈਕੇਜ ਲਿਆਉਣਾ ਚਾਹੀਦਾ ਹੈ। ਹੁਣ ਸਪਸ਼ਟ ਹੋ ਗਿਆ ਹੈ ਕਿ ਉਹ ਆਪਣੀ ਧੀ ਜੈ ਇੰਦਰ ਕੌਰ ਨੂੰ ਭਾਜਪਾ ਵਿਚ ਸੈੱਟ ਕਰਾਉਣ ਲਈ ਪਟਿਆਲਾ ਵਾਸੀਆਂ ਨਾਲ ਧੋਖਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਧੋਖੇਬਾਜ਼ ਐਮ.ਪੀ. ਨੂੰ ਲੋਕ ਨੇੜੇ ਨਾ ਲੱਗਣ ਦੇਣ। ਉਨ੍ਹਾਂ ਕਾਂਗਰਸ ਲੀਡਰਸ਼ਿਪ ਨੂੰ ਕਿਹਾ ਹੈ ਕਿ ਕਾਂਗਰਸ ਲੀਡਰਸ਼ਿਪ ਬਿਨਾਂ ਕੋਈ ਦੇਰੀ ਕੀਤਿਆਂ ਪ੍ਰਨੀਤ ਕੌਰ ਨੂੰ ਕਾਂਗਰਸ ਵਿਚੋਂ ਕੱਢੇ। ਦੂਜੇ ਪਾਸੇ ਕਾਂਗਰਸ ਦੇ ਪਟਿਆਲਾ ਤੋਂ ਸ਼ਹਿਰੀ ਪ੍ਰਧਾਨ ਨਰੇਸ਼ ਦੁੱਗਲ ਨੇ ਕਿਹਾ ਹੈ ਕਿ ਉਹ ਕਾਂਗਰਸ ਹਾਈਕਮਾਂਡ ਨੂੰ ਕਈ ਵਾਰ ਕਹਿ ਚੁੱਕੇ ਹਨ ਕਿ ਪਟਿਆਲਾ ਦੀ ਸੰਸਦ ਮੈਂਬਰ ਖਿਲਾਫ ਕਾਰਵਾਈ ਕਰਨੀ ਬਣਦੀ ਹੈ। ਪ੍ਰਨੀਤ ਕੌਰ ਨੇ ਮੁੜ ਕਿਹਾ ਹੈ ਕਿ ਉਹ ਕਾਂਗਰਸ ਦੀ ਵਫ਼ਾਦਾਰ ਹੈ।

# ਗੈਂਗਸਟਰਾਂ ਖਿਲਾਫ ਸਖਤ ਹੋਈ ਪੁਲਿਸ; ਉਪਰੋਥਲੀ 5 ਪੁਲਿਸ ਮੁਕਾਬਲੇ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਗੈਂਗਸਟਰਾਂ ਖਿਲਾਫ ਸਖਤੀ ਕਰ ਦਿੱਤੀ ਹੈ। ਤਕਰੀਬਨ ਡੇਢ ਹਫਤੇ ਵਿਚ 5 ਪੁਲਿਸ ਮੁਕਾਬਲਿਆਂ ਵਿਚ ਅੱਧੀ ਦਰਜਨ ਤੋਂ ਵੱਧ ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ ਹੈ, ਜਦ ਕਿ ਇਕ ਗੈਂਗਸਟਰ ਮਾਰਿਆ ਗਿਆ।

ਪੰਜਾਬ ਦੇ ਮੋਗਾ ਜ਼ਿਲ੍ਹੇ ਵਿਚ ਪੁਲਿਸ ਨਾਲ ਮੁਕਾਬਲੇ ਮਗਰੋਂ ਬੰਬੀਹਾ ਗੈਂਗ ਨਾਲ ਸਬੰਧਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੋਗਾ ਵਿਚ ਬੱਧਨੀ-ਮਲਿਆਣਾ ਰੋਡ 'ਤੇ ਚੈਕਿੰਗ ਦੌਰਾਨ ਪੁਲਿਸ ਟੀਮ ਨੇ ਮੋਟਰਸਾਈਕਲ ਸਵਾਰ ਤਿੰਨ ਵਿਅਕਤੀਆਂ ਨੂੰ ਰੁਕਣ ਲਈ ਇਸ਼ਾਰਾ ਕੀਤਾ ਪਰ ਉਹ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਵੱਲੋਂ ਪਿੱਛਾ ਕਰਨ 'ਤੇ ਉਹ ਇੱਕ ਖੇਤ ਵਿਚ ਵੜ ਗਏ ਅਤੇ ਗੋਲੀਬਾਰੀ ਕੀਤੀ, ਜਿਸ ਪੁਲਿਸ ਨੇ ਢੁਕਵਾਂ ਜਵਾਬ ਦਿੱਤਾ। ਉਨ੍ਹਾਂ ਦੱਸਿਆ ਕਿ ਹਾਲਾਂਕਿ ਕੁਝ ਸਮੇਂ ਤਿੰਨਾਂ ਨੇ ਆਤਮ ਸਮਰਪਣ ਕਰ ਦਿੱਤਾ। ਪੁਲਿਸ ਮੁਤਾਬਕ ਤਿੰਨਾਂ ਮੁਲਜ਼ਮਾਂ ਦੀ ਪਛਾਣ ਸ਼ੰਕਰ ਰਾਜਪੂਤ ਅਤੇ ਜਸ਼ਵ ਦੋਵੇਂ ਵਾਸੀ ਮੋਗਾ ਅਤੇ ਧਰਮਕੋਟ ਵਾਸੀ ਨਵਦੀਪ ਵਜੋਂ ਹੋਈ ਹੈ।

ਉਸੇ ਤਰ੍ਹਾਂ ਪਿੰਡ ਸਨੇਟਾ-ਲਾਂਡਰਾਂ ਮੁੱਖ ਸੜਕ 'ਤੇ ਪੁਲਿਸ ਚੌਕੀ ਨੇੜੇ ਜ਼ਿਲ੍ਹਾ ਸੀ.ਆਈ.ਏ. ਸਟਾਫ ਮੁਹਾਲੀ ਨੇ ਮੁਕਾਬਲੇ ਮਗਰੋਂ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ, ਜੋ ਕਿ ਇਲਾਕੇ ਵਿਚ ਫਿਰੌਤੀਆਂ ਮੰਗਣ ਅਤੇ ਹਥਿਆਰ ਦਿਖਾ ਕੇ ਗੱਡੀਆਂ ਖੋਹਣ ਦੀਆਂ ਵਾਰਦਾਤਾਂ ਕਰਦੇ ਸਨ। ਮੁਕਾਬਲੇ ਦੌਰਾਨ ਦੋਵੇਂ ਮੁਲਜ਼ਮ ਜ਼ਖ਼ਮੀ ਹੋਏ ਹਨ ਜਿਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਮੁਲਜ਼ਮਾਂ ਦੀ ਪਛਾਣ ਪ੍ਰਿੰਸ ਵਾਸੀ ਰਾਜਪੁਰਾ ਤੇ ਕਰਮਜੀਤ ਵਾਸੀ ਕੁਰੂਕਸ਼ੇਤਰ ਵਜੋਂ ਹੋਈ ਹੈ।

ਇਸ ਤੋਂ ਪਹਿਲਾਂ ਲੁਧਿਆਣਾ ਪੁਲਿਸ ਵੱਲੋਂ ਮੁਕਾਬਲੇ ਦੌਰਾਨ ਗੈਂਗਸਟਰ ਸੁਖਦੇਵ ਸਿੰਘ ਵਿੱਕੀ ਨੂੰ ਮਾਰ ਮੁਕਾਇਆ ਸੀ। ਮੁਕਾਬਲੇ ਬਾਰੇ ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੁਖਦੇਵ ਸਿੰਘ ਉਰਫ਼ ਵਿੱਕੀ ਬਿਨਾਂ ਨੰਬਰ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਮਾਛੀਵਾੜਾ ਵੱਲੋਂ ਕੁਹਾੜਾ ਜਾ ਰਿਹਾ ਸੀ। ਮੁਲਜ਼ਮ ਦਸ ਕਿੱਲੋਮੀਟਰ ਤੱਕ ਪੁਲਿਸ ਨੂੰ ਆਪਣੇ ਪਿੱਛੇ ਘੁੰਮਾਉਂਦਾ ਰਿਹਾ। ਜਦੋਂ ਪਿੰਡ ਪੰਜੇਟਾ 'ਚ ਪੁਲਿਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਮੁਲਜ਼ਮ ਨੇ ਬਿਨਾਂ ਗੱਲਬਾਤ ਕੀਤੇ ਹੀ ਪੁਲਿਸ 'ਤੇ ਫਾਇਰਿੰਗ ਕਰ ਦਿੱਤੀ। ਇਕ ਗੋਲੀ ਏ.ਐਸ.ਆਈ. ਦਲਜੀਤ ਸਿੰਘ ਦੇ ਪੱਟ 'ਤੇ ਲੱਗੀ। ਇਕ ਗੋਲੀ ਇੰਸਪੈਕਟਰ ਬੇਅੰਤ ਜੁਨੇਜਾ ਦੇ ਢਿੱਡ ਕੋਲ ਲੱਗੀ ਪਰ ਬੁਲੇਟ ਪਰੂਫ਼ ਜੈਕੇਟ ਪਾਈ ਹੋਣ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ। ਆਖਰ ਪਿੰਡ ਪੰਜੇਟਾ ਕੋਲ ਪੁਲਿਸ ਮੁਕਾਬਲੇ ਦੌਰਾਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਸੁਖਦੇਵ ਵਿੱਕੀ ਦੇ ਕਬਜ਼ੇ 'ਚੋਂ ਪਿਸਤੌਲ, ਮੈਗਜ਼ੀਨ ਤੇ ਤਿੰਨ ਖੋਲ ਬਰਾਮਦ ਕੀਤੇ ਹਨ। ਪੰਜਾਬ ਦੇ ਆਈ.ਜੀ. (ਹੈੱਡਕੁਆਰਟਰ) ਡਾ. ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਲੁਧਿਆਣਾ ਵਿਚ ਪੁਲਿਸ ਮੁਕਾਬਲੇ ਵਿਚ ਗੈਂਗਸਟਰ ਸੁਖਦੇਵ ਸਿੰਘ ਉਰਫ ਵਿੱਕੀ ਦੇ ਮਾਰੇ ਜਾਣ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਗਠਿਤ ਕੀਤੀ ਗਈ ਹੈ।



ਇਸੇ ਤਰ੍ਹਾਂ ਮੋਗਾ ਪੁਲਿਸ ਨੇ ਬੱਧਨੀ-ਮੱਲਿਆਣਾ ਰੋਡ 'ਤੇ ਤਿੰਨ ਨੌਜਵਾਨਾਂ ਨੂੰ ਹਥਿਆਰਾਂ ਸਮੇਤ ਕਾਬੂ ਕੀਤਾ ਹੈ ਜਿਨ੍ਹਾਂ ਕੋਲੋਂ ਦੋ 32 ਬੋਰ ਤੇ ਇਕ 30 ਬੋਰ ਦੇ ਪਿਸਤੌਲ ਬਰਾਮਦ ਕੀਤੇ ਹਨ। ਪੁਲਿਸ ਮੁਤਾਬਕ ਦੁਵੱਲੀ ਗੋਲੀਬਾਰੀ ਹੋਈ ਪਰ ਕਿਸੇ ਨੂੰ ਗੋਲੀ ਨਹੀਂ ਲੱਗੀ ਜਦਕਿ ਸੱਟਾਂ ਲੱਗਣ ਨਾਲ ਇਕ ਮੁਲਜ਼ਮ ਤੇ ਹੋਮਗਾਰਡ ਵਾਲੰਟੀਅਰ ਜਖ਼ਮੀ ਹੋ ਗਏ। ਪੁਲਿਸ ਮੁਤਾਬਕ ਸ਼ੰਕਰ ਰਾਜਪੂਤ ਦੇ ਗਿੱਟੇ ਉੱਤੇ ਸੱਟ ਲੱਗੀ ਜਦੋਂ ਕਿ ਹੋਮਗਾਰਡ ਵਾਲੰਟੀਅਰ ਰਣਜੀਤ ਸਿੰਘ ਵੀ ਜਖ਼ਮੀ ਹੋ ਗਿਆ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਮੁਲਜ਼ਮ ਬੰਬੀਹਾ ਗੈਂਗ ਨਾਲ ਸਬੰਧਤ ਲੱਕੀ ਪਟਿਆਲ ਗੈਂਗ ਦੇ ਮੈਂਬਰ ਹਨ ਅਤੇ ਮਨਦੀਪ ਧਾਲੀਵਾਲ ਦੇ ਸਾਥੀ ਸਨ।

# ਲਾਰੈਂਸ ਤੇ ਭਗਵਾਨਪੁਰੀਆ ਵੱਲੋਂ ਮੂਸੇਵਾਲਾ ਕਾਂਡ 'ਚ ਸ਼ਾਮਲ ਨਾ ਹੋਣ ਦਾ ਦਾਅਵਾ

**ਮਾਨਸਾ:** ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਨੇ ਮਾਨਸਾ ਦੀ ਇਕ ਅਦਾਲਤ ਵਿਚ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਆਪਣੀ ਰਿਹਾਈ ਦੀ ਮੰਗ ਕਰਦੇ ਹੋਏ ਦਾਅਵਾ ਕੀਤਾ ਕਿ ਉਹ ਪੰਜਾਬੀ ਗਾਇਕ ਦੀ ਹੱਤਿਆ ਵਿਚ ਸ਼ਾਮਲ ਨਹੀਂ ਸਨ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਚ ਛੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਵਕੀਲ ਨੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਵਿਚ ਧਾਰਾ 239 ਕੋਡ ਆਫ ਕ੍ਰਿਮੀਨਲ ਪ੍ਰੋਸੀਜਰ (ਸੀ.ਆਰ.ਪੀ.ਸੀ.) ਤਹਿਤ ਇਕ ਅਰਜ਼ੀ ਦਾਇਰ ਕਰਕੇ ਹੱਤਿਆ ਦੇ ਮਾਮਲੇ ਵਿਚ ਆਪਣੇ ਮੁਵੱਕਿਲ ਦੇ ਦੋਸ਼-ਮੁਕਤ ਹੋਣ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਜੱਗੂ ਭਗਵਾਨਪੁਰੀਆ ਦੇ ਵਕੀਲ ਨੇ ਸੀ.ਆਰ.ਪੀ.ਸੀ. ਦੀ ਧਾਰਾ 227 ਤਹਿਤ 235 ਪੰਨਿਆਂ ਦੀ ਅਰਜ਼ੀ ਦਾਇਰ ਕਰਕੇ ਰਿਹਾਈ ਮੰਗੀ। ਹੈ ਸਰਕਾਰੀ ਵਕੀਲ ਨੇ ਅਦਾਲਤ ਵੱਲੋਂ ਦਾਇਰ ਡਿਸਚਾਰਜ ਅਰਜ਼ੀਆਂ ਦਾ ਜਵਾਬ ਦਾਖਲ ਕਰਨ ਲਈ ਸਮਾਂ ਦੇਣ ਲਈ ਕਿਹਾ ਜਿਸ ਪਿੱਛੋਂ ਅਦਾਲਤ ਨੇ ਜਵਾਬ ਲਈ ਸੁਣਵਾਈ 5 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਹੈ।



ਜਾਣਕਾਰੀ ਅਨੁਸਾਰ ਬਿਸ਼ਨੋਈ ਅਤੇ ਭਗਵਾਨਪੁਰੀਆ ਨੇ ਆਪਣੀਆਂ ਅਰਜ਼ੀਆਂ ਵਿਚ ਦਾਅਵਾ ਕੀਤਾ ਹੈ ਕਿ ਉਹ ਕਤਲ ਵਿਚ ਸ਼ਾਮਲ ਨਹੀਂ ਸਨ। ਉਹ ਕਤਲ ਦੇ ਸਮੇਂ ਜੇਲ੍ਹ ਵਿਚ ਬੰਦ ਸਨ ਅਤੇ ਕਤਲ ਵਿਚ ਉਨ੍ਹਾਂ ਦਾ ਕੋਈ ਸਬੰਧ ਨਹੀਂ ਸੀ। ਇਸ ਤੋਂ ਪਹਿਲਾਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 24 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਦੌਰਾਨ ਮੁਲਜ਼ਮ ਮੋਨੂੰ ਡਾਗਰ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ। ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਐਸ.ਆਈ.ਟੀ. (ਸਿਟ) ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 32 ਮੁਲਜ਼ਮਾਂ ਖ਼ਿਲਾਫ਼ ਤਿੰਨ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ ਅਤੇ ਦਾਅਵਾ ਕੀਤਾ ਹੈ ਕਿ ਇਹ ਕਤਲ ਬਿਸ਼ਨੋਈ ਅਤੇ ਬੰਬੀਹਾ ਗੈਂਗ ਦਰਮਿਆਨ ਬਦਲਾਖੋਰੀ ਦੀ ਇਕ ਲੜੀ ਦਾ ਹਿੱਸਾ ਸੀ। ਐਸ.ਆਈ.ਟੀ. ਨੇ ਮੂਸੇਵਾਲਾ ਦੇ ਕਤਲ ਵਿਚ ਬਿਸ਼ਨੋਈ ਅਤੇ ਭਗਵਾਨਪੁਰੀਆ ਨੂੰ ਮੁੱਖ ਸਾਜ਼ਿਸ਼ਕਰਤਾ ਅਤੇ ਗੋਲਡੀ ਬਰਾੜ ਨੂੰ ਮਾਸਟਰਮਾਈਂਡ ਵਜੋਂ ਨਾਮਜ਼ਦ ਕੀਤਾ ਹੈ।

ਐਸ.ਆਈ.ਟੀ. ਦੀ ਚਾਰਜਸ਼ੀਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਲਾਰੈਂਸ ਬਿਸ਼ਨੋਈ ਨੇ ਸੋਸ਼ਲ ਮੀਡੀਆ 'ਤੇ ਕਤਲ ਦੀ ਜ਼ਿੰਮੇਵਾਰੀ ਲਈ ਸੀ ਅਤੇ ਜੱਗੂ ਭਗਵਾਨਪੁਰੀਆ ਨਾਲ ਮਿਲ ਕੇ ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਕਥਿਤ ਯੋਜਨਾ ਬਣਾਈ ਸੀ। ਦੂਜੇ ਪਾਸੇ ਸਿੱਧੂ ਮੂਸੇਵਾਲਾ ਦੇ ਪਿਤਾ ਇਸ ਗੱਲੋਂ ਖ਼ਫ਼ਾ ਹਨ ਕਿ ਹੱਤਿਆ ਦੇ ਮਾਮਲੇ 'ਤੇ ਹਾਲੇ ਸਹੀ ਢੰਗ ਨਾਲ ਕਾਰਵਾਈ ਨਹੀਂ ਕਿਉਂ। ਉਹ ਮੰਗ ਕਰ ਰਹੇ ਹਨ ਕਿ ਇਹ ਹੱਤਿਆ ਕਿਸ ਦੇ ਕਹਿਣ 'ਤੇ ਕਰਵਾਈ ਗਈ।

### ਲਾਰੈਂਸ ਬਿਸ਼ਨੋਈ ਨੇ ਲਈ ਸੀ ਕਤਲ ਦੀ ਜ਼ਿੰਮੇਵਾਰੀ

**ਚੰਡੀਗੜ੍ਹ:** ਸਾਲ 2023 ਦੇ ਸ਼ੁਰੂ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਜੇਲ੍ਹ ਤੋਂ ਇਕ ਨਿਊਜ਼ ਚੈਨਲ ਨੂੰ ਦਿੱਤੇ ਦੋ ਇੰਟਰਵਿਊ ਵਿਚ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ ਪਰ ਹੁਣ ਵਕੀਲਾਂ ਵੱਲੋਂ ਕੀਤੇ ਦਾਅਵੇ ਨੇ ਨਵੀਂ ਸਥਿਤੀ ਪੈਦਾ ਕਰ ਦਿੱਤੀ ਹੈ। ਇਸ ਦੌਰਾਨ ਮਾਨਸਾ ਪੁਲਿਸ ਵੱਲੋਂ ਇੱਕ ਹੋਰ ਮੁਲਜ਼ਮ ਸਚਿਨ ਥਾਪਨ ਬਿਸ਼ਨੋਈ ਵਿਰੁੱਧ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕੀਤੀ ਜਾਵੇਗੀ।

## ਪੰਜਾਬ 'ਚ ਕਾਂਗਰਸ ਆਪਣੇ ਦਮ 'ਤੇ ਲੋਕ ਸਭਾ ਚੋਣਾਂ ਲੜੇਗੀ: ਰੰਧਾਵਾ

**ਡੇਰਾ ਬਾਬਾ ਨਾਨਕ:** ਸਾਬਕਾ ਉਪ ਮੁੱਖ ਮੰਤਰੀ ਅਤੇ ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਆਖਿਆ ਹੈ ਕਿ ਪੰਜਾਬ ਵਿਚ ਕਾਂਗਰਸ ਆਗਾਮੀ ਲੋਕ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ।

ਉਨ੍ਹਾਂ ਕਿਹਾ ਕਿ ਪਾਰਟੀ ਦਾ ਸਮੁੱਚਾ ਕੇਡਰ 'ਆਪ' ਨਾਲ ਰਲ ਕੇ ਚੋਣਾਂ ਲੜਨ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਆਪ' ਦੇ ਰਾਜ ਦੌਰਾਨ ਨਸ਼ਾ ਘਰ-ਘਰ ਵਿਚ ਪਹੁੰਚ ਚੁੱਕਾ ਹੈ। ਸੂਬੇ ਵਿਚ ਵਿਕਾਸ ਕਾਰਜ ਪੂਰੀ ਤਰ੍ਹਾਂ ਠੱਪ ਪਏ ਹਨ। 'ਆਪ' ਆਗੂਆਂ ਵੱਲੋਂ ਕਾਂਗਰਸ ਸਰਕਾਰ ਵੇਲੇ ਸ਼ੁਰੂ ਕਰਵਾਏ ਗਏ ਪ੍ਰੋਜੈਕਟਾਂ ਦਾ ਉਦਘਾਟਨ ਕਰ ਕੇ ਵਾਹ-ਵਾਹ ਖੱਟੀ ਜਾ ਰਹੀ ਹੈ। ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਗਾਮੀ ਲੋਕ ਸਭਾ ਚੋਣਾਂ ਵਿਚ 'ਆਪ' ਨੂੰ ਸਬਕ ਸਿਖਾਉਣ ਦਾ ਪੂਰਾ ਮਨ ਬਣਾ ਲਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿਚ ਕਾਂਗਰਸ ਦੇ ਵਰਕਰ ਆਮ ਆਦਮੀ ਪਾਰਟੀ ਨਾਲ ਰਲ ਕੇ ਚੋਣਾਂ ਲੜਨ ਦੇ ਖਿਲਾਫ ਹੈ। ਕਾਂਗਰਸ ਆਪਣੇ ਦਮ 'ਤੇ ਚੋਣਾਂ ਲੜੇਗੀ ਅਤੇ ਸ਼ਾਨਦਾਰ ਜਿੱਤ ਹਾਸਲ ਕਰੇਗੀ। ਰੰਧਾਵਾ ਨੇ ਕਿਹਾ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਭਗਵੰਤ ਮਾਨ ਨੇ ਕੁਝ ਹਫਤਿਆਂ 'ਚ ਹੀ ਨਸ਼ਾ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਨਸ਼ੇ ਘਰ-ਘਰ ਪਹੁੰਚ ਗਏ ਹਨ। ਹੁਣ ਨਸ਼ਿਆਂ ਦੀ ਹੋਮ ਡਲਿਵਰੀ ਹੋ ਰਹੀ ਹੈ। ਨਸ਼ੇ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਰਹੇ ਹਨ। ਆਏ ਦਿਨ ਨਸ਼ਿਆਂ ਕਾਰਨ ਨੌਜਵਾਨਾਂ ਦੀ ਮੌਤ ਹੋ ਰਹੀ ਹੈ, ਜੋ ਚਿੰਤਾ ਦਾ ਵਿਸ਼ਾ ਹੈ।

# ਸਿਖਲਾਈ ਲਈ ਅਧਿਆਪਕਾਂ ਨੂੰ ਸਿੰਗਾਪੁਰ ਭੇਜਣ ਉਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਅਧਿਆਪਕਾਂ ਨੂੰ ਸਿਖਲਾਈ ਲਈ ਸਿੰਗਾਪੁਰ ਭੇਜ ਰਹੀ ਹੈ ਪਰ ਸੂਬੇ ਦੀਆਂ ਆਪਣੀਆਂ ਅਧਿਆਪਕ ਸਿਖਲਾਈ ਸੰਸਥਾਵਾਂ ਦੀ ਹਾਲਤ ਮਾੜੀ ਹੈ। ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ (ਡਾਇਟ) ਵਿਚ ਸਟਾਫ ਦੀਆਂ ਕੁੱਲ 75 ਫੀਸਦੀ ਅਸਾਮੀਆਂ ਖਾਲੀ ਹਨ। ਇਥੇ ਲੈਕਚਰਾਰਾਂ ਦੀਆਂ ਕੁੱਲ 132 ਅਸਾਮੀਆਂ 'ਚੋਂ 110 ਖਾਲੀ ਪਈਆਂ ਹਨ।

ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਸਟਾਫ ਦੀ ਕਮੀ ਕਾਰਨ 22 'ਚੋਂ 7 ਡਾਇਟਸ ਵਿਚ ਐਲੀਮੈਂਟਰੀ ਅਧਿਆਪਕ ਸਿਖਲਾਈ ਕੋਰਸ ਬੰਦ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਿਰਫ 25 ਫੀਸਦ ਸਟਾਫ ਰੈਗੂਲਰ ਹੈ। ਪ੍ਰਿੰਸੀਪਲਾਂ ਦੀਆਂ 22 ਅਸਾਮੀਆਂ ਮਨਜ਼ੂਰ ਹਨ ਪਰ ਤਾਇਨਾਤ ਸਿਰਫ 15 ਪ੍ਰਿੰਸੀਪਲ ਹਨ। ਇਸੇ ਤਰ੍ਹਾਂ ਲੈਕਚਰਾਰਾਂ ਦੀਆਂ 132 ਮਨਜ਼ੂਰ ਅਸਾਮੀਆਂ ਦੇ ਮੁਕਾਬਲੇ ਸਿਰਫ 22 ਲੈਕਚਰਾਰ ਅਤੇ ਨਾਨ-ਟੀਚਿੰਗ ਸਟਾਫ ਦੀਆਂ 40 ਤੋਂ ਵੱਧ ਮਨਜ਼ੂਰ ਅਸਾਮੀਆਂ ਦੇ ਮੁਕਾਬਲੇ ਸਿਰਫ 13 ਅਸਾਮੀਆਂ ਭਰੀਆਂ ਹੋਈਆਂ ਹਨ। ਚੌਥਾ ਦਰਜਾ ਮੁਲਾਜ਼ਮਾਂ ਦੀਆਂ ਜ਼ਿਆਦਾਤਰ ਅਸਾਮੀਆਂ ਖਾਲੀ ਹਨ।



ਨਿਯਮਾਂ ਅਨੁਸਾਰ ਸ਼ੁਰੂ ਵਿਚ ਹਰ ਡਾਇਟ ਲਈ ਇਕ ਪ੍ਰਿੰਸੀਪਲ, 14 ਲੈਕਚਰਾਰਾਂ, 7 ਨਾਨ-ਟੀਚਿੰਗ ਮੁਲਾਜ਼ਮਾਂ ਅਤੇ 4 ਦਰਜਾ ਚਾਰ ਮੁਲਾਜ਼ਮਾਂ ਦੀਆਂ ਅਸਾਮੀਆਂ ਮਨਜ਼ੂਰ ਸਨ। ਕਾਂਗਰਸ ਦੀ ਪਿਛਲੀ ਸਰਕਾਰ ਦੌਰਾਨ ਨਿਯਮਾਂ ਵਿਚ ਸੋਧ ਕਰ ਕੇ ਹਰ ਸੰਸਥਾ ਵਿਚ ਲੈਕਚਰਾਰਾਂ ਦੀ ਗਿਣਤੀ ਛੇ ਅਤੇ ਨਾਨ-ਟੀਚਿੰਗ ਸਟਾਫ ਦੀ ਗਿਣਤੀ ਘਟਾ ਕੇ ਦੋ ਕਰ ਦਿੱਤੀ ਗਈ ਸੀ। ਇਸ ਤੋਂ ਇਲਾਵਾ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਲੈਕਚਰਾਰਾਂ ਦੀ ਨਿਯੁਕਤੀ ਕਰਨ ਦੀ ਥਾਂ 20 ਦੇ ਕਰੀਬ ਸਕੂਲ ਅਧਿਆਪਕਾਂ ਨੂੰ ਠੇਕੇ 'ਤੇ ਰੱਖ ਲਿਆ ਗਿਆ। ਸਰਵੇਖਣ ਅਨੁਸਾਰ 2018 ਵਿਚ ਮੁਹਾਲੀ, ਬਰਨਾਲਾ, ਪਠਾਨਕੋਟ, ਤਰਨ ਤਾਰਨ ਤੇ ਫਾਜ਼ਿਲਕਾ ਸਣੇ ਹੋਰ ਜ਼ਿਲ੍ਹਿਆਂ ਵਿਚ ਡਾਇਟ ਦੀਆਂ ਇਮਾਰਤਾਂ ਤਾਂ ਬਣ ਗਈਆਂ ਸਨ ਪਰ ਲੋੜੀਂਦਾ ਸਟਾਫ ਤਾਇਨਾਤ ਨਹੀਂ ਕੀਤਾ ਗਿਆ। ਨਤੀਜਾ ਇਹ ਨਿਕਲਿਆ ਕਿ ਇੰਨੇ ਸਾਲਾਂ ਵਿਚ ਇਨ੍ਹਾਂ ਸੰਸਥਾਵਾਂ ਵਿਚ ਦਾਖਲੇ ਹੀ ਸ਼ੁਰੂ ਨਹੀਂ ਹੋਏ। ਇਸੇ ਤਰ੍ਹਾਂ ਐਸ.ਬੀ.ਐਸ. ਨਗਰ ਵਿਚ 2012 ਅਤੇ ਮੋਗਾ ਦੇ ਡਾਇਟ ਵਿਚ 2014 ਤੋਂ ਈ.ਟੀ.ਟੀ. ਕੋਰਸ ਨਹੀਂ ਕਰਵਾਏ ਜਾ ਰਹੇ।

# ਨਵਜੋਤ ਸਿੱਧੂ ਨੇ ਕੇਜਰੀਵਾਲ ਤੇ ਭਗਵੰਤ ਮਾਨ ਨੂੰ ਘੇਰਿਆ

**ਰਾਮਪੁਰਾ ਫੂਲ:** ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਰ੍ਹਦਿਆਂ ਕਿਹਾ ਕਿ ਬਦਲਾਅ ਦੇ ਨਾਂ 'ਤੇ ਸੱਤਾ 'ਚ ਆਈ ਨਵੀਂ ਸਰਕਾਰ ਦੇ ਰਾਜ ਵਿਚ ਪੰਜਾਬ 'ਚ ਕੁਝ ਨਹੀਂ ਬਦਲਿਆ ਤੇ ਸਭ ਕੁਝ ਪਹਿਲਾਂ ਵਾਂਗ ਹੈ। ਉਨ੍ਹਾਂ ਕਿਹਾ ਕਿ ਲੀਡਰ ਹਮੇਸ਼ਾ ਜਿੱਤਦੇ ਰਹੇ ਹਨ ਤੇ ਪੰਜਾਬ ਹਮੇਸ਼ਾ ਹਾਰਦਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਜ਼ਰੂਰ ਜਿੱਤੇਗਾ ਤੇ ਇਸ ਜਿੱਤ ਲਈ ਉਨ੍ਹਾਂ ਨੂੰ ਇਕ ਵਫ਼ਾਦਾਰ ਆਗੂ ਦੀ ਲੋੜ ਹੈ। ਸਿੱਧੂ ਸਥਾਨਕ ਅਨਾਜ ਮੰਡੀ ਵਿਚ ਪਾਰਟੀ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਸਿੱਧੂ ਨੇ ਦੋਸ਼ ਲਾਇਆ ਕਿ ਪੰਜਾਬ ਡੰਗ ਟਪਾਊ ਨੀਤੀਆਂ ਨਾਲ ਚੱਲ ਰਿਹਾ ਹੈ ਤੇ ਸਰਕਾਰ ਦਾ ਕੋਈ ਵਿਜ਼ਨ ਨਹੀਂ ਹੈ। ਉਨ੍ਹਾਂ ਦਾਅਵਾ ਕਿ ਕਾਂਗਰਸ ਸਰਕਾਰ ਵੇਲੇ ਰੇਤੇ ਦੀ ਟਰਾਲੀ 3100 ਰੁਪਏ 'ਚ ਮਿਲਦੀ ਸੀ ਜੋ ਹੁਣ 21 ਹਜ਼ਾਰ ਰੁਪਏ 'ਚ ਵਿਕ ਰਹੀ ਹੈ। ਸੂਬੇ ਵਿਚ ਰੇਤ ਦਾ ਨਾਜਾਇਜ਼ ਖਣਨ ਸਿਖਰਾਂ 'ਤੇ ਹੈ ਅਤੇ ਵਾਤਾਵਰਨ ਨੂੰ ਨੁਕਸਾਨ ਪੁੱਜ ਰਿਹਾ ਹੈ ਜਿਸ ਦੀ ਸ਼ਿਕਾਇਤ ਉਹ ਕੌਮੀ ਗ੍ਰੀਨ ਟ੍ਰਿਬਿਊਨਲ ਨੂੰ ਕਰਨਗੇ। ਉਨ੍ਹਾਂ ਨੇ ਸਾਬਕਾ ਕਾਂਗਰਸੀ ਮੁੱਖ ਮੰਤਰੀਆਂ ਦੀ ਕਾਰਜਸ਼ੈਲੀ ਦੀ ਵੀ ਆਲੋਚਨਾ ਕੀਤੀ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਸ਼ਰਾਬ ਮਾਫੀਆ ਜ਼ੋਰਾਂ 'ਤੇ ਹੈ ਅਤੇ ਸ਼ਰਾਬ ਐੱਲ-1 ਦੇ ਲਾਇਸੈਂਸ ਧਨਾਢ ਚਹੇਤਿਆਂ ਨੂੰ ਦਿੱਤੇ ਗਏ ਹਨ। ਚੋਰਮੋਰੀਆਂ ਕਾਰਨ ਸੂਬੇ ਵਿਚ ਆਬਕਾਰੀ ਮਾਲੀਆ ਘੱਟ ਰਿਹਾ ਹੈ। ਸ੍ਰੀ ਸਿੱਧੂ ਨੇ ਦੋਸ਼ ਲਾਇਆ ਕਿ ਅਕਾਲੀ ਸਰਕਾਰ ਵੇਲੇ 15 ਹਜ਼ਾਰ ਕਰੋੜ, ਕਾਂਗਰਸ ਵੇਲੇ 20 ਹਜ਼ਾਰ ਕਰੋੜ ਤੇ ਹੁਣ ਨਵੀਂ ਸਰਕਾਰ ਨੇ 35 ਹਜ਼ਾਰ ਕਰੋੜ ਦਾ ਕਰਜ਼ਾ ਲੈ ਕੇ ਸੂਬੇ ਨੂੰ ਦੀਵਾਲੀਆ ਹੋਣ ਵੱਲ ਧੱਕ ਦਿੱਤਾ ਹੈ।

# ਪੰਜਾਬ ਦੇ ਫੰਡ ਰੋਕਣ ਉਤੇ ਕੇਂਦਰ ਸਰਕਾਰ ਨੂੰ ਤਿੱਖੇ ਸਵਾਲ

**ਮੌੜ ਮੰਡੀ:** 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੇਂਦਰ ਸਰਕਾਰ 'ਤੇ ਪੰਜਾਬ ਦੇ ਪੇਂਡੂ ਵਿਕਾਸ ਫੰਡ (ਆਰ.ਡੀ.ਐਫ), ਨੈਸ਼ਨਲ ਹੈਲਥ ਮਿਸ਼ਨ, ਸੜਕ ਨਿਰਮਾਣ ਅਤੇ ਹੋਰ ਕਈ ਤਰ੍ਹਾਂ ਦੇ ਫੰਡ ਰੋਕਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਵਿਰੋਧੀ ਸੂਬੇ ਵਿਚ ਚਲਦੇ ਵਿਕਾਸ ਕਾਰਜਾਂ ਨੂੰ ਰੋਕਣਾ ਚਾਹੁੰਦੇ ਹਨ ਤੇ ਉਨ੍ਹਾਂ ਦੇ ਕਹਿਣ 'ਤੇ ਹੀ ਕੇਂਦਰੀ ਫੰਡਾਂ 'ਚ ਅੜਿੱਕੇ ਪਾਏ ਜਾ ਰਹੇ ਹਨ।

ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪਿਛਲੀਆਂ ਅਕਾਲੀ ਤੇ ਕਾਂਗਰਸ ਸਰਕਾਰਾਂ ਨੇ ਪੰਜਾਬ ਦੀ ਭਲਾਈ ਲਈ ਕੁਝ ਨਹੀਂ ਕੀਤਾ। ਉਧਰ, ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਡਬਲ ਇੰਜਣ' ਸਰਕਾਰਾਂ ਬਣਾਉਣ ਦੇ ਦਾਅਵੇ ਕਰਨ ਵਾਲੇ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਲਈ ਰੇਲਗੱਡੀਆਂ ਦੇਣ ਤੋਂ ਵੀ ਭੱਜ ਗਏ ਹਨ। ਕੇਜਰੀਵਾਲ ਤੇ ਮਾਨ ਇਥੇ ਮੌੜ ਮੰਡੀ ਦੇ ਬਾਹਰਵਾਰ 'ਵਿਕਾਸ ਕ੍ਰਾਂਤੀ ਰੈਲੀ' ਨੂੰ ਸੰਬੋਧਨ ਕਰ ਰਹੇ ਸਨ। 'ਆਪ' ਸੁਪਰੀਮੋ ਨੇ ਬਠਿੰਡਾ ਨੂੰ ਵੱਡਾ ਤੋਹਫ਼ਾ ਦਿੰਦਿਆਂ 1125 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਐਲਾਨ ਕੀਤਾ।

ਕੇਜਰੀਵਾਲ ਨੇ ਕਿਹਾ, ''ਸਾਰੀਆਂ ਪਾਰਟੀਆਂ (ਸੂਬੇ 'ਚ ਚੱਲ ਰਹੇ ਵਿਕਾਸ ਕਾਰਜਾਂ ਤੋਂ) ਪਰੇਸ਼ਾਨ ਹਨ ਤੇ ਸਾਡੇ ਖਿਲਾਫ ਖੜ੍ਹ ਗਈਆਂ ਹਨ। ਇਨ੍ਹਾਂ ਹੁਣ ਇਕੱਠੇ ਹੋ ਕੇ ਕੇਂਦਰ ਸਰਕਾਰ ਤੱਕ ਪਹੁੰਚ ਕਰਦਿਆਂ ਸਾਡੇ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਰੋਕਣ ਲਈ ਕਿਹਾ ਹੈ। ਉਨ੍ਹਾਂ ਕੇਂਦਰ ਨੂੰ ਕਿਹਾ ਕਿ 'ਆਪ' ਨੂੰ ਕੰਮ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਜੇਕਰ ਉਹ (ਆਪ) ਏਨਾ ਕੰਮ ਕਰ ਦੇਣਗੇ ਤਾਂ ਅਸੀਂ (ਵਿਰੋਧੀ ਪਾਰਟੀਆਂ) ਬਰਬਾਦ ਹੋ ਜਾਵਾਂਗੇ।'' ਕੇਜਰੀਵਾਲ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੰਜਾਬ ਨੂੰ ਸਿਹਤ ਲਈ ਮਿਲਦੇ ਫੰਡ ਰੋਕ ਦਿੱਤੇ ਪਰ ਮਾਨ ਸਰਕਾਰ ਨੇ ਕਈ ਥਾਵਾਂ 'ਤੇ ਮੁਹੱਲਾ ਕਲੀਨਿਕ ਖੋਲ੍ਹ ਦਿੱਤੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਮੰਡੀਆਂ ਵਿਚ ਸੜਕਾਂ ਦੇ ਨਿਰਮਾਣ ਲਈ ਦਿਹਾਤੀ ਵਿਕਾਸ ਫੰਡ ਤਹਿਤ ਮਿਲਦੇ 5500 ਕਰੋੜ ਰੁਪਏ ਵੀ ਰੋਕ ਰੱਖੇ ਹਨ।



ਉਨ੍ਹਾਂ ਕੇਂਦਰ ਸਰਕਾਰ 'ਤੇ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਯਾਤਰੂਆਂ ਲਈ ਰੇਲਗੱਡੀਆਂ ਮੁਹੱਈਆ ਕਰਵਾਉਣ ਤੋਂ ਭੱਜਣ ਦਾ ਵੀ ਦੋਸ਼ ਲਾਇਆ। ਉਨ੍ਹਾਂ ਕਿਹਾ, ''ਪੰਜਾਬ ਦੇ ਲੋਕਾਂ ਨੂੰ ਨਾਂਦੇੜ ਸਾਹਿਬ ਤੇ ਪਟਨਾ ਸਾਹਿਬ ਮੱਥਾ ਟੇਕਣ ਜਾਣ ਤੋਂ ਵੀ ਰੋਕਿਆ ਜਾ ਰਿਹਾ ਹੈ। ਜੇਕਰ ਤੁਸੀਂ ਕਿਸੇ ਨੂੰ ਤੀਰਥ ਯਾਤਰਾ ਤੋਂ ਰੋਕੋਗੇ ਤਾਂ ਭਗਵਾਨ ਵੀ ਤੁਹਾਨੂੰ ਮੁਆਫ ਨਹੀਂ ਕਰੇਗਾ।'' ਉਨ੍ਹਾਂ ਪੰਜਾਬ ਸਰਕਾਰ ਵੱਲੋਂ ਬਠਿੰਡਾ 'ਚ ਨਵੇਂ ਬੱਸ ਅੱਡੇ ਦੀ ਉਸਾਰੀ, ਸਿਵਲ ਹਸਪਤਾਲ, ਆਡੀਟੋਰੀਅਮ, ਰਿੰਗ ਰੋਡ, ਵਾਟਰ ਟਰੀਟਮੈਂਟ ਪਲਾਂਟ ਆਦਿ ਲਈ 1125 ਕਰੋੜ ਰੁਪਏ ਦਾ ਪੈਕੇਜ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਜਦੋਂ ਵਹੀ ਖਾਤੇ ਚੈੱਕ ਕੀਤੇ ਗਏ ਤਾਂ ਪਤਾ ਲੱਗਿਆ ਕਿ ਤਤਕਾਲੀ ਸਰਕਾਰਾਂ 10 ਰੁਪਏ ਦਾ ਕੰਮ 100 ਰੁਪਏ ਵਿਚ ਕਰਵਾਉਂਦੀਆਂ ਸਨ, ਜਦਕਿ 'ਆਪ' ਸਰਕਾਰਾਂ ਦਿੱਲੀ ਤੇ ਪੰਜਾਬ ਵਿਚ ਉਹੀ ਕੰਮ ਸਿਰਫ 8 ਰੁਪਏ 'ਚ ਕਰਵਾ ਰਹੀਆਂ ਹਨ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਸਪੱਸ਼ਟ ਹੈ ਕਿ ਲੋਕ ਸਭਾ ਚੋਣਾਂ 'ਚ 'ਆਪ' ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਜਿੱਤ ਦਰਜ ਕਰੇਗੀ।

ਉਧਰ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਸੰਬੋਧਨ 'ਚ ਅਕਾਲੀ ਦਲ, ਭਾਜਪਾ ਅਤੇ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਰਾਜ ਸਰਕਾਰ ਕੋਲ ਪੈਸੇ ਦੀ ਕੋਈ ਕਮੀ ਨਹੀਂ। ਉਨ੍ਹਾਂ ਕਿਹਾ ਕਿ ਬਠਿੰਡਾ ਜ਼ਿਲ੍ਹੇ ਅੰਦਰ 13 ਨਵੇਂ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ, 7 ਨਵੇਂ ਸਰਕਾਰੀ ਹਾਈ ਸਕੂਲ ਬਣਾਏ ਜਾਣਗੇ।

### ਹੱਕ ਮੰਗਾਂਗੇ, ਕੇਂਦਰ ਅੱਗੇ ਹੱਥ ਨਹੀਂ ਅੱਡਾਂਗੇ: ਮਾਨ

**ਮੌੜ ਮੰਡੀ:** 'ਤੀਰਥ ਯਾਤਰਾ ਸਕੀਮ' ਦੇ ਹਵਾਲੇ ਨਾਲ ਕੇਂਦਰ ਸਰਕਾਰ 'ਤੇ ਚੁਟਕੀ ਲੈਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਚੋਣਾਂ ਵਿਚ ਥਾਂ-ਥਾਂ ਲੋਕਾਂ ਨੂੰ 'ਡਬਲ ਇੰਜਣ' ਦੀ ਸਰਕਾਰ ਬਣਾਉਣ ਦੀਆਂ ਅਪੀਲਾਂ ਕਰਨ ਵਾਲਿਆਂ ਕੋਲ ਰੇਲਗੱਡੀਆਂ ਲਈ ਇੰਜਣ ਨਹੀਂ, ਸਰਕਾਰਾਂ ਲਈ ਇੰਜਣ ਕਿੱਥੋਂ ਦੇਣਗੇ? ਉਨ੍ਹਾਂ ਕਿਹਾ, "ਅਸੀਂ ਹੱਕ ਮੰਗਾਂਗੇ ਪਰ ਕੇਂਦਰ ਸਰਕਾਰ ਅੱਗੇ ਹੱਥ ਨਹੀਂ ਅੱਡਾਂਗੇ।" ਰੈਲੀ ਦੌਰਾਨ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਿੰਡ ਭੰਡੂਕੇ ਦੇ ਸ਼ਹੀਦ ਅਮਰੀਕ ਸਿੰਘ ਦੇ ਪਿਤਾ ਗੁਰਜੰਟ ਸਿੰਘ ਨੂੰ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ। ਭਾਰਤੀ ਸੈਨਾ ਦਾ ਜਵਾਨ ਅਮਰੀਕ ਸਿੰਘ ਯੂ.ਪੀ. ਦੇ ਝਾਂਸੀ ਵਿਚ ਡਿਊਟੀ ਦੌਰਾਨ ਸ਼ਹੀਦ ਹੋ ਗਿਆ ਸੀ।

ਪੰਜਾਬ ਟਾਈਮਜ਼

ਸ਼ਨਿਚਰਵਾਰ, 23 ਦਸੰਬਰ, 2023

# ਪੰਜਾਬ ਦੀ ਸਿਆਸਤ

ਪੰਜਾਬ ਦੀ ਸਿਆਸਤਪੰਜਾਬ ਵਿਚ ਵੀ ਹੁਣ ਅਗਲੀਆਂ ਲੋਕ ਸਭਾ ਚੋਣਾਂ ਦੀ ਪੈੜਚਾਲ ਸਪਸ਼ਟ ਸੁਣਾਈ ਦੇਣ ਲੱਗੀ ਹੈ। ਜਿਉਂ-ਜਿਉਂ ਇਹ ਚੋਣਾਂ ਨੇੜੇ ਢੁੱਕ ਰਹੀਆਂ ਹਨ, ਮੁਲਕ ਦੀ ਸਿਆਸਤ ਵਾਂਗ ਪੰਜਾਬ ਦੀ ਸਿਆਸਤ ਵੀ ਭਖਣ ਲੱਗੀ ਹੈ। ਪਿਛਲੇ ਕਾਫੀ ਸਮੇਂ ਤੋਂ ਕਈ ਤਰ੍ਹਾਂ ਦੀਆਂ ਪਛਾੜਾਂ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹੁਣ ਨਵੀਂ ਰਣਨੀਤੀ ਘੜਨ ਲਈ ਅਹੁਲਦੇ ਜਾਪਦੇ ਹਨ। ਯਾਦ ਰਹੇ ਕਿ ਬੇਅਦਬੀ ਦੀਆਂ ਘਟਨਾਵਾਂ ਅਤੇ ਇਸ ਤੋਂ ਬਾਅਦ ਦੋਸ਼ੀਆਂ ਪ੍ਰਤੀ ਸ਼੍ਰੋਮਣੀ ਅਕਾਲੀ ਦਲ ਦੇ ਢਿੱਲੇ ਰਵੱਈਏ ਕਾਰਨ ਪੰਜਾਬ ਦੇ ਲੋਕਾਂ, ਖਾਸ ਕਰ ਕੇ ਬਹੁਤੇ ਸਿੱਖਾਂ ਦਾ ਅਕਾਲੀ ਦਲ ਤੋਂ ਮੋਹ-ਭੰਗ ਹੋ ਗਿਆ ਸੀ। ਇਸੇ ਕਰ ਕੇ ਸਾਲ 2017 ਤੇ 2022 ਵਾਲੀਆਂ ਵਿਧਾਨ ਸਭਾ ਅਤੇ 2019 ਵਾਲੀਆਂ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਨੁਕਸਾਨ ਝੱਲਣਾ ਪਿਆ। ਲੋਕਾਂ ਦਾ ਇਸ ਦਲ ਪ੍ਰਤੀ ਗੁੱਸਾ ਇੰਨਾ ਜ਼ਿਆਦਾ ਵਧਿਆ ਹੋਇਆ ਸੀ ਕਿ ਕਿਸਾਨ ਅੰਦੋਲਨ ਦੌਰਾਨ ਇਸ ਨੂੰ ਢਾਈ ਦਹਾਕਿਆਂ ਤੋਂ ਆਪਣੀ ਭਾਈਵਾਲ ਜਥੇਬੰਦੀ, ਭਾਰਤੀ ਜਨਤਾ ਪਾਰਟੀ ਤੋਂ ਤੋੜ-ਵਿਛੋੜਾ ਕਰਨਾ ਪਿਆ। ਅਸਲ ਵਿਚ ਜਦੋਂ ਕਿਸਾਨ ਅੰਦੋਲਨ ਸ਼ੁਰੂ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਮੋਦੀ ਸਰਕਾਰ ਵੱਲੋਂ ਲਿਆਂਦੇ ਖੇਤੀ ਆਰਡੀਨੈਂਸਾਂ ਜੋ ਬਾਅਦ ਵਿਚ ਸੰਸਦ ਵਿਚੋਂ ਪਾਸ ਹੋਣ ਕਰ ਕੇ ਕਾਨੂੰਨ ਬਣ ਗਏ ਸਨ, ਦੇ ਹੱਕ ਵਿਚ ਸੀ। ਇਸ ਨੇ ਸੰਸਦ ਵਿਚ ਵੀ ਇਨ੍ਹਾਂ ਖੇਤੀ ਬਿੱਲਾਂ ਦੀ ਹਮਾਇਤ ਕੀਤੀ ਸੀ ਪਰ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦਾ ਜ਼ੋਰ ਪੈਣ ਕਾਰਨ ਪਹਿਲਾਂ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਵਜ਼ਾਰਤ ਛੱਡਣੀ ਪਈ ਅਤੇ ਫਿਰ ਭਾਰਤੀ ਜਨਤਾ ਪਾਰਟੀ ਨਾਲੋਂ ਤੋੜ-ਵਿਛੋੜਾ ਕਰਨਾ ਪਿਆ।

ਇਹ ਵੀ ਤੱਥ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਕੁਝ ਆਗੂ 2017 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨਾਲੋਂ ਨਾਤਾ ਤੋੜ ਕੇ ਆਜ਼ਾਦ ਤੌਰ 'ਤੇ ਸਿਆਸੀ ਪਿੜ ਵਿਚ ਵਿਚਰਨ ਲਈ ਜ਼ੋਰ ਲਾ ਰਹੇ ਸਨ। ਉਦੋਂ ਸੂਬੇ ਅੰਦਰ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਸੀ। ਭਾਰਤੀ ਜਨਤਾ ਪਾਰਟੀ ਦੇ ਕੁਝ ਕੇਂਦਰੀ ਆਗੂ ਵੀ ਇਹੀ ਚਾਹੁੰਦੇ ਸਨ ਕਿ ਪੰਜਾਬ ਵਿਚ ਆਪਣੇ ਬਲਬੂਤੇ ਸਿਆਸਤ ਕੀਤੀ ਜਾਵੇ। ਸ਼ਾਇਦ ਇਸੇ ਕਰ ਕੇ ਹੀ ਭਾਰਤੀ ਜਨਤਾ ਪਾਰਟੀ ਦੇ ਵੱਡੇ ਲੀਡਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਨੂੰ ਗੌਲਣਾ ਘਟਾ ਦਿੱਤਾ। ਉਂਝ ਵੀ ਸ਼੍ਰੋਮਣੀ ਅਕਾਲੀ ਦਲ ਵਿਚ ਜੋ ਰੁਤਬਾ ਪ੍ਰਕਾਸ਼ ਸਿੰਘ ਬਾਦਲ ਨੇ ਹਾਸਲ ਕੀਤਾ ਹੋਇਆ ਸੀ, ਉਨ੍ਹਾਂ ਦਾ ਪੁੱਤਰ ਸੁਖਬੀਰ ਸਿੰਘ ਬਾਦਲ ਉਨ੍ਹਾਂ ਦੇ ਕਿਤੇ ਨੇੜੇ-ਤੇੜੇ ਵੀ ਨਹੀਂ ਸੀ ਪੁੱਜਦਾ। ਨਾਲੇ ਸੁਖਬੀਰ ਸਿੰਘ ਬਾਦਲ ਨੂੰ ਦਲ ਦੀ ਕਮਾਨ ਸੌਂਪੇ ਜਾਣ ਕਾਰਨ ਦਲ ਦੇ ਕੁਝ ਸੀਨੀਅਰ ਅਤੇ ਬਜ਼ੁਰਗ ਆਗੂ ਵਾਹਵਾ ਔਖੇ ਸਨ। ਇਸੇ ਕਰ ਕੇ ਹੀ ਵੱਖ-ਵੱਖ ਸਮਿਆਂ ਦੌਰਾਨ ਸੀਨੀਅਰ ਆਗੂ ਦਲ ਨਾਲੋਂ ਵੱਖ ਹੁੰਦੇ ਰਹੇ ਪਰ ਆਪਣੀ ਵੱਖਰੀ ਹੋਂਦ ਬਣਾਉਣ ਵਿਚ ਨਾਕਾਮ ਰਹੇ। ਇਨ੍ਹਾਂ ਹਾਲਾਤ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਸੁਖਦੇਵ ਸਿੰਘ ਢੀਂਡਸਾ ਵਰਗੇ ਸੀਨੀਅਰ ਲੀਡਰਾਂ ਨਾਲ ਤਾਲਮੇਲ ਵਧਾ ਦਿੱਤਾ।

2022 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਦੀ ਸਿਆਸਤ ਦਾ ਪਿੜ ਕਾਫੀ ਬਦਲ ਗਿਆ ਹੈ। ਇਨ੍ਹਾਂ ਚੋਣਾਂ ਵਿਚ ਪੰਜਾਬ ਦੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਨੂੰ ਸੂਬੇ ਦੀ ਕਮਾਨ ਸੌਂਪਣ ਦੀ ਥਾਂ ਆਮ ਆਦਮੀ ਪਾਰਟੀ ਨੂੰ ਮਿਸਾਲੀ 92 ਸੀਟਾਂ ਜਿਤਾ ਦਿੱਤੀਆਂ। ਇਸ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਸੂਬੇ ਅੰਦਰ ਆਪਣਾ ਅਸਰ ਵਧਾਉਣ ਦੀ ਕੋਸ਼ਿਸ਼ ਕੀਤੀ। ਵੱਖ-ਵੱਖ ਪਾਰਟੀਆਂ ਦੇ ਨਾਰਾਜ਼ ਹੋਏ ਵੱਡੇ ਲੀਡਰਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਦੀ ਮੁਹਿੰਮ ਚਲਾਈ। ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਹੋਰ ਪਾਰਟੀਆਂ ਤੋਂ ਆ ਰਹੇ ਇਨ੍ਹਾਂ ਆਗੂਆਂ ਦਾ ਵਿਰੋਧ ਤਾਂ ਕੀਤਾ ਪਰ ਕੇਂਦਰੀ ਲੀਡਰਸ਼ਿਪ ਦੀ ਘੁਰਕੀ ਕਾਰਨ ਖਾਮੋਸ਼ ਹੋ ਗਏ। ਹੁਣ ਪਿਛਲੇ ਕੁਝ ਸਮੇਂ ਤੋਂ ਹਾਲਾਤ ਇਹ ਬਣ ਰਹੇ ਕਿ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਦੀਆਂ ਕਨਸੋਆਂ ਪੈਂਦੀਆਂ ਰਹਿੰਦੀਆਂ ਹਨ ਪਰ ਮਾਮਲਾ ਅਜੇ ਤੱਕ ਕਿਸੇ ਤਣ-ਪੱਤਣ ਨਹੀਂ ਲੱਗਿਆ। ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੇਅਦਬੀ ਦੇ ਮਾਮਲੇ ਵਿਚ ਜਿਸ ਢੰਗ ਨਾਲ ਪੰਥ ਤੋਂ ਮੁਆਫੀ ਮੰਗੀ ਗਈ ਹੈ, ਉਸ ਨਾਲ ਸੂਬੇ ਵਿਚ ਸਿਆਸਤ, ਖਾਸ ਕਰ ਕੇ ਅਕਾਲੀ ਸਿਆਸਤ ਭਖ ਗਈ ਹੈ। ਇਸ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਨੇ ਵੀ ਸਰਗਰਮੀ ਫੜ ਲਈ ਹੈ। ਭਾਰਤੀ ਜਨਤਾ ਪਾਰਟੀ ਨਾਲ ਲਗਾਤਾਰ ਸੰਪਰਕ ਰੱਖਣ ਵਾਲੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਵੀ ਅਕਾਲੀਆਂ ਦੇ ਏਕੇ ਦੇ ਹੋਕੇ ਨੂੰ ਹੁੰਗਾਰਾ ਭਰਨ ਦੇ ਸੰਕੇਤ ਦਿੱਤੇ ਹਨ। ਇਸ ਆਧਾਰ 'ਤੇ ਹੀ ਸਿਆਸੀ ਮਾਹਿਰ ਇਹ ਕਿਆਸਆਰਾਈਆਂ ਲਾ ਰਹੇ ਹਨ ਕਿ ਹੁਣ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਤਾਲਮੇਲ ਲਈ ਰਾਹ ਪੱਧਰਾ ਹੋ ਸਕਦਾ ਹੈ ਕਿਉਂਕਿ ਹੁਣ ਇਨ੍ਹਾਂ ਦੋਹਾਂ ਧਿਰਾਂ ਨੂੰ ਚਾਨਣ ਹੋ ਗਿਆ ਹੈ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੇ ਪ੍ਰਭਾਵ ਨੂੰ ਤੋੜਨ ਲਈ ਇਕੱਠੇ ਹੋ ਕੇ ਕੁਝ ਸੌਰ ਸਕਦਾ ਹੈ।

ਕੁਝ ਵੀ ਹੋਵੇ, ਨਵਾਂ ਸਾਲ ਪੰਜਾਬ ਲਈ ਨਵਾਂ ਸਿਆਸੀ ਪਿੜ ਲੈ ਕੇ ਆ ਰਿਹਾ ਹੈ। ਆਪਣੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਕੁਝ ਖਾਸ ਨਹੀਂ ਕਰ ਸਕੀ ਹੈ। ਪੰਜਾਬ ਅੱਜ ਵੀ ਉਨ੍ਹਾਂ ਹੀ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਕੁਝ ਮਾਹਿਰ ਤਾਂ ਆਖ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲੀਆਂ ਸਰਕਾਰਾਂ ਨਾਲੋਂ ਵੀ ਨਖਿਧ ਸਾਬਤ ਹੋਵੇਗੀ ਕਿਉਂਕਿ ਸਾਰੇ ਫੈਸਲੇ ਤਾਂ ਦਿੱਲੀ ਵਾਲੇ ਲੀਡਰ ਕਰ ਰਹੇ ਹਨ। ਜ਼ਾਹਿਰ ਹੈ ਕਿ ਆਉਣ ਵਾਲਾ ਸਮਾਂ ਪੰਜਾਬ ਦੀ ਸਿਆਸਤ ਲਈ ਬੜਾ ਅਹਿਮ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਗਲਤੀਆਂ ਕਿ ਬੱਜਰ ਗੁਨਾਹ

ਕਰਦਾ 'ਨਾਟਕ' ਨਵੇਂ ਅੱਖੀਂ ਘੱਟਾ ਪਾਉਣ ਵਾਲ਼ੇ ਲੋਕ-ਮਨਾਂ ਵਿੱਚੋਂ ਦੇਖੋ ਦਿਨੋ ਦਿਨ ਲਹੀ ਜਾਂਦਾ।
ਢੀਠਾਂ ਤੇ ਮੱਕਾਰਾਂ ਵਾਂਗ ਕਰੇ ਨਿੱਤ ਬਿਆਨਬਾਜ਼ੀ 'ਕਿਲਾ' ਹੰਕਾਰ ਵਾਲ਼ਾ ਭਾਵੇਂ ਸਾਹਵੇਂ ਢਹੀ ਜਾਂਦਾ।
'ਕੱਖੋਂ ਹੌਲ਼ਾ' ਕਰ ਜਿਵੇਂ ਬਾਪ ਤਾਈਂ 'ਤੋਰਿਆ' ਸੀ ਓਦਾਂ ਹੁਣ ਪਾਰਟੀ ਦੀ ਫੇਰੀ 'ਯਹੀ-ਤਹੀ' ਜਾਂਦਾ।
ਆਉਂਦੀਆਂ ਅਵਾਜ਼ਾਂ ਅਸਤੀਫੇ ਦੀਆਂ ਸੁਣਦਾ ਨਾ ਸ਼੍ਰੋਮਣੀ ਕਮੇਟੀ ਦਿਆਂ 'ਮੋਢਿਆਂ' 'ਤੇ ਬਹੀ ਜਾਂਦਾ।
ਮੰਨਦਾ ਵਿਰੋਧੀ ਦਿਲੋਂ 'ਦਲ' ਦੇ ਹਮਾਇਤੀਆਂ ਨੂੰ 'ਜੀ-ਹਜ਼ੂਰੀਆਂ' ਦੀ ਦਿੱਤੀ ਚੁੱਕ ਮੰਨੀ ਸਹੀ ਜਾਂਦਾ।
'ਰਾਜ-ਭਾਗ' ਵੇਲੇ ਕੀਤੇ 'ਬੱਜਰ ਗੁਨਾਹਾਂ' ਤਾਈਂ 'ਜਾਣੇ ਅਣਜਾਣੇ' ਹੋਈ 'ਗਲਤੀ' ਹੀ ਕਹੀ ਜਾਂਦਾ!

# ਸੰਸਦ ਵਿਚ 'ਰੰਗ ਖਿਡਾਉਣ' ਵਾਲੇ ਨੌਜਵਾਨ ਕੀ ਕਹਿਣਾ ਚਾਹੁੰਦੇ...

*ਇਹ ਅੱਜ ਦੀ ਭਾਰਤੀ ਸਿਆਸਤ ਦੀ ਸਿਤਮਜ਼ਰੀਫੀ ਹੀ ਮੰਨੀ ਜਾਵੇਗੀ ਕਿ ਨੌਜਵਾਨਾਂ ਦੇ ਰੋਸ ਪ੍ਰਦਰਸ਼ਨ ਨੂੰ ਸੱਤਾ ਧਿਰ ਅਤੇ ਵਿਰੋਧੀ ਧਿਰ, ਦੋਹਾਂ ਨੇ ਹੀ 'ਸੁਰੱਖਿਆ ਵਿਚ ਸੰਨ੍ਹ' ਦਾ ਮਸਲਾ ਬਣਾ ਦਿੱਤਾ ਹੈ। ਇਨ੍ਹਾਂ ਹਾਲਾਤ ਬਾਰੇ ਚਰਚਾ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਇਸ ਲੇਖ ਵਿਚ ਕੀਤੀ ਹੈ।*

13 ਦਸੰਬਰ ਨੂੰ ਨਵੇਂ ਸੰਸਦ ਭਵਨ ਵਿਚ ਇਜਲਾਸ ਦੌਰਾਨ ਦੋ ਨੌਜਵਾਨਾਂ ਸਾਗਰ ਸ਼ਰਮਾ ਅਤੇ ਮਨੋਰੰਜਨ ਡੀ ਵੱਲੋਂ ਦਰਸ਼ਕ ਗੈਲਰੀ ਵਿਚੋਂ ਛਾਲਾਂ ਮਾਰ ਕੇ 'ਕੇਨ' ਰਾਹੀਂ ਰੰਗ ਖਿਡਾਉਣ ਅਤੇ ਨਾਅਰੇਬਾਜ਼ੀ ਕਰਨ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਨ੍ਹਾਂ ਨੌਜਵਾਨਾਂ ਕੋਲ ਕੋਈ ਮਾਰੂ ਹਥਿਆਰ ਨਹੀਂ ਸੀ ਤੇ ਉਨ੍ਹਾਂ ਦੇ ਫੈਲਾਏ ਰੰਗ ਕਿਸੇ ਵੀ ਪੱਖੋਂ ਜਾਨਲੇਵਾ ਜਾਂ ਜ਼ਹਿਰੀਲੇ ਨਹੀਂ ਸਨ; ਸਾਫ ਜ਼ਾਹਿਰ ਹੈ ਕਿ ਨੌਜਵਾਨ ਆਪਣੀ ਗੱਲ ਸਰਕਾਰ ਅਤੇ ਮੀਡੀਆ ਤੱਕ ਪਹੁੰਚਾਉਣਾ ਚਾਹੁੰਦੇ ਸਨ। ਨੌਜਵਾਨਾਂ ਵੱਲੋਂ ਰੰਗ ਖਿਡਾਉਣ ਮਗਰੋਂ ਬੇਰੁਜ਼ਗਾਰੀ, ਮਹਿੰਗਾਈ, ਮਨੀਪੁਰ ਵਿਚ ਹੋ ਰਹੀ ਹਿੰਸਾ, ਤਾਨਾਸ਼ਾਹੀ ਆਦਿ ਮਾਮਲਿਆਂ 'ਤੇ ਕੀਤੀ ਨਾਅਰੇਬਾਜ਼ੀ ਤੋਂ ਸਪਸ਼ਟ ਹੈ ਕਿ ਉਹ ਸਰਕਾਰ ਦੀਆਂ ਨੀਤੀਆਂ ਖਿਲਾਫ ਰੋਸ ਪ੍ਰਦਰਸ਼ਨ ਕਰਨ ਆਏ ਸਨ ਪਰ ਮਾਮਲੇ ਦੀ ਤਹਿ ਤੱਕ ਜਾਏ ਬਗੈਰ ਭਾਰਤੀ ਮੀਡੀਆ ਨੇ ਹਾਕਮ ਜਮਾਤ ਵੱਲੋਂ ਘੜੇ ਬਿਰਤਾਂਤ ਤਹਿਤ ਇਸ ਮਾਮਲੇ ਨੂੰ ਦੇਸ਼ ਦੀ ਸੁਰੱਖਿਆ ਵਿਚ ਸੰਨ੍ਹ ਲਾਉਣ ਦੇ ਤੌਰ 'ਤੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਨੌਜਵਾਨਾਂ ਵੱਲੋਂ ਰੰਗ ਫੈਲਾਉਣ ਤੋਂ ਬਾਅਦ ਲਗਾਏ ਨਾਅਰਿਆਂ ਦੀ ਕਿਧਰੇ ਚਰਚਾ ਨਹੀਂ ਛਿੜੀ ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਦੇਸ਼ ਦੇ ਆਪਣੇ ਹੀ ਨੌਜਵਾਨਾਂ ਦੇ ਇਸ ਰੋਸ ਪ੍ਰਦਰਸ਼ਨ ਤੋਂ ਤੁਰੰਤ ਬਾਅਦ ਭਾਰਤੀ ਮੀਡੀਆ ਵੱਲੋਂ ਇਸ ਨੂੰ 'ਦਹਿਸ਼ਤੀ ਹਮਲਾ' ਕਰਾਰ ਦੇਣਾ ਇੰਨਾ ਹੈਰਾਨੀਜਨਕ ਨਹੀਂ ਜਿੰਨਾ ਹੈਰਾਨੀਜਨਕ ਇਹ ਹੈ ਕਿ ਕੁਝ ਲੋਕ ਪੱਖੀ ਕਹਾਉਣ ਵਾਲੇ ਬੁੱਧੀਜੀਵੀਆਂ, ਸੰਸਦੀ ਖੱਬਿਆਂ ਅਤੇ ਲੋਕ ਪੱਖੀ ਮੀਡੀਆ ਅਦਾਰੇ ਹੋਣ ਦਾ ਦਾਅਵਾ ਕਰਨ ਵਾਲੇ ਅਖਬਾਰਾਂ ਨੇ ਇਸ ਰੋਸ ਪ੍ਰਦਰਸ਼ਨ ਨੂੰ ਸੁਰੱਖਿਆ ਵਿਚ ਸੰਨ੍ਹ ਅਤੇ ਦਹਿਸ਼ਤੀ ਹਮਲੇ ਨਾਲ ਜੋੜ ਕੇ ਸੱਤਾ ਨੂੰ ਸੂਤ ਬੈਠਦਾ ਬਿਰਤਾਂਤ ਸਿਰਜਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ।

ਦਿੱਲੀ ਪੁਲਿਸ ਇਸ ਮਾਮਲੇ ਵਿਚ ਕਥਿਤ ਸ਼ਮੂਲੀਅਤ ਲਈ ਹੁਣ ਤੱਕ ਛੇ ਨੌਜਵਾਨਾਂ ਸਾਗਰ ਸ਼ਰਮਾ, ਮਨੋਰੰਜਨ ਡੀ, ਅਮੋਲ ਸ਼ਿੰਦੇ, ਨੀਲਮ ਦੇਵੀ, ਲਲਿਤ ਝਾਅ ਅਤੇ ਮਹੇਸ਼ ਕੁਮਾਵਤ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ.ਏ.ਪੀ.ਏ.) ਤਹਿਤ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਉਸ ਦਿਨ ਸਾਗਰ ਅਤੇ ਮਨੋਰੰਜਨ ਨੇ ਕੇਨ ਨਾਲ ਰੰਗ ਉਡਾਉਂਦੇ ਹੋਏ ਨਾਅਰੇ ਲਾਏ ਸਨ। ਉਸੇ ਵੇਲੇ ਸੰਸਦ ਭਵਨ ਦੇ ਬਾਹਰ ਖੜ੍ਹੇ ਸ਼ਿੰਦੇ ਤੇ ਨੀਲਮ ਨੇ ਨਾਅਰੇ ਲਾਏ ਅਤੇ ਲਲਿਤ ਝਾਅ ਨੇ ਇਸ ਮਾਮਲੇ ਨੂੰ ਮੋਬਾਈਲ ਫੋਨ ਉਤੇ ਰਿਕਾਰਡ ਕਰ ਕੇ ਸੋਸ਼ਲ ਮੀਡੀਆ ਉਤੇ ਅਪਲੋਡ ਕੀਤਾ ਸੀ। ਪੁਲਿਸ ਨੇ ਨੌਜਵਾਨਾਂ 'ਤੇ ਮੋਬਾਈਲ ਫੋਨ ਨੂੰ ਅੱਗ ਲਾਉਣ ਦੇ ਦੋਸ਼ ਹੇਠ ਸਬੂਤ ਮਿਟਾਉਣ ਨਾਲ ਜੁੜੀਆਂ ਆਈ.ਪੀ.ਸੀ. ਦੀਆਂ ਧਾਰਾਵਾਂ ਵੀ ਜੋੜ ਦਿੱਤੀਆਂ ਹਨ। ਇਨ੍ਹਾਂ ਵਿਚੋਂ ਕਿਸੇ ਵੀ ਨੌਜਵਾਨ ਦਾ ਅਪਰਾਧਿਕ ਪਿਛੋਕੜ ਨਹੀਂ ਬਲਕਿ ਇਨ੍ਹਾਂ ਦਾ ਪਿਛੋਕੜ ਮਿਹਨਤਕਸ਼ ਮਜ਼ਦੂਰ, ਕਿਸਾਨ ਪਰਿਵਾਰਾਂ ਵਾਲਾ ਹੈ। ਇਨ੍ਹਾਂ ਨੇ ਪੋਸਟ ਗਰੈਜੂਏਸ਼ਨ ਤੱਕ ਦੀ ਪੜ੍ਹਾਈ ਕੀਤੀ ਹੋਈ ਹੈ। ਇਹ ਪ੍ਰਭਾਵ ਨਜ਼ਰ ਆ ਰਿਹਾ ਹੈ ਕਿ ਬੇਰੁਜ਼ਗਾਰੀ, ਮਹਿੰਗਾਈ ਤੋਂ ਅੱਕੇ ਅਤੇ ਸ਼ਹੀਦ ਭਗਤ ਸਿੰਘ ਤੋਂ ਪ੍ਰਭਾਵਿਤ ਇਹ ਨੌਜਵਾਨ ਰੋਸ ਪ੍ਰਦਰਸ਼ਨ ਲਈ ਗਏ ਸਨ। ਹਰਿਆਣਾ ਦੇ ਪਿੰਡ ਘਾਸੋ ਖੁਰਦ ਦੀ ਨੀਲਮ ਕਿਸਾਨ ਅੰਦੋਲਨ ਅਤੇ ਮਹਿਲਾ ਪਹਿਲਵਾਨਾਂ ਦੇ ਸੰਘਰਸ਼ ਦੌਰਾਨ ਸਰਗਰਮ ਰਹੀ ਹੈ। ਉਹ ਸ਼ਹੀਦ ਭਗਤ ਸਿੰਘ ਤੋਂ ਪ੍ਰਭਾਵਿਤ ਸੀ। ਕਿਸਾਨ, ਮਜ਼ਦੂਰ ਜਥੇਬੰਦੀਆਂ ਦੀ ਅਗਵਾਈ ਹੇਠ ਉਸ ਦੇ ਪਿੰਡ ਘਾਸੋ ਖੁਰਦ ਵਿਚ ਸੈਂਕੜੇ ਲੋਕਾਂ ਨੇ ਉਸ ਦੀ ਰਿਹਾਈ ਲਈ ਰੋਸ ਮਾਰਚ ਕੀਤਾ। ਯੂ.ਏ.ਪੀ.ਏ. ਵਰਗਾ ਸਖਤ ਕਾਨੂੰਨ ਅਹਿੰਸਕ ਰੋਸ ਪ੍ਰਦਰਸ਼ਨ ਕਰਨ ਵਾਲੇ ਨੌਜਵਾਨਾਂ 'ਤੇ ਥੋਪਣ ਦੀ ਕੋਈ ਵਾਜਬੀਅਤ ਨਹੀਂ। ਸਰਕਾਰ ਨੇ ਯੂ.ਏ.ਪੀ.ਏ. ਵਰਗਾ ਕਾਨੂੰਨ ਥੋਪਣ ਲਈ ਅਹਿੰਸਕ ਰੋਸ ਪ੍ਰਦਰਸ਼ਨ ਨੂੰ ਜਾਣ-ਬੁੱਝ ਕੇ ਸਨਸਨੀਖੇਜ਼ ਬਣਾ ਕੇ ਸੁਰੱਖਿਆ ਲਈ ਖਤਰੇ ਦਾ ਝੂਠਾ ਬਿਰਤਾਂਤ ਸਿਰਜਿਆ ਗਿਆ ਜਿਸ ਵਿਚ ਵਿਰੋਧੀ ਧਿਰਾਂ ਵੀ ਭਾਗੀਦਾਰ ਹਨ ਹਾਲਾਂਕਿ ਇਸ ਤਰ੍ਹਾਂ ਦਾ ਕਾਨੂੰਨ ਲਾਉਣ ਤੋਂ ਪਹਿਲਾਂ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਸੀ।



ਇਸ ਮਾਮਲੇ ਵਿਚ ਹਾਕਮ ਜਮਾਤੀ ਪਾਰਟੀਆਂ ਦਾ ਲੋਕ ਵਿਰੋਧੀ ਕਿਰਦਾਰ ਸਾਫ ਸਮਝਿਆ ਜਾ ਸਕਦਾ ਹੈ। ਚੋਣ ਸਿਆਸਤ ਵਾਲੀਆਂ ਲੱਗਭੱਗ ਸਾਰੀਆਂ ਪਾਰਟੀਆਂ ਦਾ ਇਸ ਮਾਮਲੇ ਵਿਚ ਇੱਕੋ ਜਿਹਾ ਸਟੈਂਡ ਨਜ਼ਰ ਆ ਰਿਹਾ ਹੈ। ਕਾਂਗਰਸ, ਖੱਬੇ ਪੱਖੀਆਂ ਸਮੇਤ ਤਮਾਮ ਵਿਰੋਧੀ ਧਿਰਾਂ ਨੇ ਉਨ੍ਹਾਂ ਨੌਜਵਾਨਾਂ ਵੱਲੋਂ ਉਭਾਰੇ ਮਾਮਲਿਆਂ 'ਤੇ ਜ਼ੋਰ ਦੀ ਬਜਾਇ ਇਸ ਨੂੰ ਸੁਰੱਖਿਆ ਦਾ ਮੁੱਦਾ ਬਣਾ ਕੇ ਇਸ ਤਰ੍ਹਾਂ ਦਾ ਬਿਰਤਾਂਤ ਸਿਰਜਿਆ ਜਿਵੇਂ ਕੋਈ ਬਹੁਤ ਵੱਡਾ ਹਮਲਾ ਹੋ ਗਿਆ ਹੋਵੇ। ਘਟਨਾ ਤੋਂ ਤੁਰੰਤ ਬਾਅਦ ਲੋਕ ਸਭਾ ਸਕੱਤਰੇਤ ਨੇ ਅੱਠ ਸੁਰੱਖਿਆ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਅਤੇ ਗ੍ਰਿਹ ਮੰਤਰਾਲੇ ਦੇ ਹੁਕਮਾਂ ਉੱਤੇ ਘਟਨਾ ਦੀ ਜਾਂਚ ਵੀ ਆਰੰਭ ਦਿੱਤੀ ਗਈ ਹੈ।

ਇਹ ਨੌਜਵਾਨ ਭਾਰਤੀ ਜਨਤਾ ਪਾਰਟੀ ਦੇ ਕਰਨਾਟਕ ਤੋਂ ਲੋਕ ਸਭਾ ਮੈਂਬਰ ਪ੍ਰਤਾਪ ਸਿਮਹਾ ਰਾਹੀਂ ਹਾਸਲ ਦਰਸ਼ਕ ਪਾਸਾਂ ਨਾਲ ਦਰਸ਼ਕ ਗੈਲਰੀ ਵਿਚ ਦਾਖ਼ਲ ਹੋਏ ਸਨ। ਇਹ ਜਾਣਕਾਰੀ ਸਾਹਮਣੇ ਆਉਂਦਿਆਂ ਹੀ ਵਿਰੋਧੀ ਧਿਰਾਂ ਨੇ ਮੰਗ ਕੀਤੀ ਕਿ ਭਾਜਪਾ ਸੰਸਦ ਮੈਂਬਰ ਪ੍ਰਤਾਪ ਸਿਮਹਾ ਨੂੰ ਲੋਕ ਸਭਾ 'ਚੋਂ ਮੁਅੱਤਲ ਕੀਤਾ ਜਾਵੇ ਅਤੇ ਕੁਝ ਕਹਿੰਦੇ ਕਹਾਉਂਦੇ ਫੇਸਬੁੱਕੀ ਵਿਦਵਾਨਾਂ ਨੇ ਤਾਂ ਕਾਹਲੀ-ਕਾਹਲੀ ਵਿਚ ਇਨ੍ਹਾਂ ਨੌਜਵਾਨਾਂ ਨੂੰ ਆਰ.ਐਸ.ਐਸ. ਅਤੇ ਭਾਜਪਾ ਨਾਲ ਹੀ ਜੋੜ ਦਿੱਤਾ। ਅਸਲ ਵਿਚ ਸੱਤਾਧਾਰੀ ਧਿਰ ਨਾਲ ਸਬੰਧਿਤ ਸੰਸਦ ਰਾਹੀਂ ਪਾਸ ਸੌਖਿਆਂ ਮਿਲ ਜਾਂਦਾ ਹੈ, ਇਸ ਲਈ ਸੰਭਾਵਨਾ ਹੈ ਕਿ ਉਕਤ ਨੌਜਵਾਨਾਂ ਨੇ ਭਾਜਪਾ ਸੰਸਦ ਮੈਂਬਰ ਰਾਹੀਂ ਪਾਸ ਹਾਸਲ ਕੀਤੇ ਹੋਣਗੇ।

ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀ ਬੀ.ਕੇ. ਦੱਤ ਨੇ ਅੰਗਰੇਜ਼ ਹਕੂਮਤ ਤੱਕ ਆਪਣਾ ਵਿਰੋਧ ਦਰਜ ਕਰਵਾਉਣ ਦੇ ਮੰਤਵ ਨਾਲ 8 ਅਪਰੈਲ 1929 ਨੂੰ ਅਸੈਂਬਲੀ ਵਿਚ ਇਸੇ ਤਰ੍ਹਾਂ ਦਾ 'ਧੂੰਆਂ ਬੰਬ' ਸੁੱਟਿਆ ਸੀ। ਉਸ ਸਮੇਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਧਾਰਨਾ ਸੀ ਕਿ 'ਬੋਲੇ ਕੰਨਾਂ' ਨੂੰ ਸੁਣਾਉਣ ਲਈ ਧਮਾਕਾ ਕਰਨਾ ਜ਼ਰੂਰੀ ਹੈ। ਉਨ੍ਹਾਂ ਇਨਕਲਾਬ ਜ਼ਿੰਦਾਬਾਦ ਤੇ ਸਾਮਰਾਜਵਾਦ ਮੁਰਦਾਬਾਦ ਦੇ ਨਾਅਰੇ ਲਗਾਏ ਸਨ। ਸੰਭਾਵਨਾ ਹੈ ਕਿ ਇਹ ਨੌਜਵਾਨ ਉਸੇ ਤਰਜ਼ 'ਤੇ ਕੇਂਦਰ ਸਰਕਾਰ ਤੱਕ ਆਪਣਾ ਰੋਸ ਦਰਜ ਕਰਵਾਉਣਾ ਚਾਹੁੰਦੇ ਸਨ। ਅੱਜ ਕੱਲ੍ਹ ਤਾਂ ਦੁਨੀਆਂ ਭਰ ਵਿਚ ਨੌਜਵਾਨ ਆਪਣੀ ਗੱਲ ਕਹਿਣ ਲਈ ਅਲੋਕਾਰੇ ਢੰਗ ਅਪਣਾ ਰਹੇ ਹਨ। ਪਿਛਲੇ ਦਿਨੀਂ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਮੈਚ ਦੌਰਾਨ ਅਹਿਮਦਾਬਾਦ ਦੇ ਸਟੇਡੀਅਮ ਵਿਚ ਆਸਟਰੇਲਿਆਈ ਨੌਜਵਾਨ ਨੇ ਆਪਣੀ ਟੀ-ਸ਼ਰਟ ਜ਼ਰੀਏ ਫਲਸਤੀਨ ਦੀ ਆਜ਼ਾਦੀ ਦਾ ਮਸਲਾ ਉਭਾਰਿਆ ਸੀ। ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਨੌਜਵਾਨਾਂ ਨੇ ਦੁਨੀਆ ਭਰ ਵਿਚ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਲਈ ਅਨੋਖੇ ਢੰਗ ਤਰੀਕੇ ਅਪਣਾਏ ਸਨ। ਇਰਾਕੀ ਨਾਗਰਿਕ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਦੇ ਮਾਰੀ ਜੁੱਤੀ ਨੂੰ ਇਸੇ ਪ੍ਰਸੰਗ ਵਿਚ ਦੇਖਿਆ ਜਾ ਸਕਦਾ ਹੈ।

ਵਿਰੋਧੀ ਧਿਰਾਂ ਪ੍ਰਧਾਨ ਮੰਤਰੀ ਅਤੇ ਗ੍ਰਿਹ ਮੰਤਰੀ ਤੋਂ ਸੰਸਦ ਵਿਚ ਬਿਆਨ ਦੇਣ ਦੀ ਮੰਗ ਕਰ ਰਹੀਆਂ ਹਨ ਪਰ ਅਫਸੋਸ ਕਿ ਉਹ ਬਿਆਨ ਦੇਣ ਦੀ ਮੰਗ ਨੌਜਵਾਨਾਂ ਵੱਲੋਂ ਉਭਾਰੇ ਮਾਮਲਿਆਂ 'ਤੇ ਨਹੀਂ ਕਰ ਰਹੀਆਂ ਬਲਕਿ 'ਸੁਰੱਖਿਆ ਵਿਚ ਸੰਨ੍ਹ' ਦੇ ਮੁੱਦੇ 'ਤੇ ਕਰ ਰਹੀਆਂ ਹਨ। ਇਸ ਮਸਲੇ ਕਾਰਨ ਸੰਸਦ ਦੇ ਦੋਹਾਂ ਸਦਨਾਂ ਵਿਚ ਹੋਏ ਹੰਗਾਮੇ ਦੌਰਾਨ ਪਹਿਲਾਂ ਵਿਰੋਧੀ ਪਾਰਟੀਆਂ ਦੇ 13 ਲੋਕ ਸਭਾ ਅਤੇ ਇਕ ਰਾਜ ਸਭਾ ਮੈਂਬਰਾਂ ਨੂੰ ਮੁਅੱਤਲ ਕੀਤਾ ਗਿਆ; ਸੋਮਵਾਰ ਨੂੰ ਕਾਂਗਰਸ ਆਗੂ ਅਧੀਰ ਰੰਜਨ ਚੌਧਰੀ, ਡੀ.ਐੱਮ.ਕੇ. ਦੇ ਟੀ.ਆਰ. ਬਾਲੂ ਅਤੇ ਟੀ.ਐੱਮ.ਸੀ. ਦੇ ਸੌਗਤ ਰਾਏ ਸਮੇਤ 33 ਵਿਰੋਧੀ ਮੈਂਬਰਾਂ ਨੂੰ ਲੋਕ ਸਭਾ ਵਿਚੋਂ ਅਤੇ 45 ਮੈਂਬਰਾਂ ਨੂੰ ਰਾਜ ਸਭਾ ਵਿਚੋਂ ਮੁਅੱਤਲ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ 30 ਨੂੰ ਤਾਂ ਸਰਦ ਰੁੱਤ ਸੈਸ਼ਨ ਦੇ ਬਾਕੀ ਬਚੇ ਸਮੇਂ ਲਈ ਮੁਅੱਤਲ ਕੀਤਾ ਗਿਆ ਹੈ, ਮੁਅੱਤਲ ਮੈਂਬਰਾਂ ਦੀ ਗਿਣਤੀ 100 ਨੂੰ ਟੱਪ ਚੁੱਕੀ ਹੈ। ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨ ਦੀ ਕਾਰਵਾਈ ਤੋਂ ਸਪੱਸ਼ਟ ਹੈ ਕਿ ਕੇਂਦਰ ਸਰਕਾਰ ਲੋਕਾਂ ਦਾ ਧਿਆਨ ਮੁੱਖ ਮੁੱਦੇ ਤੋਂ ਭਟਕਾ ਕੇ ਮੈਂਬਰਾਂ ਦੀ ਮੁਅੱਤਲੀ 'ਤੇ ਕੇਂਦਰਿਤ ਕਰਨਾ ਚਾਹੁੰਦੀ ਹੈ ਪਰ ਵਿਰੋਧੀ ਧਿਰ ਵੀ ਇਸ ਨੂੰ ਮਹਿਜ਼ ਸੁਰੱਖਿਆ ਦਾ ਮੁੱਦਾ ਬਣਾ ਕੇ ਉਨ੍ਹਾਂ ਨੌਜਵਾਨਾਂ ਵੱਲੋਂ ਉਠਾਏ ਮੁੱਦੇ ਦੱਬ ਰਹੀ ਹੈ।

ਅਸਲ ਵਿਚ ਸੰਸਦ ਤੇ ਵਿਧਾਨ ਸਭਾਵਾਂ ਵਿਚ ਸਰਕਾਰਾਂ ਅਤੇ ਵਿਰੋਧੀ ਧਿਰਾਂ ਲੋਕ ਮੁੱਦਿਆਂ 'ਤੇ ਚਰਚਾ ਕਰਨ ਦੀ ਥਾਂ ਆਪਸੀ ਤੁਹਮਤਾਂ ਤੱਕ ਸੀਮਤ ਹਨ ਜਿਸ ਕਾਰਨ ਲੋਕਾਂ ਨੂੰ ਲੱਗ ਹੀ ਨਹੀਂ ਰਿਹਾ ਕਿ ਇਹ ਸੰਸਥਾਵਾਂ ਉਨ੍ਹਾਂ ਦੇ ਮਾਮਲਿਆਂ ਦੀ ਚਰਚਾ ਦਾ ਕੇਂਦਰ ਬਿੰਦੂ ਹਨ। ਇਹ ਆਮ ਰੁਝਾਨ ਬਣ ਚੁੱਕਾ ਹੈ ਕਿ ਵਿਰੋਧੀ ਧਿਰ ਕਿਸੇ ਛੋਟੇ ਜਿਹੇ ਮਾਮਲੇ ਨੂੰ ਲੈ ਕੇ ਵਾਕ-ਆਊਟ ਕਰ ਜਾਂਦੀ ਹੈ; ਬਾਅਦ ਵਿਚ ਸੱਤਾਧਾਰੀ ਧਿਰ ਮਨ ਮਰਜ਼ੀ ਨਾਲ ਬਿਲ ਪਾਸ ਕਰਦੀ ਹੈ। 2022 ਵਿਚ ਸੰਸਦ ਦੀ ਕਾਰਵਾਈ ਮਹਿਜ਼ 56 ਦਿਨ ਚੱਲੀ ਤਾਂ ਕੀ ਇੰਨੇ ਥੋੜ੍ਹੇ ਦਿਨਾਂ ਵਿਚ ਮਹੱਤਵਪੂਰਨ ਬਿਲਾਂ ਬਾਰੇ ਵਿਚਾਰ-ਵਟਾਂਦਰਾ ਹੋ ਸਕਦਾ ਹੈ।

ਸੰਸਦੀ ਕਮੇਟੀਆਂ ਸੰਸਦੀ ਪ੍ਰਕਿਰਿਆ ਦਾ ਅਹਿਮ ਹਿੱਸਾ ਮੰਨੀਆਂ ਜਾਂਦੀਆਂ ਹਨ ਪਰ ਹਕੀਕਤ ਵਿਚ ਉਨ੍ਹਾਂ ਦੀ ਹੋਂਦ ਹੀ ਸੀਮਤ ਕਰ ਦਿੱਤੀ ਗਈ ਹੈ। ਮੌਜੂਦਾ ਲੋਕ ਸਭਾ ਦਾ ਕਾਰਜਕਾਲ ਪੂਰਾ ਹੋਣ ਵਾਲਾ ਹੈ ਪਰ ਅੱਜ ਤੱਕ ਸੰਸਦ ਕੰਪਲੈਕਸ ਵਿਚ ਸੁਰੱਖਿਆ ਨਾਲ ਸਬੰਧਿਤ ਸਾਂਝੀ ਸੰਸਦੀ ਕਮੇਟੀ ਬਣਾਈ ਤੱਕ ਨਹੀਂ ਗਈ।

ਪੰਜਾਬ ਵਿਚ ਬੇਰਜ਼ੁਗਾਰੀ ਤੋਂ ਅੱਕੇ ਨੌਜਵਾਨਾਂ ਵੱਲੋਂ ਸਰਕਾਰੀ ਰੈਲੀਆਂ ਵਿਚ ਵੜ ਕੇ ਆਪਣੇ ਹੱਕਾਂ ਲਈ ਨਾਅਰੇ ਲਾਉਣੇ ਆਮ ਵਰਤਾਰਾ ਬਣ ਚੁੱਕਾ ਹੈ। ਕੀ ਵਿਰੋਧੀ ਧਿਰਾਂ ਬੇਰੁਜ਼ਗਾਰਾਂ ਵੱਲੋਂ ਮੁੱਖ ਮੰਤਰੀ ਦੀ ਰੈਲੀ ਵਿਚ ਵੜ ਕੇ ਨਾਅਰੇ ਲਾਉਣ ਨੂੰ ਵੀ ਸੁਰੱਖਿਆ ਵਿਚ ਘਾਟ ਮੰਨਦੀਆਂ ਹਨ? ਕਾਂਗਰਸ ਸਮੇਤ ਹਾਸ਼ੀਆਗ੍ਰਸਤ ਹੋ ਰਹੀਆਂ 'ਇੰਡੀਆ' ਗੱਠਜੋੜ ਦੀਆਂ ਧਿਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਨੌਜਵਾਨਾਂ ਨੇ ਸੰਸਦ ਵਿਚ ਵੜ ਕੇ ਕੀਤੇ ਰੋਸ ਪ੍ਰਦਰਸ਼ਨ ਵਿਚ ਸੁਰੱਖਿਆ ਦੀ ਕਮੀ ਬਹੁਤ ਛੋਟਾ ਮਾਮਲਾ ਹੈ, ਇਸ ਦਾ ਅਹਿਮ ਪਹਿਲੂ ਗੰਭੀਰ ਹੈ ਕਿ ਦੇਸ਼ ਦੇ ਨੌਜਵਾਨ ਬੇਰੁਜ਼ਗਾਰੀ, ਤਾਨਾਸ਼ਾਹੀ, ਮਹਿੰਗਾਈ, ਹਕੂਮਤੀ ਜਬਰ ਤੋਂ ਅੱਕ ਕੇ ਆਪਣੀ ਜਾਨ ਜੋਖਮ ਵਿਚ ਪਾ ਕੇ ਸੰਘਰਸ਼ ਕਰਨ ਲਈ ਬਜ਼ਿੱਦ ਹਨ।

# ਧਾਰਾ 370 ਬਾਰੇ ਸੁਪਰੀਮ ਕੋਰਟ ਦਾ 'ਨਿਆਂ'

ਸੁਪਰੀਮ ਕੋਰਟ ਨੇ ਆਖ਼ਿਰਕਾਰ 11 ਦਸੰਬਰ ਨੂੰ 476 ਪੰਨਿਆਂ ਦੇ ਫ਼ੈਸਲੇ ਦੁਆਰਾ ਜੰਮੂ ਕਸ਼ਮੀਰ ਦੀ ਖ਼ੁਦਮੁਖਤਾਰ ਹਸਤੀ ਖ਼ਤਮ ਕਰਨ ਦੇ ਹਿੰਦੂਤਵੀ ਪ੍ਰੋਜੈਕਟ ਉੱਪਰ ਸੰਵਿਧਾਨਕ ਮੋਹਰ ਲਾ ਦਿੱਤੀ। ਇਸ ਨਾਲ ਆਮ ਰੂਪ 'ਚ ਭਾਰਤੀ ਹੁਕਮਰਾਨ ਜਮਾਤ ਦਾ, ਖ਼ਾਸ ਕਰ ਕੇ ਆਰ.ਐੱਸ.ਐੱਸ.-ਭਾਜਪਾ ਦਾ ਜੰਮੂ ਕਸ਼ਮੀਰ ਨੂੰ ਭਾਰਤ ਦਾ 'ਅਟੁੱਟ ਅੰਗ' ਬਣਾਉਣ ਦਾ ਸੁਪਨਾ ਪੂਰਾ ਹੋ ਗਿਆ ਹੈ। ਅਦਾਲਤ ਅਤੇ ਹੁਕਮਰਾਨਾਂ ਲਈ ਨਾ ਮਸਲੇ ਦੇ ਇਤਿਹਾਸਕ ਤੱਥ ਕੋਈ ਮਾਇਨੇ ਰੱਖਦੇ ਹਨ ਤੇ ਨਾ ਸੰਵਿਧਾਨਕ ਵਾਜਬੀਅਤ।

ਭਗਵਾ ਹਕੂਮਤ ਨੂੰ ਇਸ ਧੱਕੜ ਕਾਰੇ ਲਈ ਸੰਵਿਧਾਨਕ ਤੌਰ 'ਤੇ ਜਵਾਬਦੇਹ ਵੀ ਨਹੀਂ ਹੋਣਾ ਪਿਆ ਕਿਉਂਕਿ ਖ਼ੁਦ ਸੁਪਰੀਮ ਕੋਰਟ ਨੇ ਹੀ ਨੰਗੇ-ਚਿੱਟੇ ਅਨਿਆਂ ਨੂੰ ਜਾਇਜ਼ ਕਰਾਰ ਦੇ ਦਿੱਤਾ ਹੈ ਜਿਸ ਵਿਚ ਪਟੀਸ਼ਨਾਂ ਦਾਇਰ ਕਰ ਕੇ ਨਿਆਂ ਦੀ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਉਮੀਦ ਕੀਤੀ ਗਈ ਸੀ। ਅਦਾਲਤ ਦਾ 5 ਮੈਂਬਰੀ 'ਸੰਵਿਧਾਨਕ ਬੈਂਚ' ਉਨ੍ਹਾਂ 23 ਪਟੀਸ਼ਨਾਂ 'ਤੇ ਸੁਣਵਾਈ ਕਰ ਰਿਹਾ ਸੀ ਜਿਨ੍ਹਾਂ ਰਾਹੀਂ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਨ ਅਤੇ ਇਸ ਰਾਜ ਨੂੰ ਤੋੜ ਕੇ ਦੋ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ।

ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਵਾਲੇ ਮੁੱਢ ਤੋਂ ਹੀ ਜੰਮੂ ਕਸ਼ਮੀਰ ਉੱਪਰ ਫਟਾਫਟ ਸਿੱਧਾ ਕਬਜ਼ਾ ਕਰਨ ਦੇ ਹਾਮੀ ਰਹੇ ਹਨ ਜਦਕਿ ਨਹਿਰੂ ਦੀ ਅਗਵਾਈ ਹੇਠ ਕਾਂਗਰਸ ਪਹਿਲਾਂ ਸੁਤੰਤਰ ਹਸਤੀ ਨੂੰ ਵਿਸ਼ੇਸ਼ ਦਰਜੇ ਤੱਕ ਘਟਾ ਕੇ ਅਤੇ ਫਿਰ ਇਸ ਨੂੰ ਸਿਲਸਿਲੇਵਾਰ ਤਰੀਕੇ ਨਾਲ ਖ਼ੋਰਾ ਲਗਾ ਕੇ ਕਬਜ਼ੇ 'ਚ ਲੈਣ ਦੀ ਕੂਟਲ ਨੀਤੀ 'ਤੇ ਚੱਲ ਰਹੀ ਸੀ। ਇਲਹਾਕ ਦੇ ਸਮੇਂ ਤੋਂ ਹੀ ਭਾਰਤੀ ਹੁਕਮਰਾਨਾਂ ਵੱਲੋਂ ਕਸ਼ਮੀਰੀਆਂ ਨੂੰ ਬਲ ਅਤੇ ਛਲ ਨਾਲ ਕੁਚਲਿਆ ਜਾ ਰਿਹਾ ਸੀ ਤਾਂ ਜੋ ਉਹ ਸਵੈਨਿਰਣੇ ਦੀ ਝਾਕ ਛੱਡ ਦੇਣ ਅਤੇ ਬਿਨਾਂ ਸ਼ਰਤ ਭਾਰਤ ਦਾ ਹਿੱਸਾ ਬਣਨਾ ਸਵੀਕਾਰ ਕਰ ਲੈਣ। ਹਕੀਕਤ ਇਹ ਸੀ ਕਿ 1960ਵਿਆਂ ਤੋਂ ਹੀ ਵਿਸ਼ੇਸ਼ ਦਰਜਾ ਵੀ ਨਾਮਨਿਹਾਦ ਬਣ ਕੇ ਰਹਿ ਗਿਆ ਸੀ।

'ਕਸ਼ਮੀਰੀਅਤ, ਜਮਹੂਰੀਅਤ, ਇਨਸਾਨੀਅਤ' ਦਾ ਦੰਭ ਰਚਣ ਵਾਲੀ ਹਕੂਮਤ ਨੇ ਖ਼ੁਦਮੁਖਤਾਰ ਹੈਸੀਅਤ ਵਾਲੇ ਜੰਮੂ ਕਸ਼ਮੀਰ ਦੀ ਹਸਤੀ ਮਿਟਾਉਣ ਲਈ ਪਹਿਲਾਂ 25 ਜੁਲਾਈ ਨੂੰ ਸੁਰੱਖਿਆ ਲਈ ਇਹਤਿਹਾਤੀ ਪੇਸ਼ਬੰਦੀਆਂ ਦੇ ਬਹਾਨੇ 35000 ਹੋਰ ਨੀਮ-ਫ਼ੌਜੀ ਤਾਕਤ ਭੇਜ ਕੇ ਅਤੇ ਕਸ਼ਮੀਰੀਆਂ ਨੂੰ ਬਾਕੀ ਦੁਨੀਆ ਨਾਲੋਂ ਪੂਰੀ ਤਰ੍ਹਾਂ ਕੱਟ ਕੇ ਪੂਰੇ ਜੰਮੂ ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਬਣਾਇਆ (ਜਿੱਥੇ ਪਹਿਲਾਂ ਹੀ ਇਕ ਲੱਖ 30 ਹਜ਼ਾਰ ਨੀਮ-ਫ਼ੌਜੀ ਦਸਤਿਆਂ ਸਮੇਤ 7 ਲੱਖ ਦੇ ਕਰੀਬ ਫ਼ੌਜੀ ਤਾਕਤ ਚੱਪੇ-ਚੱਪੇ 'ਤੇ ਕੈਂਪ ਲਗਾਈ ਬੈਠੀ ਸੀ)। ਫਿਰ 5 ਅਗਸਤ ਨੂੰ ਅਚਾਨਕ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਰਾਜ ਸਭਾ ਵਿਚ ਵਿਸ਼ੇਸ਼ ਬਿੱਲ ਪੇਸ਼ ਕਰ ਦਿੱਤਾ ਗਿਆ ਜਿਸ ਨਾਲ ਸਭ ਕਿਆਸ-ਅਰਾਈਆਂ ਖ਼ਤਮ ਹੋ ਗਈਆਂ ਅਤੇ ਅਸਲ ਕਹਾਣੀ ਸਾਹਮਣੇ ਆ ਗਈ। ਧਾਰਾ 370 ਅਤੇ ਧਾਰਾ 35ਏ ਨੂੰ ਖ਼ਤਮ ਕਰ ਕੇ ਭਾਰਤ ਦੇ ਕਬਜ਼ੇ ਨੂੰ ਮੁਕੰਮਲ ਰੂਪ ਦੇ ਦਿੱਤਾ ਗਿਆ। ਆਰ.ਐੱਸ.ਐੱਸ. ਦੇ ਪੁਰਾਣੇ ਮਨਸੂਬੇ ਅਨੁਸਾਰ ਜੰਮੂ ਕਸ਼ਮੀਰ ਨੂੰ ਦੋ ਹਿੱਸਿਆਂ 'ਚ ਤੋੜ ਕੇ ਲਦਾਖ਼ ਨੂੰ ਬਿਨਾ ਵਿਧਾਨ ਸਭਾ ਅਤੇ ਜੰਮੂ ਕਸ਼ਮੀਰ ਨੂੰ ਵਿਧਾਨ ਸਭਾ ਵਾਲਾ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ।

ਇਲਹਾਕ ਦੇ ਸਮੇਂ ਹੀ ਕਸ਼ਮੀਰੀਆਂ ਦੇ ਸਵੈਨਿਰਣੇ ਦੇ ਹੱਕ ਨੂੰ ਰੱਦ ਕਰਨ ਲਈ ਆਰ.ਐੱਸ.ਐੱਸ. ਅਤੇ ਇਸ ਦੇ ਰਾਜਨੀਤਕ ਵਿੰਗ ਜਨਸੰਘ ਨੇ ਨਾਅਰਾ ਦਿੱਤਾ ਸੀ ਕਿ 'ਇਕ ਦੇਸ਼




ਵਿਚ ਦੋ ਵਿਧਾਨ, ਦੋ ਪ੍ਰਧਾਨ, ਦੋ ਨਿਸ਼ਾਨ ਨਹੀਂ ਹੋ ਸਕਦੇ'। 1953 'ਚ ਸੰਘ ਦੇ ਮੁੱਖ ਆਗੂ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਧਾਰਾ 370 ਅਤੇ ਧਾਰਾ 35ਏ ਨੂੰ ਖ਼ਤਮ ਕਰਨ ਲਈ ਅੰਦੋਲਨ ਵੀ ਚਲਾਇਆ ਸੀ। ਉਦੋਂ ਤੋਂ ਹੀ ਸੰਘ ਦੇ ਆਗੂ ਇਹ ਮੰਗ ਕਰਦੇ ਆ ਰਹੇ ਸਨ ਕਿ ਭਾਰਤ ਦੀ ਹਕੂਮਤ ਫ਼ੌਜੀ ਤਾਕਤ ਦੇ ਜ਼ੋਰ ਕਸ਼ਮੀਰੀਆਂ ਦੀ ਸਵੈਨਿਰਣੇ ਦਾ ਹੱਕ ਲੈਣ ਦੀ ਰੀਝ ਨੂੰ ਬੇਕਿਰਕੀ ਨਾਲ ਕੁਚਲ ਦੇਵੇ ਅਤੇ ਵਿਸ਼ੇਸ਼ ਦਰਜਾ ਖ਼ਤਮ ਕਰ ਕੇ ਇਸ ਸਰਜ਼ਮੀਨ ਨੂੰ ਭਾਰਤ ਦਾ ਅਖੰਡ ਹਿੱਸਾ ਐਲਾਨ ਦੇਵੇ। 2014 'ਚ ਕੇਂਦਰ 'ਚ ਸਰਕਾਰ ਬਣਨ ਨਾਲ ਉਨ੍ਹਾਂ ਨੂੰ ਆਪਣੇ ਇਸ ਮੁੱਖ ਪ੍ਰੋਜੈਕਟ ਨੂੰ ਅੰਜਾਮ ਦੇਣ ਦਾ ਮੌਕਾ ਮਿਲ ਗਿਆ ਅਤੇ ਅਗਸਤ 2019 'ਚ ਉਨ੍ਹਾਂ ਨੇ ਇਹ ਸੁਪਨਾ ਪੂਰਾ ਕਰ ਲਿਆ।

ਸੁਪਰੀਮ ਕੋਰਟ ਵੱਲੋਂ ਮਜ਼ਲੂਮ ਧਿਰ ਦੀ ਹੋਣੀ ਬਾਰੇ ਤੁਰੰਤ ਸੁਣਵਾਈ ਦੀ ਜ਼ਰੂਰਤ ਨਾ ਸਮਝੇ ਜਾਣ ਤੋਂ ਤਕਰੀਬਨ ਹਰ ਕਿਸੇ ਨੂੰ ਇਹ ਅੰਦਾਜ਼ਾ ਤਾਂ ਹੋ ਹੀ ਗਿਆ ਸੀ ਕਿ ਸਰਵਉੱਚ ਅਦਾਲਤ 'ਚ ਕਸ਼ਮੀਰੀ ਲੋਕਾਂ ਨੂੰ ਨਿਆਂ ਨਹੀਂ ਮਿਲੇਗਾ ਪਰ ਕੁਝ ਹਿੱਸਿਆਂ, ਖ਼ਾਸ ਕਰ ਕੇ ਜੋ ਭਾਰਤ ਵਰਗੇ ਆਪਾਸ਼ਾਹ ਸਟੇਟ ਦੇ ਸਮੁੱਚੇ ਢਾਂਚੇ ਦੇ ਅੰਦਰ ਅਦਾਲਤੀ ਪ੍ਰਣਾਲੀ ਦੇ ਸਥਾਨ ਅਤੇ ਭੂਮਿਕਾ ਨੂੰ ਸਮਝਣਾ ਨਹੀਂ ਚਾਹੁੰਦੇ, ਨੂੰ ਇਹ ਉਮੀਦ ਜ਼ਰੂਰ ਸੀ ਕਿ ਸੁਪਰੀਮ ਕੋਰਟ ਇਸ ਸਵਾਲ ਦੇ ਸੰਵਿਧਾਨਕ ਪੱਖਾਂ ਦੇ ਮੱਦੇਨਜ਼ਰ ਭਗਵਾ ਗੈਂਗ ਵੱਲੋਂ ਉਸ ਵਿਸ਼ੇਸ਼ ਸੰਵਿਧਾਨਕ ਵਿਵਸਥਾ ਦੀਆਂ ਧੱਜੀਆਂ ਉਡਾਏ ਜਾਣ ਦਾ ਨੋਟਿਸ ਜ਼ਰੂਰ ਲਏਗੀ ਜੋ ਵਿਵਸਥਾ ਜੰਮੂ ਕਸ਼ਮੀਰ ਦੇ ਭਾਰਤ ਨਾਲ ਇਲਹਾਕ ਤੋਂ ਬਾਅਦ ਇਕਰਾਰ ਦੇ ਰੂਪ 'ਚ ਅਪਣਾਈ ਗਈ ਸੀ। ਇਸ ਦੇ ਉਲਟ ਸੁਪਰੀਮ ਕੋਰਟ ਨੇ ਤੁਰੰਤ ਸੁਣਵਾਈ ਵਾਲਾ ਮਾਮਲਾ ਅਣਮਿੱਥੇ ਸਮੇਂ ਲਈ ਲਮਕਾ ਦਿੱਤਾ ਅਤੇ ਕੇਂਦਰ ਸਰਕਾਰ ਨੂੰ ਜੰਮੂ ਕਸ਼ਮੀਰ ਉੱਪਰ ਫ਼ੌਜੀ ਰਾਜ ਦਾ ਕਰੇੜਾ ਹੋਰ ਕੱਸਣ ਦਾ ਖੁੱਲ੍ਹਾ ਸਮਾਂ ਦੇ ਕੇ ਕਸ਼ਮੀਰ ਦੀ ਖ਼ੁਦਮੁਖਤਾਰ ਹੈਸੀਅਤ ਨੂੰ ਕੁਚਲਣ 'ਚ ਭਾਈਵਾਲ ਬਣਨ ਦਾ ਰਸਤਾ ਅਖ਼ਤਿਆਰ ਕੀਤਾ।

ਇਸ ਫ਼ੈਸਲੇ ਨਾਲ ਉਹ ਇਤਿਹਾਸਕ ਵਾਅਦਾ ਵੀ ਮੁਕੰਮਲ ਵਿਸ਼ਵਾਸਘਾਤ ਬਣ ਕੇ ਹਮੇਸ਼ਾ ਲਈ ਦਫ਼ਨਾ ਦਿੱਤਾ ਗਿਆ ਹੈ ਜੋ ਭਰੋਸਾ 7 ਅਗਸਤ 1952 ਨੂੰ ਤੱਤਕਾਲੀ ਪ੍ਰਧਾਨ ਮੰਤਰੀ ਨਹਿਰੂ ਵੱਲੋਂ ਕਸ਼ਮੀਰ ਦੇ ਲੋਕਾਂ ਨੂੰ ਦਿੱਤਾ ਗਿਆ ਸੀ। ਕਸ਼ਮੀਰ ਦੇ ਲੋਕਾਂ ਨਾਲ ਵਾਅਦਾ ਕਰਦਿਆਂ ਨਹਿਰੂ ਨੇ ਕਿਹਾ ਸੀ ਕਿ "ਇਸ ਨੂੰ ਦੁਨੀਆ ਦੇ ਲੋਕਾਂ ਨਾਲ ਵਾਅਦਾ ਵੀ ਕਿਹਾ ਜਾ ਸਕਦਾ ਹੈ"। ਵਾਅਦਾ ਇਹ ਸੀ ਕਿ "ਕਸ਼ਮੀਰ ਦੇ ਲੋਕ ਆਪਣੀ ਇੱਛਾ ਅਨੁਸਾਰ ਇਲਹਾਕ ਉੱਪਰ ਮੋਹਰ ਲਗਾ ਸਕਦੇ ਹਨ ਜਾਂ ਇਸ ਨੂੰ ਰੱਦ ਕਰ ਸਕਦੇ ਹਨ।... ਜੇ ਕਸ਼ਮੀਰ ਦੇ ਲੋਕ ਸਾਡੇ ਤੋਂ ਜੁਦਾ ਹੋਣਾ ਚਾਹੁੰਦੇ ਹਨ, ਉਹ ਆਪਣਾ ਰਾਹ ਅਖ਼ਤਿਆਰ ਕਰ ਸਕਦੇ ਹਨ ਤੇ ਸਾਨੂੰ ਆਪਣਾ ਕਰਨਾ ਚਾਹੀਦਾ ਹੈ। ਅਸੀਂ ਕੋਈ ਜਬਰੀ ਰਿਸ਼ਤਾ, ਜਬਰੀ ਇਲਹਾਕ ਨਹੀਂ ਚਾਹੁੰਦੇ।"

5 ਅਗਸਤ 2019 ਨੂੰ ਮੋਦੀ-ਸ਼ਾਹ ਵਜ਼ਾਰਤ ਵੱਲੋਂ 'ਜੰਮੂ ਐਂਡ ਕਸ਼ਮੀਰ ਰੀਆਰਗੇਨਾਈਜੇਸ਼ਨ ਬਿੱਲ 2019' ਰਾਹੀਂ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਦੀ ਤਾਨਾਸ਼ਾਹ ਕਾਰਵਾਈ ਉੱਪਰ ਵੱਡਾ ਸਵਾਲ ਇਹ ਉੱਠਿਆ ਸੀ ਕਿ ਇਹ ਇਲਹਾਕ ਤੋਂ ਬਾਅਦ ਬਣੀ ਸਹਿਮਤੀ ਦੀ ਘੋਰ ਉਲੰਘਣਾ ਹੈ ਜਿਸ ਵਿਚ ਇਹ ਤੈਅ ਕੀਤਾ ਗਿਆ ਸੀ ਕਿ ਧਾਰਾ 370 ਦੀ ਸੰਵਿਧਾਨਕ ਵਿਵਸਥਾ ਨੂੰ ਕਸ਼ਮੀਰ ਦੇ ਲੋਕਾਂ ਦੀ ਚੁਣੀ ਹੋਈ ਵਿਧਾਨ ਸਭਾ ਦੀ ਸਹਿਮਤੀ ਨਾਲ ਹੀ ਬਦਲਿਆ ਜਾਵੇਗਾ। ਭਗਵਾ ਹਕੂਮਤ ਨੇ ਇਹ ਸਵਾਲ ਕਰਨ ਵਾਲਿਆਂ ਨੂੰ ਗ਼ਲਤ ਸਾਬਤ ਕਰਨ ਲਈ ਬਹਾਨਾ ਇਹ ਘੜ ਲਿਆ ਕਿ ਜੰਮੂ ਕਸ਼ਮੀਰ ਵਿਚ ਇਸ ਸਮੇਂ ਕੋਈ ਚੁਣੀ ਹੋਈ ਵਿਧਾਨ ਸਭਾ ਨਹੀਂ ਹੈ, ਇਸ ਲਈ ਕੇਂਦਰ ਸਰਕਾਰ ਦਾ ਥਾਪਿਆ ਗਵਰਨਰ ਹੀ ਕਸ਼ਮੀਰੀ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ।

ਫ਼ੈਸਲਾ ਕਰਦੇ ਵਕਤ ਗ਼ੌਰ ਕਰਨ ਵਾਲਾ ਇਹ ਸਭ ਤੋਂ ਮਹੱਤਵਪੂਰਨ ਪੱਖ ਸੀ ਕਿ ਜੰਮੂ ਕਸ਼ਮੀਰ ਦੀ ਹੋਣੀ ਬਾਰੇ ਫ਼ੈਸਲੇ ਲੈਂਦੇ ਵਕਤ ਕਸ਼ਮੀਰੀ ਲੋਕਾਂ ਦੀ ਰਾਇ ਨੂੰ ਮਹੱਤਵ ਦੇਣ ਦੀ ਬਜਾਇ ਆਪਾਸ਼ਾਹ ਹਕੂਮਤ ਵੱਲੋਂ ਫ਼ੌਜੀ ਤਾਕਤ ਨਾਲ ਦਬਾ ਦਿੱਤਾ ਗਿਆ। ਇਸ ਦਾ ਨੋਟਿਸ ਲੈਣ ਦੀ ਬਜਾਇ ਸੰਵਿਧਾਨਕ ਬੈਂਚ ਨੇ ਇਸ ਨੂੰ ਇਹ ਕਹਿ ਕੇ ਵਾਜਬ ਠਹਿਰਾਇਆ ਕਿ ਭਾਵੇਂ ਧਾਰਾ 367 ਦਾ ਸਹਾਰਾ ਲੈ ਕੇ ਧਾਰਾ 370 'ਚ ਸੋਧਾਂ ਕਰਨਾ ਗੁਪਤ ਅਤੇ ਵਿਨਾਸ਼ਕਾਰੀ ਹੈ ਪਰ ਰਾਸ਼ਟਰਪਤੀ ਦੇ ਆਦੇਸ਼ਾਂ ਦੇ ਪਿੱਛੇ ਕੋਈ ਮੰਦਭਾਵਨਾ (ਧੋਖਾ ਦੇਣ ਦੀ ਮਨਸ਼ਾ) ਨਹੀਂ ਹੈ ਜਦਕਿ ਧੋਖੇਬਾਜ਼ੀ ਇੰਨੀ ਸਪਸ਼ਟ ਹੈ ਕਿ ਹਰ ਕਿਸੇ ਨੂੰ ਸਾਫ਼ ਨਜ਼ਰ ਆਉਂਦੀ ਹੈ। ਬੈਂਚ ਨੇ ਇਹ ਸਵਾਲ ਹੀ ਨਹੀਂ ਉਠਾਇਆ ਕਿ ਸੰਵਿਧਾਨ ਦੀ ਧਾਰਾ 3 ਤਹਿਤ ਰਾਜ ਦਾ ਦਰਜਾ ਘਟਾ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦੇਣ ਦੀ ਸੰਵਿਧਾਨਕ ਤੌਰ 'ਤੇ ਇਜਾਜ਼ਤ ਹੀ ਨਹੀਂ ਹੈ। ਇਸ ਗ਼ੈਰ-ਸੰਵਿਧਾਨਕ ਅਮਲ ਦਾ ਜਵਾਬ ਮੰਗਣ ਦੀ ਬਜਾਇ ਸੁਪਰੀਮ ਕੋਰਟ ਨੇ ਇਸ ਸਵਾਲ ਤੋਂ ਮਹਿਜ਼ ਇਸ ਆਧਾਰ 'ਤੇ ਟਾਲਾ ਵੱਟ ਲਿਆ ਕਿ ਸਾਲਿਸਟਰ ਜਨਰਲ ਨੇ ਅਦਾਲਤ ਨੂੰ ਇਹ ਯਕੀਨ ਦਿਵਾ ਦਿੱਤਾ ਹੈ ਕਿ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਸਹੀ ਵਕਤ ਆਉਣ 'ਤੇ ਬਹਾਲ ਕਰ ਦਿੱਤਾ ਜਾਵੇਗਾ। ਸਾਲਿਸਟਰ ਜਨਰਲ ਸਰਕਾਰ ਦੇ ਵੱਲੋਂ ਕਿਵੇਂ ਯਕੀਨ ਦਿਵਾ ਸਕਦਾ ਹੈ! ਉਸ ਨੇ ਕੋਈ ਸਮਾਂ ਸੀਮਾ ਵੀ ਨਹੀਂ ਦੱਸੀ ਗਈ ਕਿ ਰਾਜ ਦਾ ਦਰਜਾ ਸਰਕਾਰ ਵੱਲੋਂ ਕਿੰਨੇ ਸਮੇਂ 'ਚ ਬਹਾਲ ਕੀਤਾ ਜਾਵੇਗਾ।

ਸੁਪਰੀਮ ਕੋਰਟ ਵੱਲੋਂ ਭਗਵਾ ਹਕੂਮਤ ਦੀ ਇਸ ਬੇਤੁਕੀ ਦਲੀਲ ਨੂੰ ਮੰਨ ਲੈਣ ਦਾ ਅਸਰ ਸਿਰਫ਼ ਕਸ਼ਮੀਰ ਦੀ ਪ੍ਰਭੂਸੱਤਾ ਨੂੰ ਖ਼ਤਮ ਕਰਨ ਤੱਕ ਸੀਮਤ ਰਹਿਣ ਵਾਲਾ ਨਹੀਂ ਹੈ। ਇਸ ਨੇ ਫਾਸ਼ੀਵਾਦੀ ਹਕੂਮਤ ਲਈ ਭਾਰਤ ਦੇ ਕਿਸੇ ਵੀ ਰਾਜ ਨੂੰ ਆਪਣੇ ਸੌੜੇ ਹਿਤਾਂ ਅਨੁਸਾਰ ਤੋੜ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਦਾ ਰਾਹ ਖੋਲ੍ਹ ਦਿੱਤਾ ਹੈ। ਇਹ ਰਾਜਾਂ ਦੇ ਅਧਿਕਾਰਾਂ ਲਈ ਖ਼ਾਸ ਤੌਰ 'ਤੇ ਘਾਤਕ ਹੈ ਜੋ ਭਾਰਤ ਦੇ ਨਾਮ-ਨਿਹਾਦ ਸੰਘੀ ਢਾਂਚੇ ਦੇ ਅੰਦਰ ਪਹਿਲਾਂ ਹੀ ਬੇਹੱਦ ਕਮਜ਼ੋਰ ਹਨ। ਸੂਬੇ ਪਹਿਲਾਂ ਹੀ ਆਰ.ਐੱਸ.ਐੱਸ. ਦੇ ਘੋਰ ਕੇਂਦਰੀਕ੍ਰਿਤ ਹਕੂਮਤ ਸਥਾਪਤ ਕਰਨ ਦੇ ਫਾਸ਼ੀਵਾਦੀ ਪ੍ਰੋਜੈਕਟ ਕਾਰਨ ਪਹਿਲਾਂ ਹੀ ਤਿੱਖੇ ਹਮਲੇ ਦੀ ਮਾਰ ਹੇਠ ਹਨ। ਸੁਪਰੀਮ ਕੋਰਟ ਨੇ ਇਸ ਤਾਨਾਸ਼ਾਹ ਅਮਲ ਉੱਪਰ ਸੰਵਿਧਾਨਕ ਮੋਹਰ ਲਾ ਦਿੱਤੀ ਕਿ ਜਿਸ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਹੈ ਉੱਥੇ ਕੇਂਦਰ ਸਰਕਾਰ ਆਪਣੇ ਬਹੁਮਤ ਦਾ ਇਸਤੇਮਾਲ ਕਰ ਕੇ ਰਾਸ਼ਟਰਪਤੀ ਰਾਹੀਂ ਆਪਣੀ ਮਰਜ਼ੀ ਅਨੁਸਾਰ ਰਾਜ ਨਾਲ ਸਬੰਧਿਤ ਕੋਈ ਵੀ ਫ਼ੈਸਲਾ ਥੋਪ ਸਕਦੀ ਹੈ। ਹੁਣ ਕੇਂਦਰ ਸਰਕਾਰ ਨੂੰ ਕਿਸੇ ਰਾਜ ਬਾਰੇ ਫ਼ੈਸਲਾ ਲੈਣ ਲਈ ਰਾਜ ਵਿਧਾਨ ਸਭਾ ਦੀ ਮਨਜ਼ੂਰੀ ਦੀ ਜ਼ਰੂਰਤ ਨਹੀਂ ਹੈ, ਇਸ ਦੀ ਬਜਾਇ ਗਵਰਨਰ ਦੀ ਰਸਮੀ ਮਨਜ਼ੂਰੀ ਨੂੰ ਹੀ ਵਿਧਾਨ ਸਭਾ ਦੀ ਮਨਜ਼ੂਰੀ ਮੰਨ ਲਿਆ ਜਾਇਆ ਕਰੇਗਾ। ਇਹ ਫ਼ੈਸਲਾ ਨਾਮ-ਨਿਹਾਦ ਸੰਘੀ ਢਾਂਚੇ ਨੂੰ ਖ਼ਤਮ ਕਰਨ ਦੇ ਭਗਵਾ ਪ੍ਰੋਜੈਕਟ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਸਿਵਾਇ ਹੋਰ ਕੁਝ ਨਹੀਂ ਹੈ।

ਕੁਲ ਮਿਲਾ ਕੇ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਸਾਰੇ ਦੱਬੇ-ਕੁਚਲੇ ਵਰਗਾਂ, ਕੌਮੀਅਤਾਂ, ਘੱਟਗਿਣਤੀਆਂ ਦੇ ਜਮਹੂਰੀ ਤੇ ਸੰਵਿਧਾਨਕ ਹੱਕਾਂ ਦਾ ਕਦਮ-ਬ-ਕਦਮ ਭੋਗ ਪਾਉਣ ਦੇ ਆਰ.ਐੱਸ.ਐੱਸ.-ਭਾਜਪਾ ਦੇ ਪ੍ਰੋਜੈਕਟ ਨੂੰ ਲਾਗੂ ਕਰਨ ਦੀ ਸੰਵਿਧਾਨਕ ਤਾਕਤ ਮੁਹੱਈਆ ਕਰਦਾ ਹੈ। ਇਸ ਨੇ ਕਸ਼ਮੀਰੀ ਲੋਕਾਂ ਦੀ ਨਿਆਂ ਦੀ ਆਖ਼ਰੀ ਉਮੀਦ ਖ਼ਤਮ ਕਰ ਕੇ ਉਨ੍ਹਾਂ ਨੂੰ ਅੰਨ੍ਹੀ ਗਲੀ 'ਚ ਧੱਕ ਦਿੱਤਾ ਹੈ।

ਬਾਬਰੀ ਮਸਜਿਦ ਕੇਸ ਦੀ ਤਰ੍ਹਾਂ ਆਰ.ਐੱਸ.ਐੱਸ.-ਭਾਜਪਾ ਲਈ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਰਾਜਨੀਤਕ ਵਰਦਾਨ ਦੀ ਤਰ੍ਹਾਂ ਹੈ। ਜੰਮੂ ਕਸ਼ਮੀਰ ਦੀ ਖ਼ੁਦਮੁਖਤਾਰ ਹੈਸੀਅਤ ਨੂੰ ਖ਼ਤਮ ਕਰ ਦੇਣ ਦੇ ਭਗਵਾ ਪ੍ਰੋਜੈਕਟ ਉੱਪਰ ਸੰਵਿਧਾਨਕ ਮੋਹਰ ਲਾ ਕੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਤੋਂ ਇਲਾਵਾ ਸੱਤਾਧਾਰੀ ਧਿਰ ਨੂੰ ਇਸ ਦਾ ਵਿਸ਼ੇਸ਼ ਰਾਜਨੀਤਕ ਲਾਹਾ ਇਹ ਵੀ ਹੈ ਕਿ ਇਹ ਫ਼ੈਸਲਾ 2024 ਦੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਸੁਣਾਇਆ ਗਿਆ ਹੈ। ਉਨ੍ਹਾਂ ਲਈ ਮੁਲਕ ਦੀ ਅਖੰਡਤਾ ਦੇ ਰਖਵਾਲੇ ਹੋਣ ਦਾ ਦੰਭ ਰਚਣਾ ਅਤੇ ਅਖੰਡ ਭਾਰਤ ਦੇ ਪਸਾਰਵਾਦੀ ਮਨਸੂਬੇ ਨੂੰ ਪ੍ਰਚਾਰਨਾ ਸੌਖਾ ਹੋ ਗਿਆ ਹੈ।

ਬੈਂਚ ਦੇ ਇਕ ਮੈਂਬਰ ਨੇ 'ਸਚਾਈ ਅਤੇ ਸੁਲ੍ਹਾ ਕਮਿਸ਼ਨ' ਬਣਾਉਣ ਦੀ ਸਿਫ਼ਾਰਸ਼ ਵੀ ਕੀਤੀ ਹੈ। ਅਜਿਹੇ ਕਮਿਸ਼ਨ ਦੀ ਉੱਥੇ ਹੀ ਕੋਈ ਵਾਜਬੀਅਤ ਹੋ ਸਕਦੀ ਹੈ ਜਦੋਂ ਮੁੱਖ ਮੁੱਦਾ ਹੱਲ ਕਰ ਕੇ ਅਨਿਆਂ ਦੇ ਮੱਦੇਨਜ਼ਰ ਬੀਤੇ ਦੇ ਜ਼ਖ਼ਮਾਂ ਉੱਪਰ ਮੱਲ੍ਹਮ ਲਗਾਏ ਜਾਣ ਲਈ ਕਦਮ ਚੁੱਕਣੇ ਹੋਣ। ਸਵੈਨਿਰਣੇ ਦਾ ਹੱਕ ਖੋਹ ਕੇ ਬਣਾਇਆ ਜਾਣ ਵਾਲਾ ਅਜਿਹਾ ਕਮਿਸ਼ਨ ਕਸ਼ਮੀਰੀਆਂ ਨਾਲ ਹੋਏ ਇਤਿਹਾਸਕ ਅਨਿਆਂ ਨੂੰ ਦੂਰ ਨਹੀਂ ਕਰ ਸਕਦਾ।

ਭਾਰਤ ਦੇ ਇਨਸਾਫ਼ਪਸੰਦ ਲੋਕਾਂ ਨੂੰ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੂੰ ਰੱਦ ਕਰਨਾ ਚਾਹੀਦਾ ਹੈ ਅਤੇ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਤੁਰੰਤ, ਬਿਨਾਂ ਸ਼ਰਤ ਬਹਾਲ ਕੀਤੇ ਜਾਣ ਦੀ ਮੰਗ ਕਰਨੀ ਚਾਹੀਦੀ ਹੈ।

# ਕਾਕੋਰੀ ਕਾਂਡ ਦੇ ਸ਼ਹੀਦ

ਭਾਰਤ ਦੇ ਆਜ਼ਾਦੀ ਦੇ ਇਤਿਹਾਸ ਵਿਚ ਕਾਕੋਰੀ ਕਾਂਡ ਦਾ ਵਿਸ਼ੇਸ਼ ਸਥਾਨ ਹੈ। ਕਾਕੋਰੀ ਗੱਡੀ ਲੁੱਟਣ ਦੀ ਘਟਨਾ ਜੋ 9 ਅਗਸਤ 1925 ਨੂੰ ਘਟੀ, ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਦੇ ਕ੍ਰਾਂਤੀਕਾਰੀਆਂ ਦੁਆਰਾ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਪੈਸੇ ਦੀ

**ਡਾ. ਚਰਨਜੀਤ ਸਿੰਘ ਗੁਮਟਾਲਾ**

ਲੋੜ ਪੂਰੀ ਕਰਨ ਲਈ ਸਰਕਾਰੀ ਖਜ਼ਾਨੇ ਨੂੰ ਲੁੱਟ ਕੇ ਹਥਿਆਰ ਖਰੀਦਣ ਦਾ ਉਪਰਾਲਾ ਸੀ। ਇਸ ਡਕੈਤੀ ਵਿਚ ਜਰਮਨ ਦੇ ਬਣੇ ਚਾਰ ਮਾਊਜ਼ਰ ਵਰਤੇ ਗਏ। ਇਨ੍ਹਾਂ ਪਿਸਤੌਲਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਨ੍ਹਾਂ ਦੇ ਪਿੱਛੇ ਲੱਕੜ ਦਾ ਇੱਕ ਹੋਰ ਕੁੰਡਾ ਲਾ ਕੇ ਇਨ੍ਹਾਂ ਦੀ ਵਰਤੋਂ ਰਾਈਫਲ ਵਾਂਗ ਕੀਤੀ ਜਾ ਸਕਦੀ ਸੀ। ਇਸ ਕਾਰਵਾਈ ਵਿਚ ਐਸੋਸੀਏਸ਼ਨ ਦੇ ਦਸ ਮੈਂਬਰਾਂ ਨੇ ਭਾਗ ਲਿਆ ਸੀ।

ਰੇਲ ਗੱਡੀ ਲਖਨਊ ਜ਼ਿਲ੍ਹੇ ਦੇ ਕੋਕਰੀ ਰੇਲਵੇ ਸਟੇਸ਼ਨ ਤੋਂ ਚੱਲੀ ਅੱਠ ਡਾਊਨ ਸਹਾਰਨਪੁਰ ਲਖਨਊ ਪਸੈਂਜਰ ਟਰੇਨ ਸੀ। ਇਸ ਵਿਚ ਰਾਮ ਪ੍ਰਸਾਦਿ ਬਿਸਮਿਲ, ਅਸ਼ਫ਼ਾਕ ਉੱਲਾ ਖ਼ਾਨ, ਕੇਸ਼ਵ ਚੱਕਰਵਰਤੀ, ਮੁਰਾਰੀ ਸ਼ਰਮਾ, ਚੰਦਰ ਸ਼ੇਖਰ ਆਜ਼ਾਦ, ਸਚਿੰਦਰ ਬਖਸ਼ੀ, ਮੁਕੰਦ ਲਾਲ, ਮਨਮਥਨਾਥ ਗੁਪਤਾ ਅਤੇ ਬਨਵਾਰੀ ਲਾਲ ਸ਼ਾਮਲ ਸਨ। ਤਿੰਨ ਕ੍ਰਾਂਤੀਕਾਰੀ ਸਚਿੰਦਰ ਨਾਥ ਬਖ਼ਸ਼ੀ, ਅਸ਼ਫਾਕ ਉੱਲਾ ਖਾਂ ਤੇ ਰਜਿੰਦਰ ਨਾਥ ਲਾਹਿਰੀ ਦੂਜੇ ਦਰਜੇ ਵਿਚ ਸਨ ਤੇ ਬਾਕੀ ਦੇ ਇਨਕਲਾਬੀ ਤੀਜੇ ਦਰਜੇ ਦੇ ਡੱਬੇ ਵਿਚ ਸਫ਼ਰ ਕਰ ਰਹੇ ਸਨ। ਕਾਕੋਰੀ ਰੇਲਵੇ ਸਟੇਸ਼ਨ ਤੋਂ ਕੁਝ ਦੂਰ ਚੱਲਣ ਪਿੱਛੋਂ ਦੂਜੇ ਦਰਜੇ ਵਾਲਿਆਂ ਗੱਡੀ ਦੀ ਜ਼ੰਜੀਰ ਖਿਚ ਦਿੱਤੀ। ਗੱਡੀ ਖਲੋਣ ਪਿੱਛੋਂ ਰਾਮ ਪ੍ਰਸਾਦਿ ਬਿਸਮਲ ਦੀ ਅਗਵਾਈ ਵਿਚ ਕ੍ਰਾਂਤੀਕਾਰੀ ਗਾਰਡ ਦੇ ਡੱਬੇ ਵਿਚ ਗਏ ਤੇ ਖਜ਼ਾਨੇ ਵਾਲਾ ਟਰੰਕ ਥੱਲੇ ਸੁੱਟ ਲਿਆ। ਮੁਸਾਫਿਰਾਂ ਨੂੰ ਕਿਹਾ ਗਿਆ ਕਿ ਉਹ ਕੇਵਲ ਖਜ਼ਾਨਾ ਲੁਟਣ ਆਏ ਹਨ, ਕਿਸੇ ਨੂੰ ਵੀ ਮਾਰਨਾ ਉਨ੍ਹਾਂ ਦਾ ਮਕਸਦ ਨਹੀਂ। ਉਸ ਗੱਡੀ ਵਿਚ 14 ਮੁਸਾਫਿਰਾਂ ਪਾਸ ਰਾਈਫਲਾਂ ਸਨ।

ਘਟਨਾ ਪਿੱਛੋਂ ਅੰਗਰੇਜ਼ ਹਕੂਮਤ ਨੇ ਐਸੋਸੀਏਸ਼ਨ ਦੇ 40 ਕ੍ਰਾਂਤੀਕਾਰੀਆਂ 'ਤੇ ਸਮਰਾਟ ਵਿਰੁੱਧ ਹਥਿਆਰਬੰਦ ਯੁੱਧ ਛੇੜਨ, ਸਰਕਾਰੀ ਖ਼ਜ਼ਾਨਾ ਲੁੱਟਣ ਤੇ ਯਾਤਰੀਆਂ ਦੀ ਹੱਤਿਆ ਕਰਨ ਦਾ ਯਤਨ ਕਰਨ ਦੇ ਦੋਸ਼ ਅਧੀਨ ਮੁਕੱਦਮਾ ਚਲਾਇਆ ਜਿਸ ਵਿਚ ਰਾਜੇਂਦਰ ਨਾਥ ਲਾਹਿਰੀ, ਰਾਮ ਪ੍ਰਸਾਦਿ ਬਿਸਮਿਲ, ਅਸ਼ਫਾਕ ਉੱਲਾ ਖ਼ਾਨ ਤੇ ਠਾਕੁਰ ਰੋਸ਼ਨ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਉਨ੍ਹਾਂ ਨੂੰ 19 ਦਸੰਬਰ 1927 ਨੂੰ ਫਾਂਸੀ ਦੇ ਦਿੱਤੀ ਗਈ। 16 ਕ੍ਰਾਂਤੀਕਾਰੀਆਂ ਨੂੰ ਘੱਟੋ-ਘੱਟ 4 ਸਾਲ ਦੀ ਸਜ਼ਾ ਤੋਂ ਲੈ ਕੇ ਵੱਧ ਤੋਂ ਵੱਧ ਕਾਲੇ ਪਾਣੀ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਦੋ ਜਣੇ ਵਾਅਦਾ ਮੁਆਫ਼ ਬਣ ਗਏ।

ਐਸੋਸੀਏਸ਼ਨ ਦੇ ਇਸ਼ਤਿਹਾਰ ਅਤੇ ਸੰਵਿਧਾਨ ਨੂੰ ਲੈ ਕੇ ਬੰਗਾਲ ਪਹੁੰਚੇ ਸਚਿੰਦਰਨਾਥ ਸਾਨਿਆਲ ਬਾਂਕੁਰਾ ਵਿਚ ਉਦੋਂ ਗ੍ਰਿਫਤਾਰ ਕਰ ਲਏ ਗਏ ਜਦ ਉਹ ਇਸ਼ਤਿਹਾਰ ਆਪਣੇ ਕਿਸੇ ਸਾਥੀ ਨੂੰ ਡਾਕ ਵਿਚ ਪਾਉਣ ਜਾ ਰਹੇ ਸਨ। ਇਸੇ ਤਰ੍ਹਾਂ ਯੋਗੇਸ਼ ਚੰਦਰ ਚੈਟਰਜੀ ਕਾਨਪੁਰ ਤੋਂ ਪਾਰਟੀ ਮੀਟਿੰਗ ਕਰ ਕੇ ਜਿਵੇਂ ਹੀ ਹਾਵੜਾ ਸਟੇਸ਼ਨ 'ਤੇ ਉਤਰੇ ਕਿ ਐਸੋਸੀਏਸ਼ਨ ਦੇ ਸੰਵਿਧਾਨ ਦੀਆਂ ਕਾਪੀਆਂ ਸਮੇਤ ਗ੍ਰਿਫਤਾਰ ਕਰ ਲਏ ਗਏ ਅਤੇ ਹਜ਼ਾਰੀ ਬਾਗ ਜੇਲ੍ਹ ਵਿਚ ਬੰਦ ਕਰ ਦਿੱਤਾ।

ਸਰਕਾਰੀ ਖਜ਼ਾਨਾ ਲੁੱਟਣ ਦਾ ਫੈਸਲਾ ਇਨ੍ਹਾਂ ਨੇਤਾਵਾਂ ਦੇ ਗ੍ਰਿਫਤਾਰ ਹੋਣ ਨਾਲ ਰਾਮ ਪ੍ਰਸਾਦਿ ਬਿਸਮਿਲ ਦੇ ਮੋਢਿਆਂ 'ਤੇ ਆ ਪਿਆ। ਪਾਰਟੀ ਦੇ ਕੰਮ ਲਈ ਧਨ ਦੀ ਬਹੁਤ ਲੋੜ ਸੀ। ਕਿਸੇ ਤੋਂ ਵੀ ਧਨ ਪ੍ਰਾਪਤ ਹੁੰਦਾ ਨਾ ਦੇਖ ਕੇ ਉਨ੍ਹਾਂ 8 ਮਾਰਚ 1925 ਨੂੰ ਬਿਚਪੁਰੀ ਤੇ 24 ਮਈ 1925 ਨੂੰ ਦਵਾਰਕਾਪੁਰ ਵਿਚ ਦੋ ਡਕੈਤੀਆਂ ਕੀਤੀਆਂ ਪਰ ਇਨ੍ਹਾਂ ਡਾਕਿਆਂ ਵਿਚ ਕੋਈ ਖਾਸ ਧਨ ਨਾ ਪ੍ਰਾਪਤ ਹੋਇਆ। ਇਨ੍ਹਾਂ ਡਕੈਤੀਆਂ ਵਿਚ ਇੱਕ ਇੱਕ ਬੰਦਾ ਮਾਰਿਆ ਗਿਆ। ਇਸ ਨਾਲ ਬਿਸਮਿਲ ਨੂੰ ਬਹੁਤ ਕਸ਼ਟ ਹੋਇਆ। ਅਖ਼ੀਰ ਉਨ੍ਹਾਂ ਫੈਸਲਾ ਕੀਤਾ ਕਿ ਉਹ ਕੇਵਲ ਸਰਕਾਰੀ ਖਜ਼ਾਨਾ ਲੁੱਟਣਗੇ। 8 ਅਗਸਤ 1925 ਨੂੰ ਬਿਸਮਿਲ ਦੇ ਘਰ ਹੰਗਾਮੀ ਮੀਟਿੰਗ ਵਿਚ ਫੈਸਲਾ ਕੀਤਾ ਕਿ ਡਕੈਤੀ ਅਗਲੇ ਹੀ ਦਿਨ 9 ਅਗਸਤ ਨੂੰ ਕੀਤੀ ਜਾਵੇਗੀ।

ਸਰਕਾਰ ਨੇ ਇਸ ਡਕੈਤੀ ਨੂੰ ਗੰਭੀਰਤਾ ਨਾਲ ਲਿਆ। ਡਕੈਤੀ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਪੁਰਸਕਾਰ ਦੇਣ ਦਾ ਐਲਾਨ ਕਰ ਦਿੱਤਾ। ਪੈਸਿਆਂ ਵਾਲੀ ਜਿਹੜੀ ਚਾਦਰ ਘਟਨਾ ਸਥਾਨ 'ਤੇ ਰਹਿ ਗਈ, ਉਸ 'ਤੇ ਧੋਬੀ ਦੇ ਨਿਸ਼ਾਨ ਤੋਂ ਪੁਲਿਸ ਨੂੰ ਪਤਾ ਲੱਗ ਗਿਆ ਕਿ ਇਹ ਚਾਦਰ ਸ਼ਾਹਜਹਾਂਪੁਰ ਦੇ ਕਿਸੇ ਧੋਬੀ ਦੀ ਹੈ। ਉੱਥੋਂ ਪਤਾ ਲੱਗਿਆ ਕਿ ਇਹ ਬਨਾਰਸੀ ਲਾਲ ਦੀ ਹੈ। ਬਿਸਮਿਲ ਦੇ ਭਾਈਵਾਲ ਬਨਾਰਸੀ ਲਾਲ ਨੂੰ ਮਿਲ ਕੇ ਪੁਲਿਸ ਨੇ ਡਕੈਤੀ ਦਾ ਸਾਰਾ ਭੇਤ ਲੈ ਲਿਆ। 26 ਸਤੰਬਰ 1925 ਦੀ ਰਾਤ ਨੂੰ ਬਿਸਮਿਲ ਦੇ ਨਾਲ ਨਾਲ 40 ਜਣਿਆਂ ਨੂੰ ਗ੍ਰਿਫਤਾਰ ਕਰ ਲਿਆ। ਕਾਕੋਰੀ ਕਾਂਡ ਵਿਚ ਸ਼ਾਮਲ ਕੇਵਲ 10 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ। ਇਨ੍ਹਾਂ 10 ਵਿਚੋਂ ਪੰਜ ਸਨ ਚੰਦਰ ਸ਼ੇਖਰ ਆਜ਼ਾਦ, ਮੁਰਾਰੀ ਸ਼ਰਮਾ, ਕੇਸ਼ਵ ਚੱਕਰਵਰਤੀ, ਅਸ਼ਫਾਕ ਉਲਾ ਖਾਂ ਤੇ ਸਚਿੰਦਰਨਾਥ ਬਖਸ਼ੀ ਜੋ ਉਸ ਸਮੇਂ ਪੁਲਿਸ ਦੇ ਹੱਥ ਨਹੀਂ ਆਏ। ਬਾਕੀ ਸਾਰਿਆਂ ਉਪਰ ਸਰਕਾਰ ਬਨਾਮ ਰਾਮ ਪ੍ਰਸਾਦਿ ਬਿਸਮਿਲ ਤੇ ਹੋਰ ਦੇ ਨਾਂ ਕੇਸ ਚੱਲਿਆ।

ਇਉਂ ਇਨ੍ਹਾਂ ਇਨਕਲਾਬੀਆਂ ਸਦਕਾ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਅੱਜ ਲੋੜ ਹੈ, ਇਨ੍ਹਾਂ ਆਜ਼ਾਦੀ ਘੁਲਾਟੀਆਂ ਦੇ ਸੁਫ਼ਨੇ ਸਾਕਾਰ ਕਰਨ ਦਾ ਉਪਰਾਲਾ ਕਰੀਏ; ਫ਼ਿਰਕਾਪ੍ਰਸਤੀ, ਨਾ-ਬਰਾਬਰੀ, ਅਨਪੜ੍ਹਤਾ, ਬੇਰੁਜ਼ਗਾਰੀ, ਜਾਤ ਪਾਤ, ਗ਼ਰੀਬੀ ਵਰਗੀਆਂ ਲਾਹਨਤਾਂ ਖ਼ਤਮ ਕਰੀਏ।

# ਚਾਰ ਮੂਏ ਤੋ ਕਿਆ ਭਇਆ ...

ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ॥

ਚੋਹਾਂ ਸਾਹਿਬਜ਼ਾਦਿਆਂ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਾਰ ਸਿੰਘ ਤੇ ਫ਼ਤਿਹ ਸਿੰਘ ਜੀ ਦੇ ਸ਼ਹੀਦੀਆਂ ਪਾ ਜਾਣ ਬਾਅਦ ਜਦੋਂ ਦਿੱਲੀ ਤੋਂ ਭਾਈ ਮਨੀ ਸਿੰਘ ਜੀ ਦੇ ਨਾਲ 'ਨਦੇੜ' (ਹੁਣ, ਸ੍ਰੀ ਹਜ਼ੂਰ ਸਾਹਿਬ) ਗਏ। ਮਾਤਾ ਜੀਤੋ ਜੀ ਤੇ ਮਾਤਾ ਸੁੰਦਰੀ ਜੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਕੀਤੇ ਗਏ ਸੁਆਲ "ਮੇਰੇ ਲਾਲ ਕਿੱਥੇ ਹਨ?" ਦੇ ਜੁਆਬ ਵਿਚ ਗੁਰੂ ਸਾਹਿਬ ਵੱਲੋਂ ਉਪਰੋਕਤ ਦੋਹਾ ਉਚਾਰਿਆ ਗਿਆ ਦੱਸਿਆ ਜਾਂਦਾ ਹੈ। ਖਾਲਸੇ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਦਾ ਇਸ ਦੋਹੇ ਵਿਚ ਕਿੰਨਾ ਭਾਵਪੂਰਤ ਜੁਆਬ ਹੈ ਕਿ ਇਨ੍ਹਾਂ 'ਪੁੱਤਰਾਂ' ਦੀ ਖ਼ਾਤਰ ਮੈਂ ਆਪਣੇ ਚਾਰੇ ਪੁੱਤਰ ਵਾਰ ਦਿੱਤੇ ਹਨ। ਮੇਰੇ ਚਾਰ ਪੁੱਤਰ ਚਲੇ ਗਏ ਹਨ ਤਾਂ ਫਿਰ ਕੀ ਹੋਇਆ, ਮੇਰੇ ਇਹ ਹਜ਼ਾਰਾਂ ਹੀ ਪੁੱਤਰ ਅਜੇ ਜਿਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਲੱਗਭੱਗ ਸਾਰੀਆਂ ਹੀ ਪੁਸਤਕਾਂ ਵਿਚ ਇਹ ਹਵਾਲਾ ਮਿਲਦਾ ਹੈ।



**ਡਾ. ਸੁਖਦੇਵ ਸਿੰਘ ਝੰਡ**
**ਫੋਨ: 647-567-9128**

ਪਿੰਗਲਵਾੜਾ ਸੋਸਾਇਟੀ ਅੰਮ੍ਰਿਤਸਰ ਵੱਲੋਂ 2015 ਵਿਚ ਅੰਗਰੇਜ਼ੀ ਵਿਚ ਛਾਪੀ ਗਈ ਮੁਖ਼ਤਾਰ ਸਿੰਘ ਗੁਰਾਇਆ ਦੀ ਪੁਸਤਕ "ਦ ਸਿੱਖ ਗੁਰੂਜ਼: ਲਾਈਵਜ਼, ਵਰਕਸ ਐਂਡ ਟੀਚਿੰਗਜ਼" ਵਿਚ ਗੁਰੂ ਗੋਬਿੰਦ ਸਿੰਘ ਜੀ ਵਾਲੇ ਅਧਿਆਇ ਵਿਚ ਲੇਖਕ ਵੱਲੋਂ ਇਸ ਦੋਹੇ ਨੂੰ ਹੋਰ ਵੀ ਵਿਸਥਾਰ ਸਹਿਤ ਬਿਆਨਿਆ ਗਿਆ ਹੈ। (ਪੰਨਾ -192)

ਇਤਿਹਾਸ ਗਵਾਹ ਹੈ ਕਿ ਮੁਗ਼ਲ ਅਤੇ ਬਾਈਧਾਰ ਦੇ ਰਾਜਿਆਂ ਦੀ ਫ਼ੌਜ ਵੱਲੋਂ ਲੱਗਭੱਗ ਸੱਤ ਮਹੀਨੇ ਘੇਰਾ ਪਾਈ ਰੱਖਣ ਤੋਂ ਬਾਅਦ 20 ਦਸੰਬਰ 1704 ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ। ਕਈ ਇਤਿਹਾਸਕਾਰਾਂ ਨੇ ਅਨੰਦਪੁਰ ਛੱਡਣ ਦੀ ਇਹ ਤਰੀਕ 5 ਦਸੰਬਰ ਲਿਖੀ ਹੈ ਜੋ ਸਹੀ ਨਹੀਂ ਲੱਗਦੀ ਅਤੇ ਇਹ 20 ਦਸੰਬਰ ਹੀ ਹੋ ਸਕਦੀ ਹੈ, ਕਿਉਂਕਿ ਬਹੁਤੀਆਂ ਇਤਿਹਾਸਕ ਲਿਖ਼ਤਾਂ ਵਿਚ ਚਮਕੌਰ ਦੀ ਜੰਗ 22 ਤੇ 23 ਦਸੰਬਰ ਨੂੰ ਹੋਈ ਦੱਸੀ ਗਈ ਹੈ, ਜਿਸ ਵਿਚ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋਏ ਅਤੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦਾ 'ਸਰਹੰਦ ਦਾ ਸਾਕਾ' 25 ਤੋਂ 27 ਦਸੰਬਰ ਨੂੰ ਵਾਪਰਿਆ ਦਰਸਾਇਆ ਗਿਆ ਹੈ। 20 ਤੋਂ 27 ਦਸੰਬਰ ਵਾਲੇ ਵਿਚਕਾਰਲੇ 'ਸ਼ਹੀਦੀ ਹਫ਼ਤੇ' ਦੌਰਾਨ ਚੋਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਮਹਾਨ ਸ਼ਹੀਦੀ ਨੂੰ ਬੜੀ ਸ਼ਿੱਦਤ ਨਾਲ ਯਾਦ ਕੀਤਾ ਜਾਂਦਾ ਹੈ। ਬਹੁਤ ਸਾਰੇ ਇਤਿਹਾਸਕਾਰਾਂ ਅਨੁਸਾਰ ਅਨੰਦਪੁਰ ਛੱਡਣ ਸਮੇਂ ਗੁਰੂ ਸਾਹਿਬ ਦੇ ਨਾਲ ਲੱਗਭੱਗ 400 ਘੋੜ ਸਵਾਰ ਸਨ।

### ਗੁਰੂ ਤੇਗ਼ ਬਹਾਦਰ ਜੀ ਵੱਲੋਂ 'ਚੱਕ ਨਾਨਕੀ' (ਅਨੰਦਪੁਰ) ਵਸਾਉਣਾ

ਇਹ ਓਹੀ 'ਅਨੰਦਪੁਰ' ਸੀ ਜਿਸ ਨੂੰ ਉਨ੍ਹਾ ਦੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨੇ 19 ਜੂਨ 1665 ਨੂੰ ਪਿੰਡ 'ਮਾਖੋਵਾਲ' ਦੀ ਬੰਜਰ ਜ਼ਮੀਨ ਖ਼੍ਰੀਦ ਕੇ ਆਪਣੇ ਹੱਥੀਂ ਇੱਥੇ ਵਸਾਏ ਗਏ ਨਗਰ ਨੂੰ ਆਪਣੀ ਸਤਿਕਾਰਯੋਗ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਨਾਨਕੀ' ਦਾ ਨਾਂ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਸ ਦਾ ਨਾਂ 'ਅਨੰਦਪੁਰ' 30 ਮਾਰਚ 1689 ਨੂੰ ਰੱਖਿਆ ਗਿਆ ਜਿਸ ਦਾ ਭਾਵ ਹੈ, ਉਹ ਥਾਂ ਜਿੱਥੇ ਬੈਠ ਕੇ ਰੂਹ ਅਤੇ ਸਰੀਰ ਨੂੰ 'ਅਨੰਦ' ਪ੍ਰਾਪਤ ਹੁੰਦਾ ਹੈ ਅਤੇ ਆਤਮਿਕ ਖ਼ੁਸ਼ੀ ਮਿਲਦੀ ਹੈ। ਇਸ ਤੋਂ ਭਲੀ-ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਨਗਰ ਛੱਡਣ ਲੱਗਿਆਂ ਉਨ੍ਹਾਂ ਨੂੰ ਉਸ ਸਮੇਂ ਕਿੰਨੇ ਗਹਿਰੇ ਦੁੱਖ ਅਤੇ ਤਕਲੀਫ਼ ਦਾ ਅਹਿਸਾਸ ਹੋਇਆ ਹੋਵੇਗਾ। ਅੱਗੇ ਜਾਣ ਤੋਂ ਪਹਿਲਾਂ ਇੱਥੇ 'ਭੰਗਾਣੀ ਦੇ ਯੁੱਧ' ਦਾ ਸੰਖੇਪ ਜ਼ਿਕਰ ਕਰਨਾ ਜ਼ਰੂਰੀ ਹੈ, ਕਿਉਂਕਿ ਇਹ ਕਹਿਲੂਰ ਦੇ ਰਾਜੇ ਭੀਮ ਚੰਦ ਨਾਲ ਗੁਰੂ ਜੀ ਦਾ ਪਹਿਲਾ ਯੁੱਧ ਸੀ।

### ਭੰਗਾਣੀ ਦਾ ਯੁੱਧ

1680 ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਫ਼ੌਜੀ ਤਾਕਤ ਵਧਾਉਣੀ ਸ਼ੁਰੂ ਕਰ ਦਿੱਤੀ ਸੀ ਅਤੇ ਉਨ੍ਹਾਂ ਦੀ ਵੱਧਦੀ ਹੋਈ ਹਰਮਨ-ਪਿਆਰਤਾ ਤੋਂ ਬਾਈਧਾਰ ਦੇ ਰਾਜੇ ਉਨ੍ਹਾਂ ਦੇ ਨਾਲ ਖ਼ਾਰ ਖਾਣ ਲੱਗ ਪਏ ਸਨ। ਗੁਰੂ ਸਾਹਿਬ ਦਿਨੋਂ-ਦਿਨ ਉਸ ਇਲਾਕੇ ਵਿਚ ਹਰਮਨ-ਪਿਆਰੇ ਹੋ ਰਹੇ ਸਨ। ਦੂਰ ਨੇੜੇ ਤੋਂ ਸੰਗਤਾਂ ਤਰ੍ਹਾਂ-ਤਰ੍ਹਾਂ ਦੇ ਤੋਹਫ਼ੇ ਲੈ ਕੇ ਉਨ੍ਹਾਂ ਦੇ ਦਰਬਾਰ ਵਿਚ ਹਾਜ਼ਰੀ ਭਰਨ ਲੱਗ ਪਈਆਂ। ਉਨ੍ਹਾਂ ਦੇ ਸ਼ਰਧਾਲੂ ਦੁਨੀ ਚੰਦ ਨੇ ਉਨ੍ਹਾਂ ਨੂੰ ਇਕ ਸ਼ਾਨਦਾਰ ਕੀਮਤੀ ਸ਼ਾਮਿਆਨਾ, ਹੀਰੇ-ਜਵਾਹਰਾਤ ਅਤੇ 'ਪ੍ਰਸਾਦੀ ਹਾਥੀ' ਨਜ਼ਰਾਨੇ ਵਜੋਂ ਭੇਟ ਕੀਤੇ। ਅਨੰਦਪੁਰ (ਮਾਖੋਵਾਲ) ਦਾ ਇਹ ਇਲਾਕਾ ਉਸ ਸਮੇਂ 'ਕਹਿਲੂਰ' (ਬਿਲਾਸਪੁਰ) ਦੀ ਰਿਆਸਤ ਵਿਚ ਪੈਂਦਾ ਸੀ ਅਤੇ ਇਸ ਰਿਆਸਤ ਦਾ ਰਾਜਾ ਭੀਮ ਚੰਦ ਇੱਥੋਂ ਦੀ ਹਰੇਕ ਚੀਜ਼ 'ਤੇ ਆਪਣਾ ਅਧਿਕਾਰ ਸਮਝਦਾ ਸੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਉਸ ਨੇ ਆਪਣੇ ਪੁੱਤਰ ਦੇ ਵਿਆਹ ਦੇ ਬਹਾਨੇ ਗੁਰੂ ਜੀ ਕੋਲੋਂ ਦੁਨੀ ਚੰਦ ਵੱਲੋਂ ਭੇਟ ਕੀਤਾ ਗਿਆ ਕੀਮਤੀ ਸ਼ਾਮਿਆਨਾ ਅਤੇ 'ਪ੍ਰਸਾਦੀ ਹਾਥੀ' ਦੀ ਮੰਗ ਕੀਤੀ, ਜਿਸ ਨੂੰ ਗੁਰੂ ਸਾਹਿਬ ਨੇ ਠੁਕਰਾ ਦਿੱਤਾ। ਇਸ ਤੋਂ ਚਿੜ੍ਹ ਕੇ ਉਸ ਨੇ ਗੁਰੂ ਜੀ ਨੂੰ ਲੜਨ ਲਈ ਵੰਗਾਰਿਆ ਜਿਸ ਨੂੰ ਗੁਰੂ ਸਾਹਿਬ ਨੇ ਖਿੜੇ ਮੱਥੇ ਸਵੀਕਾਰ ਕੀਤਾ। ਫ਼ਲਸਰੂਪ 18 ਸਤੰਬਰ 1686 ਨੂੰ 'ਭੰਗਾਣੀ ਦਾ ਯੁੱਧ' ਹੋਇਆ ਜਿਸ ਵਿਚ ਭੀਮ ਚੰਦ ਹਾਰ ਗਿਆ ਅਤੇ ਗੁਰੂ ਜੀ ਨੂੰ ਭਾਰੀ ਸਫ਼ਲਤਾ ਮਿਲੀ ਪਰ ਉਨ੍ਹਾਂ ਨੇ ਉਸ ਦੇ ਇਲਾਕੇ 'ਤੇ ਆਪਣਾ ਕੋਈ ਦਾਅਵਾ ਨਹੀਂ ਜਿਤਾਇਆ, ਕਿਉਂਕਿ ਉਨ੍ਹਾਂ ਦਾ ਅਜਿਹਾ ਕੋਈ ਮਕਸਦ ਨਹੀਂ ਸੀ। ਇਹ ਗੁਰੂ ਜੀ ਵੱਲੋਂ ਪਹਾੜੀ ਰਾਜਿਆਂ ਦੇ ਨਾਲ ਲੜੀ ਗਈ ਪਹਿਲੀ ਲੜਾਈ ਸੀ।

### ਅਨੰਦਪੁਰ ਨੂੰ ਪਾਇਆ ਫ਼ੌਜਾਂ ਨੇ ਘੇਰਾ

ਬਾਈਧਾਰ ਦੇ ਰਾਜਿਆਂ ਨੂੰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀਆਂ ਫ਼ੌਜਾਂ ਦੀ ਪੂਰੀ ਸਰਪ੍ਰਸਤੀ ਹਾਸਲ ਸੀ ਅਤੇ ਉਨ੍ਹਾਂ ਸਾਰਿਆਂ ਨੇ ਮਿਲ ਕੇ ਅਨੰਦਪੁਰ ਨੂੰ ਘੇਰਾ ਪਾ ਲਿਆ। ਉਨ੍ਹਾਂ ਵੱਲੋਂ ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤਾਂ ਦੀ ਸਪਲਾਈ ਇਹ ਸੋਚ ਕੇ ਰੋਕ ਦਿੱਤੀ ਗਈ ਕਿ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖ ਭੁੱਖ ਤੋਂ ਤੰਗ ਆ ਕੇ ਆਪਣੇ-ਆਪ ਇਹ ਨਗਰ ਛੱਡ ਜਾਣਗੇ। ਇਹ ਘੇਰਾ ਲੱਗਭੱਗ ਛੇ ਮਹੀਨੇ ਤੱਕ ਜਾਰੀ ਰਿਹਾ। 'ਅਨੰਦਪੁਰ' (ਹੁਣ, ਅਨੰਦਪੁਰ ਸਾਹਿਬ) ਦੀ ਸੁਰੱਖਿਆ ਲਈ ਗੁਰੂ ਜੀ ਨੇ ਇਸ ਦੇ ਆਲੇ-ਦੁਆਲੇ ਚਾਰ ਕਿਲ੍ਹੇ ਕੇਸਗੜ੍ਹ, ਲੋਹਗੜ੍ਹ, ਹੋਲਗੜ੍ਹ ਅਤੇ ਅਨੰਦਗੜ੍ਹ ਬਣਵਾਏ ਹੋਏ ਸਨ ਅਤੇ ਉਨ੍ਹਾਂ ਦੇ ਵਿਚੋਂ ਲੰਘ ਕੇ ਅੰਦਰ ਜਾਣਾ ਬਾਈਧਾਰ ਦੇ ਰਾਜਿਆਂ ਦੀਆਂ ਫ਼ੌਜਾਂ ਅਤੇ ਮੁਗ਼ਲ ਫ਼ੌਜ ਲਈ ਆਸਾਨ ਨਹੀਂ ਸੀ। ਅੰਦਰ ਗੁਰੂ ਜੀ ਦੇ ਜਾਂਬਾਜ਼, ਸੂਰਬੀਰ ਸਿੱਖ ਇਨ੍ਹਾਂ ਕਿਲ੍ਹਿਆਂ ਦੀ ਰਾਖ਼ੀ ਲਈ ਹਰ ਵੇਰੇ ਤਿਆਰ-ਬਰ-ਤਿਆਰ ਰਹਿੰਦੇ ਸਨ। ਇਸ ਲਈ ਗੁਰੂ ਜੀ ਉਪਰ ਹਮਲਾ ਕਰਨ ਦੀ ਬਜਾਇ ਬਾਈਧਾਰ ਦੇ ਰਾਜਿਆਂ ਵੱਲੋਂ ਘੇਰਾ ਲੰਮੇਂ ਸਮੇਂ ਲਈ ਪਾਈ ਰੱਖਣ ਦਾ ਰਾਹ ਚੁਣਿਆ ਗਿਆ।

### ਪਰਿਵਾਰ ਦਾ ਪਿਆ ਵਿਛੋੜਾ

ਜਿਵੇਂ ਇਸ ਲੇਖ ਦੇ ਆਰੰਭ ਵਿਚ ਦੱਸਿਆ ਗਿਆ ਹੈ ਕਿ ਅਖ਼ੀਰ 20 ਦਸੰਬਰ 1704 ਦੀ ਰਾਤ ਨੂੰ ਗੁਰੂ ਸਾਹਿਬ ਨੂੰ ਆਪਣੀ ਪਿਆਰੀ 'ਅਨੰਦਪੁਰ ਨਗਰੀ' ਛੱਡਣੀ ਪਈ ਅਤੇ ਉਨ੍ਹਾਂ ਸਰਸਾ ਨਦੀ ਪਾਰ ਕਰਨ ਲਈ ਚਾਲੇ ਪਾ ਦਿੱਤੇ। ਗੁਰੂ ਜੀ ਨੂੰ ਅਨੰਦਪੁਰ ਤੋਂ ਜਾਣ ਲਈ ਸੁਰੱਖ਼ਿਅਤ ਰਾਹ ਦੇਣ ਦੀਆਂ ਕਸਮਾਂ ਤੋੜ ਕੇ ਮੁਗ਼ਲ ਅਤੇ ਬਾਈਧਾਰ ਦੇ ਰਾਜਿਆਂ ਦੀਆਂ ਫ਼ੌਜਾਂ ਉਨ੍ਹਾਂ ਨੂੰ ਫੜ੍ਹਨ ਲਈ ਪਿੱਛਾ ਕਰਦੀਆਂ ਆ ਗਈਆਂ। ਸਰਸਾ ਦਰਿਆ ਦੇ ਕਿਨਾਰੇ ਭਾਰੀ ਯੁੱਧ ਹੋਇਆ ਅਤੇ ਇਸ ਵਿਚ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਦਰਿਆ ਵਿਚ ਉਦੋਂ ਹੜ੍ਹ ਆਇਆ ਹੋਇਆ ਸੀ। ਇਸ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਕਈ ਘੋੜ-ਸਵਾਰਾਂ ਵੱਲੋਂ ਆਪਣੇ ਘੋੜੇ ਦਰਿਆ ਵਿਚ ਠੇਲ੍ਹ ਦਿੱਤੇ ਗਏ। ਭਾਰੀ ਹੜ੍ਹ ਦੇ ਕਾਰਨ ਪਾਣੀ ਦੇ ਤੇਜ਼ ਵਹਾਅ ਨਾਲ ਬਹੁਤ ਸਾਰੇ ਘੋੜੇ ਆਪਣੇ ਸਵਾਰਾਂ ਸਮੇਤ ਰੁੜ੍ਹ ਗਏ। ਕਿਹਾ ਜਾਂਦਾ ਹੈ ਕਿ ਪਾਣੀ ਦੇ ਇਸ ਤੇਜ਼ ਵਹਾਅ ਵਿਚ ਗੁਰੂ ਸਾਹਿਬ ਅਤੇ ਉਨ੍ਹਾਂ ਦੇ 52 ਕਵੀਆਂ ਵੱਲੋਂ ਲਿਖਿਆ ਗਿਆ ਕੀਮਤੀ ਸਾਹਿਤ ਵੀ ਰੁੜ੍ਹ ਗਿਆ। ਜਿਹੜੇ ਘੋੜ-ਸਵਾਰ ਸਰਸਾ ਨਦੀ ਦੇ ਪਾਰ ਲੱਗੇ, ਉਨ੍ਹਾਂ ਵਿਚ ਸ਼ਾਮਲ ਗੁਰੂ ਸਾਹਿਬ, ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਤੇ ਜੁਝਾਰ ਸਿੰਘ 40 ਘੋੜ-ਸਵਾਰਾਂ ਦੇ ਨਾਲ ਪਿੰਡ ਕੋਟਲਾ ਨਿਹੰਗ ਵੱਲ ਚੱਲ ਪਏ ਜਿੱਥੋਂ ਅੱਗੋਂ ਉਹ ਚਮਕੌਰ ਦੀ ਕੱਚੀ ਗੜ੍ਹੀ ਵਿਚ ਪਹੁੰਚੇ, ਜਦਕਿ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਨਦੀ ਦੇ ਵਹਾਅ ਵੱਲ ਪੈਂਦੇ ਆਪਣੇ ਪਿੰਡ 'ਖੇੜੀ' ਵੱਲ ਨੂੰ ਲੈ ਤੁਰਿਆ। ਸਰਸਾ ਨਦੀ ਦੇ ਕਿਨਾਰੇ ਉਹ ਸਥਾਨ ਜਿੱਥੇ ਗੁਰੂ ਜੀ ਦਾ ਪਰਿਵਾਰ ਵਿਛੜਿਆ, ਅੱਜਕੱਲ੍ਹ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਬਣਿਆ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ 21 ਦਸੰਬਰ 1704 ਨੂੰ ਪਿੰਡ ਚਮਕੌਰ ਦੇ ਉੱਚੇ ਥਾਂ 'ਤੇ ਕੱਚੀਆਂ ਇੱਟਾਂ ਦੀ ਬਣੀ ਹੋਈ ਹਵੇਲੀ (ਗੜ੍ਹੀ) ਜੋ ਉਸ ਪਿੰਡ ਦੇ ਦੋ ਭਰਾਵਾਂ ਚੌਧਰੀ ਰੂਪ ਚੰਦ ਅਤੇ ਜਗਤ ਸਿੰਘ ਦੀ ਸਾਂਝੀ ਮਲਕੀਅਤ ਸੀ, ਵਿਖੇ ਪਹੁੰਚੇ। ਦਰਅਸਲ, ਗੁਰੂ ਸਾਹਿਬ ਦੋ ਸਾਲ ਪਹਿਲਾਂ ਕੁਰੂਕਸ਼ੇਤਰ ਤੋਂ ਅਨੰਦਪੁਰ ਆਉਂਦਿਆਂ ਇੱਥੇ ਇਨ੍ਹਾਂ ਦੋਹਾਂ ਭਰਾਵਾਂ ਕੋਲ ਇੱਕ ਰਾਤ ਠਹਿਰੇ ਸਨ ਅਤੇ ਉਹ ਜਾਣਦੇ ਸਨ ਕਿ ਇਸ ਹਾਲਤ ਵਿਚ ਜਦੋਂ ਮੁਗ਼ਲ ਤੇ ਬਾਈਧਾਰ ਰਾਜਿਆਂ ਦੀਆਂ ਫ਼ੌਜਾਂ ਉਨ੍ਹਾਂ ਦਾ ਪਿੱਛਾ ਕਰਦੀਆਂ ਆ ਰਹੀਆਂ ਹਨ ਤਾਂ ਇਹ ਥਾਂ ਉਨ੍ਹਾਂ ਦੀ 'ਅਸਥਾਈ ਠਾਹਰ' ਲਈ ਸੁਰੱਖ਼ਿਅਤ ਹੋ ਸਕਦੀ ਹੈ।

ਪਿੱਛਾ ਕਰਦੀਆਂ ਫ਼ੌਜਾਂ ਨੇ ਆ ਕੇ ਰਾਤ ਨੂੰ ਉਸ ਹਵੇਲੀ ਨੂੰ ਘੇਰਾ ਪਾ ਲਿਆ। 22 ਦਸੰਬਰ ਦੀ ਸਵੇਰ ਨੂੰ ਹਵੇਲੀ ਦੀਆਂ ਕੰਧਾਂ ਦੇ ਉਪਰੋਂ ਦੀ ਫ਼ੌਜ ਦੇ ਜਰਨੈਲਾਂ ਦੀਆਂ ਆਵਾਜ਼ਾਂ ਆਉਣ ਲੱਗੀਆਂ, "ਗੋਬਿੰਦ ਸਿੰਘ, ਆਪਣੇ ਆਪ ਨੂੰ ਸਾਡੇ ਹਵਾਲੇ ਕਰ ਦਿ" ਜਾਂ ਫਿਰ ਲੜਨ ਲਈ ਤਿਆਰ ਹੋ ਜਾਓ।" ਗੁਰੂ ਜੀ ਨੇ ਇਸ ਦਾ ਜੁਆਬ ਆਪਣੇ ਤੀਰ ਨਾਲ ਭੇਜੇ ਹੋਏ ਰੁੱਕੇ ਨਾਲ ਦਿੱਤਾ ਕਿ ਉਹ ਲੜਨ ਲਈ ਤਿਆਰ ਹਨ। ਗੁਰੂ ਜੀ ਕੋਲ ਉਸ ਵੇਲੇ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਗਿਣਤੀ ਦੇ ਚਾਲੀ ਸਿੰਘ ਸਨ ਜਿਨ੍ਹਾਂ ਵਿਚ 'ਪੰਜ ਪਿਆਰੇ' ਵੀ ਸ਼ਾਮਲ ਸਨ। ਦੂਸਰੇ ਪਾਸੇ ਕਈ ਇਤਿਹਾਸਕਾਰਾਂ ਅਨੁਸਾਰ ਵੱਡੀ ਗਿਣਤੀ ਵਿਚ ਮੌਜੂਦ ਭਾਰੀ ਫ਼ੌਜ (ਲੱਗਭੱਗ ਦਸ ਲੱਖ) ਹਵੇਲੀ ਨੂੰ ਘੇਰਾ ਪਾਈ ਖੜੀ ਸੀ। ਚਮਕੌਰ ਦੀ ਕੱਚੀ ਗੜ੍ਹੀ ਦੇ ਸਾਹਮਣੇ ਲੜੀ ਜਾਣ ਵਾਲੀ ਇਹ ਜੰਗ ਸੰਸਾਰ-ਦੀ ਸਭ ਤੋਂ 'ਅਸਾਵੀਂ ਲੜਾਈ' ਸੀ, ਜਿਸ ਨੂੰ ਲੜਨ ਲਈ ਗੁਰੂ ਸਾਹਿਬ ਨੇ ਆਪਣੇ ਸਿੰਘਾਂ ਨੂੰ ਪੰਜ-ਪੰਜ ਦੀਆਂ ਟੁਕੜੀਆਂ ਵਿਚ ਭੇਜਣ ਦੀ ਯੋਜਨਾ ਬਣਾਈ। ਜਦੋਂ ਇਕ ਟੁਕੜੀ ਦੇ ਪੰਜੇ ਸਿੰਘ ਸ਼ਹੀਦ ਹੋ ਜਾਂਦੇ ਸਨ ਤਾਂ ਉਸ ਤੋਂ ਬਾਅਦ ਦੂਸਰੀ ਟੁਕੜੀ ਨੂੰ ਭੇਜਿਆ ਜਾਂਦਾ ਸੀ। ਇਸ ਦੌਰਾਨ ਉਹ ਆਪ ਤੇ ਦੋਵੇਂ ਸਾਹਿਬਜ਼ਾਦੇ ਉੱਪਰੋਂ ਤੀਰਾਂ ਦੀ ਵਰਖਾ ਕਰਦੇ ਰਹੇ।

### ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ

ਘਮਸਾਣ ਦੀ ਲੜਾਈ ਲੜਦਿਆਂ ਜਦੋਂ ਕਈ ਟੁਕੜੀਆਂ ਵਿਚ ਭੇਜੇ ਗਏ ਸਿੰਘ ਸ਼ਹੀਦ ਹੋ ਗਏ ਤਾਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਨੇ ਆਪਣੇ ਪਿਤਾ ਜੀ ਕੋਲੋਂ ਅਗਲੀ ਟੁਕੜੀ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਆਪ ਉਸ ਨੂੰ ਹੱਥੀਂ ਤਿਆਰ ਕੀਤਾ ਅਤੇ ਉਹ ਆਪਣੇ ਨਾਲ ਪੰਜ ਸਿੰਘਾਂ, ਜਿਨ੍ਹਾਂ ਵਿਚ ਗੁਰੂ ਜੀ ਦੇ 'ਪੰਜ ਪਿਆਰਿਆਂ' ਵਿਚੋਂ ਭਾਈ ਮੋਹਕਮ ਸਿੰਘ ਵੀ ਸੀ, ਨੂੰ ਨਾਲ ਲੈ ਕੇ ਲੜਾਈ ਦੇ ਮੈਦਾਨ ਵਿਚ ਦੁਸ਼ਮਣਾਂ 'ਤੇ ਟੁੱਟ ਪਏ। ਪਹਿਲਾਂ ਤੀਰਾਂ ਦੀ ਬੌਛਾੜ ਕੀਤੀ ਗਈ ਅਤੇ ਤੀਰ ਮੁੱਕ ਜਾਣ 'ਤੇ ਉਨ੍ਹਾਂ ਤਲਵਾਰ ਦੇ ਉਹ ਜੌਹਰ ਵਿਖਾਏ ਕਿ ਦੁਸ਼ਮਣ ਫ਼ੌਜ ਦੰਗ ਰਹਿ ਗਈ। ਲੜਦਿਆਂ-ਲੜਦਿਆਂ ਤਲਵਾਰ ਦੋ ਟੋਟੇ ਹੋ ਗਈ ਅਤੇ ਫਿਰ ਉਨ੍ਹਾਂ ਨੇ ਆਪਣਾ ਨੇਜ਼ਾ ਵਾਹੁਣਾ ਸ਼ੁਰੂ ਕਰ ਦਿੱਤਾ। ਇਤਿਹਾਸਕਾਰ ਕਹਿੰਦੇ ਹਨ ਕਿ ਇਹ ਨੇਜ਼ਾ ਇਕ ਦੁਸ਼ਮਣ ਦੀ ਛਾਤੀ ਵਿਚ ਏਨਾ ਖੁਭ ਗਿਆ ਕਿ ਉਹ ਬਾਹਰ ਨਾ ਨਿਕਲ ਸਕਿਆ ਅਤੇ ਏਨੇ ਨੂੰ ਦੁਸ਼ਮਣ ਫ਼ੌਜ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ। ਕਿਰਪਾਨ ਨਾਲ ਲੜਦੇ ਹੋਏ ਅਖ਼ੀਰ ਉਹ ਦੁਸ਼ਮਣਾਂ ਵੱਲੋਂ ਕੀਤੇ ਗਏ ਇਕ ਤੇਜ਼ ਵਾਰ ਨਾਲ ਸ਼ਹੀਦੀ ਪਾ ਗਏ। ਉਨ੍ਹਾਂ ਦੀ ਉਮਰ ਉਸ ਸਮੇਂ ਲੱਗਭੱਗ 16 ਸਾਲ 10 ਮਹੀਨੇ ਦੀ ਸੀ। ਉਨ੍ਹਾਂ ਦਾ ਜਨਮ 11 ਫ਼ਰਵਰੀ 1687 ਦਾ ਸੀ ਅਤੇ 23 ਦਸੰਬਰ 1704 ਨੂੰ ਇਸ ਲੜਾਈ ਵਿਚ ਸੂਰਬੀਰਤਾ ਨਾਲ ਲੜਦਿਆਂ ਸ਼ਹੀਦੀ ਪਾ ਗਏ। ਗੁਰੂ ਗੋਬਿੰਦ ਸਿੰਘ ਜੀ ਉੱਪਰੋਂ ਲੜਾਈ ਦਾ ਇਹ ਭਿਆਨਕ ਮੰਜ਼ਰ ਦੇਖ ਰਹੇ ਸਨ ਅਤੇ ਉਨ੍ਹਾਂ ਨੇ ਬੁਲੰਦ ਆਵਾਜ਼ "ਬੋਲੇ ਸੋ ਨਿਹਾਲ, ਸਤਿ ਸਰੀ ਅਕਾਲ" ਦਾ ਜੈਕਾਰਾ ਛੱਡਿਆ।

### ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸ਼ਹੀਦੀ

ਇਸ ਦੇ ਨਾਲ ਹੀ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਉਨ੍ਹਾਂ ਕੋਲੋਂ ਜੰਗ ਦੇ ਮੈਦਾਨ ਵਿਚ ਜਾਣ ਦੀ ਆਗਿਆ ਮੰਗ ਲਈ ਜੋ ਉਨ੍ਹਾਂ ਨੇ ਹੱਸਦਿਆਂ ਹੋਇਆਂ ਦਿੱਤੀ। ਜੁਝਾਰ ਸਿੰਘ ਦੇ ਨਾਲ ਜਾਣ ਵਾਲੇ ਪੰਜ ਸਿੰਘਾਂ ਵਿਚ 'ਪੰਜਾਂ ਪਿਆਰਿਆਂ' ਵਿਚੋਂ ਦੋ ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਸ਼ਾਮਲ ਸਨ। ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਲੜਾਈ ਦੇ ਮੈਦਾਨ ਵਿਚ ਜਾ ਕੁੱਦਿਆ ਅਤੇ ਉਨ੍ਹਾਂ ਨੇ ਦੁਸ਼ਮਣਾਂ ਦੇ ਚੰਗੇ ਆਹੂ ਲਾਹੇ। ਉਨ੍ਹਾਂ ਦੁਸ਼ਮਣ ਫ਼ੌਜ ਨੂੰ ਖਦੇੜ ਕੇ ਬਹੁਤ ਪਿੱਛੇ ਧੱਕ ਦਿੱਤਾ। ਫਿਰ ਅਚਾਨਕ ਹੀ ਫ਼ੌਜ ਦੀ ਇੱਕ ਵੱਡੀ ਟੁਕੜੀ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ। 'ਪੰਥ ਪ੍ਰਕਾਸ਼' ਦੇ ਲੇਖਕ ਰਤਨ ਸਿੰਘ ਭੰਗੂ ਅਨੁਸਾਰ ਅਖ਼ੀਰ ਉਹ 'ਮਹਾਂਭਾਰਤ' ਦੀ ਲੜਾਈ ਦੇ ਨਾਇਕ 'ਅਭਿਮੰਨਿਊ' ਵਾਂਗ ਉਸ 'ਘੁੰਮਣਘੇਰੀ' ਵਿਚ ਫਸ ਗਏ ਅਤੇ ਸ਼ਹੀਦੀ ਪ੍ਰਾਪਤ ਕਰ ਗਏ। ਜ਼ਿਕਰਯੋਗ ਹੈ ਕਿ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਉਮਰ ਉਸ ਸਮੇਂ



ਪੌਣੇ ਚੌਦਾਂ ਸਾਲ ਸੀ। ਉਹ 9 ਅਪ੍ਰੈਲ 1691 ਨੂੰ ਪੈਦਾ ਹੋਏ ਅਤੇ 23 ਦਸੰਬਰ 1704 ਨੂੰ ਇਸ ਲੜਾਈ ਵਿਚ ਸ਼ਹੀਦੀ ਪਾਈ।

23 ਦਸੰਬਰ ਦੀ ਰਾਤ ਨੂੰ ਹਨੇਰਾ ਪੈਣ 'ਤੇ ਕੱਚੀ ਗੜ੍ਹੀ ਵਿਚ ਗੁਰੂ ਸਾਹਿਬ ਦੇ ਨਾਲ 11 ਸਿੰਘ ਬਚੇ ਸਨ ਜਿਨ੍ਹਾਂ ਵਿਚ ਪੰਜਾਂ ਪਿਆਰਿਆਂ ਵਿਚੋਂ ਦੋ ਭਾਈ ਧਰਮ ਸਿੰਘ ਤੇ ਭਾਈ ਦਇਆ ਸਿੰਘ, ਭਾਈ ਮਨੀ ਸਿੰਘ, ਭਾਈ ਸੰਗਤ ਸਿੰਘ, ਭਾਈ ਸਿੰਘ ਅਤੇ ਛੇ ਹੋਰ ਸਿੰਘ ਸ਼ਾਮਲ ਸਨ। ਪਹਿਲੇ ਪੰਜਾਂ ਸਿੰਘਾਂ ਨੇ 'ਪੰਜ ਪਿਆਰਿਆਂ' ਦੇ ਰੂਪ ਵਿਚ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਰਾਤ ਦੇ ਹਨੇਰੇ ਵਿਚ ਗੜ੍ਹੀ ਤੋਂ ਬਾਹਰ ਨਿਕਲ ਜਾਣ, ਕਿਉਂਕਿ ਪੰਥ ਨੂੰ ਅਜੇ ਉਨ੍ਹਾਂ ਦੀ ਅਗਵਾਈ ਦੀ ਬਹੁਤ ਲੋੜ ਹੈ। 'ਪੰਜ ਪਿਆਰੇ' ਜਿਨ੍ਹਾਂ ਨੂੰ ਗੁਰੂ ਸਾਹਿਬ ਖ਼ੁਦ ਆਪ 'ਗੁਰੂ' ਮੰਨਦੇ ਸਨ, ਦਾ ਹੁਕਮ ਮੰਨਦੇ ਹੋਏ ਉਹ ਦੋਹਾਂ 'ਪਿਆਰਿਆਂ' ਭਾਈ ਧਰਮ ਸਿੰਘ ਤੇ ਭਾਈ ਦਇਆ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਨਾਲ ਲੈ ਕੇ ਗੜ੍ਹੀ ਵਿਚੋਂ ਬਾਹਰ ਨਿਕਲੇ ਅਤੇ ਅੱਧੀ ਰਾਤ ਨੂੰ ਇੱਕ ਉੱਚੀ ਟਿੱਬੀ 'ਤੇ ਖਲੋ ਕੇ ਦੋਹਾਂ ਹੱਥਾਂ ਨਾਲ ਤਾੜੀ ਮਾਰ ਕੇ ਉੱਚੀ ਆਵਾਜ਼ ਵਿਚ "ਪੀਰ-"-ਹਿੰਦ ਰਹਾਵਤ" ("ਹਿੰਦ ਦਾ ਪੀਰ ਚੱਲਿਆ ਜੇ") ਕਹਿੰਦਿਆਂ ਹੋਇਆਂ ਦੂਰ ਨਿਕਲ ਗਏ।

ਅਗਲੀ ਸਵੇਰ 24 ਦਸੰਬਰ ਨੂੰ ਭਾਈ ਸੰਗਤ ਸਿੰਘ ਜੋ ਕਾਫ਼ੀ ਹੱਦ ਤੱਕ ਗੁਰੂ ਸਾਹਿਬ ਦੇ ਹਮਸ਼ਕਲ ਸਨ, ਨੇ ਗੁਰੂ ਜੀ ਦੀ ਪੁਸ਼ਾਕ ਅਤੇ ਕਲਗੀ ਪਹਿਨੀ ਅਤੇ ਕੱਚੀ ਗੜ੍ਹੀ ਵਿਚ ਬਾਕੀ ਬਚੇ ਸਿੰਘਾਂ ਨਾਲ ਆਪਣੇ ਘੋੜਿਆਂ 'ਤੇ ਸਵਾਰ ਹੋ ਕੇ ਗੜ੍ਹੀ ਦੇ ਬਾਹਰ ਆ ਕੇ ਲੜਾਈ ਦੇ ਮੈਦਾਨ ਦੁਸ਼ਮਣ ਫ਼ੌਜ 'ਤੇ ਟੁੱਟ ਪਏ ਅਤੇ ਉਸ ਨੂੰ ਭਾਜੜਾਂ ਪਾ ਦਿੱਤੀਆਂ। ਘਮਸਾਣ ਦੀ ਲੜਾਈ ਹੋਈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜੀ ਮੌਤ ਦੇ ਘਾਟ ਉਤਾਰੇ ਗਏ। ਲੜਦਿਆਂ-ਲੜਦਿਆਂ ਅਖ਼ੀਰ ਉਹ ਸਾਰੇ ਸ਼ਹੀਦੀਆਂ ਪਾ ਗਏ। ਭਾਈ ਸੰਗਤ ਸਿੰਘ ਦੀ ਮ੍ਰਿਤਕ ਦੇਹ ਨੂੰ ਵੇਖ ਕੇ ਦੁਸ਼ਮਣ ਸਮਝ ਰਹੇ ਸਨ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ, ਪਰ ਉਹ ਤਾਂ ਉਦੋਂ ਤੀਕ ਮਾਛੀਵਾੜੇ ਵੱਲ ਬਹੁਤ ਦੂਰ ਜਾ ਚੁੱਕੇ ਸਨ। ਉਸ ਰਾਤ ਸਿੰਘਣੀ ਬੀਬੀ ਸ਼ਰਨ ਕੌਰ ਨੇ ਲਕੜੀਆਂ ਇਕੱਠੀਆਂ ਕਰਕੇ ਮ੍ਰਿਤਕ ਸਿੰਘਾਂ ਦੇ ਸਰੀਰਾਂ ਦਾ ਸਸਕਾਰ ਕੀਤਾ।

### ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ

ਓਧਰ ਗੰਗੂ ਰਸੋਈਆ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਮਾਤਾ ਜੀ ਕੋਲ ਇੱਕ ਪੋਟਲੀ ਵਿਚ ਸੋਨੇ ਦੇ ਕੁਝ ਗਹਿਣੇ ਅਤੇ ਮੋਹਰਾਂ ਸਨ। ਉਨ੍ਹਾਂ ਨੂੰ ਆਪਣੇ ਕਬਜ਼ੇ ਵਿਚ ਲੈਣ ਦੇ ਲਾਲਚ ਵਿਚ ਉਸ ਨੇ 24 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਆਪਣੇ ਕੋਲ ਹੋਣ ਦੀ ਖ਼ਬਰ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਦਿੱਤੀ। ਨਵਾਬ ਦੇ ਸਿਪਾਹੀ ਆ ਕੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਫੜ੍ਹ ਕੇ ਸਰਹੰਦ ਲੈ ਆਏ। ਉਨ੍ਹਾਂ ਨੂੰ ਰਾਤ ਠੰਢੇ ਬੁਰਜ ਵਿਚ ਕੈਦ ਰੱਖਿਆ ਗਿਆ ਅਤੇ ਅਗਲੇ ਦਿਨ 25 ਦਸੰਬਰ ਨੂੰ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਉਸ ਦੇ ਵੱਲੋਂ ਸਾਹਿਬਜ਼ਾਦਿਆਂ ਨੂੰ ਪਹਿਲਾਂ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਤੇ ਫਿਰ ਡਰਾਵੇ ਵੀ ਦਿੱਤੇ ਗਏ ਅਤੇ ਉਨ੍ਹਾਂ ਨੂੰ ਮੁਸਲਮਾਨ ਬਣ ਜਾਣ ਲਈ ਕਿਹਾ ਗਿਆ ਪਰ ਉਹ ਨਹੀਂ ਮੰਨੇ।

ਉਸ ਰਾਤ ਉਹ ਫਿਰ ਆਪਣੀ ਦਾਦੀ ਕੋਲ ਠੰਢੇ ਬੁਰਜ ਵਿਚ ਕੈਦ ਰਹੇ ਅਤੇ ਅਗਲੇ ਦਿਨ ਫਿਰ ਉਨ੍ਹਾਂ ਦੀ ਪੇਸ਼ੀ ਕਚਹਿਰੀ ਵਿਚ ਨਵਾਬ ਵਜ਼ੀਰ ਖ਼ਾਨ ਦੇ ਅੱਗੇ ਕੀਤੀ ਗਈ। ਇਸ ਦਿਨ ਵੀ ਉਨ੍ਹਾਂ ਨੂੰ ਹੋਰ ਕਈ ਲਾਲਚ ਅਤੇ ਡਰਾਵੇ ਦਿੱਤੇ ਗਏ ਪਰ ਉਹ ਆਪਣੇ ਸਿਰੜ 'ਤੇ ਅਡੋਲ ਰਹੇ ਅਤੇ ਉਨ੍ਹਾਂ ਕਿਸੇ ਵੀ ਤਰ੍ਹਾਂ ਨਵਾਬ ਦੀ ਈਨ ਨਾ ਮੰਨੀ। ਨਵਾਬ ਬਹੁਤ ਗੁੱਸੇ ਵਿਚ ਆ ਗਿਆ ਅਤੇ ਆਪਣੇ ਅਹਿਲਕਾਰ ਸੁੱਚਾ ਨੰਦ ਦੇ 'ਇਸ਼ਾਰੇ' (ਸੱਪ ਦੇ 'ਸਪੋਲੀਏ' ਜ਼ਿੰਦਾ ਨਹੀਂ ਛੱਡਣੇ ਚਾਹੀਦੇ) 'ਤੇ ਉਸ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਜ਼ਿੰਦਾ ਚਿਣਨ ਦੀ ਸਜ਼ਾ ਸੁਣਾ ਦਿੱਤੀ। ਇਸ 'ਤੇ ਮਲੇਰਕੋਟਲੇ ਦੇ ਨਵਾਬ ਸ਼ੇਰ ਖ਼ਾਨ ਨੇ 'ਹਾਅ ਦਾ ਨਾਅਰਾ' ਮਾਰਿਆ ਅਤੇ ਕਿਹਾ, "ਨਵਾਬ ਸਾਹਿਬ, ਤੁਹਾਡੀ ਦੁਸ਼ਮਣੀ ਗੁਰੂ ਗੋਬਿੰਦ ਸਿੰਘ ਨਾਲ ਹੈ ਅਤੇ ਇਨ੍ਹਾਂ ਮਾਸੂਮਾਂ ਨੂੰ ਇਸ ਦੀ ਸਜ਼ਾ ਨਾ ਦਿ"।" ਪਰ ਨਵਾਬ ਵਜ਼ੀਰ ਖ਼ਾਨ ਨੇ ਉਸ ਦੀ ਇਕ ਨਾ ਸੁਣੀ ਅਤੇ ਸਜ਼ਾ ਬਰਕਰਾਰ ਰੱਖੀ। ਅਗਲੀ ਸਵੇਰ 27 ਦਸੰਬਰ ਨੂੰ ਦੋਹਾਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਲਿਜਾਇਆ ਗਿਆ ਅਤੇ ਨਿਸਚਤ ਕੀਤੀ ਗਈ ਥਾਂ 'ਤੇ ਦੋਹਾਂ ਨੂੰ ਖਲ੍ਹਾਰ ਕੇ ਬਾਸਲ ਬੇਗ਼ ਅਤੇ ਸ਼ਾਸਲ ਬੇਗ਼ ਨਾਂ ਦੇ ਜੱਲਾਦਾਂ ਨੂੰ ਉਨ੍ਹਾਂ ਦੇ ਆਲ਼ੇ-ਦੁਆਲ਼ੇ ਇੱਟਾਂ ਤੇ ਗਾਰੇ ਨਾਲ ਦੀਵਾਰ ਚਿਣਨ ਦਾ ਹੁਕਮ ਦਿੱਤਾ ਗਿਆ। ਦੀਵਾਰ ਜਿਉਂ-ਜਿਉਂ ਉੱਚੀ ਹੁੰਦੀ ਗਈ, ਦੋਹਾਂ ਸਾਹਿਬਜ਼ਾਦਿਆਂ ਵੱਲੋਂ "ਬੋਲੇ ਸੋ ਨਿਹਾਲ, ਸਤਿ ਸਿਰੀ ਅਕਾਲ" ਦੇ ਜੈਕਾਰੇ ਉੱਚੇ ਹੁੰਦੇ ਗਏ ਅਤੇ ਜਦੋਂ ਇਹ ਦੀਵਾਰ ਉਨ੍ਹਾਂ ਦੇ ਸਿਰਾਂ ਤੋਂ ਉੱਪਰ ਹੋ ਗਈ ਤਾਂ ਇਹ ਜੈਕਾਰੇ ਅਚਾਨਕ ਬੰਦ ਹੋ ਗਏ ਪਰ ਇਸ ਦੇ ਨਾਲ ਹੀ ਦੀਵਾਰ ਡਿੱਗ ਕੇ ਖਿੱਲਰ ਗਈ। ਦੋਵੇਂ ਮਾਸੂਮ ਜਿੰਦਾਂ ਬੇਹੋਸ਼ ਸਨ ਪਰ ਉਨ੍ਹਾਂ ਦੇ ਸਾਹ ਅਜੇ ਚੱਲ ਰਹੇ ਸਨ। ਵਜ਼ੀਰ ਖ਼ਾਨ ਵੱਲੋਂ ਜੱਲਾਦਾਂ ਨੂੰ ਉਨ੍ਹਾਂ ਦੇ ਸਿਰ ਕਲਮ ਕਰਨ ਦਾ ਹੁਕਮ ਦਿੱਤਾ ਗਿਆ ਜਿਸ ਦੀ ਤਾਮੀਲ ਕੀਤੀ ਗਈ ਅਤੇ ਦੋਵੇਂ ਸਾਹਿਬਜ਼ਾਦੇ 'ਸੱਚਖੰਡ' ਆਪਣੇ ਦਾਦੇ ਗੁਰੂ ਤੇਗ਼ ਬਹਾਦਰ ਜੀ ਕੋਲ ਜਾ ਬਿਰਾਜੇ। ਮਾਤਾ ਗੁਜਰੀ ਜੀ ਆਪਣੇ ਪੋਤਰਿਆਂ ਦਾ ਵਿਛੋੜਾ ਨਾ ਸਹਾਰਦੇ ਹੋਏ ਠੰਢੇ ਬੁਰਜ ਵਿਚ ਆਪਣੀ ਜਾਨ ਦੇ ਗਏ।


ਜ਼ਿਕਰਯੋਗ ਹੈ ਕਿ ਸਰਹੰਦ ਦੇ ਠੰਢੇ ਬੁਰਜ ਵਿਚ ਕੈਦ ਦੋਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਗੁਰੂ ਜੀ ਦਾ ਸੇਵਕ ਮੋਤੀ ਮਹਿਰਾ ਤਿੰਨੇ ਰਾਤਾਂ ਗਰਮ ਦੁੱਧ ਪਿਆਉਂਦਾ ਰਿਹਾ ਜਿਸ ਤੋਂ ਗੁੱਸੇ ਵਿਚ ਆ ਕੇ ਉਸ ਦੇ ਪਰਿਵਾਰ ਦੇ ਜੀਆਂ ਨੂੰ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ ਕੀਤਾ ਗਿਆ। ਇਸ ਦੇ ਨਾਲ ਹੀ ਦੋਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ ਕਰਨ ਲਈ ਦੀਵਾਨ ਟੋਡਰ ਮੱਲ ਨੇ ਉਸ ਵੇਲੇ ਦੀ ਹਕੂਮਤ ਦੀਆਂ ਸ਼ਰਤਾਂ ਨੂੰ ਮੁੱਖ ਰੱਖਦਿਆਂ ਆਪਣੀ ਲੜਕੀ ਦੇ ਵਿਆਹ ਲਈ ਜੋੜ ਕੇ ਰੱਖੀਆਂ ਸੋਨੇ ਦੀਆਂ ਮੋਹਰਾਂ ਖੜੇ ਰੁਖ਼ ਰੱਖ ਕੇ ਸ਼ਹਿਰੋਂ ਬਾਹਰਵਾਰ ਜ਼ਮੀਨ ਪ੍ਰਾਪਤ ਕੀਤੀ ਅਤੇ ਉਨ੍ਹਾਂ ਦਾ ਸਸਕਾਰ ਕੀਤਾ। ਇਸ ਬੇਸ਼-ਕੀਮਤੀ ਥਾਂ ਨੂੰ 'ਦੁਨੀਆਂ ਦੀ ਸੱਭ ਤੋਂ ਮਹਿੰਗੀ ਧਰਤੀ' ਦਾ ਰੁਤਬਾ ਹਾਸਲ ਹੈ। ਉੱਥੇ ਬਣਿਆ ਹੋਇਆ ਗੁਰਦੁਆਰਾ ਸਾਹਿਬ ਜੋਤੀ ਸਰੂਪ ਇਸ ਦੀ ਬਾਖ਼ੂਬੀ ਗਵਾਹੀ ਭਰਦਾ ਹੈ।

ਇਸ ਤਰ੍ਹਾਂ ਦਸੰਬਰ ਮਹੀਨੇ ਦੇ ਇਨ੍ਹਾ ਦਿਨਾਂ ਦੌਰਾਨ ਚੌਹਾਂ ਸਾਹਿਬਜ਼ਾਦਿਆਂ ਦੀ ਮਹਾਨ ਸ਼ਹੀਦੀ ਦੇ ਨਾਲ ਸੰਗਤਾਂ ਵੱਲੋਂ ਇਨ੍ਹਾਂ ਦੋ ਮਹਾਨ ਪੁਰਖ਼ਾਂ ਦੀ ਕੁਰਬਾਨੀ ਨੂੰ ਵੀ ਸਿਜਦਾ ਕੀਤਾ ਜਾਂਦਾ ਹੈ।

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

***ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਜ਼ੀਮ ਹੈ। ਉਘਾ ਲਿਖਾਰੀ ਹਰਪਾਲ ਸਿੰਘ ਪੰਨੂ ਇਸ ਲੇਖ ਵਿਚ ਇਸ ਸ਼ਹਾਦਤ ਨੂੰ 'ਕੁਝ ਅਜਬ ਪ੍ਰਕਾਰ ਦੀ ਕਰਾਮਾਤ' ਲਿਖਦਾ ਹੈ ਅਤੇ ਇਸ ਘਟਨਾ ਦੇ ਵੱਖ-ਵੱਖ ਪੱਖਾਂ ਨੂੰ ਵਿਸਥਾਰ ਸਹਿਤ ਬਿਆਨ ਕਰਦਾ ਹੈ। ਅਸਲ ਵਿਚ ਲੇਖਕ ਨੇ ਉਹ ਇਤਿਹਾਸ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ ਜੋ ਆਮ ਕਰ ਕੇ ਸੁਣਾਇਆ ਹੀ ਨਹੀਂ ਜਾਂਦਾ।***

ਰੂਸੀ ਕਹਾਵਤ ਹੈ- ਜਿਉਂ ਜਿਉਂ ਜੰਗਲ ਵਧਿਆ, ਕੁਹਾੜੇ ਦਾ ਦਸਤਾ ਵੀ ਵਧਦਾ ਗਿਆ। ਧਰਮ ਦੇ ਸਹੀ ਅਸੂਲਾਂ ਉੱਤੇ ਸੂਖ਼ਮ ਬੁੱਧ ਵਿਅਕਤੀਆਂ ਨੇ ਜਦੋਂ ਆਪਣਾ ਦ੍ਰਿੜ੍ਹ ਵਿਸ਼ਵਾਸ ਪ੍ਰਗਟ ਕੀਤਾ ਤਦ ਮੌਤ ਨੇ ਆਪਣੇ ਆਰੇ ਦੇ ਦੰਦੇ ਤਿੱਖੇ ਕੀਤੇ। ਰੱਬ ਨੇ ਸ਼ਹੀਦਾਂ ਦੇ ਕਦਮਾਂ ਨਾਲ ਬਣੀਆਂ ਪਗਡੰਡੀਆਂ ਨੂੰ ਸ਼ਾਹਰਾਹ ਬਣਾਇਆ ਜਦੋਂ ਕਿ ਜਾਬਰਾਂ ਜਰਵਾਣਿਆਂ ਦੇ ਬਣਾਏ ਰਸਤੇ ਨਕਸ਼ਿਆਂ ਵਿਚ ਦਿਸਦੇ ਨਹੀਂ। ਥੱਕੀਆਂ ਹਾਰੀਆਂ ਲਾਚਾਰ ਕੌਮਾਂ ਸ਼ਹੀਦਾਂ ਦੀ ਉਂਗਲ ਫੜ ਕੇ ਰਸਤੇ ਲੱਭਦੀਆਂ ਹਨ। ਰਸਤਾ ਲੱਭਣਾ ਹੀ ਮੁਸ਼ਕਲ ਕੰਮ ਹੁੰਦਾ ਹੈ- ਸਹੀ ਰਸਤਾ ਮਿਲ ਗਿਆ ਤਾਂ ਸਮਝੋ ਮੰਜ਼ਿਲ ਮਿਲ ਗਈ। ਡਾ. ਇਕਬਾਲ ਨੇ ਲਿਖਿਆ ਹੈ- ਹਰੇਕ ਤਿੱਖੀ ਰੌਅ ਨੂੰ ਦੇਖ ਕੇ ਮੈਂ ਉਸ ਵਿਚ ਸ਼ਾਮਲ ਹੋ ਜਾਂਦਾ ਹਾਂ, ਦਰਅਸਲ ਹਾਲੇ ਮੈਨੂੰ ਰਹਿਬਰ ਦੀ ਪਛਾਣ ਨਹੀਂ ਹੋਈ।



ਜਿਨ੍ਹਾਂ ਇਕ ਦੇ ਨਾਉਂ 'ਤੇ ਸਿਦਕ ਬੱਧਾ, ਤਿਨ੍ਹਾਂ ਫ਼ਿਕਰ ਅੰਦੇਸੜਾ ਕਾਸਦਾ ਈ।

ਅਜਿਹੀ ਕੋਈ ਗੱਲ ਨਹੀਂ ਕਿ ਸ਼ਹੀਦ ਜੀਵਨ ਨਾਲੋਂ ਮੌਤ ਨੂੰ ਵਧੀਕ

**ਪ੍ਰੋ. ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਪਿਆਰ ਕਰਦਾ ਹੋਵੇ। ਇਹ ਗੱਲ ਹੁੰਦੀ ਤਾਂ ਆਤਮ ਹੱਤਿਆ ਅਤੇ ਸ਼ਹਾਦਤ ਵਿਚ ਕੋਈ ਫ਼ਰਕ ਹੀ ਨਾ ਹੁੰਦਾ। ਸੱਚ ਇਹ ਹੈ ਕਿ ਸ਼ਹੀਦ, ਜੀਵਨ ਨੂੰ ਬਾਕੀ ਆਮ ਲੋਕਾਂ ਨਾਲੋਂ ਸਗੋਂ ਵਧੀਕ ਪਿਆਰ ਕਰਦਾ ਹੈ। ਹਾਂ ਇਹ ਜੀਵਨ, ਜੇ ਮਿੱਤਰਾਂ ਪਿਆਰਿਆਂ ਦੇ ਕਾਫਲੇ ਨੂੰ ਹੋਰ ਮੰਗਲਮਈ ਬਣਾਉਣ ਹਿਤ ਲੇਖੇ ਲੱਗ ਜਾਵੇ ਤਾਂ ਉਹ ਖਿੜੇ ਮੱਥੇ ਹੋਣੀ ਨੂੰ ਪ੍ਰਵਾਨ ਕਰਦਾ ਹੈ। ਭਾਈ ਨੰਦ ਲਾਲ ਜੀ ਡੂੰਘੇ ਰਹੱਸ ਇਉਂ ਪ੍ਰਗਟ ਕਰਦੇ ਹਨ,

ਅਸੀਂ ਆਪਣੇ ਪਿਆਰੇ ਅੱਗੇ ਪੇਸ਼ਕਸ਼ ਕੀਤੀ
ਕਿ ਦੀਦਾਰ ਦੀ ਇਕ ਝਲਕ ਵਾਸਤੇ ਇਹ ਜਾਨ ਹਾਜ਼ਰ ਹੈ॥
ਉਨ੍ਹਾਂ ਉੱਤਰ ਦਿੱਤਾ- ਇੱਥੇ ਕੋਈ ਸੌਦੇਬਾਜ਼ੀ ਨਹੀਂ ਹੋਇਆ ਕਰਦੀ॥

ਸ਼ਹੀਦ ਨੇ ਕੇਵਲ ਇਕ ਰਾਹ ਚੁਣਨਾ ਹੁੰਦਾ ਹੈ- ਆਪਣੇ ਮਹਿਬੂਬ ਦੇ ਦਰ ਤੱਕ ਲੈ ਜਾਣ ਵਾਲਾ; ਤੇ ਫੈਜ਼ ਅਹਿਮਦ ਫੈਜ਼ ਆਖਦਾ ਹੈ ਅੱਗੋਂ ਦੂਜਾ ਰਸਤਾ ਫਾਂਸੀ ਦੇ ਫੰਦੇ ਤੱਕ ਲਿਜਾਂਦਾ ਹੈ। ਹੋਰ ਕੋਈ ਮੰਜ਼ਲ ਨਹੀਂ। ਫਾਂਸੀ ਦਾ ਫੰਦਾ ਜਾਂ ਕਿਰਪਾਨ, ਮੌਤ ਜਿਵੇਂ ਮਰਜ਼ੀ ਆਵੇ, ਜੀਅ ਸਦਕੇ ਆਵੇ, ਦੁਖਦਾਈ ਨਹੀਂ। ਦੁਖਦਾਈ ਉਸ ਦੇ ਦੀਦਾਰ ਦਾ ਵਿਛੋੜਾ ਹੈ। ਮਿਲਾਪ ਨਹੀਂ ਤਾਂ ਸਾਰੀ ਧਰਤੀ ਕਤਲਗਾਹ ਹੈ। ਇਹ ਕੋਈ ਪਰੀ ਕਹਾਣੀਆਂ ਨਹੀਂ ਹਨ। ਗੁਰੂ ਸਾਹਿਬਾਨ ਨੂੰ ਸ਼ਹੀਦ ਕੀਤਾ ਗਿਆ ਜਾਂ ਉਨ੍ਹਾਂ ਦੇ ਸੇਵਕਾਂ ਨੂੰ, ਬਜ਼ੁਰਗਾਂ ਨੂੰ ਜਾਂ ਮਾਸੂਮ ਸਾਹਿਬਜ਼ਾਦਿਆਂ ਨੂੰ, ਉਨ੍ਹਾਂ ਦੇ ਬਿਰਤਾਂਤ ਦੱਸਣ ਵਾਲਾ ਹਮਦਰਦ ਤਾਂ ਨੇੜੇ ਤੇੜੇ ਕੋਈ ਮੌਜੂਦ ਨਹੀਂ ਸੀ। ਕਾਤਲਾਂ ਨੇ ਦੱਸਿਆ ਹੈ ਕਿ ਬੰਦ ਬੰਦ ਕਟਵਾਉਣ ਵਕਤ ਜਾਂ ਜਿਉਂਦਿਆਂ ਨੀਂਹਾਂ ਵਿਚ ਚਿਣੇ ਜਾਣ ਵਕਤ ਪੰਥ ਦੇ ਬਜ਼ੁਰਗ ਅਤੇ ਬੱਚੇ ਅਡੋਲ ਰਹੇ। ਉਨ੍ਹਾਂ ਦੀ ਕਿਸਮਤ ਵਿਚ ਅਲੌਕਿਕ ਮੁਸਕਾਨ ਲਿਖੀ ਸੀ ਜਿਹੜੀ ਦੁਸ਼ਮਣ ਨੂੰ ਵੀ ਸਰਾਪ ਨਹੀਂ ਦਿੰਦੀ। ਗਰਮ ਤਵੀ ਉੱਪਰ ਬੈਠੇ ਉਹ ਬਿਸਰ ਗਈ ਸਭ ਤਾਤ ਪਰਾਈ, ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗ ਹਮ ਕਉ ਬਨਿ ਆਈ, ਦਾ ਪਾਠ ਕਰ ਸਕਦੇ ਹਨ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਕੁਝ ਅਜਬ ਪ੍ਰਕਾਰ ਦੀ ਕਰਾਮਾਤ ਹੈ। ਬੰਦੀ ਦੌਰਾਨ ਹਰ ਰੋਜ਼ ਸਵੇਰ ਤੋਂ ਸ਼ਾਮ ਤੱਕ ਉਨ੍ਹਾਂ ਨੂੰ ਕਸ਼ਟ ਦੇ ਦੇ ਕੇ ਪੁੱਛਿਆ ਜਾਂਦਾ- ਇਸਲਾਮ ਕਬੂਲ ਕਰੋਗੇ ਕਿ ਮੌਤ? ਇਸ ਸਵਾਲ ਦੇ ਉੱਤਰ ਵਿਚ ਉਨ੍ਹਾਂ ਦੀਆਂ ਕੋਮਲ ਬੁੱਲ੍ਹੀਆਂ ਵਿਚੋਂ ਬੋਲ ਸੁਣਾਈ ਦਿੰਦਾ- ਮੌਤ। ਇਹ ਅਨਮੋਲ ਰਤਨ ਉਨ੍ਹਾਂ ਬਾਬਿਆਂ ਦੀ ਅੰਸ਼ ਸਨ ਜਿਨ੍ਹਾਂ ਨੇ ਬਾਬਾ ਫ਼ਰੀਦ ਜੀ ਦੀ ਪਵਿੱਤਰ ਬਾਣੀ ਸ੍ਰੀ ਗੁਰੂ ਮਹਾਰਾਜ ਵਿਚ ਕਲਮਬੰਦ ਕੀਤੀ ਤੇ ਜਿਨ੍ਹਾਂ ਨੇ ਦਰਬਾਰ ਸਾਹਿਬ ਦੀ ਨੀਂਹ ਹਜ਼ਰਤ ਮੀਆਂ ਮੀਰ ਤੋਂ ਰਖਵਾਈ। ਇਸ ਕਰਕੇ ਇਸਲਾਮ ਪ੍ਰਤੀ ਬੇਅਦਬੀ ਇਸ ਖ਼ਾਨਦਾਨ ਦੇ ਖ਼ਾਬਾਂ ਵਿਚ ਵੀ ਨਹੀਂ ਆ ਸਕਦੀ ਸੀ। ਸਾਹਿਬਜ਼ਾਦਿਆਂ ਨੂੰ ਜੋ ਪ੍ਰਵਾਨ ਨਹੀਂ ਸੀ ਉਹ ਸੀ ਵਜ਼ੀਰ ਖਾਨ, ਕਾਜ਼ੀ ਅਤੇ ਦੀਵਾਨ ਸੁੱਚਾ ਨੰਦ ਦੀਆਂ ਖੂੰਖਾਰ ਕਿਰਪਾਨਾਂ... ਲਹੂ ਚੋਂਦੀਆਂ ਕਿਰਪਾਨਾਂ ਰਾਹੀਂ ਇਸਲਾਮ ਸੰਘ ਵਿਚੋਂ ਹੇਠਾਂ ਉਤਾਰਨਾ। ਇਸਲਾਮ ਇਹ ਹੈ ਨਹੀਂ। ਸਾਹਿਬਜ਼ਾਦਿਆਂ ਨੇ ਆਪਣੇ ਖ਼ੂਨ ਨਾਲ ਧਰਤੀ ਦੇ ਵਰਕੇ ਉੱਪਰ ਆਪਣੀ ਮੁਹਰ ਲਾ ਕੇ ਸਾਬਤ ਕੀਤਾ ਕਿ ਸਿਦਕ ਅਤੇ ਈਮਾਨ ਉਨ੍ਹਾਂ ਪਾਸ ਸੀ, ਨਾ ਕਾਜ਼ੀ ਪਾਸ, ਨਾ ਹਕੂਮਤ ਪਾਸ। ਇਨ੍ਹਾਂ ਨਿੱਕੀਆਂ ਜਿੰਦਾਂ ਨੇ ਸਾਬਤ ਕੀਤਾ ਕਿ ਵਡੇਰੀ ਉਮਰ ਕੋਈ ਖ਼ਾਸ ਫਖ਼ਰ ਕਰਨ ਯੋਗ ਪ੍ਰਾਪਤੀ ਨਹੀਂ। ਜੇ ਏਨੇ ਮਹਾਨ ਕਾਰਜ ਛੋਟੀ ਉਮਰ ਵਿਚ ਹੋ ਸਕਦੇ ਹਨ ਤਾਂ ਫਿਰ ਸੌ ਸੌ ਸਾਲ ਵਿਅਰਥ ਜੀਣ ਦਾ ਕੀ ਲਾਭ? ਸੰਸਾਰ ਇਹ ਜਾਣਦਾ ਸੀ ਕਿ ਰਤਾ ਕੁ ਸੱਟ ਲੱਗਣ ਨਾਲ, ਖ਼ੂਨ ਦੀ ਇਕ ਬੂੰਦ ਦੇਖਣ ਸਾਰ ਨਿੱਕੇ ਬੱਚੇ ਰੋਣ ਲੱਗ ਜਾਂਦੇ ਹਨ। ਪਰ ਤਸੀਹੇ ਦੇ ਦੇ ਕੇ ਜਦੋਂ ਉਨ੍ਹਾਂ ਨੂੰ ਜੀਵਨ ਅਤੇ ਮੌਤ ਵਿਚੋਂ ਇਕ ਚੁਣਨ ਲਈ ਹਰ ਰੋਜ਼ ਕਿਹਾ ਜਾਂਦਾ ਸੀ ਤਦ ਉਹ ਨਿਮਰਤਾ ਨਾਲ ਮੌਤ ਚੁਣਦੇ।

ਬਾਦਸ਼ਾਹ ਦਰਵੇਸ਼ ਪਿਤਾ ਦੇ ਨਾਜ਼ਕ ਸਾਹਿਬਜ਼ਾਦਿਆਂ ਨੇ ਜਨਮ ਤੋਂ ਲੈ ਕੇ ਮੋਰਿੰਡੇ ਗ੍ਰਿਫ਼ਤਾਰੀ ਤੱਕ ਕਦੀ ਕੋਈ ਔਖ, ਕੋਈ ਸੰਕਟ ਨਹੀਂ ਦੇਖਿਆ ਸੀ। ਇਨ੍ਹਾਂ ਇਲਾਹੀ ਰਾਜਕੁਮਾਰਾਂ ਨੇ ਸੁਖ, ਮੌਜ ਅਤੇ ਮਖ਼ਮਲਾਂ ਰੇਸ਼ਮ ਦੇਖੇ ਪਹਿਨੇ ਸਨ। ਪਰ ਇਹ ਏਨੇ ਸਖ਼ਤ ਜਾਨ ਨਿਕਲੇ ਜਿਵੇਂ ਯੁੱਗ ਤੋਂ ਤਪ ਸਾਧਨਾ ਰਾਹੀਂ ਸ਼ਹਾਦਤ ਲਈ ਰਿਆਜ਼ ਕਰਦੇ ਰਹੇ ਹੋਣ। ਅਸੀਂ ਆਪਣੇ ਪਿਆਰੇ ਗੁਰੂ ਸਾਹਿਬਾਨ ਬਾਰੇ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਜਾਂ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਇਹ ਆਖ ਕੇ, ਸੋਚ ਕੇ ਦਿਲ ਟਿਕਾ ਲੈਂਦੇ ਹਾਂ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਸ਼ਹਾਦਤ ਲਈ ਤਿਆਰ ਕਰ ਲਿਆ ਸੀ। ਉਹ ਸਮਰੱਥਾਵਾਨ ਸਨ। ਪਰ ਸਾਹਿਬਜ਼ਾਦਿਆਂ ਨੇ ਸਾਬਤ ਕੀਤਾ ਕਿ ਮੌਤ ਨੂੰ ਮਿਲਣ ਲਈ ਕਿਸੇ ਲੰਮੀ ਤਿਆਰੀ ਦੀ ਲੋੜ ਨਹੀਂ, ਨਾ ਕੋਈ ਹਠ ਅਭਿਆਸ ਨਾ ਕਿਸੇ ਯੋਗ ਦੀ ਸਾਧਨਾ। ਕੁਝ ਵੀ ਨਹੀਂ। ਦਾਦੀ ਮਾਂ ਦੀ ਗੋਦ ਵਿਚੋਂ ਉੱਠ ਬਰਫ਼ ਉੱਤੇ ਜਾ ਬੈਠਣਾ, ਬਰਫ਼ ਉੱਤੋਂ ਉੱਠ ਕੇ ਬਲਦੇ ਅੰਗਿਆਰਾਂ ਉੱਪਰ ਥਿਰ ਹੋ ਜਾਣਾ ਉਨ੍ਹਾਂ ਲਈ ਏਨੀ ਆਸਾਨ ਗੱਲ ਸੀ ਜਿਵੇਂ ਗਾਉਂਦੀ ਗਾਉਂਦੀ ਕੋਇਲ ਇਕ ਰੁੱਖ ਤੋਂ ਉੱਡੇ ਤੇ ਦੂਜੇ ਉੱਤੇ ਬੈਠ ਕੇ ਮੁੜ ਗਾਉਣ ਲੱਗੇ। ਜ਼ਿੰਦਗੀ ਦੇ ਰੁੱਖ ਤੋਂ ਸਹਿਜ ਸੁਭਾਅ ਉਹ ਮੌਤ ਦੇ ਦਰਖ਼ਤ ਉੱਤੇ ਬੈਠ ਕੇ ਗਾਉਂਦੇ ਰਹੇ। ਇਹੋ ਜਿਹੀ ਵਿਦਿਆ ਉਹ ਕਦੋਂ ਸਿੱਖੇ ਸਨ, ਪਤਾ ਨਹੀਂ ਲਗਦਾ। ਅਰਜਨ ਡੋਲ ਗਿਆ ਸੀ ਤਾਂ ਕ੍ਰਿਸ਼ਨ ਜੀ ਨੇ ਗੀਤਾ ਉਪਦੇਸ਼ ਦੇ ਕੇ ਹਥਿਆਰ ਚੁਕਵਾਏ ਸਨ। ਇਸ ਮਹਾਂਭਾਰਤ ਵਿਚ ਮਾਂ ਗੁਜਰੀ ਨੇ ਭਗਵਾਨ ਕ੍ਰਿਸ਼ਨ ਦਾ ਰੋਲ ਨਿਭਾਇਆ। ਅਰਜਨ ਜੁਆਨ ਸੀ, ਫਿਰ ਵੀ ਦੇਰ ਬਾਅਦ ਸਮਝਿਆ। ਮਾਂ ਗੁਜਰੀ ਦੀ ਗੱਲ ਮਾਸੂਮ ਬੱਚੇ ਤੁਰੰਤ ਸਮਝ ਗਏ।

ਮੇਰੇ ਵਰਗੇ ਦੁਨੀਆਦਾਰ ਵਾਸਤੇ ਔਖਾ ਹੈ ਇਹ ਸਮਝ ਸਕਣਾ ਕਿ ਬਰਫ਼ ਦੀ ਡਲੀ ਅੱਗ ਵਿਚ ਨਾ ਪੰਘਰੇ, ਕਿ ਕੋਇਲਾ ਬਰਫ਼ ਵਿਚ ਦਬ ਕੇ ਵੀ ਨਾ ਬੁਝੇ। ਪੋਹ ਦੀਆਂ ਸਰਦ ਯੱਖ ਰਾਤਾਂ, ਠੰਢੇ ਬੁਰਜ ਦੀ ਕੈਦ, ਦਿਨ ਭਰ ਦਿਲ ਕੰਬਾਊ ਤਸੀਹੇ, ਭੁੱਖ ਪਿਆਸ, ਉਨੀਂਦਰਾ, ਕਦੀ ਦੋਹਾਂ ਨੂੰ ਇਕੱਠਿਆਂ ਰੱਖ ਕੇ, ਕਦੀ ਵੱਖ ਵੱਖ ਤੰਗ ਕਰ ਕੇ ਜ਼ਿੰਦਗੀ ਦੀ ਲਗਾਤਾਰ ਪੇਸ਼ਕਸ਼ ਕੀਤੀ ਜਾਂਦੀ। ਇਸਲਾਮ ਕਬੂਲ ਕਰੋਗੇ ਤਾਂ ਜੀਵਨ ਦਾ ਹਰ ਸੁੱਖ ਹਰ ਸੁਵਿਧਾ ਮੌਜੂਦ ਹੈ।

ਇਕ ਦਿਨ ਇਕ ਵਿਦਵਾਨ ਮਿੱਤਰ ਨੇ ਕਿਹਾ- ਇਹ ਗੱਲ ਮੰਨਣਯੋਗ ਨਹੀਂ ਲਗਦੀ ਕਿ ਮਾਂ ਗੁਜਰੀ ਆਪਣੇ ਮਿੱਠੇ ਲਾਲਾਂ ਨੂੰ ਮੌਤ ਕਬੂਲ ਕਰਨ ਲਈ ਪ੍ਰੇਰਨਾ ਦਿੰਦੀ ਹੋਵੇ। ਕੋਈ ਮਾਂ ਅਜਿਹਾ ਕਰ ਹੀ ਨਹੀਂ ਸਕਦੀ। ਇਹ ਸਹੀ ਹੈ ਕੋਈ ਮਾਂ ਅਜਿਹਾ ਨਹੀਂ ਕਰ ਸਕਦੀ। ਪਰ ਮਾਂ ਗੁਜਰੀ ਨੇ ਉਹੋ ਕੀਤਾ ਜੋ ਸੰਭਵ ਨਹੀਂ ਹੋਇਆ ਕਰਦਾ। ਤਦੇ ਤਾਂ ਜ਼ਮਾਨਾ ਉਨ੍ਹਾਂ ਦੀ ਯਾਦ ਵਿਚ ਉਸ ਧਰਤੀ ਉੱਪਰ ਆਪਣਾ ਮੱਥਾ ਛੁਹਾਂਦਾ ਹੈ ਜਿਥੇ ਉਹ ਇਸ ਸੰਸਾਰ ਵਿਚੋਂ ਵਿਦਾ ਹੋਏ। ਕੁੱਲ ਸੰਸਾਰ ਦਾ ਸੁੱਖ ਮੰਗਦੇ ਮੰਗਦੇ ਦਾਦੀ ਮਾਂ ਅਤੇ ਬੱਚੇ ਪੂਰੇ ਜਲੌਅ ਨਾਲ, ਪੂਰਨ ਸ਼ਾਨ ਨਾਲ ਇੱਥੋਂ ਵਿਦਾ ਹੋਏ।

ਮਾਵਾਂ ਜੀਵਨ ਦਾਨ ਦੇਣ ਵਾਲੇ ਅਨੰਤ ਮਿੱਠੇ ਚਸ਼ਮੇ ਹੁੰਦੇ ਹਨ ਇਹ ਸਹੀ ਹੈ। ਪਰ ਜਿਨ੍ਹਾਂ ਨੂੰ ਚਸ਼ਮਿਆਂ ਦੇ ਸਰੋਤ ਦਾ ਪਤਾ ਹੈ ਉਹ ਸਿਦਕਵਾਨ ਮਾਵਾਂ ਉਨ੍ਹਾਂ ਧਰਤੀ ਵੱਲ ਆਈਆਂ ਬੂੰਦਾਂ ਨੂੰ ਚੁੱਕ ਕੇ ਦੁਬਾਰਾ ਉਸੇ ਉੱਚੇ ਮੂਲ ਸਰੋਤ ਤੱਕ ਵਾਪਸ ਲੈ ਜਾਂਦੀਆਂ ਹਨ ਜਿੱਥੇ ਮਾਤਾ ਗੁਜਰੀ ਸਾਹਿਬਜ਼ਾਦਿਆਂ ਨੂੰ ਲੈ ਗਏ। ਫ਼ਰਸ਼ ਤੋਂ ਉਠਾ ਕੇ ਅਰਸ਼ ਤੱਕ, ਜਿੱਥੋਂ ਉਹ ਆਏ ਸਨ। ਸਮਾਂ ਤੇਜ਼ ਗਤੀ ਕਰਦਾ ਹੋਇਆ ਬਹੁਤ ਵੱਡਾ ਚੱਕਰ ਹੈ, ਏਨਾ ਵੱਡਾ ਚੱਕਰ ਜਿਸਦਾ ਵਿਆਸ ਅਨੰਤ ਦੂਰੀ ਤੱਕ ਲੰਮਾ ਹੈ। ਸਭ ਜਾਣਦੇ ਹਨ ਕਿ ਚੱਕਰ ਦੇ ਕੇਂਦਰ ਵਿਚ ਗਤੀ ਧੀਮੀ ਹੁੰਦੀ ਹੈ ਤੇ ਜਿਉਂ ਜਿਉਂ ਚੱਕਰ ਦੇ ਕਿਨਾਰੇ ਵੱਲ, ਬਾਹਰ ਵੱਲ ਵਧਦੇ ਜਾਈਏ ਤਦ ਇਹ ਰਫ਼ਤਾਰ ਤੇਜ਼ ਹੁੰਦੀ ਜਾਂਦੀ ਹੈ। ਸ਼ਹੀਦ ਉਹ ਮਹਾਂਨਾਇਕ ਹੈ ਜਿਹੜਾ ਕਾਲਚੱਕਰ ਦੇ ਐਨ ਬਾਹਰਲੇ ਸਿਰੇ ਦੀ ਤਿੱਖੀ ਧਾਰ ਉੱਪਰ ਖੇਡਦਾ ਹੈ। ਕੁਝ ਸਿਆਣੇ ਬੰਦੇ ਆਪਣੀ ਮੀਟਿੰਗ ਕਰਕੇ ਸਾਧਾਰਨ ਮੌਤ ਨੂੰ ਸ਼ਹਾਦਤ ਦਾ ਰੁਤਬਾ ਦੇ ਦੇਣ ਦਾ ਮਤਾ ਪਾਸ ਕਰ ਦੇਣ ਤਦ ਇਹ ਸਿੱਕਾ ਚੱਲੇਗਾ ਨਹੀਂ। ਇਵੇਂ ਹੀ ਸ਼ਹੀਦ ਦੇ ਖ਼ਿਲਾਫ਼ ਮਤੇ ਪਾਸ ਕਰਨ ਨਾਲ ਵੀ ਉਸ ਨੂੰ ਕੋਈ ਫ਼ਰਕ ਨਹੀਂ ਪਵੇਗਾ। ਕਿਧਰੇ ਵਜ਼ੀਰ ਖ਼ਾਨ ਟੱਕਰੇ, ਉਹ ਅੱਜ ਵੀ ਇਹੋ ਆਖੇਗਾ ਕਿ ਸਾਹਿਬਜ਼ਾਦੇ ਕਾਫ਼ਰ ਸਨ, ਕਿ ਉਹ ਤਾਂ ਉਨ੍ਹਾਂ ਨੂੰ ਈਮਾਨ ਵਾਲੇ, ਦੀਨ ਵਾਲੇ, ਅੱਲ੍ਹਾ ਵਾਲੇ ਬਣਾਉਣਾ ਚਾਹੁੰਦਾ ਸੀ। ਸ਼ਹਾਦਤ ਦਾ ਦਰਜਾ ਸੰਸਾਰ ਦੀ ਹਰੇਕ ਗਿਣਤੀ ਹਰੇਕ ਹਿਸਾਬ ਤੋਂ ਵੱਖਰਾ ਤੇ ਵੱਡਾ ਹੁੰਦਾ ਹੈ। ਸਿਆਣੇ ਲੋਕ ਤਾਂ ਅੱਜ ਵੀ ਇਹ ਕਹਿਣ ਲਈ ਤਿਆਰ ਹਨ ਕਿ ਸਾਹਿਬਜ਼ਾਦਿਆਂ ਨੇ ਜਾਨ ਗੁਆ ਕੇ ਕੀ ਖੱਟਿਆ?

ਫਰੈਡਰਿਕ ਨੀਤਸ਼ੇ ਦਾ ਕਥਨ ਹੈ- ਜਿੱਥੇ ਕਿਤੇ ਅਕਲ ਦਾ ਰੁੱਖ ਉੱਗਿਆ ਉੱਥੇ ਸੁਰਗ ਹੁੰਦਾ ਹੈ, ਆਧੁਨਿਕ ਅਤੇ ਪੁਰਾਤਨ ਸਾਰੇ ਅਜਗਰ ਇਹੋ ਆਖਦੇ ਆਏ ਹਨ।


ਸ਼ਹੀਦ ਅਕਲ ਅਤੇ ਇਲਮ ਦੀ ਜਹਾਲਤ ਤੋਂ ਮੁਕਤ ਸੁਤੰਤਰ ਧਰੂ ਤਾਰਾ ਹੈ।

ਗੁਰੂ ਨਾਨਕ ਸਾਹਿਬ ਜੀ ਨੂੰ ਇਸ ਗੱਲ ਦਾ ਅਫ਼ਸੋਸ ਹੋਇਆ ਕਿ ਪਿਤਾ ਉਨ੍ਹਾਂ ਨੂੰ ਸਹੀ ਕਿਉਂ ਨਹੀਂ ਸਮਝਦੇ। ਫਿਰ ਬਾਬਾ ਸ੍ਰੀ ਚੰਦ ਅਤੇ ਬਾਬਾ ਲੱਖਮੀਦਾਸ ਬਾਰੇ ਵੀ ਉਨ੍ਹਾਂ ਦੇ ਇਹੋ ਜਿਹੇ ਖ਼ਿਆਲ ਹੋਣਗੇ ਕਿ ਗੁਰਮਤਿ ਨੂੰ ਉਹ ਉਸ ਪ੍ਰਕਾਰ ਨਹੀਂ ਸਮਝਦੇ ਜਿਵੇਂ ਭਾਈ ਲਹਿਣਾ ਜੀ ਸਮਝ ਗਏ। ਪਿਤਾ ਮਹਿਤਾ ਕਲਿਆਣ ਰਾਇ ਫਿਰ ਗੁਰੂ ਨਾਨਕ ਦੇਵ, ਫਿਰ ਗੁਰੂ ਜੀ ਦੇ ਪੁੱਤਰ; ਅੱਜ ਦੀ ਬੋਲੀ ਵਿਚ ਲੋਕ ਇਸ ਨੂੰ ਪੀੜ੍ਹੀ ਦਾ ਫਾਸਲਾ ਕਹਿਣਗੇ- ਜਨਰੇਸ਼ਨ ਗੈਪ। ਦਸਵੇਂ ਜਾਮੇ ਵਿਚ ਆ ਕੇ ਗੁਰੂ ਨਾਨਕ ਸਾਹਿਬ ਨੇ ਪੀੜ੍ਹੀਆਂ ਦਾ ਫਾਸਲਾ ਮਿਟਾ ਦਿੱਤਾ। ਜਿਹੋ ਜਿਹੇ ਗੁਰੂ ਕਲਗੀਧਰ ਉਹੋ ਜਿਹੇ ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ, ਉਹੋ ਜਿਹੇ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਉਹੋ ਜਿਹੀ ਮਾਂ ਗੁਜਰੀ। ਕੋਈ ਫ਼ਰਕ ਨਹੀਂ।

ਮਲੇਰਕੋਟਲੇ ਦਾ ਨਵਾਬ ਸਾਹਿਬਜ਼ਾਦਿਆਂ ਨੂੰ ਬਚਾ ਨਹੀਂ ਸਕਿਆ ਤਾਂ ਵੀ ਗੁਰੂ ਪੰਥ ਦੇ ਮਨ ਵਿਚ ਉਸਦਾ ਸਤਿਕਾਰ ਬਣਿਆ। ਉਹ ਸਾਧਾਰਨ ਛੋਟਾ ਹਾਕਿਮ ਸੀ ਜਿਹੋ ਜਿਹੇ ਉਸ ਵਕਤ ਉਸ ਵਰਗੇ ਹਕੂਮਤ ਵਿਚ ਹੋਰ ਵੀ ਬਥੇਰੇ ਸਨ। ਉਸ ਵਿਚ ਜੇ ਕੁਝ ਫਰਕ ਸੀ, ਉਹ ਇਹ ਕਿ ਉਹ ਇਸਲਾਮ ਨੂੰ ਤੇ ਹਜ਼ਰਤ ਮੁਹੰਮਦ ਸਾਹਿਬ ਨੂੰ ਪਿਆਰ ਕਰਦਾ ਸੀ, ਉਹ ਕੋਈ ਬੰਦਗੀ ਕਰਨ ਵਾਲਾ ਬੜਾ ਭਲਾਮਾਣਸ ਬੰਦਾ ਨਹੀਂ ਸੀ। ਸਿੱਖਾਂ ਉੱਪਰ ਉਸ ਨੇ ਹਮਲੇ ਕੀਤੇ, ਹਮਲਿਆਂ ਦਾ ਟਾਕਰਾ ਕੀਤਾ। ਪਰ ਉਹ ਏਨਾ ਜਾਣਦਾ ਸੀ ਇਸਲਾਮ ਮਾਸੂਮ ਬੱਚਿਆਂ ਦੇ ਕਤਲ ਦੀ ਇਜਾਜ਼ਤ ਨਹੀਂ ਦਿੰਦਾ। ਉਹ ਜਦੋਂ ਸਾਹਿਬਜ਼ਾਦਿਆਂ ਦੇ ਹੱਕ ਵਿਚ ਬੋਲਿਆ ਤਾਂ ਵਜ਼ੀਰ ਖ਼ਾਨ ਨੇ ਕਿਹਾ- "ਕਾਫ਼ਿਰਾਂ ਨਾਲ ਹੇਜ ਕਿਉਂ ਜਤਾ ਰਹੇ ਹੋ?" ਸ਼ੇਰ ਮੁਹੰਮਦ ਖ਼ਾਨ ਨੇ ਕਿਹਾ- "ਕਾਫਿਰਾਂ ਨਾਲ ਕੋਈ ਪਿਆਰ ਨਹੀਂ, ਇਸਲਾਮ ਨਾਲ ਤੇ ਸ਼ਰਾਅ ਨਾਲ ਪਿਆਰ ਹੈ। ਦੁੱਧ ਚੁੰਘਦੇ ਬੱਚਿਆਂ ਨੂੰ ਕਤਲ ਕਰਨ ਦਾ ਫੈਸਲਾ ਇਸਲਾਮ ਵਿਰੋਧੀ ਹੈ। ਤੁਹਾਨੂੰ ਇਹ ਕੰਮ ਨਹੀਂ ਕਰਨਾ ਚਾਹੀਦਾ।" ਪਰ ਵਜ਼ੀਰ ਖ਼ਾਨ ਦੀ ਕਿਸਮਤ ਵਿਚ ਨੇਕੀ ਨਹੀਂ ਲਿਖੀ ਸੀ। ਜੇ ਉਹ ਸ਼ੇਰ ਮੁਹੰਮਦ ਖ਼ਾਨ ਦੀ ਗੱਲ ਮੰਨ ਲੈਂਦਾ ਤਦ ਬਾਬਾ ਬੰਦਾ ਸਿੰਘ ਦੇ ਹੱਥੋਂ ਲੱਖਾਂ ਮੁਸਲਮਾਨਾਂ ਦਾ ਕਤਲ ਹੋਣੋਂ ਬਚ ਸਕਦਾ ਸੀ। ਸ਼ੇਰ ਮੁਹੰਮਦ ਮੁਸਲਮਾਨਾਂ ਨੂੰ ਬਚਾਉਣਾ ਚਾਹੁੰਦਾ ਸੀ, ਨਹੀਂ ਬਚਾ ਸਕਿਆ।

ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਮਝੈਲ, ਕੀਰਤਪੁਰ ਸਾਹਿਬ ਵਾਲੇ ਪਾਸਿਉਂ ਜਦੋਂ ਬਨੂੜ ਵੱਲ ਵਧਦੇ ਆ ਰਹੇ ਸਨ ਤਦ ਸ਼ੇਰ ਮੁਹੰਮਦ ਨੇ ਉਨ੍ਹਾਂ ਦਾ ਰਸਤਾ ਘੇਰਿਆ। ਰੋਪੜ ਦੋ ਦਿਨ ਗਹਿਗੱਚ ਲੜਾਈ ਹੋਈ। ਅਖ਼ੀਰਲੇ ਤੀਜੇ ਦਿਨ ਦੁਪਹਿਰ ਤੱਕ ਤਾਂ ਸ਼ੇਰ ਮੁਹੰਮਦ ਬਾਰ-ਬਾਰ ਕੇਵਲ ਇਸ ਲਈ ਸੈਨਿਕ ਝਪਟਾਂ ਮਾਰਦਾ ਰਿਹਾ ਕਿ ਉਹ ਆਪਣੇ ਭਰਾ ਖਿਜਰ ਖ਼ਾਨ ਤੇ ਭਤੀਜੇ ਨਸ਼ਤਰ ਖ਼ਾਨ ਦੀਆਂ ਲਾਸ਼ਾਂ ਤਾਂ ਘੱਟੋ-ਘੱਟ ਦਫ਼ਨ ਕਰਨ ਵਾਸਤੇ ਲਿਜਾ ਸਕੇ। ਉਸ ਦੀ ਪ੍ਰਾਪਤੀ ਬਸ ਏਹੀ ਰਹੀ ਕਿ ਉਹ ਇਹ ਲਾਸ਼ਾਂ ਕਬਜ਼ੇ ਵਿਚ ਕਰ ਕੇ ਮਲੇਰਕੋਟਲੇ ਵੱਲ ਪਰਤ ਗਿਆ ਤੇ ਸਿੱਖ ਸੈਨਾ ਬਾਬਾ ਬੰਦਾ ਸਿੰਘ ਦੀ ਸੈਨਾ ਵਿਚ ਆ ਮਿਲੀ। ਸਿੱਖਾਂ ਨੇ ਹਾਰੇ ਨਵਾਬ ਦਾ ਪਿੱਛਾ ਨਹੀਂ ਕੀਤਾ।

ਜਦੋਂ ਪੂਰੀ ਤਿਆਰੀ ਕਰ ਕੇ ਬਾਬਾ ਬੰਦਾ ਸਿੰਘ ਸਰਹੰਦ ਵੱਲ ਵਧਣ ਲੱਗੇ ਤਾਂ ਰਸਤੇ ਵਿਚ ਹੀ ਚੱਪੜ-ਚਿੜੀ ਦੇ ਮੈਦਾਨ ਵਿਚ, ਸਰਹੰਦੋਂ ਦੂਰ ਇਸ ਦੇ ਟਾਕਰੇ ਲਈ ਵਜ਼ੀਰ ਖ਼ਾਨ ਪੂਰੇ ਹਥਿਆਰਬੰਦ ਲਸ਼ਕਰ ਸਮੇਤ ਅੱਗੋਂ ਆ ਟੱਕਰਿਆ। ਉਸਦੇ ਸੱਜੇ ਪਾਸੇ ਦੀਵਾਨ ਸੁੱਚਾ ਨੰਦ ਸੀ ਅਤੇ ਖੱਬੇ ਪਾਸੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖ਼ਾਨ।



ਘਮਸਾਣ ਦੇ ਇਸ ਯੁੱਧ ਵਿਚ ਸ਼ੇਰ ਮੁਹੰਮਦ ਅਤੇ ਵਜ਼ੀਰ ਖ਼ਾਨ ਦੀਆਂ ਲਾਸ਼ਾਂ ਤਾਂ ਪ੍ਰਾਪਤ ਹੋ ਗਈਆਂ ਪਰ ਸੁੱਚਾ ਨੰਦ ਅਤੇ ਉਸਦਾ ਜੁਆਨ ਪੁੱਤਰ ਕਿਧਰ ਗਏ, ਕਿਵੇਂ ਰਹੇ ਕਿਵੇਂ ਮਰੇ ਇਸ ਗੱਲ ਦਾ ਅੱਜ ਤੱਕ ਪਤਾ ਨਹੀਂ ਲੱਗਾ। ਇਸ ਜੰਗ ਪਿੱਛੋਂ ਕਿਸੇ ਨੇ ਕਦੀ ਉਨ੍ਹਾਂ ਨੂੰ ਕਿਧਰੇ ਨਹੀਂ ਦੇਖਿਆ, ਖੁਰਾ ਖੋਜ ਨਹੀਂ ਮਿਲਿਆ।

ਸ਼ੇਰ ਮੁਹੰਮਦ ਦੀਆਂ ਇਨ੍ਹਾਂ ਜੰਗਾਂ ਦਾ ਪੰਥ ਨੇ ਕਦੀ ਬੁਰਾ ਨਹੀਂ ਮਨਾਇਆ ਕਿਉਂਕਿ ਯੁੱਧ ਦੇ ਮੈਦਾਨ ਵਿਚ ਟੱਕਰਨਾ ਜੰਗਬਾਜ਼ਾਂ ਦਾ ਕੰਮ ਹੁੰਦਾ ਹੈ। ਉਹ ਵਜ਼ੀਰ ਖ਼ਾਨ ਨੂੰ ਇਹੀ ਕਹਿੰਦਾ ਸੀ ਕਿ ਸਾਹਿਬਜ਼ਾਦੇ ਸਾਡੇ ਨਾਲ ਮੁਕਾਬਲਾ ਕਰਨ ਜੋਗੇ ਨਹੀਂ ਹਨ। ਇਨ੍ਹਾਂ ਦੇ ਪਿਤਾ ਨੂੰ ਮੈਦਾਨ ਵਿਚ ਟੱਕਰਾਂਗੇ ਤੇ ਪਛਾੜਾਂਗੇ। ਉਸ ਦੀ ਮਨਸ਼ਾ ਸਹੀ ਸੀ। ਨੀਤ ਦੇਖਣੀ ਹੁੰਦੀ ਹੈ ਨਤੀਜੇ ਕਈ ਵਾਰ ਭਾਵੇਂ ਅਜੀਬ ਨਿਕਲਣ। ਸਰਹੰਦ ਸ਼ਹਿਰ, ਸ਼ਾਨਦਾਰ ਸ਼ਹਿਰ, ਰੌਣਕਾਂ ਭਰਿਆ ਸ਼ਹਿਰ ਥੇਹ ਹੋ ਗਿਆ। ਜਮਨਾ ਤੋਂ ਲੈ ਕੇ ਸਿੰਧ ਤੱਕ ਦੋ ਮਹਾਂਨਗਰ ਸਨ - ਲਾਹੌਰ ਤੇ ਸਰਹੰਦ। ਸਰਹੰਦ ਸ਼ਹਿਰ ਦੇ ਮੱਥੇ ਉੱਪਰ ਦੋ ਦਾਗ਼ ਲੱਗੇ ਹੋਏ ਹਨ। ਪਹਿਲਾ ਦਾਗ਼ ਉਦੋਂ ਲੱਗਾ ਸੀ ਜਦੋਂ ਸ਼ੇਖ਼ ਅਹਿਮਦ ਸਰਹੰਦੀ ਮੁਜੱਦਦਿ ਅਲਫਥਾਨੀ ਨੇ ਗੁਰੂ ਅਰਜਨ ਦੇਵ ਜੀ ਵਿਰੁੱਧ ਸਾਜ਼ਿਸ਼ਾਂ ਕਰ ਕਰ ਉਨ੍ਹਾਂ ਨੂੰ ਜਹਾਂਗੀਰ ਹੱਥੋਂ ਸ਼ਹੀਦ ਕਰਵਾਇਆ। ਦੂਜਾ ਦਾਗ਼ ਮਾਸੂਮ ਸਾਹਿਬਜ਼ਾਦਿਆਂ ਦਾ ਵਜ਼ੀਰ ਖ਼ਾਨ ਹੱਥੋਂ ਕਤਲ ਹੋਣਾ ਹੈ। ਅਠਾਹਰਵੀਂ ਸਦੀ ਦੇ ਸਿੱਖ ਕਿਹਾ ਕਰਦੇ ਸਨ ਵੱਡਾ ਪਾਪ ਹੋਇਆ ਹੈ, ਸਰਹਿੰਦ ਸ਼ਹਿਰ ਉੱਪਰ ਲੋਹੇ ਦਾ ਸੁਹਾਗਾ ਫਿਰੇਗਾ। ਇਹ ਭਵਿੱਖਬਾਣੀ ਉਦੋਂ ਸੱਚ ਸਾਬਤ ਹੋਈ ਜਦੋਂ ਰੇਲਵੇ ਦੇ ਠੇਕੇਦਾਰ ਨੇ ਲਾਈਨ ਵਿਛਾਉਣ ਦਾ ਅੰਗਰੇਜ਼ਾਂ ਪਾਸੋਂ ਠੇਕਾ ਲੈ ਕੇ ਸਰਹੰਦ ਦਾ ਸਾਰਾ ਮਲਬਾ ਚੁਕਵਾ ਕੇ ਰੇਲ ਲਾਈਨ ਹੇਠਾਂ ਵਿਛਾ ਦਿੱਤਾ। ਦਰਜਣਾਂ ਲੋਹੇ ਦੇ ਸੁਹਾਗੇ ਸਰਹੰਦ ਨੂੰ ਲਤਾੜਦੇ ਹੋਏ ਇਸ ਉਪਰਦੀ ਲੰਘਦੇ ਹਨ। ਹੁਣ ਤੱਕ ਸਿੱਖ ਯਾਤਰੂ ਸਰਹੰਦ ਦੀ ਇਕ ਅੱਧ ਇੱਟ ਚੁੱਕ ਕੇ ਸਤਲੁਜ ਜਮਨਾ ਜਾਂ ਕਿਸੇ ਹੋਰ ਦਰਿਆ ਵਿਚ ਸੁੱਟਣ ਨੂੰ ਪੁੰਨ ਕਰਮ ਸਮਝਦੇ ਹਨ। ਮੈਨੂੰ ਅਜੇ ਤੱਕ ਇਸ ਗੱਲ ਦਾ ਪਤਾ ਨਹੀਂ ਲੱਗਾ ਕਿ ਸ਼ੇਖ਼ ਅਹਿਮਦ ਸਰਹੰਦੀ ਦਾ ਮੁਸਲਮਾਨਾਂ ਵਿਚ ਏਨਾ ਸਤਿਕਾਰ ਕਿਉਂ ਹੈ। ਮੁਸਲਮਾਨ ਵਿਦਵਾਨ ਉਸਦਾ ਨਾਮ ਲੈਣ ਲੱਗੇ ਕਈ ਕਈ ਵਿਸ਼ੇਸ਼ਣ ਜੋੜਦੇ ਹਨ, ਰੋਜ਼ਾ ਸ਼ਰੀਫ ਦੀ ਜ਼ਿਆਰਤ ਕਰਦੇ ਹਨ। ਇਹ ਸ਼ੇਖ਼ ਵਿਦਵਾਨ ਤਾਂ ਹੋਵੇ, ਫ਼ਕੀਰ ਅਤੇ ਅੱਲ੍ਹਾ ਦਾ ਬੰਦਾ ਤਾਂ ਇਹ ਕਦਾਚਿਤ ਨਹੀਂ ਹੋ ਸਕਦਾ ਕਿਉਂਕਿ ਗੁਰੂ ਅਰਜਨ ਦੇਵ ਜਿਹੇ ਪੈਗ਼ੰਬਰ ਦਾ ਕਾਤਲ ਫ਼ਕੀਰ ਕਿਵੇਂ ਹੋ ਸਕਦਾ ਹੈ?

ਮਲੇਰਕੋਟਲੇ ਦਾ ਪਹਿਲਾਂ ਨਾਮ ਕੇਵਲ ਮਲੇਰ ਸੀ ਤੇ ਪੰਦਰਵੀਂ ਸਦੀ ਵਿਚ ਇਹ ਸ਼ਹਿਰ ਚੰਗਾ ਵਸਦਾ ਰਸਦਾ ਸੀ। ਸ਼ੇਰ ਮੁਹੰਮਦ ਦੇ ਵਡੇਰਿਆਂ ਨੇ ਜਦੋਂ ਉੱਥੇ ਕਿਲ੍ਹਾ (ਕੋਟ) ਉਸਾਰ ਲਿਆ ਤਾਂ ਇਸ ਨੂੰ ਮਲੇਰਕੋਟਲਾ ਕਿਹਾ ਜਾਣ ਲੱਗਾ। ਭਾਈ ਰਤਨ ਸਿੰਘ ਭੰਗੂ ਸਮੇਤ ਪੁਰਾਣੇ ਇਤਿਹਾਸਕਾਰ ਇਸ ਸ਼ਹਿਰ ਦੇ ਵਸਨੀਕਾਂ ਨੂੰ 'ਮਲੇਰੀਏ' ਕਿਹਾ ਕਰਦੇ ਸਨ। ਇਸ ਸ਼ਹਿਰ ਦੇ ਵਸਨੀਕ ਦੱਸਦੇ ਹਨ ਕਿ ਨਾ ਕੇਵਲ

***(ਬਾਕੀ ਅਗਲੇ ਸਫੇ 'ਤੇ)***

# ਚੁੱਭਦੀਆਂ ਸੂਲਾਂ ਨੂੰ ਖੁੰਡਾ ਕਰਨ ਦਾ ਸੁਨੇਹਾ ਹੈ, ਕਹਾਣੀ-ਸੰਗ੍ਰਹਿ 'ਸੂਲਾਂ'

## ਪੁਸਤਕ ਸਮੀਖਿਆ

**ਕਿਤਾਬ: 'ਸੂਲਾਂ' (ਕਹਾਣੀ-ਸੰਗ੍ਰਹਿ)**
**ਲੇਖਕ: ਗੁਰਚਰਨ ਕੌਰ ਥਿੰਦ**

**ਕ੍ਰਿਸ਼ਨ ਸਿੰਘ (ਪ੍ਰਿੰਸੀਪਲ)**
**ਫੋਨ: 91-94639-89639**

ਮੈਂ ਗੁਰਚਰਨ ਕੌਰ ਥਿੰਦ ਦੀ ਪੁਸਤਕ 'ਸੂਲ਼ਾਂ' (ਕਹਾਣੀ- ਸੰਗ੍ਰਹਿ) ਦਾ ਅਧਿਐਨ ਕੀਤਾ। ਇਸ ਕਹਾਣੀ-ਸੰਗ੍ਰਹਿ ਦੀਆਂ 16 ਕਹਾਣੀਆਂ, ਸਮਝੋ ਕੁਲ ਮਿਲਾ ਕੇ 184 ਪੰਨਿਆਂ ਦੀ ਇਹ ਵਿਚਾਰਾਧੀਨ ਪੁਸਤਕ ਆਪਣੇ ਸਿਰਲੇਖਕ ਅਰਥਾਂ ਵਾਲਾ ਹੀ ਸਾਹਿਤਕ-ਧਰਮ ਨਹੀਂ ਨਿਭਾਉਂਦੀ ਸਗੋਂ ਬਿਰਤਾਂਤ ਸਿਰਜਣਾ ਦੇ ਅਮਲ ਵਜੋਂ ਸ਼ਬਦ-ਅਨੁਭਵ ਤੇ ਸ਼ਬਦ-ਚੇਤਨਾ ਦੀ ਸੰਵੇਦਨਸ਼ੀਲਤਾ ਦਾ ਵੀ ਅਹਿਸਾਸ ਕਰਵਾਉਂਦੀ ਹੈ। ਇਤਿਹਾਸਕਾਰੀ ਦੇ ਖ਼ੇਤਰ ਵਿਚ ਇਹ ਬਤੌਰ ਲੇਖਿਕਾ ਹੀ ਨਹੀਂ ਵਿਚਰਦੇ, ਸਮਾਜ ਸੇਵੀ ਸੰਸਥਾਵਾਂ ਦੀ ਕਿਰਦਾਰੀ ਪ੍ਰਤਿਭਾ ਨੂੰ ਵੀ ਅਭਿਆਸੀ ਰੂਪ ਵਿਚ ਆਪਣੇ ਹੱਡੀਂ ਹੰਢਾਉਂਦੇ ਹਨ। ਮੈਂ ਇਹ ਵੀ ਕਹਿ ਦੇਵਾਂ ਕਿ ਜੀਵਨ ਯਥਾਰਥ ਨੂੰ ਸਮਝਣ ਦਾ ਇਨ੍ਹਾਂ ਦਾ ਇਹ ਨਜ਼ਰੀਆ/ਸੰਕਲਪ ਪੇਤਲੇ ਰੂਪ ਵਾਲਾ ਨਹੀਂ, ਇਹ ਉਸ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵੀ ਸਮਝਣ ਲਈ ਯਤਨਸ਼ੀਲ ਹੁੰਦੇ ਹਨ.

ਕਹਾਣੀ-ਸੰਗ੍ਰਹਿ ਦੀ ਆਖ਼ਰੀ ਕਹਾਣੀ 'ਕਰੋਨਾ ਜੱਫ਼ੀ' ਭਾਵੇਂ ਆਪਣੇ ਰਚਨਾ- ਪਾਸਾਰ ਵਜੋਂ ਦੋ ਪੰਨਿਆਂ ਤੱਕ ਸੀਮਿਤ ਹੈ ਪਰੰਤੂ ਉਸ ਦੀ ਮਨੋਵਿਗਿਆਨਕ ਤੇ ਪਰਿਵਾਰਕ ਸੰਬੰਧਾਂ/ ਰਿਸ਼ਤਿਆਂ ਦੀ ਵਰਣਮਾਲਾ/ਵਿਆਖਿਆ ਜੀਵਨ ਦੇ ਸਦੀਵੀ ਸੱਚ ਦੀ ਲਖਾਇਕ ਹੈ। ਇਹ ਮਨੁੱਖ ਦੇ ਵਿਸ਼ਵਵਿਆਪੀ ਸੰਕਟ ਵਿਚੋਂ ਵੀ ਸੁੱਖਾਂ ਦੀ ਚਿਣਗ ਦਾ ਬੜਾ ਕ੍ਰਾਂਤੀਕਾਰੀ ਮਾਹੌਲ ਸਿਰਜਦੀ ਹੈ, ਹੇਠਾਂ ਅੰਕਿਤ ਲਫ਼ਜ਼ਾਂ ਦਾ ਕੋਈ ਮੁਕਾਬਲਾ ਨਹੀਂ- ਕੋਈ ਬਦਲ ਨਹੀਂ।

"ਉਹਦੀ ਮੰਮੀ ਨੇ ਉਦੇਸ਼ ਨੂੰ ਦੱਸਿਆ, "ਬੇਟੇ, ਤੈਨੂੰ ਵੀ ਕੋਵਿਡ ਹੋ ਗਿਆ ਹੈ, ਹੁਣ ਤੈਨੂੰ ਵੱਖ਼ਰੇ ਕਮਰੇ ਵਿਚ ਰਹਿਣ ਦੀ ਜ਼ਰੂਰਤ ਨਹੀਂ। ਤੂੰ ਘਰ ਵਿਚ ਜਿਥੇ ਮਰਜ਼ੀ ਆ ਜਾ ਸਕਦਾ ਹੈਂ।" ਜਦੋਂ ਉਸ ਨੇ ਕਿਚਨ ਵਿਚ ਮੇਰੇ ਆਉਣ ਦੀ ਆਹਟ ਸੁਣੀ ਤਾਂ ਉਹ ਉਪਰੋਂ ਇਹ ਕਹਿੰਦਾ ਭੱਜਾ ਆਇਆ,"ਦਾਦੀ ਮੈਨੂੰ ਵੀ ਕੋਵਿਡ ਹੋ ਗਿਆ। ਨਾਓ ਆਈ ਕੈਨ ਹੱਗ ਯੂ" ਅਤੇ ਉਹ ਦੋ ਦੋ ਪਾਉੜੀਆਂ ਇਕੱਠੀਆਂ ਉੱਤਰ ਕੇ ਮੇਰੇ ਗਲ਼ ਨੂੰ ਆ ਚੰਬੜਿਆ।"

ਬਾਲ ਮਨੋਵਿਗਿਆਨ ਨੂੰ ਦਰਸਾਉਂਦੀ ਉਪਰੋਕਤ ਕਹਾਣੀ ਦੀ ਤਰ੍ਹਾਂ ਮਨੁੱਖੀ ਮਨ ਦੀਆਂ ਵੱਖ-ਵੱਖ ਪਰਤਾਂ ਨੂੰ ਉਜਾਗਰ ਕਰਦੀਆਂ ਹੋਰ ਵੀ ਕਹਾਣੀਆਂ ਹਨ। ਲੇਖਿਕਾ ਥਿੰਦ ਜੀ ਦੇ ਜ਼ਿਹਨ ਵਿਚ ਕਰੋਨਾ ਦੀ ਨਾਮੁਰਾਦ ਬਿਮਾਰੀ ਜਾਂ ਨਸ਼ਿਆਂ ਦੇ ਕੋੜ੍ਹ ਦਾ ਨਕਾਰਾਤਮਕ ਪ੍ਰਤੀਕਰਮ ਹੋਇਆ ਤਾਂ ਉਸ ਮਾੜੇ ਵਕਤ ਇਨ੍ਹਾਂ ਨੂੰ ਦਰਬਾਰ ਸਾਹਿਬ 'ਤੇ ਹੋਇਆ ਹਮਲਾ ਵੀ ਯਾਦ ਆਇਆ। "ਪ੍ਰਛਾਵੇਂ" ਕਹਾਣੀ ਵਿਚ ਇਤਿਹਾਸਕ ਤੌਰ 'ਤੇ ਇਨ੍ਹਾਂ ਵੱਖ-ਵੱਖ ਘਟਨਾਵਾਂ ਦਾ ਪ੍ਰਕਿਰਤਕ ਜਾਂ ਗ਼ੈਰ-ਪ੍ਰਕਿਰਤਕ ਹੋਣਾ ਮਾਅਨੇ ਨਹੀਂ ਰੱਖਦਾ ਪਰੰਤੂ ਇਨ੍ਹਾਂ ਦੀ ਹਿਰਦੇਵੇਦਕ ਦੁਖਾਂਤਕ ਸਾਂਝ ਬੜੀ ਅਰਥਪੂਰਨ ਹੈ ਜੋ ਕਿਸੇ ਵੀ ਤਰ੍ਹਾਂ ਮਨੁੱਖਤਾ ਦੇ ਹਿੱਤਾਂ ਵਿਚ ਨਹੀਂ। ਇਨ੍ਹਾਂ ਦੀ ਇਹ ਬਿਰਤਾਂਤ-ਜੁਗਤਿ ਜੋ ਬੀਤੇ ਤੇ ਵਰਤਮਾਨ ਦਾ ਢੁਕਵਾਂ ਸਜੋੜ ਬਣਦੀ ਹੈ, ਬੜੀ ਮਾਅਰਕੇ ਵਾਲੀ ਹੈ। "ਆਹੋ, ਜਦੋਂ ਦਰਬਾਰ ਸਾਬ੍ਹ 'ਤੇ ਟੈਂਕ ਚਾੜ੍ਹੇ ਸੀ ਥੋੜ੍ਹੀਆਂ ਲਾਸ਼ਾਂ ਢੋਈਆਂ ਉਦੋਂ ਪਾਪੀਆਂ ਨੇ। ਆਪਣੇ ਪਿੰਡ ਵਾਲੀ ਸਾਹਮਣੇ ਵਾਲੀ ਸੜਕ ਤੋਂ ਮਾਹਰ ਟਰੱਕਾਂ ਦੇ ਟਰੱਕ ਲੰਘਦੇ ਰਹੇ ਆ। ਕਰਫ਼ੂ ਲਗਾ ਰਿਹਾ ਮ੍ਹੀਨਾ ਭਰ। ਕਿਸੇ ਨੂੰ ਘਰੋਂ ਬਾਹਰ ਪੈਰ ਰੱਖਣ ਦਾ ਆਡਰ ਨਹੀਂ ਸੀ। ਨੇੜੇ ਜਾ ਕੇ ਤਾਂ ਕੀ ਵੇਖਣਾ ਸੀ ਦੂਰੋਂ 'ਵਾਜਾਂ ਸੁਣੀਦੀਆਂ ਸੀ।ਘੂੰ ਘੂੰ ਕਰਦੀਆਂ ਜਾਂਦੀਆਂ ਸੀ ਮਲਿਟਰੀ ਦੀਆਂ ਗੱਡੀਆਂ।" ਨਾਮ੍ਹੀ ਅਤੀਤ ਦੇ ਮਾੜੇ ਸਮਿਆਂ ਵਿਚ ਖੁਭ੍ਹੀ ਬੈਠੀ ਸੀ। (ਪੰਨਾ 177)

ਗੁਰਚਰਨ ਥਿੰਦ ਜੀ ਦੇ ਹਥਲੇ ਕਹਾਣੀ-ਸੰਗ੍ਰਹਿ "ਸੂਲਾਂ" ਦੇ ਸਿਰਲੇਖ ਨੂੰ ਨਿਆਂਪੂਰਨ ਤੇ ਤਰਕਸੰਗਤ ਪ੍ਰਭਾਵ ਦਿੰਦੀਆਂ ਤਿੰਨ ਵਿਚਾਰਧੀਨ ਕਹਾਣੀਆਂ ਜਿਵੇਂ , 'ਸੂਲ' , 'ਕਮਜਾਤ', 'ਵਿਤਕਰਾ' ਆਪਣੇ ਅਧਿਐਨ ਤੇ ਅਨੁਭਵ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ ਜੋ ਆਪਣੇ ਇਤਿਹਾਸਕ ਪਰਿਪੇਖ ਵਜੋਂ ਥੋੜ੍ਹਚਿਰੀ ਮਨੁੱਖੀ ਸਮੱਸਿਆ ਨਾਲ ਸੰਬੰਧਤ ਨਹੀਂ ਸਗੋਂ ਸਦੀਆਂ ਤੋਂ ਚਲੀਆਂ ਆ ਰਹੀਆਂ ਦਲਿਤ ਵਿਰੋਧੀ ਭਾਵਨਾਵਾਂ 'ਤੇ ਕੇਂਦ੍ਰਿਤ ਹਨ। ਇਸ ਵਿਚਾਰਾਧੀਨ ਪੁਸਤਕ ਤੋਂ ਇਹ ਸਾਰਾ ਕੁਝ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਜੋ ਜਾਤੀਗਤ, ਰੰਗ ਭੇਦ ਭਾਵ ਤੱਕ ਸੀਮਿਤ ਨਹੀਂ ਰਿਹਾ ਸਗੋਂ ਵਿਗਿਆਨ ਤੇ ਤਕਨਾਲੋਜੀ ਦੇ ਕ੍ਰਾਂਤੀਕਾਰੀ ਯੁੱਗ ਵਿਚ ਵੀ ਜੈਂਡਰ ਡਿਸਕ੍ਰੀਮੀਨੇਸ਼ਨ ਤੇ ਨਸਲਵਾਦ ਦੀ ਭੈੜੀ ਵਾਦੀ ਤੋਂ ਵੀ ਖਹਿੜਾ ਨਹੀਂ ਛੁਡਾ ਸਕਿਆ। ਇਹੋ ਕਾਰਨ ਹੈ ਕਿ ਇਹ ਵਿਦੇਸ਼ੀ ਨਾਗਰਿਕਤਾ ਤੇ ਉਥੋਂ ਦੇ ਪ੍ਰਬੰਧ ਦੇ ਆਧਾਰ 'ਤੇ ਆਪਣੇ ਚੰਗੇਰੇ ਜੀਵਨ-ਸਿਧਾਂਤਾਂ ਦੀ ਪਰਿਪੱਕਤਾ ਨੂੰ ਇਉਂ ਸਾਂਝਾ ਕਰਨ ਦਾ ਮਾਣ ਹਾਸਲ ਕਰਦੇ ਹਨ:

"ਲਓ ਜੀ, 'ਸੌ ਹੱਥ ਰੱਸਾ ਸਿਰੇ ਤੇ ਗੰਢ' - ਇਹ ਨਹੀਂ ਕਿ ਸੁਖ ਆਰਾਮ ਤਾਂ ਇਥੋਂ ਦਾ ਭੋਗੀਏ ਅਤੇ ਜਦੋਂ ਰਹੁ ਰੀਤਾਂ ਤੇ ਪਰੰਪਰਾਵਾਂ ਦੀ ਗੱਲ ਆਵੇ ਤਾਂ ਫਿਰ ਅਸੀਂ ਪਿਛੇ ਦਾ ਪੱਲਾ ਫੜ ਪੈਰ ਪਿਛਾਂਹ ਨੂੰ ਧਰੀਕੀਏ।"

ਜਾਤਪਾਤ ਪ੍ਰਣਾਲੀ ਦੇ ਸੰਦਰਭ ਵਿਚ "ਕਮ-ਜਾਤ" ਕਹਾਣੀ ਦੀ ਪਾਤਰ ਸ਼ਿੰਦਰ ਵਲੋਂ ਬੋਲੇ ਇਹ ਲਫ਼ਜ਼ ਵੀ, ਉਸ ਦੀ ਆਪਣੀ ਹੋਂਦ ਨੂੰ ਬਚਾਉਣ ਤੱਕ ਸੀਮਿਤ ਨਹੀਂ ਸਗੋਂ ਉਨ੍ਹਾਂ ਦਲਿਤ-ਸ਼੍ਰੇਣੀਆਂ ਦੇ ਮੂਲ ਸੰਕਲਪ ਨੂੰ ਵੀ ਚਿੱਟੇ ਦਿਨ ਵਾਂਗ ਮੂਰਤੀਮਾਨ ਕਰਦੇ ਹਨ। ਉਸ ਦਾ ਅੰਦਰਲਾ ਆਪਾ ਬੋਲ ਉੱਠਦਾ ਹੈ; ਆਪਣੀ ਹੈਸੀਅਤ ਅਨੁਸਾਰ ਉਹ (ਸ਼ਿੰਦਰ) ਉੱਚ-ਜਾਤੀ ਦੇ ਮੁੱਖੇ ਪਾਤਰ ਨੂੰ ਇਹ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੀ:

"ਸਾਡੇ ਵਰਗਿਆਂ ਨੂੰ ਕਮੀਣ ਬਣਾਇਆ ਥੋਡੇ ਵਰਗੀਆਂ ਲਹੂ ਪੀਣੀਆਂ ਜੋਕਾਂ ਨੇ! ਜੇ ਤੇਰੇ ਭਰਾ ਭਾਈਆਂ ਦੀ ਬਾਹਰਲੇ ਮੁਲਕਾਂ ਵਿਚ ਜਾ ਕੇ ਸਾਡੇ ਵਾਲੇ ਕੰਮ ਕਰਦਿਆਂ ਦੀ ਜਾਤ ਨੀਵੀਂ ਨੀ ਹੁੰਦੀ ਤਾਂ ਫਿਰ ਸਾਡੀ ਜਾਤ ਨੂੰ ਕੀ ਕੀੜੇ ਪਏ ਆ? ਘਰ ਦੇ ਗੇਟ ਅੱਗੇ ਮੁੱਖੇ ਦੀ ਮਾਂ ਦੁਹੱਥੜੀ ਪਿੱਟਦੀ ਉਹਦਾ ਸਿਆਪਾ ਕਰਦੀ ਮੱਥੇ ਲੱਗੀ।" ਬੇਬੇ ਬੰਦ ਕਰ ਇਹ ਤਮਾਸ਼ਾ! ਪੁੱਤ ਤੇਰਾ ਹੁਣ 'ਕੰਮੀਆਂ ਦਾ ਜੁਆਈ' ਬਣ ਗਿਆ। ਮੈਂ ਇਹਦੀ ਜਾਤ ਬਦਲਤੀ।"

ਜਾਤਪਾਤ ਦਾ ਇਹ ਮਾਨਵ-ਵਿਰੋਧੀ ਕੋਹੜ ਭਾਰਤੀ ਸੱਭਿਆਚਾਰ ਤੱਕ ਸੀਮਿਤ ਨਾ ਰਿਹਾ, ਆਪਣੀ ਸੰਸਕ੍ਰਿਤੀ/ ਸੰਸਕਾਰਾਂ ਸਮੇਤ ਵਿਦੇਸ਼ਾਂ 'ਚ ਵੀ ਫ਼ੈਲ ਗਿਆ। 'ਸੂਲ' ਕਹਾਣੀ ਵਿਚ ਗੁਰਚਰਨ ਥਿੰਦ ਨੇ ਪਿੰਡਾਂ ਵਿਚ ਇਨ੍ਹਾਂ ਦਲਿਤਾਂ ਦੇ ਰਿਹਾਇਸ਼ੀ ਇਲਾਕਿਆਂ ਤੋਂ ਵੀ ਪ੍ਰਤੱਖ ਕਰ ਦਿੱਤਾ ਹੈ ਕਿ ਇਨ੍ਹਾਂ ਦੇ ਘਰ/ ਵਿਹੜੇ/ ਗੁਰਦੁਆਰੇ ਵੀ ਇਨ੍ਹਾਂ ਦੀ ਜਾਤੀਗਤ ਪਛਾਣ ਕਿਵੇਂ ਬਣਦੇ ਹਨ:

"ਹੁਣ ਮੈਂ ਸਮਝੀ, ਉਥੇ ਕਿਉਂ ਲੋਕੀਂ ਤੁਹਾਡਾ ਪਿਛਲਾ ਪਿੰਡ ਪੁੱਛਦੇ ਨੇ। ਪਿੰਡ ਤੋਂ ਤੇ ਪਿੰਡ ਵਿਚਲੇ ਤੁਹਾਡੇ ਘਰ ਤੋਂ, ਬਿਨਾਂ ਪੁੱਛੇ ਪਤਾ ਜੁ ਲੱਗ ਜਾਣਾ ਹੁੰਦਾ ਜੋ ਸਾਹਮਣੇ ਵਾਲਾ ਸਿੱਧਾ ਨਹੀਂ ਪੁੱਛ ਸਕਦਾ "—- " ਡੈਡ ਤੁਹਾਨੂੰ ਪਤਾ ਬਾਹਰ ਕਨੇਡਾ ਵਿਚ ਗੁਰਦੁਆਰੇ ਵੀ ਵੱਖਰੇ ਵੱਖਰੇ ਬਣੇ ਹੋਏ ਨੇ। ਮੈਨੂੰ ਤਾਂ ਪਤਾ ਈ ਨਹੀਂ ਸੀ ਇਹ ਕਿਉਂ ਤੇ ਕੀ ਆ।"

ਜਾਤਪਾਤ ਸੰਬੰਧੀ 'ਵਿਤਕਰਾ' ਕਹਾਣੀ ਵਿਚ ਲਿਖੇ ਇਹ ਭਾਵਪੂਰਤ ਵਿਚਾਰ ਵੀ ਸਮਝਣਯੋਗ ਹਨ:

"ਕਿਉਂ ਲੋਕੀ ਆਪੋ ਆਪਣੀਆਂ ਜਾਤਾਂ ਦੇ ਗੁਰਦੁਆਰਿਆਂ ਤੱਕ ਸੀਮਿਤ ਹੋ ਰਹੇ ਹਨ। ਕਿਉਂ ਕਈਆਂ ਲਈ ਮੰਦਰਾਂ 'ਚ ਪੈਰ ਧਰਨਾ ਵਰਜਿਤ ਹੈ? ਆਪਣੇ ਆਪ ਨੂੰ ਸਵਰਣਜਾਤੀ ਕਹਾਉਣ ਵਾਲਿਆਂ ਨੂੰ ਕੀ ਵੱਖਰੀਆਂ ਲੂਲ੍ਹਾਂ ਲੱਗੀਆਂ ਨੇ।"

ਅਜੋਕੀ ਨਾਰੀ ਆਪਣੇ ਹੱਕਾਂ-ਹਕੂਕਾਂ ਤੋਂ ਭਾਵੇਂ ਜਾਗਰੂਕ ਹੋ ਚੁੱਕੀ ਹੈ ਪਰੰਤੂ ਉਨ੍ਹਾਂ ਹੱਕਾਂ/ ਅਧਿਕਾਰਾਂ ਲਈ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਮਰਦ- ਇਸਤਰੀ ਦੀ ਬਰਾਬਰੀ ਦਾ ਇਹ ਅਧਿਕਾਰ ਸਹੀ ਮਾਅਨਿਆਂ ਵਿਚ ਕਿਵੇਂ ਅਮਲ ਵਿਚ ਆ ਸਕਦਾ ਹੈ, ਇਨ੍ਹਾਂ ਨੇ ਆਪਣਾ ਇਹ ਵਿਅਕਤੀਗਤ ਨਿਰਣਾ ਆਪਣੀ "ਲਾਲਾ ਲਾਲਾ ਹੋਗੀ!" ਨਾਮਕ ਕਹਾਣੀ ਵਿਚ ਪੇਸ਼ ਕੀਤਾ ਹੈ। "ਮਸਲਾ ਔਰਤ ਨੂੰ ਬਰਾਬਰ ਦਾ ਦਰਜਾ ਦੇਣ ਦਾ ਵੀ ਨਹੀਂ। ਉਹ ਤਾਂ ਕਾਗ਼ਜ਼ਾਂ ਵਿਚ ਪਹਿਲਾਂ ਦੇ ਦਿੱਤਾ ਗਿਆ ਤੇ ਇਸ ਬਰਾਬਰੀ ਦੇ ਨਾਂ 'ਤੇ ਬਥੇਰਾ ਸ਼ੋਸ਼ਣ ਵੀ ਹੋ ਰਿਹਾ ਔਰਤਾਂ ਦਾ ਪੂਰੀ ਦੁਨੀਆਂ ਵਿਚ। ਮਸਲਾ ਤਾਂ ਬਰਾਬਰ ਦਾ ਸਮਝਣ ਅਤੇ ਬਰਾਬਰ ਹੋਣ ਦਾ ਅਹਿਸਾਸ ਕਰਨ ਅਤੇ ਕਰਵਾਉਣ ਦਾ ਹੈ।" ( ਪੰਨਾ 81)

ਵਿਦੇਸ਼ੀ ਧਰਤੀ ਕੈਨੇਡਾ ਵਿਚ ਰਹਿ ਰਹੇ ਕੁਝ ਸਵਾਰਥੀ ਬੱਚੇ ਜੋ ਆਪਣੇ ਮਾਪਿਆਂ ਪ੍ਰਤੀ ਬੜੀ ਨਾਂਹ-ਪੱਖੀ ਜ਼ਿੰਮੇਵਾਰੀ ਨਿਭਾਉਂਦੇ ਹਨ, ਉਨ੍ਹਾਂ ਦੇ ਅਜਿਹੇ ਵਰਤਾਰੇ ਨੂੰ ਵੀ ਲੇਖਕ ਨੇ ਅੱਖੋਂ-ਪਰੋਖੇ ਨਹੀਂ ਕੀਤਾ— ਅਜਿਹੇ ਗੰਭੀਰ ਵਿਸ਼ੇ ਨੂੰ ਇਨ੍ਹਾਂ ਆਪਣੀ "ਨਿਘਰੇ" ਨਾਮਕ ਕਹਾਣੀ ਵਿਚ ਬੜੇ ਸੁਹਜਮਈ ਢੰਗ ਨਾਲ ਸਾਂਝਾ ਕੀਤਾ ਹੈ:

ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਨਸ਼ਿਆਂ ਦਾ ਇਹ ਦਰਿਆ ਕੇਵਲ ਪੰਜਾਬ ਵਿਚ ਹੀ ਨਹੀਂ ਵਗਿਆ ਸਗੋਂ ਇਸ ਨਸ਼ਾ ਤਸਕਰੀ ਦੇ ਧੰਦੇ ਨੇ ਵਿਦੇਸ਼ਾਂ ਵਿਚ ਵੀ ਪੰਜਾਬੀ ਨੌਜਵਾਨਾਂ ਨੂੰ ਕੁਰਾਹੇ ਪਾ ਦਿੱਤਾ ਹੈ। ਲੇਖਿਕਾ ਥਿੰਦ ਨੇ 'ਨਸ਼ਾ' ਕਹਾਣੀ ਨੂੰ ਮਾਪਿਆਂ ਦੀਆਂ ਭਾਵਨਾਵਾਂ ਤੇ ਹੋਣਹਾਰ ਵਿਦਿਆਰਥੀ ਵਰਗ ਦੇ ਤਿੜਕਦੇ ਸੁਪਨਿਆਂ ਨਾਲ ਜੋੜ ਕੇ ਲਿਖਿਆ ਹੈ। ਇਹ ਕਹਾਣੀ ਸਹੀ ਮਾਅਨਿਆਂ ਵਿਚ ਪੰਜਾਬੀ ਨੌਜਵਾਨਾਂ ਨੂੰ ਇਕ ਖਾਸ ਤਰ੍ਹਾਂ ਦੀ ਖ਼ਬਰਦਾਰੀ ਦਾ ਭਵਿੱਖਮੁਖੀ ਸੰਦੇਸ਼ ਦੇ ਰਹੀ ਹੈ।

ਗੁਰਚਰਨ ਥਿੰਦ ਜੀ ਦੀ ਵਿਚਾਰਧੀਨ 'ਸੂਲਾਂ' ਦਾ ਸੰਕਲਪ/ ਅਹਿਸਾਸ ਵਿਅਕਤੀਗਤ ਨਹੀਂ ਸਗੋਂ ਜ਼ਿੰਦਗੀ ਦੇ ਵਿਭਿੰਨ ਪਾਸਾਰਾਂ ਨੂੰ ਆਪਣੇ ਆਪ ਵਿਚ ਸਮੋਈ ਬੈਠਾ ਹੈ; ਬਤੌਰ ਕਹਾਣੀਕਾਰਾ ਹਜ਼ਾਰਾਂ ਮੀਲ ਦੂਰ ਵਿਦੇਸ਼ਾਂ ਵਿਚ ਰਹਿੰਦਿਆਂ ਵੀ ਉਹ ਆਪਣੇ ਬੀਤੇ ਦੇ ਪੰਜਾਬ ਇਤਿਹਾਸ ਦੇ ਹੋਏ ਡੂੰਘੇ ਜ਼ਖ਼ਮਾਂ ਨੂੰ ਨਹੀਂ ਭੁੱਲੇ, ਉਨ੍ਹਾਂ ਨਾ ਭੁੱਲਣਯੋਗ ਤ੍ਰਾਸਦਿਕ ਘਟਨਾਵਾਂ ਨੂੰ ਵੀ ਸਾਹਿਤ ਦਾ ਅੰਗ ਬਣਾਉਣਾ ਉਨ੍ਹਾਂ ਆਪਣਾ ਪਰਮ-ਧਰਮ ਸਮਝਿਆ ਹੈ। 1978 ਤੋਂ ਬਾਅਦ ਦਾ ਪੰਜਾਬ ਦਾ ਖ਼ੂਨੀ ਇਤਿਹਾਸ, ਦਰਬਾਰ ਸਾਹਿਬ 'ਤੇ ਹੋਇਆ ਹਮਲਾ ਅਤੇ ਸਿੱਖ ਕੌਮ ਦੇ ਦੰਗਿਆਂ ਦੀ ਵਿਥਿਆ ਉਨ੍ਹਾਂ ਦੇ ਜ਼ਿਹਨ ਵਿਚ ਅੱਜ ਵੀ ਵਰਤਮਾਨ ਹੈ। ਇਸੇ ਤਰ੍ਹਾਂ ਖ਼ਾਲਿਸਤਾਨੀ ਲਹਿਰ ਦਾ ਕੌਮਾਂਤਰੀ ਪੱਧਰ 'ਤੇ ਕੀ ਪ੍ਰਤੀਕਰਮ ਹੋਇਆ? ਖ਼ਾਲਿਸਤਾਨ ਦੀ ਪਰਿਭਾਸ਼ਾਗਤ ਵਿਆਖਿਆ ਕੀ ਹੈ? ਤੇ ਇਥੋਂ ਤੱਕ ਕਿ ਉਹ ਉਸ ਦੇ ਅਮਲ ਬਾਰੇ ਨਿੱਤ ਉਠਦੇ ਸਵਾਲਾਂ ਬਾਰੇ ਵੀ ਭਲੀਭਾਂਤ ਵਾਕਫ਼ ਹਨ। ਸਾਹਿਤਕਾਰੀ ਦੇ ਖ਼ੇਤਰ ਵਿਚ ਅਜਿਹੇ ਸੰਵੇਦਨਸ਼ੀਲ ਵਿਸ਼ਿਆਂ ਨੂੰ ਵਿਚਾਰਨਾ/ ਛੋਹਣਾ ਭਾਵੇਂ ਖ਼ਤਰੇ ਤੋਂ ਖਾਲੀ ਨਹੀਂ ਹੁੰਦਾ ਪਰੰਤੂ ਉਨ੍ਹਾਂ ਨੇ 'ਪੰਜਾਬ' ਕਹਾਣੀ ਵਿਚ ਬੜੇ ਸਹਿਜਭਾਵੀ ਰੂਪ ਵਿਚ ਤੇ ਬੜੇ ਸੰਤੁਲਨ ਵਿਚ ਰਹਿ ਕੇ ਬੜੇ ਠੋਸ ਨਿਰਣੇ ਦਿੱਤੇ ਹਨ।


ਕਹਾਣੀਕਾਰਾ ਥਿੰਦ ਨੇ ਕੋਵਿਡ ਦੀਆਂ ਸਮੱਸਿਆਵਾਂ ਦੇ ਨਾਲ-ਨਾਲ "ਅੰਦੋਲਨ" ਨਾਮਕ ਕਹਾਣੀ ਲਿਖ ਕੇ ਕੌਮਾਂਤਰੀ ਪੱਧਰ ਦੇ ਕਿਸਾਨੀ ਅੰਦੋਲਨ ਨੂੰ ਵੀ ਆਪਣੀ ਲੇਖਣੀ ਦਾ ਹਿੱਸਾ ਬਣਾਇਆ ਹੈ। ਉਨ੍ਹਾਂ ਆਪਣੀ ਹੈਸੀਅਤ ਮੁਤਾਬਿਕ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਵਾਲੇ ਉਸ ਇਤਿਹਾਸਕ ਅੰਦੋਲਨ ਨੂੰ ਆਪਣੀ ਰਚਨਾ - ਦ੍ਰਿਸ਼ਟੀ ਤੋਂ ਵੀ ਅੱਖੋਂ-ਪਰੋਖੇ ਨਹੀਂ ਕੀਤਾ। ਜੇਕਰ ਉਨ੍ਹਾਂ ਵਲੋਂ ਇਹ ਸਾਹਿਤਕ ਕਾਰਜ ਨਾ ਹੁੰਦਾ ਤਾਂ ਸ਼ਾਇਦ ਪਾਠਕਾਂ/ਆਲੋਚਕਾਂ ਵਲੋਂ ਉਨ੍ਹਾਂ ਦੀ ਕਲਮ 'ਤੇ ਸਵਾਲੀਆ ਚਿੰਨ੍ਹ ਵੀ ਜ਼ਰੂਰ ਲੱਗਦਾ। ਅੰਦੋਲਨ ਦੌਰਾਨ ਵਸੀਹ ਗਿਆਨ ਲਈ ਕਿਤਾਬਾਂ ਦੇ ਲੱਗੇ ਲੰਗਰ ਬਾਰੇ ਉਨ੍ਹਾਂ ਦੀ ਹੇਠਲੀ ਲਿਖਤ ਜ਼ਿਕਰਯੋਗ ਹੈ;

"ਵੀਰ ਜੀ, ਇਹ ਤਾਂ ਫਿਰ ਕਿਸਾਨੀ ਅੰਦੋਲਨ ਰਾਹੀਂ ਇਕ ਤਰ੍ਹਾਂ ਦਾ ਸਮਾਜਿਕ ਵਿਕਾਸ ਹੋ ਰਿਹਾ ਹੈ। ਨਸ਼ਾ-ਮੁਕਤੀ, ਗਿਆਨ ਦਾ ਸੰਚਾਰ, ਭਾਈਚਾਰੇ ਦੀਆਂ ਪੀਡੀਆਂ ਗੰਢਾਂ, ਨਾ ਵੈਰ-ਵਿਰੋਧ, ਨਾ ਊਚ-ਨੀਚ, ਉੱਚੀ ਸੁੱਚੀ ਸੋਚ ਦਾ ਪ੍ਰਵਾਹ। ਇਹ ਤਾਂ ਮੈਨੂੰ ਕੋਈ ਸੁਰਗੀ ਨਜ਼ਾਰਾ ਲੱਗਦਾ ਜੇ ਭਰਾ ਜੀ।" (ਪੰਨਾ 149)

ਅਫ਼ਸੋਸ ਹੈ ਕਿ ਖ਼ੁਦਕੁਸ਼ੀਆਂ ਦੀਆਂ ਦੁਖਾਂਤਕ ਪ੍ਰਸਥਿਤੀਆਂ ਵਿਚ ਵੀ ਵੋਟਾਂ ਦੀ ਰਾਜਨੀਤੀ ਜਿਉਂ ਦੀ ਤਿਉਂ ਕਾਇਮ ਰਹਿੰਦੀ ਹੈ। ਕਿਸਾਨ ਸਾਧੂ ਸਿੰਘ ਦੀ ਹੋਈ ਮੌਤ ਉਪਰੰਤ ਆਮ ਲੋਕਾਂ ਦੀ ਬਣੀ ਸਮਝ ਅਤੇ ਇਲਾਕੇ ਦੇ ਐਮ.ਐਲ.ਏ ਦੀ ਰਾਜਨੀਤੀ ਕਿਵੇਂ ਅੰਦਰੂਨੀ ਟਕਰਾਓ ਵਾਲਾ ਮਾਹੌਲ ਪੈਦਾ ਕਰਦੀ ਹੈ,'ਮੁਜ਼ਾਹਰਾ' ਕਹਾਣੀ ਵਿਚ ਰੂਪਮਾਨ ਹੁੰਦਾ ਤੱਥ ਹੈ।

ਗੁਰਚਰਨ ਥਿੰਦ ਜੀ ਦੀ ਲੇਖਣੀ ਬਾਰੇ ਮੈਂ ਨਿੱਜੀ ਤੌਰ 'ਤੇ ਕਹਿ ਸਕਦਾ ਹਾਂ ਕਿ ਇਨ੍ਹਾਂ ਦੀ ਸਿਰਜਣਸ਼ੀਲਤਾ ਦੇ ਵਿਭਿੰਨ ਥੀਮਿਕ ਪਾਸਾਰ ਕੇਵਲ ਮਨੁੱਖੀ ਕਦਰਾਂ- ਕੀਮਤਾਂ ਨੂੰ ਹੀ ਤਰਜੀਹ ਨਹੀਂ ਦਿੰਦੇ ਸਗੋਂ ਸਮੇਂ-ਸਮੇਂ ਅਨੁਸਾਰ ਆਪਣੇ ਆਧੁਨਿਕ ਪਰਿਪੇਖ ਨੂੰ ਵੀ ਆਪਣਾ ਕੇਂਦਰ-ਬਿੰਦੂ ਮਿੱਥਦੇ ਹਨ। ਇਨ੍ਹਾਂ ਦੀਆਂ ਮੌਲਿਕ ਰਚਨਾਵਾਂ ਦੀ ਖ਼ੂਬਸੂਰਤੀ ਵੀ ਇਹੋ ਹੈ ਕਿ ਇਹ ਮਨੁੱਖੀ ਜਗਤ ਦੀ ਹੂਬਹੂ ਰੂਪ ਵਿਚ ਫ਼ੋਟੋਗ੍ਰਾਫ਼ੀ ਨਹੀਂ ਕਰਦੇ ਜਾਂ ਇਤਿਹਾਸਕ ਪ੍ਰਕਰਣਾਂ ਨੂੰ ਇਤਿਹਾਸ ਦੇ ਪੰਨਿਆਂ/ ਤੱਥਾਂ ਦੀ ਤਰ੍ਹਾਂ ਨਹੀਂ ਸਿਰਜਦੇ ਸਗੋਂ ਸੰਬੰਧਿਤ ਵਿਸ਼ਾਗਤ ਧਰਾਤਲ ਦੇ ਮੱਦੇਨਜ਼ਰ ਉਸ ਪ੍ਰਤੀ ਆਪਣੀ ਠੋਸ ਰਾਇ ਵੀ ਦਿੰਦੇ ਹਨ। ਉਹ ਵਿਦਵਾਨਾਂ/ਬੁੱਧੀਜੀਵੀਆਂ ਨੂੰ ਸੋਚਣ ਲਈ ਵੀ ਮਜਬੂਰ ਕਰਦੇ ਹਨ। ਇਸ ਹਥਲੇ ਕਹਾਣੀ-ਸੰਗ੍ਰਹਿ ਵਿਚ ਵੀ ਇਨ੍ਹਾਂ ਨੇ ਅਜਿਹੇ ਗੰਭੀਰ ਸਵਾਲ ਉਠਾਏ ਹਨ; ਜਿਵੇਂ ਆਰੀਆਂ-ਅਨਾਰੀਆਂ ਦਾ ਨਿਖੇੜ, ਜਾਤਪਾਤ/ਊਚ-ਨੀਚ ਦੀ ਅਜੋਕੀ ਦਸ਼ਾ, ਖ਼ਾਲਿਸਤਾਨ ਹੱਦਬੰਦੀ/ਸੀਮਾ-ਰੇਖਾ ਤੇ ਸੰਭਾਵਨਾਵਾਂ, ਵਿਦੇਸ਼ੀ ਵਿਦਿਆਰਥੀਆਂ ਦੇ ਤ੍ਰਾਸਦਿਕ ਮਸਲੇ, ਵਿਦੇਸ਼ੀ ਮਾਪਿਆਂ ਦੀ ਨਿਘਰਦੀ ਹਾਲਤ, ਕਿਸਾਨੀ ਅੰਦੋਲਨ ਦਾ ਭਵਿੱਖ, ਆਤਮ ਹੱਤਿਆਵਾਂ ਕਿਉਂ? ਨਸ਼ਿਆਂ ਦਾ ਛੇਵਾਂ ਦਰਿਆ ਤੇ ਪ੍ਰਤੀਕਰਮ ਅਤੇ ਬਾਲ ਮਨੋਵਿਗਿਆਨ ਦੀਆਂ ਪਰਤਾਂ ਆਦਿ ਵਿਸ਼ੇਸ਼ ਪਹਿਲੂਆਂ ਬਾਰੇ ਨਿੱਠ ਕੇ ਚਰਚਾ ਕੀਤੀ ਹੈ।

ਹਕੀਕਤ ਤਾਂ ਇਹ ਹੈ ਕਿ ਇਹ ਸਵਾਲ ਇਨ੍ਹਾਂ ਦੀ ਸੰਵੇਦਨਸ਼ੀਲਤਾ ਤੇ ਸਮਝ ਦੀ ਉਪਜ ਹਨ ਜੋ ਸਾਹਿਤਕਾਰੀ ਖ਼ੇਤਰ ਦੇ ਬੁਨਿਆਦੀ ਸਿਧਾਂਤ/ਉਦੇਸ਼ ਬਣਦੇ ਹਨ। ਉਨ੍ਹਾਂ ਦੇ ਅਜਿਹੇ ਮੂਲ ਉਦੇਸ਼ਾਂ ਦਾ ਹੀ ਪ੍ਰਤੀਕਰਮ ਹੈ ਕਿ ਉਨ੍ਹਾਂ ਨੇ ਮਨੁੱਖੀ ਜੀਵਨ ਦੀਆਂ ਚੁਭਦੀਆਂ ਸੂਲਾਂ ਨੂੰ ਖੁੰਢੀਆਂ ਕਰਨ ਦਾ ਬੀੜਾ ਚੁੱਕਿਆ ਹੈ ਤੇ ਆਪਣੇ ਮਾਨਵ-ਪੱਖੀ ਦ੍ਰਿਸ਼ਟੀਕੋਣ ਦੇ ਮਾਧਿਅਮ ਰਾਹੀਂ ਸਮਕਾਲੀ ਇਤਿਹਾਸ ਨੂੰ ਇਤਿਹਾਸਕ ਚੇਤਨਾ ਦੇ ਬੋਲ ਦਿੱਤੇ ਹਨ। ਕਿੰਨਾ ਚੰਗਾ ਹੋਵੇ! ਸੂਲਾਂ ਦਾ ਅਜਿਹਾ ਅਹਿਸਾਸ ਹਰ ਸਾਹਿਤਕਾਰ ਦੇ ਹਿੱਸੇ ਆਵੇ ਤਾਂ ਕਿ ਸ਼ਬਦ-ਸੱਭਿਆਚਾਰ ਦੇ ਮਾਧਿਅਮ ਰਾਹੀਂ ਚੰਗੇਰੇ ਸਮਾਜ ਦੇ ਭਵਿੱਖ ਲਈ ਅਸੀਂ ਆਪੋ-ਆਪਣਾ ਯੋਗਦਾਨ ਪਾ ਸਕੀਏ। ਮੈਂ ਨਿੱਜੀ ਤੌਰ 'ਤੇ ਇਨ੍ਹਾਂ ਦੇ ਇਸ ਨਵੇਂ ਕਹਾਣੀ-ਸੰਗ੍ਰਹਿ "ਸੂਲਾਂ" ਦੇ ਪ੍ਰਕਾਸ਼ਿਤ ਹੋਣ ਅਤੇ ਪੰਜਾਬੀ ਪਾਠਕਾਂ ਨੂੰ ਭੇਂਟ ਕਰਨ 'ਤੇ ਮੁਬਾਰਕਬਾਦ ਦਿੰਦਾ ਹਾਂ।




---

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

**(ਪਿਛਲੇ ਸਫੇ ਦੀ ਬਾਕੀ)**

ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਅਰਾ ਮਾਰਿਆ ਸਗੋਂ ਸਾਹਿਬਜ਼ਾਦਿਆਂ ਦੀ ਜਾਨ ਬਖ਼ਸ਼ੀ ਲਈ ਔਰੰਗਜ਼ੇਬ ਨੂੰ ਖ਼ਤ ਵੀ ਲਿਖਿਆ। ਇਹ ਖ਼ਤ ਪ੍ਰੋ. ਮੁਹੰਮਦ ਰਫੀ, ਸਰਕਾਰੀ ਕਾਲਜ ਮਲੇਰਕੋਟਲਾ ਵਾਲਿਆਂ ਪਾਸ ਪਿਆ ਹੈ। ਨਕਲਾਂ ਡਾ. ਅਮਰਵੰਤ ਸਿੰਘ ਪਾਸ ਵੀ ਹਨ ਤੇ ਉਨ੍ਹਾਂ ਨੇ ਇਸ ਦਾ ਪੰਜਾਬੀ ਤਰਜਮਾ ਕੀਤਾ ਹੈ। ਅਸੀਂ ਇੱਥੇ ਖ਼ਤ ਦਾ ਪੰਜਾਬੀ ਤਰਜਮਾ ਛਾਪ ਰਹੇ ਹਾਂ।

**ਨਵਾਬ ਸ਼ੇਰ ਮੁਹੰਮਦ ਖ਼ਾਨ ਦਾ ਖ਼ਤ ਬਨਾਮ ਔਰੰਗਜ਼ੇਬ**

ਅਰਜ਼ਦਾਸਤ

ਹਜ਼ੂਰ ਇਸ ਸੰਸਾਰ ਵਿਚ ਰਹਿਮ ਕਰਮ ਕਰਨ ਲਈ ਆਏ ਸਨ ਤੇ ਜ਼ੁਲਮ ਦੇ ਖ਼ਿਲਾਫ਼ ਸਨ। ਗੁਰੂ ਗੋਬਿੰਦ ਸਿੰਘ (ਜੀ) ਦੇ ਖ਼ਾਨਦਾਨ ਵੱਲ ਤਵੱਜੋ ਦੇਣੀ ਬਣਦੀ ਸੀ ਪਰ ਹਾਕਿਮੇ ਸਰਹੰਦ ਨੇ ਸਾਹਿਬਜ਼ਾਦਿਆਂ ਲਈ ਮੌਤ ਦਾ ਹੁਕਮ ਬਣਾਇਆ ਹੈ। ਨਾ ਕੀਤੇ ਗੁਨਾਹਾਂ ਸਦਕਾ ਦੀਵਾਰ ਵਿਚ ਚਿਣਨ ਦਾ ਹੁਕਮ ਕੀਤਾ ਹੈ। ਬੇਸ਼ੱਕ ਹਾਕਿਮ ਦਾ ਹੁਕਮ ਅਟੱਲ ਹੁੰਦਾ ਹੈ, ਕਿਸੇ ਦੀ ਤਾਕਤ ਨਹੀਂ ਕਿ ਉਸਦੇ ਉਲਟ ਬੋਲੇ ਪਰ ਅਰਜ਼ ਹੈ ਕਿ ਜ਼ਿੱਲੇ ਸੁਬਹਾਨੀ ਆਪਣੀ ਸ਼ਾਨ ਬਰਕਰਾਰ ਰੱਖਦੇ ਹੋਏ ਥੋੜ੍ਹੀ ਸਜ਼ਾ ਦੇ ਕੇ ਤਾੜਨਾ ਕਰ ਦੇਣ ਤਦ ਠੀਕ ਹੈ ਪਰ ਜਾਨ ਲੈਣੀ ਹੱਦ ਤੋਂ ਗੁਜ਼ਰਨਾ ਹੈ ਜੋ ਕਿਸੇ ਹੁਕਮਰਾਨ ਨੂੰ ਨਹੀਂ ਸੋਭਦਾ ਕਿ ਅਪਰਾਧੀ ਦਾ ਬਦਲਾ ਉਸਦੇ ਬੱਚਿਆਂ ਤੋਂ ਲਿਆ ਜਾਵੇ ਜੋ ਮੁਕਾਬਲੇ ਵਿਚ ਨਹੀਂ ਖਲੋ ਸਕਦੇ। ਇਸ ਨਾਲ ਲੋਕਾਂ ਦੇ ਦਿਲਾਂ ਵਿਚੋਂ ਹਕੂਮਤ ਲਈ ਅਦਬ ਖ਼ਤਮ ਹੋ ਜਾਵੇਗਾ। ਅੱਛਾ ਹੈ ਬੱਚਿਆਂ ਦੀ ਜਾਨ ਬਖ਼ਸ਼ ਦਿੱਤੀ ਜਾਏ। ਇਹ ਕੈਦ ਵਿਚ ਰੱਖੇ ਜਾ ਸਕਦੇ ਹਨ ਕਿ ਸੁਧਰ ਸਕਣ। ਏਡੀ ਵੱਡੀ ਹੋਣ ਜਾ ਰਹੀ ਦੁਰਘਟਨਾ ਉਪਰ ਇਤਰਾਜ਼ ਕਰਨ ਤੋਂ ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ ਜਿਸ ਸਦਕਾ ਮੈਨੂੰ ਮੁਆਫ਼ ਕੀਤਾ ਜਾਏ।

**ਦਸਤਖ਼ਤ ਅਤੇ ਮੁਹਰ6**

ਸਿੱਖਾਂ ਨੇ ਸ਼ੇਰ ਮੁਹੰਮਦ ਖ਼ਾਨ ਦੀ ਯਾਦ ਵਿਚ ਗੁਰਦੁਆਰਾ 'ਹਾਅ ਦਾ ਨਾਅਰਾ' ਉਸਾਰਿਆ ਹੋਇਆ ਹੈ। ਬੇਅੰਤ ਸੰਕਟ ਵਿਚ ਵੀ ਸਿੱਖਾਂ ਨੇ ਖ਼ਤਰੇ ਸਹੇੜ ਕੇ ਮਲੇਰਕੋਟਲੇ ਦੇ ਮੁਸਲਮਾਨਾਂ ਨੂੰ ਬਚਾਇਆ। ਕਿਸੇ ਸਿੱਖ ਦੀਆਂ ਪ੍ਰਾਪਤੀਆਂ ਦੀ ਯਾਦਗਾਰ ਵਜੋਂ ਸੰਸਾਰ ਵਿਚ ਮੁਸਲਮਾਨਾਂ ਨੇ ਕਿਧਰੇ ਮਸਜਿਦ ਉਸਾਰੀ ਹੋਵੇ, ਮੈਨੂੰ ਇਸ ਦੀ ਜਾਣਕਾਰੀ ਨਹੀਂ। ਇਕ ਲਕੀਰ ਲਛਮਣ ਨੇ ਵਾਹੀ ਸੀ। ਉਸ ਲਕੀਰ ਦੀ ਉਲੰਘਣਾ ਕਰਨ ਸਦਕਾ ਸੀਤਾ ਨੂੰ, ਰਾਮ ਅਤੇ ਲਛਮਣ ਨੂੰ ਬੜੇ ਸੰਕਟ ਦੇਖਣੇ ਪਏ। ਤੁਸੀਂ ਸਾਰੇ ਇਸ ਪ੍ਰਸੰਗ ਤੋਂ ਵਾਕਿਫ਼ ਹੋ। ਇਕ ਲਕੀਰ ਖੰਡੇ ਦੀ ਨੋਕ ਨਾਲ ਵਾਹ ਦਿੱਤੀ ਸੀ ਬਾਬਾ ਦੀਪ ਸਿੰਘ ਜੀ ਨੇ। ਬਾਬਾ ਦੀਪ ਸਿੰਘ ਫਾਰਸੀ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ ਤੇ ਉਨ੍ਹਾਂ ਦੀ ਲਿਖਤ ਏਨੀ ਸੁੰਦਰ ਸੀ ਕਿ ਜਦੋਂ ਵਕਤ ਮਿਲਦਾ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਵੀਂ ਤਿਆਰ ਕਰਨ ਲੱਗ ਜਾਂਦੇ। ਜਦੋਂ ਉਨ੍ਹਾਂ ਖੰਡੇ ਨਾਲ ਲਕੀਰ ਵਾਹੀ ਤਦ ਉਹ ਬਿਰਧ ਹੋ ਚੁੱਕੇ ਸਨ। ਉਸ ਲਕੀਰ ਨੂੰ ਸੈਂਕੜੇ ਨਹੀਂ, ਹਜ਼ਾਰਾਂ ਸਿੱਖ ਸੂਰਬੀਰਾਂ ਨੇ ਪ੍ਰਣਾਮ ਕਰਕੇ ਸੀਸ ਕੁਰਬਾਨ ਕੀਤੇ। ਇਹੋ ਜਿਹੀਆਂ ਲਕੀਰਾਂ ਦੇ ਫ਼ਕੀਰ ਵੀ ਸੰਸਾਰ ਵਿਚ ਥਾਂ ਥਾਂ ਨਹੀਂ ਲੱਭਦੇ। ਕਦੇ ਕਦਾਈਂ ਜਦ ਧਰਤੀ ਦੇ ਭਾਗ ਜਾਗਦੇ ਹਨ ਤਦ ਇਹੋ ਜਿਹੀਆਂ ਲਕੀਰਾਂ ਉਕਰਦੀਆਂ ਹਨ ਤੇ ਸਿਰ ਹਥੇਲੀ ਉੱਪਰ ਰੱਖ ਕੇ ਸੂਰਮੇ ਗੁਰੂ ਦੇ ਦੀਦਾਰ ਕਰਨ ਤੁਰ ਪੈਂਦੇ ਹਨ। ਜੋ ਕੁਝ ਸਾਨੂੰ ਅੱਖਾਂ ਨਾਲ ਨਹੀਂ ਦਿਸਦਾ, ਉਹ ਸ਼ਹੀਦਾਂ ਨੂੰ ਸਿਰ ਤੋਂ ਬਗ਼ੈਰ ਸਾਫ ਦਿਸੀ ਜਾਂਦਾ ਹੈ।

ਵਾਸ਼ਿੰਗਟਨ ਵਿਚ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਸਾਖੀ ਸੁਣਾ ਕੇ ਪੁੱਛਿਆ- ਕੋਈ ਸਵਾਲ? ਇਕ ਬੱਚਾ ਬੋਲਿਆ,"ਕੋਈ ਸਵਾਲ ਨਹੀਂ। ਸੁਣਦਿਆਂ ਸੁਣਦਿਆਂ ਮੇਰੇ ਦਿਲ ਵਿਚ ਖਿਆਲ ਆਉਂਦਾ ਰਿਹਾ, ਜਿਹੜੇ ਰਾਜਕੁਮਾਰ ਨੀਂਹਾਂ ਵਿਚ ਚਿਣੇ ਗਏ ਸਨ ਉਨ੍ਹਾਂ ਵਿਚੋਂ ਇਕ ਮੈਂ ਹੋਣਾ ਚਾਹੀਦਾ ਸੀ।" ਪੰਜਾਬ ਵਿਚ ਸਰਕਾਰ ਭਾਵੇਂ ਕਦੀ ਅਕਾਲੀਆਂ ਦੀ ਆਵੇ ਭਾਵੇਂ ਕਾਂਗਰਸ ਦੀ, ਜਾਂ ਕਿਸੇ ਹੋਰ ਦੀ, ਸ਼ੇਖ਼ ਅਹਿਮਦ ਸਰਹੰਦੀ ਦੇ ਰੋਜ਼ਾ ਸ਼ਰੀਫ਼ ਨੂੰ ਹਰਗਿਜ਼ ਗਰਾਂਟਾਂ ਨਹੀਂ ਦਿੱਤੀਆਂ ਜਾਣੀਆਂ ਚਾਹੀਦੀਆਂ। ਉਸਨੇ ਨਾਕਾਬਿਲ-ਇ-ਮੁਆਫ਼ੀ ਗੁਨਾਹ ਕੀਤਾ ਹੋਇਆ ਹੈ ਜਿਸ ਉਪਰ ਜਨਤਕ ਧਨ ਹਰਗਿਜ਼ ਨਹੀਂ ਰੋੜ੍ਹਨਾ ਚਾਹੀਦਾ। ਮੁਸਲਮਾਨਾਂ ਦੇ ਹੋਰ ਕਿਸੇ ਅਸਥਾਨ ਉਪਰ ਕੋਈ ਜੋ ਮਰਜ਼ੀ, ਜਿੰਨੀ ਮਰਜ਼ੀ ਸੇਵਾ ਕਰੇ, ਕਰਾਵੇ ਪ੍ਰਸ਼ੰਸਾਜਨਕ ਹੋਵੇਗੀ, ਸਰਹੰਦ ਵਿਖੇ ਇਸ ਸ਼ੇਖ਼ ਦੇ ਮਜ਼ਾਰ ਉਪਰ ਬਿਲਕੁਲ ਨਹੀਂ।

# ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ

## ਧੰਨ ਧੰਨ ਮਾਂ ਗੁਜਰੀ (ਗੀਤ)

ਠੰਡਰੇ ਬੁਰਜ ਦੀਆਂ, ਕੰਧਾਂ 'ਚੋਂ ਆਵਾਜ਼ ਆਈ।
ਸ਼ੀਤ ਹਵਾਵਾਂ ਨੇ ਵੀ, ਰੋ ਰੋ ਗਵਾਹੀ ਪਾਈ।
ਉਸ ਦਾਦੀ ਮਾਂ ਦੇ ਜਾਈਏ ਬਲਿਹਾਰੇ,
ਧੰਨ ਧੰਨ ਮਾਂ ਗੁਜਰੀ॥
ਪਤੀ ਵਾਰਿਆ ਤੇ, ਪੋਤਰੇ ਵੀ ਵਾਰੇ।
ਧੰਨ ਧੰਨ ਮਾਂ ਗੁਜਰੀ॥

ਠੰਡਰੇ ਬੁਰਜ ਦੀਆਂ, ਇੱਟਾਂ ਵੀ ਸੀ ਠਰੀਆਂ,
ਨੰਨ੍ਹੀਆਂ ਦੋ ਜਿੰਦਾਂ, ਅਜ਼ਮਾਇਸ਼ਾਂ ਦੀਆਂ ਘੜੀਆਂ।
ਪੁੱਤਰ ਵੀ ਪਰਚਾ ਏਹ, ਦੇਣ ਨੂੰ ਤਿਆਰ ਸੀ,
ਪੁੱਤਰਾਂ ਦਾ ਪਿਤਾ ਨਾਲ, ਕਿੰਨਾ ਕੁ ਪਿਆਰ ਸੀ।
ਗੁਰੂ ਪਿਤਾ ਜੀ ਦੇ, ਬੋਲਦੇ ਜੈਕਾਰੇ॥
ਧੰਨ ਧੰਨ ਮਾਂ ਗੁਜਰੀ...।

ਗੰਗੂ ਜੋ ਸੇਵਕ ਸੀ, ਉਹ ਬੇਈਮਾਨ ਹੋ ਗਿਆ,
ਮੋਤੀ ਲਾਲ ਮਹਿਰਾ ਕਰ, ਸੇਵਾ ਧੋਣੇ ਧੋ ਗਿਆ।
ਕੋਸਾ ਕੋਸਾ ਨਿੱਘਾ ਨਿੱਘਾ, ਦੁੱਧ ਓਹ ਛਕਾਉਂਦਾ ਸੀ,
ਮਾਤਾ ਗੁਜਰੀ ਤੋਂ ਏਹੋ, ਚੋਖੇ ਵਰ ਪਾਉਂਦਾ ਸੀ।
ਸੱਟਾਂ ਗੁੱਝੀਆਂ ਨੂੰ, ਸਹਿੰਦੇ ਸੀ ਦੁਲਾਰੇ॥
ਧੰਨ ਧੰਨ ਮਾਂ ਗੁਜਰੀ...।

ਸਿੱਖੀ ਦੇ ਮਹਿਲ ਦੀਆਂ, ਨੀਂਹਾਂ ਸੀ ਉਹ ਪੈਂਦੀਆਂ,
ਨਿੱਕੀਆਂ ਸੀ ਜਿੰਦਾਂ, ਤਸੀਹੇ ਪਈਆਂ ਸਹਿੰਦੀਆਂ।
ਧੰਨ ਗੁਰੂ ਨਾਨਕ ਦੇ, ਸਿੱਖ ਬਲਿਹਾਰੇ ਜੀ,
ਧੰਨ ਓਹੋ ਮਾਵਾਂ ਜਿਨ੍ਹਾਂ, ਕੌਮੋਂ ਪੁੱਤ ਵਾਰੇ ਜੀ।
ਪੁੱਤ ਮਾਵਾਂ ਦੀਆਂ, ਅੱਖ਼ੀਆਂ ਦੇ ਤਾਰੇ॥
ਧੰਨ ਧੰਨ ਮਾਂ ਗੁਜਰੀ...।

'ਬੋਦਲਾਂ ਦੇ ਸੁੱਖਵਿੰਦਰਾ' ਇਹੋ, ਮਹਿੰਗੀ ਬੜੀ ਧਰਤੀ,
ਸੋਨੇ ਦੀਆਂ ਮੋਹਰਾਂ ਮੱਲ, ਟੋਡਰੇ ਨੇ ਭਰ ਤੀ।
ਜਿਵੇਂ ਜਿਵੇਂ ਧਰਤੀ 'ਤੇ, ਮੋਹਰਾਂ ਓਹ ਵਿਛਾਉਂਦਾ ਸੀ,
ਨਾਲੇ ਹੰਝੂ ਕੇਰ-ਕੇਰ, ਧਰਤੀ ਨ੍ਹਾਉਂਦਾ ਸੀ।
'ਤੇਜੀ' ਰੋਈਆਂ ਇੱਟਾਂ, ਰੋਏ ਜੱਗ ਚਾਰੇ॥
ਧੰਨ ਧੰਨ ਮਾਂ ਗੁਜਰੀ
ਪਤੀ ਵਾਰਿਆ ਤੇ, ਪੋਤਰੇ ਵੀ ਵਾਰੇ
ਧੰਨ ਧੰਨ ਮਾਂ ਗੁਜਰੀ

***-ਸੁੱਖਵਿੰਦਰ ਸਿੰਘ ਬੋਦਲਾਂਵਾਲਾ***

---

## ਚਾਰ ਸਾਹਿਬਜ਼ਾਦੇ

ਅਜਿੱਤ ਹੁੰਦੇ ਜੋ ਜੁਝਾਰੂ ਹੋਣ ਪਹਿਲਾਂ,
ਤਾਂਹੀਉਂ ਤਾਂ 'ਅਜੀਤ' ਕਹਾਂਵਦੇ ਨੇ,
ਜੁਝਾਰੂ ਹੋਵੇ ਜੋ 'ਜ਼ੋਰਾਵਰ' ਹੈ ਪਹਿਲਾਂ,
ਜਣੇ ਖਣੇ ਨ 'ਜੁਝਾਰ' ਕਹਾਂਵਦੇ ਨੇ।
ਚੜ੍ਹਦੀਕਲਾ 'ਚ ਫਤਹਿ ਨਸੀਬ ਹੁੰਦੀ,
ਨਾਂ ਐਵੇਂ ਨਾ 'ਫਤਹਿ' ਰਖਾਂਵਦੇ ਨੇ,
ਗੋਬਿੰਦ ਪਿਤਾ ਦੇ ਚਾਰੇ ਨੇ ਰਾਜ ਦੁਲਾਰੇ,
ਮੌਤ ਦੇਖ ਕੇ ਫਤਹਿ ਗਜਾਂਵਦੇ ਨੇ।

ਆਪਣੇ ਨਾਮ ਨੂੰ ਲਾਜ ਨ ਲੱਗਣ ਦਿੱਤੀ,
ਮਿੱਠਾ ਤੇਰਾ ਭਾਣਾ ਗਾਂਵਦੇ ਨੇ,
ਜੰਗ ਚਮਕੌਰ ਦੀ 'ਚ ਵੀ ਛੱਡ ਜੈਕਾਰੇ,
ਕਤਰਾ ਕਤਰਾ ਖੂਨ ਬਹਾਂਵਦੇ ਨੇ।
ਠੰਢੇ ਬੁਰਜ ਜਾਂ ਸੂਬੇ ਦੀ ਕਚਹਿਰੀ ਹੋਵੇ,
ਕਾਂਬੇ ਕੰਧਾਂ ਨੂੰ ਉਹ ਚੜ੍ਹਾਂਵਦੇ ਨੇ,
ਸਦੀਆਂ ਬਾਅਦ ਹੀ ਸੂਰਮੇ ਹੋਵਣ ਪੈਦਾ,
ਪੂਰਨੇ ਨਵੇਂ ਉੱਕਰ ਕੇ ਜਾਂਵਦੇ ਨੇ।

ਕਲਮ ਹੱਡੀਆਂ ਦੀ ਸਿਆਹੀ ਖੂਨ ਹੁੰਦੀ,
ਸੁਨਹਿਰੇ ਅੱਖਰ 'ਚ ਲਿਖਾਂਵਦੇ ਨੇ,
ਪਹਿਲੇ ਕਰਨਾ ਪੈਂਦਾ ਹੈ ਕਬੂਲ ਮਰਨਾ,
ਪਿੱਛੋਂ ਜੀਣ ਦੀ ਆਸ ਦਿਖਾਂਵਦੇ ਨੇ।
ਦਰਜ ਐਵੇਂ ਨ ਇਤਿਹਾਸ 'ਚ ਨਾਂ ਹੁੰਦੇ,
ਸ਼ਮਾਂ ਲਹੂ ਦੇ ਨਾਲ ਜਗਾਂਵਦੇ ਨੇ,
ਕ੍ਰੋੜਾਂ ਨਾਮ ਲੇਵਾ 'ਨੂਰਪੁਰੀ' ਜੱਗ ਉੱਤੇ,
ਚੱਤੋ ਪਹਿਰ ਤਾਂਹੀ ਨਾਮ ਧਿਆਂਵਦੇ ਨੇ।

***-ਸੇਵਾ ਸਿੰਘ 'ਨੂਰਪੁਰੀ'***

## ਗੁਰੂ ਗੋਬਿੰਦ ਜੀ ਦੇ ਲਾਲ

ਗੁਰੂ ਗੋਬਿੰਦ ਜੀ ਦੇ ਲਾਲ, ਵੇਖੋ ਕਰ ਗਏ ਨੇ ਕਮਾਲ।
ਕੀਹਨੂੰ ਕਹਿੰਦੇ ਕੁਰਬਾਨੀ, ਦੇ ਗਏ ਜਗ ਨੂੰ ਮਿਸਾਲ।

ਲੈ ਕੇ ਦਾਦੀ ਤੋਂ ਪਿਆਰ, ਤੁਰੇ ਜਾਣ ਵੈਰੀ ਨਾਲ।
ਜਾ ਕੇ ਸੂਬੇ ਦੀ ਕਚਹਿਰੀ, ਦੋਵੇਂ ਬੋਲੇ ਸੋ ਨਿਹਾਲ।
ਲੋਭ ਦਿੱਤਾ ਸੀਗ੍ਹਾ ਬੜਾ, ਪਰ ਮੰਨੇ ਨਹੀਓਂ ਲਾਲ।
ਗੁਰੂ ਗੋਬਿੰਦ ਜੀ ਦੇ ਲਾਲ...।
ਨੀਂਹ ਵਿਚ ਜਾ ਕੇ ਜਦੋਂ, ਜ਼ਿੰਦਾਂ ਦੋ ਖਲੋ ਗਈਆਂ।
ਵੇਖਣ ਵਾਲੀਆਂ ਸੱਭੇ ਅੱਖਾਂ ਨਮ ਸੀ ਹੋ ਗਈਆਂ।
ਲਾਲ ਰਹੇ ਸੀ ਅਡੋਲ, ਜਦੋਂ ਨੇੜੇ ਆਇਆ ਕਾਲ।
ਗੁਰੂ ਗੋਬਿੰਦ ਜੀ ਦੇ ਲਾਲ...।
ਅਜੀਤ ਤੇ ਜੁਝਾਰ ਨੇ ਵੀ, ਘੱਟ ਨਾ ਗੁਜ਼ਾਰੀ ਸੀ।
ਵੈਰੀਆਂ ਦੀ ਹਿੱਕ ਵਿਚ, ਵੱਜੇ ਵਾਰੋ-ਵਾਰੀ ਸੀ।
ਕੋਈ ਸੁਣਿਆ ਹੈ ਬਾਪ, ਜਿਹੜਾ ਹੱਥੀਂ ਵਾਰੇ ਬਾਲ।
ਗੁਰੂ ਗੋਬਿੰਦ ਜੀ ਦੇ ਲਾਲ...।
ਕੌਮ ਲਈ ਲਾਲਾਂ ਨੂੰ, ਕਿਵੇਂ ਗੁਰੂ ਜੀ ਨੇ ਵਾਰਿਆ।
'ਅਮਰੀਕ ਤਲਵੰਡੀ' ਨੇ, ਗੀਤ ਵਿਚ ਉਚਾਰਿਆ।
ਕਲਮ ਲਈ ਵੀ ਨੇ ਔਖੇ, ਐਸੇ ਪਕੜਨੇ ਖਿਆਲ।
ਗੁਰੂ ਗੋਬਿੰਦ ਜੀ ਦੇ ਲਾਲ...।

***-ਅਮਰੀਕ ਸਿੰਘ ਤਲਵੰਡੀ ਕਲਾਂ***

---

## ਲਾਸਾਨੀ ਕੁਰਬਾਨੀ

ਯਾਦ ਕਰੋ ਮਾਸੂਮਾਂ ਦੀ ਉਸ, ਲਾਸਾਨੀ ਕੁਰਬਾਨੀ ਨੂੰ।
ਕੌਮ ਦੀ ਖਾਤਰ ਵਾਰ ਗਏ ਜੋ, ਬਹੁਮੁੱਲੀ ਜ਼ਿੰਦਗਾਨੀ ਨੂੰ।

ਨੌਂ ਵਰ੍ਹਿਆਂ ਦਾ ਜ਼ੋਰਾਵਰ ਸਿੰਘ,
ਫ਼ਤਹਿ ਸਿੰਘ ਸੱਤ ਸਾਲਾਂ ਦਾ।
ਕਿਵੇਂ ਭੁਲਾਈਏ ਅਸੀਂ ਦਿਲਾਂ 'ਚੋਂ,
ਧਰਮ ਸ਼ਹੀਦੀ ਲਾਲਾਂ ਦਾ।
ਮੁਗਲ ਬੀਜ ਦਾ ਬੂਟਾ ਪੁੱਟਿਆ,
ਤੋੜ ਕੇ ਜਿੰਦ ਦੀ ਗਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...

ਗੰਗੂ ਬਾਹਮਣ ਪਾਪ ਕਮਾਇਆ,
ਲੋਭ ਲਾਲਚ ਦੇ ਵੱਸ ਪਿਆ।
ਕੀਤੀ ਸੇਵਾ ਗੁਰੂ-ਘਰ ਦੀ ਜੋ,
ਸਭ ਕੁਝ ਅੰਦਰੋਂ ਨੱਸ ਗਿਆ।
ਲੋਭੀ ਬੰਦਾ ਕਦੇ ਨਾ ਸੋਚੇ,
ਆਪਣੇ ਲਾਭ ਜਾਂ ਹਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...

ਮਾਂ ਗੁਜਰੀ ਤੇ ਛੋਟੇ ਬੱਚੇ,
ਠੰਢੇ ਬੁਰਜ 'ਚ ਬੰਦ ਰਹੇ।
ਪੋਹ ਦੇ ਓਸ ਭਿਆਨਕ ਸਾਕੇ ਨੂੰ
ਅੱਜ ਤੱਕ ਸਰਹਿੰਦ ਕਹੇ।
ਬੁੱਢੇ ਹੱਡਾਂ ਨਾਲ ਰੋਕੇ ਦਾਦੀ,
ਪੈਂਦੀ ਠੰਢ ਤੂਫਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...

ਨੀਂਹਾਂ ਦੇ ਵਿਚ ਚਿਣੇ ਗਏ ਪਰ,
ਸਿੱਖੀ ਮਹਿਲ ਉਸਾਰ ਗਏ।
ਦਸਮ ਪਿਤਾ ਜੀ ਦੇਸ਼-ਧਰਮ ਤੋਂ,
ਆਪਣੇ ਬੇਟੇ ਵਾਰ ਗਏ।
ਲੱਖ-ਲੱਖ ਹੈ ਪ੍ਰਣਾਮ ਅਸਾਡਾ,
ਮਹਾਂਬਲੀ ਸੈਨਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...

ਵਿਸ਼ਵ 'ਚ ਅੱਜ ਤੱਕ ਕਦੇ ਨਾ ਹੋਇਆ,
ਫੇਰ ਕਦੇ ਨਾ ਹੋਵੇਗਾ।
ਨਿੱਕੀਆਂ ਜਿੰਦਾਂ ਦਾ ਕੌਤਕ ਸੁਣ,
'ਰੂਹੀ' ਦਾ ਮਨ ਰੋਵੇਗਾ।
ਸਿੰਘੋ! ਵਿਰਸੇ ਨੂੰ ਸੰਭਾਲੋ,
ਨਾ ਰੋਲੋ ਬਲੀਦਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ, ਲਾਸਾਨੀ ਕੁਰਬਾਨੀ ਨੂੰ।
ਕੌਮ ਦੀ ਖਾਤਰ ਵਾਰ ਗਏ ਜੋ, ਬਹੁਮੁੱਲੀ ਜ਼ਿੰਦਗਾਨੀ ਨੂੰ।

***-ਪ੍ਰੋ. ਨਵ ਸੰਗੀਤ ਸਿੰਘ***
***ਫੋਨ: 94176-92015***

# ਏਕਾ ਸੁਰਤਿ ਤੇ ਗੁੱਸਾ

ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ॥ ਜੇਹੀ ਸੁਰਤਿ ਤੇਹਾ ਤਿਨ ਰਾਹੁ॥

ਲੇਖਾ ਇਕੋ ਆਵਹੁ ਜਾਹੁ॥ ੧॥ ਕਾਹੇ ਜੀਅ ਕਰਹਿ ਚਤੁਰਾਈ॥ ਲੇਵੈ ਦੇਵੈ ਢਿਲ ਨ ਪਾਈ॥ ੧॥ ਰਹਾਉ॥

ਤੇਰੇ ਜੀਅ ਜੀਆ ਕਾ ਤੋਹਿ॥ ਕਿਤ ਕਉ ਸਾਹਿਬ ਆਵਹਿ ਰੋਹਿ॥ ਜੇ ਤੂ ਸਾਹਿਬ ਆਵਹਿ ਰੋਹਿ॥

ਤੂ ਓਨਾ ਕਾ ਤੇਰੇ ਓਹਿ॥ ੨॥ ਅਸੀ ਬੋਲਵਿਗਾੜ ਵਿਗਾੜਹ ਬੋਲ॥ ਤੂ ਨਦਰੀ ਅੰਦਰਿ ਤੋਲਹਿ ਤੋਲ॥

ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥ ੩॥ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥

ਆਪੁ ਪਛਾਣੈ ਬੂਝੈ ਸੋਇ॥ ਗੁਰ ਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥ ੪॥੩੦॥ (ਪੰਨਾ 25,ਮ:1)

ਸ਼ਬਦ "ਸੁਰਤਿ" ਦੀ ਗੱਲ ਕਰੇਂਦਾ ਹੈ। ਸੁਰਤ ਕੀ ਹੈ? ਸੁਰਤ ਦੇ ਅਰਥ ਅਰਥਾਲੀਆਂ ਨੇ ਅਕਲ, ਸਮਝ, ਹੋਸ਼, ਚੇਤਾ, ਪੂਰਾ ਇਸ਼ਕ ਤੇ ਦੇਹ ਦੱਸੇ ਹਨ। ਸੁਰਤ ਦੇ ਪੂਰੇ ਅਰਥ ਸਹੀ ਹੋਵਣ ਨਾਲ ਈ ਸ਼ਬਦ ਦੀ ਸਮਝ ਬਣਸੀ। ਪੂਰੇ ਇਸ਼ਕ ਨਾਲ ਸੁਰਤ



**ਡਾ. ਆਸਮਾ ਕਾਦਰੀ**

ਨੂੰ ਜੋੜ ਕੇ ਸ਼ਬਦ ਵਿਚਾਰੀਏ ਮਤਾਂ ਅਸਾਂ ਵੀ ਏਕਾ ਸੁਰਤ ਦੀ ਇਕਾਈ ਮਾਣੀਏ। ਇਸ਼ਕ ਹੀ ਇਕ ਸੁਰ ਇਕ ਸਾਰ ਕਰੇਂਦਾ ਹੈ ਵੱਖੋ ਵੱਖ ਹੋਂਦਾਂ ਨੂੰ। ਇਕੋ ਹੀ ਸੁਰਤ ਹੈ ਕੁੱਲ ਜੀਆਂ ਅੰਦਰ। ਸੁਰਤੋਂ ਵਾਂਝਾ ਕੋਈ ਨਹੀਂ। ਕੁਦਰਤ ਨੇ ਇਸ਼ਕ ਨਾਲ ਸਿਰਜਿਆ ਹੈ ਕੁੱਲ ਜਹਾਨ। ਜੇਹੋ ਜਹੀ ਸੁਰਤ ਹੈ ਤੇਹੋ ਜੇਹਾ ਵਰਤਾਰਾ ਹੈ ਹਰ ਜੀਅ ਦਾ। ਲੇਖਾ ਇਕੋ ਹੈ ਆਉਣ ਜਾਵਣ ਦਾ। "ਲੇਖਾ" ਲਿਖਤ ਹੈ, ਹਿਸਾਬ, ਅਕਾਊਂਟ, ਲਕੀਰ, ਹੱਥ ਲਿਖਤ, ਤੇ ਡਰਾਇੰਗ ਵੀ। ਆਉਣ ਜਾਵਣ ਦਾ ਲੇਖਾ ਕੀ ਏ? ਕੁੱਲ ਜੀਆ ਜੂਨ ਦੇ ਜੰਮਣ ਤੇ ਮਰਨ ਦਾ ਇਕੋ ਢੰਗ ਏ। ਬੱਸ ਵਿੱਥ ਏ ਰਾਹ ਦੀ। "ਜੇਹੀ ਸੁਰਤਿ ਤੇਹਾ ਤਿਨ ਰਾਹੁ"॥ ਏਹਾ ਸੈਂਤਰ ਕਰੇਂਦਾ ਏ ਜੋ ਇਸ਼ਕ ਹੀ ਰਾਹ ਬਣਾਉਂਦਾ ਏ। ਇਸ਼ਕ ਦਾ ਹੋਵਣ ਤੇ ਨਾ ਈ ਹੋਵਣ ਰਾਹ ਤੇ ਕੁਰਾਹ ਦੀ ਨਿਖੇੜ ਕਰੇਂਦਾ ਏ। ਇਸ਼ਕ ਇਕਾਈ ਹੈ ਇੱਕ ਦੀ ਕੁੱਲ ਨਾਲ। ਬਾਬੇ ਨਾਨਕ ਦਾ ਇਹ ਸ਼ਬਦ ਕੁੱਲ ਕੁਦਰਤ ਨਾਲ ਇਕਾਈ ਦਾ ਰੰਗ ਖੇਡ ਵਿਖਾਉਂਦਾ ਏ ਏਕਾ ਸੁਰਤ ਆਖ ਕੇ। ਕੁਦਰਤ ਦਾ ਕਰਮ ਕੁੱਲ ਹੋਂਦਾਂ ਉਪਰ ਸਾਵਾਂ ਏ। ਮਨੁੱਖ ਚਲਾਕੀ ਹੁਸ਼ਿਆਰੀ ਕਿਉਂ ਕਰੇਂਦਾ ਏ, ਲੈਣ ਦੇਣ ਵਿਚ ਸੁਸਤੀ ਨਹੀਂ ਕਰਦਾ। ਕਰਨਹਾਰ ਦੀ ਕਰਨੀ ਦੇ ਪਿੱਛੇ ਕਰਨਹਾਰ ਦੀ ਸੁਰਤ ਸਾਰ ਹੁੰਦੀ ਹੈ। ਜੇ ਸੁਰਤ ਇਕੋ ਹੈ ਕੁੱਲ ਦੀ ਤੇ ਫੇਰ ਜੇਹੀ ਸੁਰਤ ਤੇਹਾ ਤਿਨ ਰਾਹ ਕੀ ਹੈ? ਸੁਰਤ ਏਕਾ ਹੈ ਤਾਂ ਰਾਹ ਵੀ ਏਕਾ ਹੋਇਆ। ਅੱਗ, ਵਾਅ, ਮਿੱਟੀ, ਪਾਣੀ ਨਾਲ ਸਿਰਜੀ ਹਰ ਹੋਂਦ ਦਾ ਮੁੱਢਲਾ ਤੱਤ ਤਾਂ ਇਕੋ ਹੈ। ਕੁਦਰਤ ਦਿਆਂ ਸਿਰਜਿਆਂ ਇਨ੍ਹਾਂ ਤੱਤਾਂ ਦੀ ਸੱਤ ਸੱਤਿਆ ਦਾ ਆਪੋ ਵਿਚ ਇਸ਼ਕ ਸਬੰਧ ਹੈ। ਆਪਸੀ ਇਸ਼ਕ ਸਬੰਧ ਈ ਹੈ ਜੋ ਨਿੱਤ ਨਵੀਂ ਹੋਂਦ ਉਸਾਰਦਾ ਹੈ। ਨਵੀਂ ਹੋਂਦ ਜੇ ਕੁਦਰਤ ਵਿਹਾਰ ਅੰਦਰ ਵਸੇ ਤਾਂ ਉਸ ਨੂੰ ਆਪਣਾ ਇਸ਼ਕ ਚੇਤੇ ਰਹਿੰਦਾ ਏ। ਇਸ਼ਕ ਹੀ ਇਕਾਈ ਹੋਈ ਕੁੱਲ ਹੋਂਦਾਂ ਦੀ। ਇਕਾਈ ਦਾ ਲੜ ਹੱਥ ਹੋਵੇ ਤਾਂ ਰਾਹ ਵੀ ਇਕੋ ਹੈ ਤੇ ਮੰਜ਼ਿਲ ਵੀ ਇਕੋ। ਪੁਆੜਾ ਬਣਿਆ ਏਸ ਮੱਲ ਵਿਹਾਰ ਪਾਰੋਂ। ਮੱਲ ਵਿਹਾਰ ਦੀਆਂ ਨੀਂਹਾਂ ਜੋ ਮੱਲ ਮਾਰਨ ਤੇ ਖੋਹਣ ਖੁੱਸਣ ਉਤੇ ਉਸਰੀਆਂ ਉਨ੍ਹਾਂ ਖਿਜ-ਖਾਰ ਤੇ ਵੈਰ ਵਿਰੋਧ ਪੈਦਾ ਕੀਤੇ। ਕੁਦਰਤ ਵੱਲੋਂ ਦਾਨ ਹੋਈ ਸੁਰਤ ਮੁਕਾਈ ਤੇ ਹੋਂਦ ਆਪਣੇ ਕੁੱਲ ਕੋਲੋਂ ਵਿਜੋਗੀ ਗਈ ਤਾਂ ਵਿਰਾਨ ਥਈ। ਵਿਰਾਨੀ ਹੋਂਦ ਅੰਦਰੋਂ ਇਸ਼ਕ ਸਿਆਣ ਈ ਮੁੱਕ ਗਈ। ਵਿਜੋਗੀ ਹਸਤੀ ਤੇ ਅਜੋੜ ਹੋਂਦ ਨੇ ਆਪਣੀ ਕਰਨੀ ਮੱਲ ਵਿਹਾਰ ਲੇਖੇ ਲਾਈ। ਮਤਾਂ ਏਹਾ ਸ਼ਬਦ ਦਸੀਂਦਾ ਹੈ ਪਿਆ ਜਿਹੀ ਸੁਰਤ ਤੇਹਾ ਤਿਨ ਰਾਹ ਵਿਚ। ਲੈਣ ਦੇਣ ਕਾਰ ਵਪਾਰ ਦਾ ਲਾਜ਼ਮੀ ਅੰਗ ਹੋਇਆ। ਰਾਸਵਾਲ ਵਿਹਾਰ ਬਣਿਆ ਈ ਕਾਰ ਵਪਾਰ ਲਈ ਹੈ ਲਾਹਾ ਘਿੰਨਣ ਤੇ ਤੋਟਾ ਦੇਵਣ ਕੀਤੇ। ਕੁਦਰਤ ਵਿਹਾਰ ਵਿਚ ਲਾਹੇ ਤੋਟੇ ਦੀ ਥਾਂ ਈ ਕੋਈ ਨਹੀਂ। ਕੁਦਰਤ ਵਿਹਾਰ ਤਾਂ ਦਾਨ ਵਿਹਾਰ ਹੋਇਆ। ਜੋ ਬਣਿਆ ਸਰਿਆ ਜਿਸ ਤੋਂ ਵੀ ਉਹ ਸਭ ਨਾਲ ਸਾਂਝਾ ਕੀਤਾ। ਜਿਥੇ ਪ੍ਰੀਤ ਪਿਆਰ ਦਾ ਵਾਸ ਹੋਵੇ ਓਥੇ ਲੈਣ ਦੇਣ ਨਹੀਂ ਹੁੰਦਾ। ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੀ ਰੀਤ ਟੁਰਦੀ ਏ।

ਤੇਰੇ ਜੀਅ ਜੀਆ ਕਾ ਤੋਹਿ॥ ਕਿਤ ਕਉ ਸਾਹਿਬ ਆਵਹਿ ਰੋਹਿ॥ ਜੇ ਤੂ ਸਾਹਿਬ ਆਵਹਿ ਰੋਹਿ॥ ਤੂ ਓਨਾ ਕਾ ਤੇਰੇ ਓਹਿ॥ ੨॥

ਜੇ ਸਾਰੇ ਮਨੁੱਖ ਦੇ ਆਪਣੇ ਨੇ ਤੇ ਮਨੁੱਖ ਸਭਨਾਂ ਦਾ ਹੈ ਤੇ ਫੇਰ ਮਨੁੱਖ ਨੂੰ ਗੁੱਸਾ ਕਿਉਂ ਆਉਂਦਾ ਏ? ਜਦੋਂ ਮਨੁੱਖ ਨੂੰ ਗੁੱਸਾ ਆ ਜਾਂਦਾ ਏ ਫੇਰ ਓਹ ਸਭਨਾਂ ਦਾ ਨਹੀਂ ਹੋਂਦਾ, ਗੁੱਸੇ ਦਾ ਹੋ ਜਾਂਦਾ ਏ। ਅੰਤਰਾ ਜਿਸ ਰੋਹ ਦੀ ਗੱਲ ਕਰੇਂਦਾ ਏ ਉਹ ਵੀ ਇੱਕ ਖਾਸ ਹਾਲਤ ਹੈ। ਰੋਹ ਗੁੱਸਾ ਹੈ। ਗੁੱਸਾ ਆਉਂਦਾ ਹੈ ਜਦੋਂ "ਮੈਂ" ਦੀ ਆਖੀ ਮੰਨੀ ਨਾ ਜਾਵੇ। "ਮੈਂ" ਬਣਾਉਂਦਾ ਹੈ ਮੱਲ ਵਿਹਾਰ। "ਮੈਂ" ਬਣਦੀ ਹੈ "ਤੋਂ" ਦਾ ਇਨਕਾਰ ਕਰਨ ਕੀਤੇ। "ਮੈਂ" ਏਸ ਮੇਲ ਬੰਦ ਵਿਹਾਰ ਦੀ ਜੰਮੀ ਜਾਈ ਹੈ। ਗੁੱਸਾ ਹਮੇਸ਼ਾ ਤਗੜੇ ਨੂੰ ਆਉਂਦਾ ਹੈ ਮਾੜੇ 'ਤੇ। ਤਗੜਾ ਤੇ ਮਾੜਾ ਵੀ ਰਾਸਵਾਲ ਵਿਹਾਰ ਦਾ ਬਣਾਇਆ ਹੈ। ਏਕਾ ਸੁਰਤੋਂ ਵਿਜੋਗ ਕੇ "ਮੈਂ" ਦਾ ਰੋਗੀ ਬਣਾਇਆ ਹੈ ਜਿਉਂਦੀ ਹੋਂਦ ਨੂੰ ਏਸ ਚਾਲੂ ਵਿਹਾਰ ਨੇ। "ਸਾਹਿਬ" ਪਿਆਰ ਤੇ ਆਦਰ ਲਈ ਨਹੀਂ ਸਗੋਂ ਤਾਕਤਵਰ ਲਈ ਵਰਤਿਆ ਏ । "ਸਾਹਿਬ" ਦਾ ਲਫ਼ਜ਼ ਹੁਣ ਹਾਕਮ ਮਾਲਿਕ ਲਈ ਵਰਤੀਂਦਾ ਹੈ ਪਰ ਏਸ ਦੀ ਵਰਤੋਂ ਯਾਰ,



ਬੇਲੀ, ਸਾਥੀ, ਲਈ ਵੀ ਹੁੰਦੀ ਆਹੀ। ਸ਼ਾਹ ਹੁਸੈਨ "ਸਾਹਿਬ" ਨੂੰ ਸੱਜਣ ਪਿਆਰੇ ਦੇ ਮਾਅਨਿਆਂ ਵਿਚ ਈ ਵਰਤਿਆ ਹੈ। "ਚੰਗੀ ਹਾਂ ਕਿ ਮੰਦੀ ਹਾਂ ਸਾਹਿਬ ਤੇਰੀ ਬੰਦੀ ਹਾਂ"। "ਕਹੇ ਹੁਸੈਨ ਫਕੀਰ ਸਾਈਂ ਦਾ ਸਾਹਿਬ ਸਿਓਂ ਅਸੀਂ ਜੁੜੀਆਂ ਵੇ ਲੋਕਾ"

ਜੇ ਸਭ ਆਪਣੇ ਹਨ ਤੇ ਆਪਣਾ ਆਪ ਸਭ ਦਾ ਤਾਂ ਫੇਰ ਗੁੱਸਾ ਆ ਈ ਨਹੀਂ ਸਕਦਾ। ਆਪਣੇ ਆਪ ਉੱਤੇ ਤਾਂ ਕੋਈ ਗੁੱਸਾ ਨਹੀਂ ਕਰੇਂਦਾ। ਗੁੱਸਾ ਹਮੇਸ਼ਾ ਦੂਜੇ 'ਤੇ ਆਉਂਦਾ ਏ। ਦੂਜਾ ਓਪਰਾ ਹੈ, ਪਰਾਇਆ ਹੈ। ਦੂਜ ਤੇ ਓਪਰ ਮੱਲ ਵਿਹਾਰ ਨੇ ਬਣਾਈ ਏ। "ਮੈਂ" ਬਣਦੀ ਤਾਂ ਏ ਜੇ "ਤੂੰ" ਨੂੰ ਰੱਦੇ। ਜੇ ਗੁੱਸਾ ਆਉਂਦਾ ਹੈ ਤਾਂ ਏਕਾ ਸੁਰਤ ਮੁੱਕ ਵਹਿਦੀ ਏ। ਹੋਂਦ ਇਸ਼ਕੋਂ ਵਾਂਝੀ ਜਾਂਦੀ ਏ ਤੇ ਫੇਰ ਗੁੱਸਾ ਹਾਕਮ ਮਾਲਿਕ ਬਣ ਵੇਂਹਦਾ ਏ। ਹਾਕਮਾਂ ਦਾ ਸੰਗ ਹਾਕਮ ਈ ਹੁੰਦੇ ਨੇ। ਜੇ ਗੁੱਸੇ ਨੂੰ ਹਾਕਮ ਬਣਾ ਲਿਆ ਤਾਂ ਆਪਣੀ ਹਸਤੀ ਮਹਿਕੂਮ ਹੋ ਗਈ। ਗੁਲਾਮ ਤੇ ਮਹਿਕੂਮ ਇਸ਼ਕ ਸੁਆਦ ਨਹੀਂ ਮਾਣ ਸਕਦੇ। ਇਸ਼ਕ ਖੁੱਲ੍ਹ ਤੇ ਆਜ਼ਾਦੀ ਏ। ਇਸ਼ਕ ਜੋੜਦਾ ਤੇ ਸੰਗ ਬਣਾਉਂਦਾ ਏ। ਗੁੱਸਾ ਮੈਂ ਦਾ ਬੰਦੀਵਾਨ ਕਰ ਕੇ ਇਕੱਲਾ ਕਰਦਾ ਏ ਹਸਤੀ ਨੂੰ।

ਬੋਲਵਿਗਾੜ ਵਿਗਾੜਹ ਬੋਲ॥ ਤੂ ਨਦਰੀ ਅੰਦਰਿ ਤੋਲਹਿ ਤੋਲ॥ ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥ ੩॥

ਗੁੱਸਾ ਵੱਖੋ ਵੱਖ ਬੋਲੀਆਂ ਬੁਲਾਉਂਦਾ ਏ। ਬੋਲੀ ਵਿਗੜਦੀ ਹੈ ਰੋਹ ਪਾਰੋਂ। ਬੋਲ ਤਾਂ ਸਬੰਧ ਹੋਇਆ ਜਿਉਂਦਿਆਂ ਜੀਆਂ ਵਿਚਕਾਰ। ਬੋਲ ਤਾਂ ਦੁੱਖ ਸੁੱਖ ਦੀ ਸਾਂਝ ਹੋਏ ਇਨਸਾਨਾਂ ਵਿਚਕਾਰ। ਜਦੋਂ ਬੋਲ ਬੋਲ ਹੀ ਨਾ ਰਵੇ ਤਾਂ ਸੁਨੇਹਾ ਕਿਵੇਂ ਅੱਪੜੇ। "ਤੂੰ" ਜੋ ਹਰ ਪਲ ਹਾਜ਼ਰ ਨਾਜ਼ਰ ਹੈਂ ਉਹ ਤਾਂ ਬੋਲਾਂ ਬਿਨਾਂ ਈ ਪਛਾਣਦਾ ਹੈ। ਉਹਦੇ ਤੋਲ ਨੂੰ ਕਿਸੇ ਤੱਕੜੀ ਦੀ ਲੋੜ ਨਹੀਂ। ਉਹ ਨਜ਼ਰ ਅੰਦਰ ਤੋਲ ਲੈਂਦਾ ਏ। ਗੁੱਸਾ ਕਰਨ ਵਾਲਾ ਤੇ ਗੁੱਸਾ ਸਹਿਣ ਵਾਲਾ ਹਨ ਤਾਂ ਦੂਏ ਹਿਕਾ। ਮਾੜੇ ਤਗੜੇ, ਚੰਗੇ ਮੰਦੇ ਦੀ ਵੰਡ ਤੇ ਏਸ ਦਰਜ਼ੇ ਬੰਦ ਵਿਹਾਰ ਦੀ ਬਣਾਈ ਹੋਈ ਏ। ਬੁਰੇ ਭਲੇ ਦੀ, ਇਕਾਈ ਦੀ, ਸਿਆਣ ਗੁੱਸਾ ਮੁਕਾਉਂਦੀ ਏ। ਬੁਰੇ ਭਲੇ ਦਾ ਤੱਤ ਤਾਂ ਇਕ ਏ। ਅੱਗ, ਵਾਅ, ਮਿੱਟੀ, ਪਾਣੀ ਦੀ ਸਿਰਜੀ ਏ ਹਰ ਹੋਂਦ ਪਰ ਚਾਲੂ ਵਿਹਾਰ ਨੇ ਬਦਲਿਆ ਹੈ ਦੋਹਾਂ ਨੂੰ। ਫਰੀਦ ਵੀ ਏਸੇ ਨੂੰ ਦੋਹੜੇ ਵਿਚ ਵਿਖਾਇਆ ਹੈ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ੭੮॥
(ਪੰਨਾ 1382, ਫਰੀਦ ਜੀ)

ਏਕਾ ਸੁਰਤ ਜੋ ਫਰੀਦ ਕੋਲ ਆਹੀ ਉਸੇ ਸੁਰਤ ਇਹ ਦੋਹੜਾ ਰਚਿਆ। ਪ੍ਰੇਮ ਪਿਆਰ ਦਾ ਸੁਨੇਹਾ ਦਿੰਦਾ ਫਰੀਦ ਦਾ ਦੋਹੜਾ ਏਹਾ ਸੁਰਤ ਸਾਂਝੀ ਕਰੇਂਦਾ ਏ। ਬੁਰੇ ਦਾ ਭਲਾ ਕਰਨਾ ਈ ਚੰਗਾ ਏ। ਮਨ ਗੁੱਸਾ ਹੰਢਾਉਣ ਕਾਨ (ਲਈ) ਨਹੀਂ ਬਣਿਆ, ਸਗੋਂ ਪਿਆਰ ਹੰਢਾਉਣ ਕੀਤੇ ਹੈ। ਗੁੱਸਾ ਤੇ ਮਨ ਨੂੰ ਖਾ ਜਾਂਦਾ ਏ। ਹੰਢਾਉਣਾ ਹੈ ਵਰਤਣਾ। ਜਦੋਂ ਇਸ਼ਕ ਦੀ ਇਕਾਈ ਮਨ ਅੰਦਰੋਂ ਮੁੱਕ ਜਾਵੇ ਤਾਂ ਗੁੱਸਾ ਮਨ ਨੂੰ ਹੰਢਾਉਂਦਾ ਏ। ਦੇਹ ਹੋਂਦ ਏ, ਹਸਤੀ ਏ, ਵਜੂਦ ਏ। ਗੁੱਸਾ ਰੋਗ ਬਣ ਜਾਂਦਾ ਏ ਦੇਹ ਦਾ। ਰੋਗੀ ਦੇਹ ਇਕਲਾਪੇ ਵਿਚ ਮਰ ਖਪ ਜਾਂਦੀ ਏ। ਜੇ ਮਨੁੱਖ ਆਪਣੇ ਗੁੱਸੇ ਨੂੰ ਕਾਬੂ ਕਰ ਲਵੇ, ਬੁਰੇ ਭਲੇ ਦੀ ਇਕਾਈ ਸਿਆਣ ਲਵੇ ਤਾਂ ਕੁੱਲ ਕਾਇਨਾਤ ਅੰਦਰ ਜਿਉਂਦਾ ਏ।

ਆਪਣੀ ਸਿਆਣ ਈ ਦੂਜੇ ਦੀ ਪਛਾਣ ਕਰਾਉਂਦੀ ਏ। ਜੀਵਨ ਸੱਚੀ ਕਰਨੀ ਪਾਰੋਂ ਜਿਉਂਦਾ ਏ। ਕਰਨੀ ਤਾਂ ਈ ਕਰਨੀ ਹੈ ਜੇ ਪੂਰੀ ਸਮਝ ਸੁਰਤ ਨਾਲ ਹੋਵੇ। ਸੱਚ ਕਰਨੀ ਵਿਚ ਘਾਟ ਕਦੀ ਨਹੀਂ ਹੁੰਦੀ। ਕਰਨੀ ਤਾਂ ਈ ਪੂਰਨ ਹੈ ਜੇ ਉਹ ਸੁਰਤ ਸਾਰ ਨਾਲ ਹੈ।

# ਬੁੱਲ੍ਹੇ ਸ਼ਾਹ ਦੀਆਂ ਅਨੋਖੀਆਂ ਰਮਜ਼ਾਂ: ਬੁੱਲ੍ਹਾਨਾਮਾ

ਕਲਾ ਪਰਿਕਰਮਾ

ਬਾਬਾ ਬੁੱਲ੍ਹੇ ਸ਼ਾਹ ਨੂੰ ਪੰਜਾਬੀ ਸੂਫ਼ੀ ਕਾਵਿ ਦਾ ਸਿਖਰ ਮੰਨਿਆ ਜਾਂਦਾ ਹੈ। ਮੱਧਕਾਲੀ ਕਿਰਤਾਂ ਦਾ ਵੱਡਾ ਗੁਣ ਇਹ ਹੈ ਕਿ ਹਰ ਸਮੇਂ ਇਨ੍ਹਾਂ ਦੀਆਂ ਵਿਆਖਿਆਵਾਂ ਵਿਚੋਂ ਨਵੇਂ ਅਰਥ ਪ੍ਰਾਪਤ ਹੁੰਦੇ ਹਨ ਜੋ ਸਮੇਂ ਦੇ ਹਿਸਾਬ ਨਾਲ ਨਵੇਂ ਮੁੱਲਾਂ ਦੇ ਵਾਹਨ ਬਣ ਜਾਂਦੇ ਹਨ।

ਇਸ ਬਾਰੇ ਲੇਖਕ ਦਾ ਕਥਨ ਹੈ: 'ਤਾਰੀਖ਼ ਦੇ ਹਰ ਵਾਰੇ ਦੀ ਵਿਚਾਰਧਾਰਾ ਦੀ ਆਪਣੀ ਵਲਗਣ ਹੁੰਦੀ ਹੈ ਜਿਸ ਵਿਚ ਰਮਜ਼ਾਂ ਤੇ ਸੈਨਤਾਂ ਦੀ ਆਪਣੀ ਲਫ਼ਜ਼ਾਲੀ (ਸ਼ਬਦਾਵਲੀ) ਹੁੰਦੀ ਹੈ। ਜਗੀਰਦਾਰੀ ਵਸੋਂ ਵਿਚ ਇਹ ਲਫ਼ਜ਼ਾਲੀ ਬਹੁਤੀ

**ਪਰਮਜੀਤ ਢੀਂਗਰਾ**
**ਫੋਨ: +91-94173-58120**

ਮਜ਼ਹਬੀ ਵਲਗਣ ਦੇ ਅੰਦਰ ਆਪਣੇ ਵੱਖਰੇ-ਵੱਖਰੇ ਤੇ ਟਕਰਾਵੇਂ ਰੰਗ ਵਿਖਾਉਂਦੀ ਹੈ। ਇਕ ਹੀ ਹਰਫ਼ ਜਾਂ ਲਫ਼ਜ਼ ਦੇ ਮਤਲਬ ਟਕਰਾਵੇਂ ਹੋ ਸਕਦੇ ਹਨ।'


ਇਸ ਕਥਨ ਤੋਂ ਸਪਸ਼ਟ ਹੈ ਕਿ ਲੇਖਕ ਬੁੱਲ੍ਹੇ ਸ਼ਾਹ ਦੇ ਕਲਾਮ ਦੀਆਂ ਰਮਜ਼ਾਂ ਤੇ ਸੈਨਤਾਂ ਨੂੰ ਸ਼ਾਬਦਿਕ ਪੱਧਰ 'ਤੇ ਵਿਚਾਰਨ ਦਾ ਚਾਹਵਾਨ ਹੈ ਕਿਉਂਕਿ ਬੁੱਲ੍ਹੇ ਸ਼ਾਹ ਨਾਬਰੀ ਦਾ ਕਾਵਿ ਪ੍ਰਵਚਨ ਸਿਰਜਦਾ ਹੈ। ਹਰ ਕਿਰਤ ਆਪਣੇ ਸਮੇਂ ਦੀ ਸਮਾਜਿਕ ਡਾਇਲੈਕਟਿਸ ਨਾਲ ਵਿਰੋਧੀ ਸੁਰ ਵਿਚ ਸੰਵਾਦ ਰਚਾਉਂਦੀ ਹੈ। ਬੁੱਲ੍ਹੇ ਸ਼ਾਹ ਉੱਚੀ ਸੁਰ ਵਿਚ ਸਮੇਂ ਦੀਆਂ ਇਤਿਹਾਸਕ ਸਥਿਤੀਆਂ ਨੂੰ ਵੰਗਾਰਦਾ ਹੈ। ਉਹਦੇ ਕਾਵਿ ਪ੍ਰਵਚਨ ਵਿਚ ਮੁਗਲਸ਼ਾਹੀ ਦੀ ਮੁੱਲਾਂਪ੍ਰਸਤੀ ਪ੍ਰਤੀ ਵੰਗਾਰ ਹੈ। ਮੁੱਲਾਂ, ਕਾਜ਼ੀ ਰਜਵਾੜਾਸ਼ਾਹੀ ਤੇ ਸਥਾਪਤੀ ਦੇ ਪ੍ਰਤੀਨਿਧ ਤੇ ਸੰਚਾਲਕ ਰੂਪ ਵਿਚ ਲੋਕਾਂ ਨੂੰ ਵਿਚਾਰਧਾਰਕ ਤੌਰ 'ਤੇ ਖੁੰਢਾ ਕਰ ਕੇ ਧਰਮ+ਰਾਜ+ਸੱਤਾ ਦੇ ਰਿਸ਼ਤੇ ਨੂੰ ਪੁਖ਼ਤਾ ਕਰਨ ਵਿਚ ਪੁਲ ਦਾ ਕੰਮ ਕਰ ਰਹੇ ਹਨ। ਅਸਲ ਵਿਚ ਬੁੱਲ੍ਹੇ ਸ਼ਾਹ ਦਾ ਸਮਾਂ ਇਤਿਹਾਸਕ ਤੌਰ ਉੱਤੇ ਵੱਡੀਆਂ ਤਬਦੀਲੀਆਂ ਤੇ ਵੰਗਾਰਾਂ ਦਾ ਸਮਾਂ ਹੈ। ਰਾਜ ਸੱਤਾ ਵਿਚ ਉਥਲ-ਪੁਥਲ ਹੋ ਰਹੀ ਹੈ। ਇਸ ਅਫਰਾ-ਤਫਰੀ ਦੇ ਦੌਰ ਵਿਚ ਸੂਫ਼ੀ ਕਾਵਿ ਪ੍ਰਵਚਨ ਲੋਕਾਂ ਲਈ ਰਾਹ ਦਸੇਰਾ ਬਣ ਰਿਹਾ ਹੈ ਕਿਉਂਕਿ ਬੁੱਲ੍ਹੇ ਸ਼ਾਹ ਲੋਕਾਂ ਦੀ ਨਾਬਰੀ ਨੂੰ ਸੂਫ਼ੀ ਜ਼ਬਾਨ ਦੇ ਰਿਹਾ ਹੈ।

ਹਥਲੀ ਕਿਤਾਬ 'ਬੁੱਲ੍ਹਾਨਾਮਾ' ਵਿਚ ਡਾ. ਮਨਜ਼ੂਰ ਏਜਾਜ਼ ਨੇ ਬੁੱਲ੍ਹੇ ਸ਼ਾਹ ਦੇ ਕਲਾਮ ਨੂੰ ਸਮਝਣ-ਸਮਝਾਉਣ ਕਰਨ ਲਈ ਆਪਣਾ ਮਾਡਲ ਤਿਆਰ ਕੀਤਾ ਹੈ। ਸਭ ਤੋਂ ਪਹਿਲਾਂ ਉਹ ਕਾਫ਼ੀ ਦਾ ਇਕ ਬੰਦ (ਸਟੈਂਜ਼ਾ) ਦਿੰਦੇ ਹਨ। ਫਿਰ ਔਖੇ ਲਫ਼ਜ਼ਾਂ ਦੇ ਮਾਅਨੇ ਤੇ ਉਸ ਤੋਂ ਬਾਅਦ ਉਹਦਾ ਮਤਲਬ ਸਮਝਾਉਂਦੇ ਹਨ। ਜਿਵੇਂ 'ਅਲਫ਼ ਅੱਲ੍ਹਾ' ਵਾਲੇ ਸਟੈਂਜ਼ੇ ਦਾ ਮਤਲਬ ਦੱਸਦਿਆਂ ਲਿਖਦੇ ਹਨ: 'ਕਾਫ਼ੀ ਦਾ ਸਿੱਧਾ ਮਤਲਬ ਤੇ ਇਹੋ ਹੈ ਕਿ ਅਲਫ਼ ਅੱਲ੍ਹਾ ਦੇ ਨਾਲ ਮੇਰਾ ਦਿਲ ਲਾਲ ਹੋ ਗਿਆ ਹੈ ਤੇ ਮੈਨੂੰ ਅਲਫ਼ ਦਾ ਅਜਿਹਾ ਸਵਾਦ ਮਿਲਿਆ ਹੈ ਜੋ 'ਬੇ' ਦੀ ਨਾ ਕੋਈ ਸਮਝ ਆਉਂਦੀ ਹੈ ਨਾ ਹੀ ਕੁਝ ਹੋਰ ਪਤਾ ਲੱਗਦਾ ਹੈ। ਅਲਫ਼ ਦੀ ਸਮਝਾਈ ਗੱਲ ਪਾਰੋਂ 'ਐਨ' ਤੇ 'ਗੈਨ' ਵੀ ਸਮਝ ਵਿਚ ਨਹੀਂ ਆਉਂਦੇ। ਅਲਫ਼ ਦੀ ਦੱਸੀ ਹੋਈ ਸੇਧ ਤੇ ਉਸ ਦੇ ਬੋਲ ਐਨੇ ਮੁਕੰਮਲ ਹਨ ਕਿ ਉਹ ਦਿਲ ਦੀ ਸਫ਼ਾਈ ਕਰ ਦੇਂਦੇ ਹਨ।'

ਇਸ ਤਰ੍ਹਾਂ ਉਹ ਲੰਮੀ ਚੌੜੀ ਤਫ਼ਸੀਲ ਦੇ ਕੇ ਸਾਰੀ ਕਾਫ਼ੀ ਦੇ ਅਰਥ ਤੇ ਮਾਰਕਸੀ ਵਿਚਾਰਧਾਰਾ ਦੇ ਪ੍ਰਸੰਗ ਵਿਚ ਉਹਦੀ ਸਾਰਥਕਤਾ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦਾ ਮੁੱਖ ਜ਼ੋਰ ਇਸ ਗੱਲ 'ਤੇ ਹੈ ਕਿ ਅਰਥਾਂ ਨੂੰ ਉਨ੍ਹਾਂ ਦੇ ਪ੍ਰਸੰਗ ਵਿਚ ਰੱਖ ਕੇ ਉਨ੍ਹਾਂ ਦੀ ਆਧੁਨਿਕ ਵਿਆਖਿਆ ਕੀਤੀ ਜਾਵੇ। ਇਸ ਦੇ ਨਾਲ ਸੂਫ਼ੀ ਕਾਵਿ ਵਿਚਲੇ ਸੰਕਲਪਾਂ ਦੀ ਵੀ ਉਹ ਵਿਆਖਿਆ ਕਰਦੇ ਹਨ; ਮਸਲਨ, ਇਸ਼ਕ ਹਕੀਕੀ ਸੂਫ਼ੀ ਕਾਵਿ ਦਾ ਪ੍ਰਮੁੱਖ ਸੰਕਲਪੀ ਸ਼ਬਦ ਹੈ। ਇਸ ਨੂੰ ਸਮਝਾਉਂਦਿਆਂ ਉਹ ਲਿਖਦੇ ਹਨ: 'ਲਗਨ ਜਾਂ ਇਸ਼ਕ ਦੇ ਲੱਗਣ ਨੇ ਅਜਿਹੀ ਬੇਵਸੀ ਦਾ ਵਿਖਾਲਾ ਕੀਤਾ ਹੈ ਜਿਸ ਵਿਚ ਨਾ ਜੀਆ ਤੇ ਨਾ ਹੀ ਮਰਿਆ ਜਾ ਸਕਦਾ ਹੈ। ਇਸ਼ਕ ਦਾ ਲੱਗਣਾ ਰੋਜ਼-ਬ-ਰੋਜ਼ ਦੇ ਚਾਲੂ ਵਿਹਾਰ ਦਾ ਕੋਈ ਇਕ ਕੰਮ ਨਹੀਂ ਜਿਸ ਦੇ ਹੱਲ ਲਈ ਕੋਈ ਨਾ ਕੋਈ ਰਾਹ ਜਾਂ ਵਸੀਲਾ ਮੌਜੂਦ ਹੁੰਦਾ ਹੈ। ਲਗਨ ਜਾਂ ਇਸ਼ਕ ਦਾ ਲੱਗਣਾ ਸਮਾਜ ਦੇ ਵਿਹਾਰ ਤੋਂ ਵੱਖਰਾ ਹੀ ਨਹੀਂ ਸਗੋਂ ਉਸ ਦਾ ਉਲਟ ਵੀ ਹੈ।' ਬੁੱਲ੍ਹੇ ਸ਼ਾਹ ਨੇ ਸੂਫ਼ੀਅਤ ਦੇ ਨਾਲ ਨਾਲ ਬੰਦੇ ਦੀ ਬੰਦਈ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਉਹ ਦੇਖ ਰਿਹਾ ਹੈ ਕਿ ਬੰਦੇ ਅੰਦਰ ਕਈ ਬੰਦੇ ਨੇ। ਸਮਾਜਿਕ ਵਰਤਾਰਿਆਂ ਨੇ ਉਹਨੂੰ ਕਈ ਖਾਨਿਆਂ ਵਿਚ ਵੰਡਿਆ ਹੋਇਆ ਹੈ। ਇਸ ਵੰਡ ਵਿਚ ਉਹ ਮਜ਼ਹਬ, ਜਾਤ, ਮੁਲਕ, ਇਲਾਕੇ ਤੇ ਹੋਰ ਕਈ ਇਕਾਈਆਂ ਵਿਚ ਵੰਡਿਆ ਹੋਇਆ ਹੈ। ਇਸ ਦੇ ਨਾਲ ਵੱਖ ਵੱਖ ਵਿਚਾਰਧਾਰਾਵਾਂ ਨਾਲ ਜੁੜੇ ਵਿਅਕਤੀ ਓਸੇ ਪੱਖ ਤੋਂ ਹਰ ਵਰਤਾਰੇ ਦੀ ਵਿਆਖਿਆ ਕਰਦੇ ਹਨ। ਇਸ ਨਾਲ ਵਿਅਕਤੀ ਦੀ ਤਸਵੀਰ ਮੁਕੰਮਲ ਨਹੀਂ ਹੁੰਦੀ। ਕਦੇ ਉਹਦਾ ਇਕ ਪਾਸਾ ਨਜ਼ਰ ਆਉਂਦਾ ਹੈ ਤੇ ਕਦੇ ਦੂਸਰਾ। ਇਸ ਤੋਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਜੇ ਇਨ੍ਹਾਂ ਖਾਨਿਆਂ ਨੂੰ ਢਾਹ ਦਿੱਤਾ ਜਾਵੇ ਤਾਂ ਅਸਲ ਬੰਦਾ ਕੀ ਹੈ, ਇਹਦਾ ਪਤਾ ਲੱਗ ਸਕਦਾ ਹੈ।

ਜਦੋਂ ਹਰ ਚੀਜ਼ ਵਿਚ ਅੱਲ੍ਹਾ ਦਾ ਜਲੌਅ ਮੰਨ ਲਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਹ ਬੇਸ਼ੁਮਾਰ ਰੂਪਾਂ ਤੇ ਆਕਾਰਾਂ ਵਿਚ ਆਪਣਾ ਵਿਖਾਲਾ ਕਰ ਰਿਹਾ ਹੈ। ਬੁੱਲ੍ਹੇ ਸ਼ਾਹ ਦਾ ਉਹ ਢੋਲਣ ਮਾਹੀ ਹੈ। ਢੋਲਣ ਮਾਹੀ ਲਈ ਸ਼ਹੁ, ਪਿਆਰਾ ਤੇ ਹੋਰ ਵੀ ਲਫ਼ਜ਼ਾਲੀ ਵਰਤੀ ਗਈ ਹੈ। ਇਸ ਦੀ ਵਿਆਖਿਆ ਕਰਦਾ ਲੇਖਕ ਲਿਖਦਾ ਹੈ: 'ਸਾਰੀ ਗੱਲ ਦਾ ਤੱਤ ਸਾਰ ਇਹ ਹੈ ਕਿ ਇਕ ਮੁੱਢਲੀ ਹਕੀਕਤ ਕਈਆਂ ਰੂਪਾਂ ਵਿਚ ਆਪਣੇ ਆਪ ਨੂੰ ਵਿਖਾ ਰਹੀ ਹੈ। ਵਿਚਾਰਧਾਰਾ ਦੇ ਹਿਸਾਬ ਨਾਲ ਕੁਦਰਤ ਤੇ ਸੰਸਾਰ ਵਿਚ ਚਲਦੇ ਇਕ ਮੁੱਢਲੇ ਅਸੂਲ ਦੀ ਪਛਾਣ ਅਗੂੰਹੀ ਗੱਲ ਹੈ। ਇਕ ਨੂੰ ਮੰਨਣ ਦੇ ਉਲਟ ਕਈਆਂ ਅਸੂਲਾਂ, ਫਾਰਮੂਲਿਆਂ ਤੇ ਹਸਤੀਆਂ ਨੂੰ ਮੰਣਨਾ ਪਏਗਾ। ਮੁਸਲਮਾਨਾਂ ਵਿਚ ਆਮ ਮਨੁੱਖ ਤੋਂ ਲੈ ਕੇ ਪੈਗੰਬਰਾਂ, ਫਰਿਸ਼ਤਿਆਂ ਤੇ ਰੱਬ ਤਾਈਂ ਇਕ ਪੂਰੀ ਦਰਜਾਬੰਦੀ ਹੈ। ਇਸੇ ਤਰ੍ਹਾਂ ਹਿੰਦੂ ਮੱਤ ਵਿਚ ਵੀ ਦੇਵਤਿਆਂ ਤੇ ਦੇਵੀਆਂ ਦਾ ਪੂਰਾ ਨਿਜ਼ਾਮ ਹੈ ਜਿਸ ਵਿਚ ਦੁਨੀਆ ਵਿਚ ਹੋਵਣ ਵਾਲੇ ਸਾਰੇ ਕੰਮ ਵੱਖੋ-ਵੱਖ ਦੇਵਤਿਆਂ ਜਾਂ ਦੇਵੀਆਂ ਦੇ ਜ਼ਿੰਮੇ ਹਨ। ਇਸ ਤਰ੍ਹਾਂ ਵੇਖੋ ਤਾਂ ਸਮਾਜ ਵਿਚ ਜਾਤਾਂ, ਤਬਕਿਆਂ ਤੇ ਇਲਾਕਿਆਂ ਦੀਆਂ ਵੱਖਰੀਆਂ ਵੱਖਰੀਆਂ ਖਾਸੀਅਤਾਂ ਨਜ਼ਰ ਆਉਂਦੀਆਂ ਹਨ। ਮਨੁੱਖਾਂ, ਪਸ਼ੂਆਂ, ਜਾਨਵਰਾਂ, ਸਮੁੰਦਰਾਂ ਤੇ ਦਰਿਆਵਾਂ ਦੇ ਨਿਜ਼ਾਮ ਵੱਖ-ਵੱਖ ਕਰ ਕੇ ਸਮਝੇ ਜਾਂਦੇ ਹਨ ਪਰ ਅਗੂੰਹੀ ਵਿਚਾਰਧਾਰਾ ਇਹ ਹੈ ਕਿ ਇਨ੍ਹਾਂ ਸਭਨਾਂ ਵਿਚ ਇਕ ਹੀ ਤਾਕਤ ਜਾਂ ਅਸੂਲ ਦੀ ਪਛਾਣ ਦ੍ਰਿੜ੍ਹ ਹੈ।'

ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਇਹ ਪੁਸਤਕ ਬੁੱਲ੍ਹੇ ਸ਼ਾਹ ਦੇ ਹਵਾਲੇ ਨਾਲ ਸਮਾਜ ਤੇ ਕੁਦਰਤ ਦੇ ਦੁਵੱਲੇ ਰਿਸ਼ਤੇ ਨੂੰ ਵਿਭਿੰਨ ਸਰੋਕਾਰਾਂ ਤੇ ਇਕਾਈਆਂ ਰਾਹੀਂ ਸਮਝਣ ਦਾ ਸੁਹਿਰਦ ਉਪਰਾਲਾ ਹੈ। ਅੱਜ ਦੇ ਸਮੇਂ ਵਿਚ ਜਦੋਂ ਨੈਤਿਕ ਮੁੱਲ ਬਦਲ ਗਏ ਹਨ, ਮਨੁੱਖੀ ਨਜ਼ਰੀਏ ਵਿਚ ਵੱਡੀ ਤਬਦੀਲੀ ਆ ਗਈ ਹੈ, ਵਸਤੂ ਸੰਸਾਰ ਨੂੰ ਪਰਿਭਾਸ਼ਤ ਕਰਨ ਦੇ ਤੌਰ ਤਰੀਕੇ ਬਦਲ ਗਏ ਹਨ ਤਾਂ ਇਸ ਪ੍ਰਸੰਗ ਵਿਚ ਸੂਫ਼ੀ ਕਾਵਿ ਦੀਆਂ ਨਵੀਆਂ ਵਿਆਖਿਆਵਾਂ ਨਵੇਂ ਗਿਆਨ ਸ਼ਾਸਤਰ ਨੂੰ ਸਿਰਜਣ ਵੱਲ ਸੇਧਿਤ ਹਨ। ਹਥਲਾ ਅਧਿਐਨ ਅਜਿਹਾ ਹੀ ਇਕ ਉਪਰਾਲਾ ਕਿਹਾ ਜਾ ਸਕਦਾ ਹੈ। ਵਿਦਵਾਨਾਂ, ਖੋਜਾਰਥੀਆਂ ਤੇ ਵਿਦਿਆਰਥੀਆਂ ਲਈ ਇਹ ਅਧਿਐਨ ਕਾਫ਼ੀ ਲਾਹੇਵੰਦ ਸਾਬਤ ਹੋ ਸਕਦਾ ਹੈ। ਇਸ ਕਿਤਾਬ ਦੇ ਲਿੱਪੀਅੰਤਰਣ ਤੇ ਸੰਪਾਦਨ ਲਈ ਮਨਦੀਪ ਸਨੇਹੀ, ਦੀਪ ਨਿਰਮੋਹੀ ਤੇ ਅਸ਼ੋਕ ਕਾਸਿਦ ਨੇ ਲਗਨ ਤੇ ਸੁਹਿਰਦਤਾ ਨਾਲ ਕੰਮ ਕੀਤਾ ਹੈ।



*ਡਾ. ਮਨਜ਼ੂਰ ਏਜਾਜ਼ ਦੀ ਕਿਤਾਬ 'ਬੁੱਲ੍ਹਾਨਾਮਾ' ਦਾ ਮੁਖੜਾ।*


*ਡਾ. ਮਨਜ਼ੂਰ ਏਜਾਜ਼*


## ਡਾ. ਮਨਜ਼ੂਰ ਏਜਾਜ਼ ਦੀਆਂ ਬਾਤਾਂ

*ਡਾ. ਮਨਜ਼ੂਰ ਏਜਾਜ਼ ਅੱਜ ਕੱਲ੍ਹ ਅਮਰੀਕਾ ਵਿਚ ਵੱਸਦੇ ਹਨ। ਉਨ੍ਹਾਂ ਪੰਜਾਬ ਦੀ ਰਹਿਤਲ ਬਾਰੇ ਕਈ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਵਿਚ ਪੰਜਾਬ ਦਾ ਲੋਕ ਇਤਿਹਾਸ, ਲਿੰਗੁਇਸਟਿਕ ਫੋਲੀਜ਼ ਆਫ ਦਿ ਸਬ-ਕਾਂਟੀਨੈਂਟ, ਜ਼ਿੰਦੜੀਏ ਤਣ ਦੇਸਾਂ ਤੇਰਾ ਤਾਣਾ ਆਦਿ ਪ੍ਰਮੁਖ ਹਨ। ਆਪਣੀ ਹਰ ਕਿਤਾਬ ਵਿਚ ਉਨ੍ਹਾਂ ਪੰਜਾਬੀਅਤ ਦੀ ਬਾਤ ਪਾਈ ਹੈ। ਉਨ੍ਹਾਂ ਦੀਆਂ ਕਿਤਾਬਾਂ ਦੋਹਾਂ ਪੰਜਾਬਾਂ ਵਿਚ ਬੜੇ ਚਾਅ ਨਾਲ ਪੜ੍ਹੀਆਂ ਜਾ ਰਹੀਆਂ ਹਨ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਦਸੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-618



*ਵਿਰਾਸਤ ਦੀਆਂ ਨਿਸ਼ਾਨੀਆਂ ਸਾਂਭੀ, ਦੇਖੋ ਬੈਠੇ ਹਨ ਕੱਚੇ ਢਾਰੇ,*
*ਚੌਕਾ-ਚੁੱਲ੍ਹਾ, ਤਵੀਆਂ, ਭੱਠੀਆਂ ਸਾਂਭੇ, ਗਰੀਬਾਂ ਲਿੱਪੇ ਵਿਹੜੇ-ਹਾਰੇ।*
*ਕੱਚੀ ਕੋਠੜੀ ਦੇਵੇ ਸੁਰਗ ਦਾ ਝੂਟਾ, ਵਿਚ ਪਰਿਵਾਰ ਨੇ ਪਲ਼ਦੇ ਸਾਰੇ,*
*ਮਸੂਮ ਨਿਆਣਾ ਚੜ੍ਹ ਕੇ ਬੈਠਾ ਚੁੱਲ੍ਹੇ, ਦਿਲੋਂ ਡਰਦਾ ਮਤਾਂ ਮਾਂ ਮਾਰੇ।*

### ਕੈਪਸ਼ਨ ਮੁਕਾਬਲਾ-616



ਬੇਜ਼ੁਬਾਨਾ ਕਰੇ ਕਮਾਈਆਂ,
ਧੁੱਪ ਛਾਂ ਨਹੀਂ ਹੈ ਵੇਂਹਦਾ,
ਜਿੱਧਰ ਹੱਕੋ ਉੱਧਰ ਤੁਰਦਾ,
ਹਿੜਕ ਝਿੜਕ ਹੈ ਸਹਿੰਦਾ।
ਮਾਲਕ ਸੱਚਾ ਉਹ ਹੈ ਹੁੰਦਾ,
ਗੁਲਾਮ ਦਾ ਰੱਖੇ ਖਿਆਲ,
ਰੱਜ ਕਮਾ ਕੇ ਰੱਜ ਖੁਆਏ,
ਉਹਦੀ ਵੀ ਰੱਖੇ ਦੇਖ ਭਾਲ਼।
***-ਸੇਵਾ ਸਿੰਘ 'ਨੂਰਪੁਰੀ'***

---

ਵਗਦੀਆਂ ਲੋਆਂ ਵਿਚ
ਵਾਹਵੇਂ ਖੇਤਾਂ ਮੇਰਿਆਂ ਨੂੰ
ਅੱਗੇ ਲੱਗ ਕਰੇਂ ਤੂੰ ਕਮਾਈ ਵੇ
ਦੁਖ ਸੁਖ ਤੇਰੇ ਨਾਲ ਹੀ ਨੇ ਸਾਡੜੇ
ਘਰ ਦੇ ਜੀਅ ਜਿਹਾ ਸਾਡਾ ਬਾਈ ਵੇ
ਲੱਗਣ ਨਾ ਤੱਤੀਆਂ ਹਵਾਵਾਂ
ਕਿਤੇ ਸੋਹਣਿਆ ਵੇ
ਤਾਹੀਂ ਛੱਤ ਤੇਰੇ
ਸਿਰ ਉਤੇ ਪਾਈ ਵੇ।
***-ਚਰਨਜੀਤ ਕੌਰ***
***ਫੋਨ: 98768-65849***

---

ਨਿੱਤ ਧੁੱਪੇ ਮਰਦਾ ਦੇਖ ਨਾ ਹੋਇਆ
ਮਨ ਵਿਚ ਇਕ ਸਕੀਮ ਬਣਾਈ।
ਸਦਕੇ ਜਾਈਏ ਓਏ ਜੱਟਾ ਤੇਰੇ
ਬੇਜ਼ੁਬਾਨ 'ਤੇ ਛੱਤ ਹੈ ਪਾਈ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਜੇਠ ਹਾੜ ਦੀਆਂ ਧੁੱਪਾਂ
ਸਾਰਾ ਦਿਨ ਬਲਦ ਰੇੜਾ ਚੱਲ ਸੋ ਚੱਲ
ਕਰਨੇ ਪਏ ਕਈ ਚੋਹਲ
ਤਾਣ ਛੌਰ ਰੇੜੇ ਉਤੇ
ਡਰਦਿਆਂ ਬਲਦ ਹੁਣ ਮਸੀਂ ਪੈਰ ਪੁੱਟਦਾ
ਚਾਰਾ ਹੋਰ ਕੋਈ ਨਹੀਂ ਰੁਕਣ ਤੋਂ ਸਿਵਾ
ਰੋਟੀ-ਰੋਜ਼ੀ ਦਾ ਸਾਧਨ
ਵੀ ਤਾਂ ਬਲਦ ਹੀ
ਦਇਆਵਾਨ 'ਚ ਵੀ ਹੈ
ਮਫ਼ਾਦ ਛੁਪਿਆ ਹੋਇਆ।
***-ਦਰਸ਼ਨ ਪਾਲ ਦੋਸਾਂਝ***

***To Advertise with Punjab Times Call: 847-359-0746***

***ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: ਫੋਨ: 847-359-0746***

# ਗਾਜ਼ਾ ਪੱਟੀ ਵਿਚ ਖ਼ਬਰਾਂ ਨਸ਼ਰ ਕਰਦੇ ਖ਼ਬਰ ਬਣ ਰਹੇ ਪੱਤਰਕਾਰ

## ਅਲ ਜਜ਼ੀਰਾ ਦਾ ਕੈਮਰਾਮੈਨ ਗਾਜ਼ਾ ਵਿਚ ਮਾਰਿਆ ਗਿਆ



**ਡਾ. ਗੁਰਨਾਮ ਕੌਰ, ਕੈਨੇਡਾ**

ਲਵਡੇ ਮੋਰਿਸ ਅਤੇ ਕੇਟ ਬਰਾਊਨ ਰਾਹੀਂ: ਅਲ ਜਜ਼ੀਰਾ ਬਿਊਰੋ ਦੇ ਗਾਜ਼ਾ ਵਿਚ ਚੀਫ਼ ਵਾਇਲ ਅਲ-ਦਾਦੂਹ ਦੇ ਬੰਬ ਦੀਆ ਸ਼ਿਲਤਰਾਂ ਨਾਲ ਹੋਏ ਜ਼ਖ਼ਮਾਂ ਦਾ ਇਲਾਜ ਹੋ ਰਿਹਾ ਹੈ ਜੋ ਕਿ ਸ਼ੁਕਰਵਾਰ ਨੂੰ ਇਜ਼ਰਾਈਲ ਦੇ ਕੀਤੇ ਡਰੋਨ ਹਮਲੇ ਵਿਚ ਜ਼ਖ਼ਮੀ ਹੋ ਗਿਆ ਸੀ। ਇਲਾਜ ਦੌਰਾਨ ਉਸ ਨੇ ਡਾਕਟਰਾਂ ਨੂੰ ਹਮਲੇ ਵਿਚ ਫਸ ਗਏ ਉਸ ਦੇ ਸਾਥੀ ਨੂੰ ਲਿਆਉਣ ਲਈ ਕਿਹਾ।

ਡਾਕਟਰ ਉਸ ਦਾ ਖ਼ਾਨ ਯੂਨਿਸ ਦੇ ਨਾਸਿਰ ਹਸਪਤਾਲ ਵਿਚ ਮੁਆਇਨਾ ਕਰ ਰਹੇ ਸੀ ਜਦੋਂ ਉਸ ਨੇ ਪੀੜ ਨਾਲ ਕਸੀਸ ਵੱਟਦਿਆਂ ਕਿਹਾ "ਸਮੇਰ ਉਸ ਥਾਂ 'ਤੇ ਮੇਰੇ ਨਾਲ ਸੀ"। ਵਾਇਲ ਅਲ-ਦਾਦੂਹ ਦੀ ਸੱਜੀ ਬਾਂਹ 'ਤੇ ਪੱਟੀ ਕੀਤੀ ਹੋਈ ਸੀ, ਉਸ ਦਾ ਖੱਬਾ ਹੱਥ ਖ਼ੂਨ ਨਾਲ ਲਥਪਥ ਸੀ। "ਸਮੇਰ ਚਿੱਲਾ ਰਿਹਾ ਸੀ," ਉਸ ਨੇ ਕਿਹਾ। "ਰੈੱਡਕਰਾਸ ਨਾਲ ਰਾਬਤਾ ਕਰੋ ਅਤੇ ਉਸ ਨੂੰ ਕੋਈ ਲੈ ਕੇ ਆਵੇ!"

ਕੈਮਰਾਮੈਨ ਸਮੇਰ ਅੱਬੂ ਡਾਕਾ ਸ਼ੁਕਰਵਾਰ ਨੂੰ ਵਾਇਲ ਅਲ-ਦਾਦੂਹ ਦੇ ਨਾਲ ਸੀ ਜਦੋਂ ਦੋਵੇਂ ਇਕੱਠੇ ਖ਼ਾਨ ਯੂਨਿਸ ਦੇ ਫ਼ਰਹਾਨਾ ਸਕੂਲ 'ਤੇ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਬੰਬਾਰੀ ਨੂੰ ਕਵਰ ਕਰਨ ਲਈ ਜਾ ਰਹੇ ਸਨ; ਇਸ ਸਕੂਲ ਵਿਚ ਘਰੋਂ-ਬੇਘਰ ਕੀਤੇ ਗਏ ਫ਼ਲਸਤੀਨੀਆਂ ਨੂੰ ਰੱਖਿਆ ਹੋਇਆ ਸੀ। ਅਲ ਜਜ਼ੀਰਾ ਅਨੁਸਾਰ ਪ੍ਰੰਤੂ ਜਦੋਂ ਉਹ ਉਥੇ ਪਹੁੰਚੇ ਤਾਂ ਇਕ ਡਰੋਨ ਹਮਲੇ ਨੇ ਉਨ੍ਹਾਂ ਨੂੰ ਹਿੱਟ ਕੀਤਾ। ਜਦੋਂ ਬੰਬਾਰੀ ਹੋ ਰਹੀ ਸੀ ਦਾਦੂਹ ਉਸ ਥਾਂ ਨੂੰ ਛੱਡਣ ਵਿਚ ਸਫ਼ਲ ਹੋ ਗਿਆ, ਪ੍ਰੰਤੂ ਸਮੇਰ ਅੱਬੂ ਡਾਕਾ ਉਥੋਂ ਨਿਕਲਣ ਵਿਚ ਸਫ਼ਲ ਨਹੀਂ ਹੋ ਸਕਿਆ ਅਤੇ ਰੀਂਘ ਕੇ ਸੁਰੱਖਿਅਤ ਥਾਂ 'ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਸੀ।

ਐਂਬੂਲੈਂਸਾਂ ਨੇ ਉਸ ਖੇਤਰ ਵਿਚ ਪਹੁੰਚਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਰਸਤਾ ਮਲਬੇ ਦੇ ਢੇਰਾਂ ਨੇ ਰੋਕਿਆ ਹੋਇਆ ਸੀ, ਅਤੇ ਬੰਬਾਰੀ ਕਾਰਨ ਪੈਰਾਮੈਡਿਕ ਸਟਾਫ਼ ਉਥੇ ਪਹੁੰਚ ਨਹੀਂ ਸਕਿਆ। ਨੈੱਟਵਰਕ ਤੋਂ ਇਹ ਖ਼ਬਰ ਵੀ ਮਿਲੀ ਕਿ ਤਿੰਨ ਸਿਵਲ ਡਿਫੈਂਸ ਕਾਮੇ ਮਾਰੇ ਗਏ ਜਦੋਂ ਉਹ ਪੰਜ ਘੰਟਿਆਂ ਤੱਕ ਸਮੇਰ ਅੱਬੂ ਡਾਕਾ ਕੋਲ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸੀ।

ਅੰਗਰੇਜ਼ੀ ਅਲ ਜਜ਼ੀਰਾ ਨੇ ਸ਼ੁਕਰਵਾਰ ਨੂੰ ਇੱਕ ਅੰਦਰੂਨੀ ਨੋਟ ਵਿਚ ਕਿਹਾ ਕਿ "ਸਮੇਰ ਦਾ ਕਈ ਘੰਟਿਆਂ ਤੱਕ ਖ਼ੂਨ ਵਗਦਾ ਰਿਹਾ, ਜਦੋਂ ਸਿਵਲ ਡਿਫੈਂਸ ਕਾਮਿਆਂ ਨੇ ਉਸ ਨੂੰ ਮਰਿਆ ਪਿਆ ਪਾਇਆ।" 45 ਸਾਲਾ ਸਮੇਰ ਅੱਬੂ ਡਾਕਾ, ਉਸੇ ਖ਼ਾਨ ਯੂਨਿਸ ਦਾ ਰਹਿਣ ਵਾਲਾ ਸੀ ਅਤੇ ਚਾਰ ਬੱਚਿਆਂ ਦਾ ਬਾਪ ਸੀ, ਜਿਸ ਸ਼ਹਿਰ ਨੂੰ ਕਵਰ ਕਰਦਿਆਂ ਉਹ ਮਾਰਿਆ ਗਿਆ।

ਜੰਗ ਨੇ ਗਾਜ਼ਾ ਦੇ ਪੱਤਰਕਾਰਾਂ ਦਾ ਵੱਡਾ ਹਿੱਸਾ ਖਾ ਲਿਆ ਹੈ, ਰਿਪੋਰਟਰਜ਼ ਵਿਦਾਊਟ ਬਾਰਡਰ ਅਨੁਸਾਰ ਅਕਤੂਬਰ ਵਿਚ ਇਜ਼ਰਾਈਲ ਦੇ ਹਮਾਸ ਉਤੇ ਹਮਲੇ ਤੋਂ ਬਾਅਦ 56 ਪੱਤਰਕਾਰ ਮਾਰੇ ਜਾ ਚੁੱਕੇ ਹਨ। ਉਨ੍ਹਾਂ ਵਿਚੋਂ ਤਕਰੀਬਨ 13 ਕੰਮ ਕਰਦੇ ਮਾਰੇ ਗਏ ਜਦ ਕਿ ਬਾਕੀ ਦੇ ਆਪਣੇ ਘਰਾਂ ਵਿਚ ਜਾਂ ਆਪਣੀ ਆਮ ਜ਼ਿੰਦਗੀ ਜਿਊਂਦਿਆ ਮਾਰੇ ਗਏ।

ਅਲ ਜਜ਼ੀਰਾ ਨੇ ਕਿਹਾ ਹੈ ਕਿ ਉਹ "ਇਜ਼ਰਾਈਲ ਨੂੰ ਇਸ ਲਈ ਜ਼ਿੰਮੇਵਾਰ ਮੰਨਦਾ ਹੈ ਜੋ ਯੋਜਨਾਵੱਧ ਤਰੀਕੇ ਨਾਲ ਅਲ ਜਜ਼ੀਰਾ ਦੇ ਪੱਤਰਕਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾ ਰਿਹਾ ਅਤੇ ਮਾਰ ਰਿਹਾ ਹੈ" ਅਤੇ ਉਸ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਜ਼ੋਰ ਪਾ ਕੇ ਕਿਹਾ ਹੈ ਕਿ ਇਸ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ।

ਸਮੇਰ ਅਬੂ ਡਾਕਾ ਅਲ ਜਜ਼ੀਰਾ ਦਾ ਪਹਿਲਾ ਪੱਤਰਕਾਰ ਹੈ ਜੋ ਜੰਗ ਵਿਚ ਮਾਰਿਆ ਗਿਆ। ਅਕਤੂਬਰ ਵਿਚ, ਦਾਦੂਹ ਆਪਣੇ ਦੂਰ ਨੇੜੇ ਦੇ 14 ਪਰਿਵਾਰਕ ਮੈਂਬਰ ਇਜ਼ਰਈਲ ਦੇ ਉਸ ਘਰ 'ਤੇ ਹੋਏ ਹਮਲੇ ਵਿਚ ਗੁਆ ਚੁੱਕਿਆ ਸੀ ਜਿਸ ਵਿਚ ਉਨ੍ਹਾਂ ਨੇ ਸ਼ਰਨ ਲਈ ਹੋਈ ਸੀ। ਇਸ ਹਮਲੇ ਵਿਚ ਮਾਰੇ ਗਏ ਪਰਿਵਾਰਕ ਮੈਂਬਰਾਂ ਵਿਚ ਉਸ ਦੀ ਪਤਨੀ ਆਮਨਾ, ਉਸ ਦਾ 15 ਸਾਲ ਦਾ ਪੁੱਤਰ ਮਹਿਮੂਦ ਅਤੇ ਉਸ ਦੀ ਸੱਤ ਸਾਲਾ ਧੀ ਸ਼ਾਮ ਵੀ ਸ਼ਾਮਲ ਸਨ। ਉਸ ਦਾ ਡੇਢ ਸਾਲ ਦਾ ਪੋਤਰਾ ਵੀ ਮਾਰਿਆ ਗਿਆ ਸੀ। ਜਦੋਂ ਉਹ ਖ਼ਬਰਾਂ ਨਸ਼ਰ ਕਰ ਰਿਹਾ ਸੀ ਉਦੋਂ ਉਸ ਨੂੰ ਆਪਣੇ ਪਰਿਵਾਰਕ ਮੈਂਬਰਾਂ ਦੇ ਮਾਰੇ ਜਾਣ ਦੀ ਇਸ ਖ਼ਬਰ ਦਾ ਪਤਾ ਲੱਗਿਆ।

ਵੈਸਟ ਬੈਂਕ ਵਿਚ ਸਥਾਪਤ ਪੈਲਿਸਟੈਨੀਅਨ ਜਰਨਲਿਸਟ ਸਿੰਡੀਕੇਟ ਦੀ ਇਸਤਰੀ ਪ੍ਰਵਕਤਾ ਸ਼ੁਹੁਕ ਅਸ'ਆਦ ਅਨੁਸਾਰ "ਇਹ ਪੱਤਰਕਾਰੀ ਅਤੇ ਜ਼ਮੀਨ 'ਤੇ ਕੰਮ ਕਰ ਰਹੇ ਪੱਤਰਕਾਰਾਂ ਦਾ ਕਤਲੇਆਮ ਹੈ।" ਸ਼ੁਹੁਕ ਅਸ'ਆਦ ਅਨੁਸਾਰ "ਇਹ ਸਾਰੇ ਸਥਾਨਕ ਹਨ। ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਆਲੇ-ਦੁਆਲੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ; ਉਨ੍ਹਾਂ ਦੇ ਪਿਆਰੇ, ਉਨ੍ਹਾਂ ਦੇ ਗੁਆਂਢੀ, ਉਨ੍ਹਾਂ ਦੇ ਸ਼ਹਿਰ, ਉਨ੍ਹਾਂ ਦੇ ਦੋਸਤ, ਉਨ੍ਹਾਂ ਦੇ ਦਫ਼ਤਰ ਅਤੇ ਉਹ ਬਤੌਰ ਪੱਤਰਕਾਰ, ਕੈਮਰੇ ਵਾਲਿਆਂ ਅਤੇ ਸੰਪਾਦਾਤਾ ਦੇ ਆਪਣਾ ਕੰਮ ਕਰਨ ਜਾਂਦੇ ਹਨ।"




ਉਸ ਨੇ ਕਿਹਾ ਕਿ ਅਲ ਜਜ਼ੀਰਾ ਦੀ ਟੀਮ ਜਦੋਂ ਉਸ ਸਕੂਲ ਨੂੰ ਕਵਰ ਕਰਨ ਗਈ ਜਿਸ 'ਤੇ ਬੰਬਾਰੀ ਕੀਤੀ ਗਈ ਸੀ ਤਾਂ ਪੱਤਰਕਾਰਾਂ 'ਤੇ ਸਪੱਸ਼ਟ ਰੂਪ ਵਿਚ "ਪ੍ਰੈੱਸ" ਨਿਸ਼ਾਨਤ ਕੀਤਾ ਹੋਇਆ ਸੀ, ਉਨ੍ਹਾਂ ਦੀ ਕਾਰ ਨੂੰ ਨਿਸ਼ਾਨਤ ਕੀਤਾ ਹੋਇਆ ਸੀ ਅਤੇ ਸੁਰੱਖਿਆ ਸਮੱਗਰੀ ਪਹਿਨੀ ਹੋਈ ਸੀ; ਅਤੇ ਇਜ਼ਰਾਈਲ ਯੁੱਧ ਅਪਰਾਧਾਂ ਦਾ ਦੋਸ਼ੀ ਹੈ। ਇਜ਼ਰਾਈਲ ਦੀ ਫ਼ੌਜ ਨੇ ਇਸ 'ਤੇ ਟਿੱਪਣੀ ਕਰਨ ਦੀ ਬੇਨਤੀ ਦਾ ਕੋਈ ਉੱਤਰ ਨਹੀਂ ਦਿੱਤਾ।

ਜੇਰੂਸਲਮ ਵਿਚ 'ਫੌਰਨ ਪ੍ਰੈੱਸ ਐਸੋਸੀਏਸ਼ਨ' ਨੇ ਉਸ ਨੂੰ "ਵੈਟਰਨ ਕੈਮਰਾਮੈਨ" ਦੱਸਦਿਆਂ ਕਿਹਾ ਹੈ ਕਿ ਸਮੇਰ ਅਬੂ ਡਾਕਾ ਜੰਗ ਵਿਚ ਮਾਰਿਆ ਜਾਣ ਵਾਲਾ ਪਹਿਲਾ ਮੈਂਬਰ ਸੀ। "ਇਸ ਨੂੰ ਅਸੀਂ ਗਾਜ਼ਾ ਵਿਚ ਪਹਿਲਾਂ ਹੀ ਪ੍ਰੈੱਸ ਦੀ ਸੀਮਤ ਆਜ਼ਾਦੀ ਲਈ ਗੰਭੀਰ ਝਟਕਾ ਮੰਨਦੇ ਹਾਂ ਅਤੇ ਫ਼ੌਜ ਕੋਲੋਂ ਤੁਰੰਤ ਜਾਂਚ ਅਤੇ ਸਪੱਸ਼ਟੀਕਰਨ ਦੀ ਮੰਗ ਕਰਦੇ ਹਾਂ" ਉਸ ਨੇ ਕਿਹਾ। "ਪੀ ਐਫ ਏ ਨੇ ਵਾਰ ਵਾਰ ਇਜ਼ਰਾਈਲ ਫ਼ੌਜ ਨੂੰ ਅਪੀਲ ਕੀਤੀ, ਜਿਸ ਨੇ ਕਿਹਾ ਕਿ ਉਸ ਨੇ ਸਮੇਰ ਤੱਕ ਪਹੁੰਚਣ ਲਈ ਸੜਕ ਸਾਫ ਕਰਨ ਵਾਸਤੇ ਬੁਲਡੋਜ਼ਰ ਨੂੰ ਮਨਜ਼ੂਰੀ ਦਿੱਤੀ, ਪ੍ਰੰਤੂ ਜਾਪਦਾ ਹੈ ਕਿ ਪਹਿਲੇ ਪ੍ਰਤੀਕਿਰਿਆ ਦਾਤਿਆਂ ਤੱਕ ਪਹੁੰਚਣ ਲਈ ਘੰਟੇ ਲੱਗ ਗਏ।"

ਲੌਏ ਅਯੂਬ, ਇੱਕ ਫੋਟੋਗਰਾਫਰ ਜੋ ਵਾਸ਼ਿੰਗਟਨ ਪੋਸਟ ਨਾਲ ਕੰਮ ਕਰਦਾ ਹੈ, ਨੇ ਕਿਹਾ ਕਿ ਜੰਗ ਵੇਲੇ ਜਦੋਂ ਉਨ੍ਹਾਂ ਨੇ ਨਾਸਰ ਹਸਪਤਾਲ ਵਿਚ ਇਕੱਠਿਆਂ ਸਮਾਂ ਗੁਜ਼ਾਰਿਆ, ਜਿੱਥੇ ਜ਼ਖ਼ਮੀ ਅਤੇ ਮੁਰਦੇ ਬੇਅੰਤ ਲਿਆਏ ਜਾ ਰਹੇ ਸਨ, ਤਦ ਉਹ ਅਬੂ ਡਾਕਾ ਦਾ ਬਹੁਤ ਨਜ਼ਦੀਕੀ ਹੋ ਗਿਆ ਸੀ। ਉਸ ਨੇ ਕਿਹਾ ਕਿ ਇਸ ਸਭ ਦੇ ਬਾਵਜੂਦ ਵੀ, ਅਬੂ ਡਾਕਾ ਹਮੇਸ਼ਾ ਮੁਸਕਰਾਉਣ ਦਾ ਪ੍ਰਬੰਧ ਕਰ ਲੈਂਦਾ ਸੀ। "ਸਾਰੇ ਉਸ ਨੂੰ ਬਹੁਤ ਪਿਆਰ ਕਰਦੇ ਸਨ। ਕੰਮ ਦੇ ਹਰ ਦਿਨ ਦੇ ਅੰਤ 'ਤੇ, ਅਸੀਂ ਸਵੇਰ ਹੋਣ ਤੱਕ ਬੈਠੇ ਰਹਿੰਦੇ ਅਤੇ ਗੱਲਾਂ ਕਰਦੇ।" ਅਯੂਬ ਨੇ ਦੱਸਿਆ ਕਿ ਅਬੂ ਡਾਕਾ ਨੇ ਆਪਣੇ ਪਰਿਵਾਰ ਨੂੰ ਗਾਜ਼ਾ ਤੋਂ ਬਾਹਰ ਲੈ ਜਾਣ ਦਾ ਪ੍ਰਬੰਧ ਕਰ ਲਿਆ ਸੀ। ਅਯੂਬ ਦਾ ਕਹਿਣਾ ਹੈ ਕਿ "ਉਹ ਮੈਨੂੰ ਹਮੇਸ਼ਾ ਦੱਸਦਾ ਸੀ, "ਗਾਜ਼ਾ ਤੋਂ ਬਾਹਰ ਸੁਰਖਿਅਤ ਥਾਂ ਹੈ"।

ਇਸ ਹਫਤੇ ਇੱਕ ਇੰਟਰਵਿਊ ਵਿਚ ਦਾਦੂਹ ਨੇ, ਜੋ ਨਿਜੀ ਦੁਖਾਂਤ ਦੇ ਬਾਵਜੂਦ ਜੰਗ ਦੀ ਆਪਣੀ ਅਣਥੱਕ ਕਵਰੇਜ ਲਈ ਜਾਣਿਆ ਜਾਂਦਾ ਹੈ, ਰਿਪੋਰਟਰ ਦੇ ਤੌਰ 'ਤੇ ਆਪਣੀਆਂ ਮੁਸ਼ਕਿਲ ਘੜੀਆਂ ਨੂੰ ਦੁਹਰਾਉਂਦਿਆਂ ਪੈਲਿਸਟਾਈਨ ਇੰਸਟੀਚਿਊਟ ਫਾਰ ਪਬਲਕਿ ਡਿਪਲੋਮੈਸੀ ਨੂੰ ਦੱਸਿਆ ਕਿ "ਜਦੋਂ ਕੋਈ ਪੱਤਰਕਾਰ ਖ਼ਬਰ ਦੀ ਰਿਪੋਰਟਿੰਗ ਕਰਨ ਦੀ ਥਾਂ ਖੁਦ ਖ਼ਬਰ ਬਣ ਜਾਂਦਾ ਹੈ।" ਉਸ ਨੇ ਪ੍ਰੈਸ ਦੀ ਆਪਣੀ ਨੀਲੀ ਫਲੈਕ ਜੈਕਟ ਵਿਚ ਲਿਪਟੇ ਹੋਏ ਨੇ ਆਪਣੇ ਪਰਿਵਾਰਕ ਮੈਂਬਰਾਂ ਦੀ ਭਿਆਨਕ ਮੌਤ ਬਾਰੇ ਦੱਸਿਆ ਕਿ ਕਿਵੇਂ ਕੋਈ ਪੱਤਰਕਾਰ ਅਤੇ ਇਸ ਦੀ ਤਸਵੀਰ ਲੈ ਕੇ ਨਸ਼ਰ ਕਰਨ ਦੀ ਥਾਂ, ਉਹ ਆਪ ਤਸਵੀਰ ਬਣ ਜਾਂਦਾ ਹੈ।"

ਆਪਣੇ ਇੰਸਟਾਗਰਾਮ 'ਤੇ ਆਪਣੀ ਇੰਟਰਵਿਊ ਪੋਸਟ ਕਰਨ ਦੇ 24 ਘੰਟਿਆ ਤੋਂ ਵੀ ਘੱਟ ਸਮੇਂ ਵਿਚ ਦਾਦੂਹ ਆਪ ਇੱਕ ਕਹਾਣੀ ਦਾ ਹਿੱਸਾ ਬਣ ਗਿਆ ਅਤੇ ਉਸ ਦੀ ਉਹੀ ਪ੍ਰੈੱਸ ਜੈਕਟ ਲਹੂ ਨਾਲ ਲੱਥ-ਪੱਥ ਸੀ।

(ਨੋਟ: ਇੱਕ ਖ਼ਬਰ ਅਨੁਸਾਰ ਇਜ਼ਰਾਈਲ ਦੇ ਫ਼ਲਸਤੀਨ ਉਤੇ 7 ਅਕਤੂਬਰ ਦੇ ਹਮਲੇ ਤੋਂ ਲੈ ਕੇ ਹੁਣ ਤੱਕ ਤਕਰੀਬਨ 64 ਪੱਤਰਕਾਰ ਅਤੇ ਮੀਡੀਆ ਕਰਮੀ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿਚ 57 ਫਲਸਤੀਨੀ, 4 ਇਜ਼ਰਾਈਲੀ, 3 ਲੈਬਨਾਨੀ ਅਤੇ 13 ਪੱਤਰਕਾਰ ਜ਼ਖ਼ਮੀ ਹਨ, 3 ਲਾਪਤਾ ਹਨ ਅਤੇ ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ ਅਨੁਸਾਰ ਹੁਣ ਤੱਕ 68 ਪੱਤਰਕਾਰ ਮਾਰੇ ਜਾ ਚੁੱਕੇ ਹਨ। )

ਅਸੀਂ ਹਰ ਰੋਜ਼ ਇਜ਼ਰਾਈਲ ਦੀ ਫ਼ਲਸਤੀਨੀਆਂ ਉਤੇ ਗਾਜ਼ਾ ਵਿਚ ਛੇੜੀ ਜੰਗ ਦੀਆਂ ਖ਼ਬਰਾਂ ਪੜ੍ਹਦੇ ਹਾਂ ਜੋ ਖ਼ਤਮ ਹੋਣ ਦਾ ਨਾਮ ਨਹੀਂ ਲੈ ਰਹੀ। ਉਪਰਲੇ ਬਿਰਤਾਂਤ ਤੋਂ ਪਤਾ ਲੱਗਦਾ ਹੈ ਕਿ ਇਜ਼ਰਾਇਲੀ ਫ਼ੌਜ ਜਿੱਥੇ ਆਮ ਸ਼ਹਿਰੀਆਂ (ਜਿਨ੍ਹਾਂ ਵਿਚ ਨੌਜੁਆਨ, ਬਜ਼ੁਰਗ, ਬੱਚੇ ਅਤੇ ਇਸਤ੍ਰੀਆਂ ਸ਼ਾਮਲ ਹਨ), ਸਕੂਲਾਂ, ਹਸਪਤਾਲਾਂ ਅਤੇ ਪਨਾਹ ਲੈਣ ਵਾਲੀਆਂ ਥਾਵਾਂ ਨੂੰ ਖਾਸ ਨਿਸ਼ਾਨਾ ਬਣਾ ਰਹੀ ਹੈ, ਉਥੇ ਹੀ ਪੱਤਰਕਾਰੀ ਨਾਲ ਜੁੜਿਆ ਅਮਲਾ ਵੀ ਉਨ੍ਹਾਂ ਦੇ ਖਾਸ ਨਿਸ਼ਾਨੇ 'ਤੇ ਹੈ ਤਾਂ ਕਿ ਇਸ ਅਸਾਵੀਂ ਜੰਗ ਅਤੇ ਜ਼ੁਲਮ ਦੀਆਂ ਖ਼ਬਰਾਂ ਬਾਕੀ ਦੁਨੀਆ ਤੱਕ ਨਾ ਪਹੁੰਚ ਸਕਣ। ਇਹ ਜੰਗ ਮਹਿਜ਼ ਹਮਾਸ ਦੇ ਖ਼ਿਲਾਫ਼ ਨਹੀਂ, ਇਹ ਆਮ ਮਨੁੱਖਤਾ ਦੇ ਖ਼ਿਲਾਫ਼ ਹੈ; ਹਮਾਸ ਤਾਂ ਇਜ਼ਰਾਈਲ ਵੱਲੋਂ ਫ਼ਲਸਤੀਨੀਆਂ ਨੂੰ ਖ਼ਤਮ ਕਰ ਕੇ ਫ਼ਲਸਤੀਨ 'ਤੇ ਕਬਜ਼ਾ ਕਰਨ ਲਈ ਮਹਿਜ਼ ਇਕ ਬਹਾਨਾ ਹੈ; ਕਿਉਂਕਿ ਆਮ ਦਿਨਾਂ ਵਿਚ ਵੀ ਬਿਨਾਂ ਕਿਸੇ ਉਕਸਾਹਟ ਦੇ ਇਜ਼ਰਾਇਲੀ ਫ਼ੌਜ ਨਿਹੱਥੇ ਫ਼ਲਸਤੀਨੀਆਂ ਉਤੇ ਗੋਲੀਆਂ ਚਲਾਉਂਦੀ ਰਹਿੰਦੀ ਹੈ।

# ਪੂਛਤੇ ਹੈਂ ਵੋਹ ਕਿ 'ਉਲਫਤ' ਕੌਨ ਥਾ...

ਮਿਲਖਾ ਸਿੰਘ ਬਾਜਵਾ, ਉਰਫ਼ 'ਉਲਫ਼ਤ ਬਾਜਵਾ' ਸਾਡੇ ਸਮਿਆਂ 'ਚ ਉਨ੍ਹਾਂ 'ਚੋਂ ਸੀ ਜਿਨ੍ਹਾਂ ਦੇ ਸਿਰ 'ਤੇ ਗ਼ੈਰਤ ਨੇ ਹੱਥ ਰੱਖਿਆ ਹੁੰਦਾ ਹੈ। ਜਿਨ੍ਹਾਂ ਲਈ ਤਖ਼ਤ, ਤਾਜ਼ ਅਤੇ ਤਾਜ਼ਪੋਸ਼ਾਂ ਹੱਥੋਂ ਮਿਲਦੇ ਇਨਾਮ, ਸਨਮਾਨ ਬੇਮਾਅਨੇ ਹੁੰਦੇ ਹਨ।

ਉਨ੍ਹਾਂ ਨੇ ਤਖਤ ਠੁਕਰਾਏ ਉਨ੍ਹਾਂ ਨੇ ਤਾਜ਼ ਠੁਕਰਾਏ

ਜਿਨ੍ਹਾਂ ਲਾਲਾਂ ਦੇ ਸਿਰ ਤੇ ਹੱਥ ਅਪਣਾ ਧਰ ਗਈ ਗੈਰਤ॥

ਅਜਿਹੇ ਬੰਦਿਆਂ ਦੀ ਡਿਕਸ਼ਨਰੀ 'ਚ ਚਮਚਾਗਿਰੀ ਦਾ ਅਰਥ 'ਖੁਦਕੁਸ਼ੀ' ਹੁੰਦਾ ਹੈ। ਤਦ ਹੀ 'ਉਲ਼ਫਤ' ਮਰਨੇ ਵੇਲੇ ਤੀਕ ਜੀਂਦਾ ਜਾਗਦਾ ਸੀ।

ਉਲ਼ਫ਼ਤ ਬਾਜਵਾ ਸੰਤਾਲੀ ਦੇ ਉਜਾੜੇ ਵੇਲੇ ਨੌਂ ਕੁ ਸਾਲਾਂ ਦਾ ਸੀ। ਉਸਦਾ ਪਿੰਡ ਕੁਰਾਰਾ ਬੇਲਾ ਸਿੰਘ ਰਿਆਸਤ ਬਹਾਵਲ ਪੁਰ 'ਚ ਪੈਂਦਾ ਸੀ।

ਤੁਰੇ ਸਨ ਕਾਫ਼ਲੇ ਘਰ ਛੋਡ ਸਨਤਾਲੀ 'ਚ ਲੋਕਾਂ ਦੇ

ਚਲੋ ਚਲ ਯਾਦ ਆਉਂਦੀ ਹੈ ਬਹਾਵਲਪੁਰ ਦੇ ਟਿੱਬਿਆਂ ਦੀ॥

ਉਲ਼ਫ਼ਤ ਬਾਜਵੇ ਦਾ ਸਰੀਰ ਇਕਹਿਰਾ, ਚੁਸਤ ਅਤੇ ਤਿੱਖੀ ਦਿਖ ਵਾਲਾ ਸੀ। ਸਵਾ ਪੰਜ ਫੁੱਟਾ। ਦੋਧਾਰੀ। 'ਹੁਨਾਲੇ ਸੜਦੇ ਅਤੇ ਸਿਆਲੇ ਠਰਦੇ' ਮਿਹਨਤਕਸ਼ਾਂ ਦੀ ਉਮਰ ਲੰਮੀ ਸੰਗਤ 'ਚ ਉਹ 'ਸਾਫ਼' ਤੋਂ 'ਪੱਕੇ ਰੰਗ' ਵਾਲਾ ਹੋ ਗਿਆ ਸੀ। ਲੰਮੇ ਪਿੰਡ ਦਾ ਘਰ-ਬਾਰ ਅਤੇ ਸਹੁਰੇ ਪਰਿਵਾਰ ਦੇ ਅਮੀਰ ਰਿਸ਼ਤੇਦਾਰ ਛੱਡ ਕੇ ਉਹ ਜਲੰਧਰ ਅਤੇ ਆਸਪਾਸ ਦੇ ਕੱਚੇ ਕੋਠਿਆਂ ਅਤੇ ਛੰਨਾਂ ਢਾਰਿਆਂ ਵਾਲਿਆਂ ਨਾਲ ਆ ਰਲਿਆ ਸੀ। ਉਹ ਸੱਚੀਂ ਮੁੱਚੀਂ ਦਾ 'ਮਿਲਖਾ' ਹੋ ਗਿਆ ਸੀ।


ਸਾਨੂੰ ਰਾਸ ਨਾ ਆਇਆ ਪਿਆਰ ਅਮੀਰਾਂ ਦਾ

ਮਹਿਲਾਂ ਵਿਚ ਸੀ ਦਿਲ ਉਪਰਾਮ ਫ਼ਕੀਰਾਂ ਦਾ॥

ਬਾਬੇ ਨਾਨਕ ਨੂੰ ਉਹ ਆਪਣਾ ਰਾਹਨੁਮਾ ਮੰਨਦਾ ਸੀ। ਜੀਂਦੇ ਜੀਅ ਆਪਣੀ ਇੱਕੋ ਇੱਕ ਪੁਸਤਕ "ਸਾਰਾ ਜਹਾਨ ਮੇਰਾ" ਦਾ ਸਮਰਪਣ ਉਹਨੇ ਇਉਂ ਕੀਤਾ ਹੈ: "ਅਜ਼ੀਮ ਸ਼ਾਇਰ ਬਾਬੇ ਨਾਨਕ ਜੀ ਨੂੰ ਸਮਰਪਿਤ"। ਉਹ ਕਹਿੰਦਾ ਹੁੰਦਾ ਸੀ ਕਿ, "ਬਾਬੇ ਨੇ ਤਾਂ ਕਿਹਾ ਹੀ ਸੀ 'ਨੀਚਾਂ ਅੰਦਰ ਨੀਚ ਜਾਤ ...ਅਤੇ 'ਜਿੱਥੇ ਨੀਚ ਸਮਾਲੀਅਨ..' ਮੈਂ ਉਨ੍ਹਾਂ ਨਾਲ ਰਹਿਣ ਲਈ ਆ ਗਿਆਂ।"

ਉਹ ਕੱਚੇ ਕੋਠੇ 'ਚ ਕਿਰਾਏ 'ਤੇ ਰਹਿੰਦਾ ਸੀ ਤੇ ਪੱਕੇ ਸ਼ਿਅਰ ਲਿਖਦਾ ਸੀ। ਉਸਦੇ ਮਰਨ ਉਪਰੰਤ ਜਦੋਂ ਉਸਦਾ ਲੱਕੜ ਦਾ ਸੰਦੂਕ ਫੋਲਿਆ ਗਿਆ ਤਾਂ ਉਸ 'ਚ ਉਸ ਦੀਆਂ ਹੱਥ ਲਿਖਤਾਂ ਸਨ, ਪੁਸਤਕਾਂ ਸਨ ਜਾਂ ਉਸਦੇ ਚਾਹੁਣ ਵਾਲਿਆਂ ਦੇ ਖਤ ਪੱਤਰ।

ਉਸਦੀ ਲਿਖਾਈ ਬੜੀ ਸਾਫ਼ ਅਤੇ ਖੁਸ਼ਖਤ ਸੀ। ਹੂ-ਬ-ਹੂ ਉਸਦੇ ਦਿਲ ਵਰਗੀ। ਉਸਦੇ ਅੱਖਰਾਂ ਦੀ ਦਿੱਖ ਰਿੱਖ 'ਚ ਇੱਕ ਰੋਹ ਸੀ। ਐਮਰਜੈਂਸੀ ਦੇ ਦਿਨੀਂ ਕਦੇ ਉਸਨੇ ਹੀ ਇਸੇ ਰੋਹੀਲੀ ਲਿਖਾਈ ਨਾਲ, ਲੇਖਕਾਂ ਵਲੋਂ, ਸਰਕਾਰ ਵਿਰੁੱਧ ਮੈਮੋਰੰਡਮ ਲਿਖਿਆ ਸੀ। ਅਤੇ ਸ਼ਰ੍ਹੇਆਮ ਸਟੇਜ 'ਤੇ ਜਾ ਫੜਾਇਆ ਸੀ। ਖਾਸ ਕਰ ਓਦੋਂ




ਜਦ ਸਭ ਕਹਿੰਦੀਆਂ ਕਹਾਉਂਦੀਆਂ ਤੋਪਾਂ ਖਾਮੋਸ਼ ਸਨ, ਬੇਹੋਸ਼ ਜਾਂ ਰੂਪੋਸ਼।

ਉਲ਼ਫ਼ਤ ਬਾਜਵੇ ਦੀ ਹਰ ਗੱਲ, ਹਰ ਮਸਲੇ ਅਤੇ ਵਿਸ਼ੇ 'ਚ ਦਿੱਤੀ ਦਲੀਲ ਅਗਲੇ ਨੂੰ ਕਾਇਲ ਕਰ ਲੈਂਦੀ ਸੀ। ਆਪਣੀਆਂ ਗ਼ਜ਼ਲਾਂ 'ਚ ਪੇਸ਼ ਬਾਕਮਾਲ ਦਲੀਲਾਂ ਦੇ ਨਾਲ ਨਾਲ ਨਿੱਜੀ ਜੀਵਨ 'ਚ ਵੀ ਉਲ਼ਫ਼ਤ ਬਾਜਵਾ ਕਮਾਲ ਦੀਆਂ ਦਲੀਲਾਂ ਲਈ ਜਾਣਿਆ ਜਾਂਦਾ ਸੀ।

ਇਕ ਇੰਗਲੈਂਡੀਏ ਕਵੀ ਨੇ ਉਲ਼ਫ਼ਤ ਦੀ ਕਿਤਾਬ "ਸਾਰਾ ਜਹਾਨ ਮੇਰਾ" 'ਚੋਂ ਕੁਝ ਗ਼ਜ਼ਲਾਂ ਚੋਰੀ ਕਰ ਕੇ ਹੂ-ਬ-ਹੂ ਅਪਣੇ ਨਾਮ ਹੇਠ ਕਿਤਾਬ 'ਚ ਛਪਵਾ ਲਈਆਂ ਸਨ। ਬਾਜਵੇ ਨੂੰ ਕੁਝ ਕਵੀ ਦੋਸਤਾਂ ਸਲਾਹ ਦਿੱਤੀ, ਉਸ ਚੋਰ-ਕਵੀ 'ਤੇ ਦਾਅਵਾ ਠੋਕਣ ਦੀ। ਚੋਰ-ਕਵੀ ਇੰਗਲੈਂਡੀਆ ਹੋਣ ਕਾਰਨ ਪੈਸੇ ਵੀ ਮਿਲ ਜਾਣ ਦੀ ਆਸ ਦੱਸੀ ਦੋਸਤਾਂ ਨੇ।

ਉਲ਼ਫ਼ਤ ਨੇ ਕਿਹਾ: "ਪੈਸੇ ਨਹੀਂ ਚਾਹੀਦੇ। ਬਾਕੀ ਗੱਲ ਗ਼ਜ਼ਲਾਂ ਚੋਰੀ ਕਰਨ ਦੀ, ਜਦੋਂ ਕੋਈ ਚੋਰ ਆਉਂਦੈ ਘਰ 'ਚ ਚੋਰੀ ਕਰਨ ਘਰ 'ਚੋਂ ਰਜਾਈਆਂ, ਤਲਾਈਆਂ, ਲੋਗੜ ਤਾਂ ਨਹੀਂ ਲਿਜਾਂਦਾ 'ਸੋਨਾ' ਹੀ ਚੋਰੀ ਕਰਦਾ ਹੁੰਦਾ। ਬਾਕੀ ਵੀ ਤਾਂ ਹੈਗੀਆਂ ਐਨੀਆਂ ਕਿਤਾਬਾਂ ਗ਼ਜ਼ਲਾਂ ਦੀਆਂ, ਉਨ੍ਹਾਂ 'ਚੋਂ ਨਾ ਚੋਰੀ ਹੋ ਗਿਆ ਕੁਛ।" ਦੋਸਤ ਕਵੀ ਨਿਰੁੱਤਰ ਹੋ ਗਏ।

ਉਸਦੇ ਤੁਰ ਜਾਣ ਮਗਰੋਂ ਹਾਲੇ ਅਣਛਪੀਆਂ ਗ਼ਜ਼ਲਾਂ ਵਾਚਦਿਆਂ ਉਸਦਾ ਇਕ ਸ਼ਿਅਰ ਨਜ਼ਰੀਂ ਪਿਆ, ਜਿਸ 'ਚ ਉਸ ਨੇ ਆਪਣੀਆਂ "ਤਿੰਨ ਕਾਪੀਆਂ ਅਣਛਪੀਆਂ ਗਜ਼ਲਾਂ" ਦੀਆਂ ਚੋਰੀ ਹੋਣ ਦਾ ਵੀ ਜ਼ਿਕਰ ਕੀਤੈ।

*– ਉਂਕਾਰਪ੍ਰੀਤ*

## ਯਾਦ ਰੱਖਣਯੋਗ ਗੱਲਾਂ

*ਜੀਵਨ ਵਿਚ ਆਉਣ ਵਾਲਾ ਹਰ ਇਨਸਾਨ ਜ਼ਰੂਰੀ ਨਹੀਂ ਪਿਆਰ ਕਰਨ ਹੀ ਆਵੇ ਜਿਹੜਾ ਇਨਸਾਨ ਸਬਕ, ਅਕਲ ਅਤੇ ਜੀਵਨ ਜਾਚ ਦੱਸ ਜਾਵੇ ਉਹ ਵੀ ਮਾੜਾ ਨਹੀਂ ਹੁੰਦਾ।

* ਕਰੋਨਾ ਦਾ ਕਹਿਰ ਵਰਤਿਆਂ ਚਾਰ ਸਾਲ ਪੂਰੇ ਨਹੀਂ ਹੋਏ ਪਰ ਅਸੀਂ ਇੰਜ ਭੁੱਲ ਗਏ ਹਾਂ ਜਿਵੇਂ ਉਹ 2020 ਨਹੀਂ 1920 ਵਿਚ ਆਇਆ ਸੀ।

*ਸਮੇਂ ਨਾਲ ਹਰ ਗੱਲ ਦਾ ਜਵਾਬ ਬੰਨ੍ਹਿਆ ਹੋਇਆ ਹੈ। ਸਮਾਂ ਜਦੋਂ ਜੱਜ ਬਣ ਕੇ ਸਾਹਮਣੇ ਬੈਠਦਾ ਹੈ ਤਾਂ ਸਜ਼ਾ ਬਾਮੁਸ਼ੱਕਤ ਹੁੰਦੀ ਹੈ।

* ਰਾਹ ਵਿਚ ਕੀ ਕੀ ਔਕੜ ਆਈ ਸੀ ਮੰਜ਼ਿਲ 'ਤੇ ਪਹੁੰਚ ਕੇ ਦੱਸਿਆ ਜਾਵੇ ਤਾਂ ਲੋਕ ਮੰਨਦੇ ਹਨ ਪਹਿਲਾਂ ਕਹੋ ਤਾਂ ਕਹਿਣਗੇ ਬਹਾਨੇਬਾਜ਼ ਹੈ।

* ਰੌਲਾ ਸੁਣਨ ਦਾ ਸ਼ੌਕ ਹੋਵੇ ਤਾਂ ਝੂਠੇ ਦਾ ਸੁਣੋ ਚੁੱਪ ਵੇਖਣੀ ਹੋਵੇ ਤਾਂ ਸੱਚੇ ਕੋਲ ਬੈਠੋ ਉਸ ਦੀ ਚੁੱਪ ਵਰਗੀ ਚੁੱਪ ਨਹੀਂ ਹੁੰਦੀ।

* ਗਲਤੀ ਤਾਂ ਹਰ ਇਨਸਾਨ ਕੋਲੋਂ ਹੁੰਦੀ ਹੈ ਪਰ ਸਿਆਣਾ ਇਨਸਾਨ ਗਲਤੀ ਵਿਚੋਂ ਵੀ ਕੁਝ ਸਿੱਖ ਲੈਂਦਾ ਹੈ।

* ਕੋਈ ਵੀ ਮੁਸੀਬਤ ਆਵੇ ਉਸ ਦਾ ਟਾਕਰਾ ਕਰੋ ਕੁਝ ਮੁਸੀਬਤਾਂ ਅਜਿਹੀਆਂ ਵੀ ਹੁੰਦੀਆਂ ਨੇ ਜਿਨ੍ਹਾਂ ਸਾਹਮਣੇ ਮੌਤ ਵੀ ਨੀਵੀਂ ਪਾ ਲੈਂਦੀ ਹੈ ਪਰ ਧੰਨ ਹਨ ਉਹ ਲੋਕ ਜੋ ਉਨ੍ਹਾਂ ਮੁਸੀਬਤਾਂ ਦਾ ਵੀ ਮੁਕਾਬਲਾ ਕਰਦੇ ਹਨ।

* ਜੇ ਕੋਈ ਵਰਕਰ ਆਪਣੇ ਮਾਲਕ ਨੂੰ ਤਨਖਾਹ ਵਧਾਉਣ ਦਾ ਕਹੇ ਤਾਂ ਜਵਾਬ ਹੁੰਦਾ ਹੈ ਤੂੰ ਕਰਦਾ ਕੀ ਹੈਂ? ਜੇ ਉਹੀ ਵਰਕਰ ਛੁੱਟੀ ਮੰਗੇ ਤਾਂ ਜਵਾਬ ਮਿਲੇਗਾ ਹੋਰ ਬੰਦਾ ਨਹੀਂ ਕੰਮ ਕੌਣ ਕਰੇਗਾ?

*–ਹਰਦੀਪ ਸਿੰਘ ਸੋਢੀ ਨਡਾਲਾ*

# ਖਾਲਸਤਾਨ ਦਾ ਆਰੀਆ ਸਮਾਜੀ ਸੰਕਲਪ! ਤੇ 'ਰਾਜ ਕਰੇਗਾ ਖਾਲਸਾ' ਦਾ ਸੰਕਲਪ!



ਗੁਰਬਚਨ ਸਿੰਘ
ਫੋਨ: +91-98156-98451

ਹੁਣ ਜਦੋਂ ਕਿ ਗੁਰਮਤਿ ਦੀ ਸਿਖੀ ਨਹਿਰੂਕਿਆਂ ਤੇ ਮੋਦੀਕਿਆਂ ਦੀ ਜਕੜ ਵਿਚੋਂ ਬਾਹਰ ਨਿਕਲ ਗਈ ਹੈ ਤੇ ਸਗਲ ਸੰਸਾਰ ਵਿਚ ਫੈਲ ਗਈ ਹੈ, ਤਾਂ ਹੁਣ ਇੰਡੀਅਨ ਡੀਪ ਸਟੇਟ ਵਲੋਂ ਸਿਖਾਂ ਸਿਰ ਮੜ੍ਹੇ ਗਏ ਨੇਸ਼ਨ ਸਟੇਟ ਦੇ ਰੂਪ ਵਿਚ 'ਖਾਲਸਤਾਨ' ਦੇ ਸੰਕਲਪ ਤੇ 1699 ਈਸਵੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਮਾਤਮ ਦੀ ਮੌਜ ਨਾਲ ਅਕਾਲ ਪੁਰਖ ਦੀ ਫੌਜ ਵਜੋਂ ਪ੍ਰਗਟ ਹੋਏ 'ਖਾਲਸਾ ਪੰਥ' ਵਲੋਂ ਪ੍ਰਚਾਰੇ ਜਾਂਦੇ 'ਰਾਜ ਕਰੇਗਾ ਖਾਲਸਾ' ਦੇ ਸੰਕਲਪ ਬਾਰੇ ਖੁਲ੍ਹ ਕੇ ਚਰਚਾ ਹੋਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਜੇ ਕੋਈ ਇਹ ਚਰਚਾ ਕਰਨ ਦਾ ਯਤਨ ਕਰਦਾ ਸੀ ਤਾਂ ਸੋਚਿਆ ਜਾਂਦਾ ਸੀ ਕਿ 'ਖਾਲਸਤਾਨ' ਸ਼ਬਦ ਦੀ ਪੜਚੋਲ ਕਿਸੇ ਡਰ ਦੀ ਭਾਵਨਾ ਵਿਚੋਂ ਕੀਤੀ ਜਾ ਰਹੀ ਹੈ। ਖਾਲਸਤਾਨ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਕੀਤੀ ਸੀ ਤੇ ਜਿਵੇਂ ਕਿ ਰਾਅ ਦੇ ਵਿਸ਼ੇਸ਼ ਸਕਤਰ ਦੇ ਅਹੁਦੇ ਤੋਂ ਰਿਟਾਇਰ ਹੋਏ ਅਤੇ ਸਾਬਕਾ ਕੇਂਦਰੀ ਮੰਤਰੀ ਸਵਰਨ ਸਿੰਘ ਦੇ ਜਵਾਈ ਜੀ. ਪੀ. ਐਸ. ਸਿਧੂ ਨੇ ਆਪਣੀ ਕਿਤਾਬ 'ਦ ਖਾਲਸਤਾਨ ਸਾਜਿਸ਼' ਵਿਚ ਇੰਕਸ਼ਾਫ ਕੀਤਾ ਹੈ ਕਿ ਬਾਅਦ ਵਿਚ ਇਸ ਸ਼ਬਦ ਦੀ ਵਰਤੋਂ ਇੰਡੀਅਨ ਡੀਪ ਸਟੇਟ ਨੇ ਸਿਖਾਂ ਨੂੰ ਕੁਟਣ ਤੇ ਸਮੂਹ ਲੁਕਾਈ ਵਿਚੋਂ ਸਿਖਾਂ ਨੂੰ ਨਿਖੇੜਨ ਲਈ ਇਕ ਹਥਿਆਰ ਵਜੋਂ ਕੀਤੀ।

"ਪੰਡਿਤ ਨਹਿਰੂ ਨੇ ਜੁਆਬ ਵਿਚ ਦਸਿਆ ਕਿ ਇਕ ਦਿਨ ਪਹਿਲਾਂ ਮਾਸਟਰ ਤਾਰਾ ਸਿੰਘ ਉਸ ਨੂੰ ਮਿਲਿਆ ਸੀ ਤੇ ਉਸ ਨੇ ਸਿਖ ਆਗੂ ਨੂੰ ਪੁਛਿਆ ਸੀ ਕਿ ਕੀ ਉਸ ਦਾ ਭਾਈਚਾਰਾ ਖਾਲਸਤਾਨ ਚਾਹੁੰਦਾ ਹੈ। ਪੰਡਿਤ ਨਹਿਰੂ ਨੇ ਦਸਿਆ ਕਿ ਉਸ ਨੇ ਮਾਸਟਰ ਤਾਰਾ ਸਿੰਘ ਨੂੰ ਉਸ ਦਿਨ ਵਾਂਗ ਪਹਿਲਾਂ ਕਦੀ ਵੀ ਏਨੀ ਪਰੇਸ਼ਾਨੀ ਵਾਲੀ ਹਾਲਤ ਵਿਚ ਨਹੀਂ ਸੀ ਵੇਖਿਆ। ਸਿਖ ਆਗੂ ਨੇ ਖਾਲਸਤਾਨ ਦੇ ਕਿਸੇ ਵੀ ਵਿਚਾਰ ਨੂੰ ਪੂਰੇ ਜ਼ੋਰ ਨਾਲ ਨਕਾਰਦਿਆਂ ਹੋਇਆਂ ਕਿਹਾ ਕਿ ਭਾਰਤੀ ਲੋਕਾਂ ਦੇ ਮੁਕਾਬਲੇ ਸਿਖ ਇਕ ਬਹੁਤ ਹੀ ਛੋਟੀ ਜਿਹੀ ਗਿਣਤੀ ਵਿਚ ਹੋਣ ਕਾਰਨ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਲੜਨਾ ਨਹੀਂ ਚਾਹੁਣਗੇ। ਉਹ ਭਾਰਤ ਦੇ ਨਾਗਰਿਕ ਬਣਨਾ ਤੇ ਹਿੰਦੂਆਂ ਨਾਲ ਭਰਾਵਾਂ ਵਾਂਗ ਰਹਿਣਾ ਚਾਹੁਣਗੇ।"

(20 ਸਤੰਬਰ 1947 ਨੂੰ ਨਹਿਰੂ ਨਾਲ ਹੋਈ ਇਕ ਮੀਟਿੰਗ ਦੇ ਰਿਕਾਰਡਡ ਦਸਤਾਵੇਜ਼ੀ ਸਰਕਾਰੀ ਮਿੰਟਸ)

"ਬੇਸ਼ਕ ਸਿਖ ਅਤਿਵਾਦੀਆਂ ਨੇ ਸਭ ਤੋਂ ਵਧ ਨਾਜ਼ੁਕ ਮਸਲਾ ਖੜਾ ਕਰ ਦਿਤਾ। ਬੜੀ ਆਸਾਨੀ ਨਾਲ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਦੇ ਨਹਿਰੂ ਨਾਲ ਕੀਤੇ ਵਾਅਦਿਆਂ ਨੂੰ ਭੁਲਾ ਕੇ ਸਿਖ ਸਟੇਟ ਬਣਾਉਣ ਦੇ ਸ਼ਬਦਾਂ ਵਿਚ ਗਲ ਕਰਨੀ ਸ਼ੁਰੂ ਕਰ ਦਿਤੀ। ਜੇ ਇਹ ਸੰਭਵ ਨਹੀਂ ਸੀ ਤਾਂ ਫਿਰ ਬਹੁਗਿਣਤੀ ਸਿਖ ਸੂਬਾ ਬਣਾਉਣ ਦੀ ਮੰਗ ਕਰਨ ਲਗੇ, ਜਿਥੇ ਉਹ ਆਪਣੀ ਵਖਰੀ ਪਛਾਣ ਤੇ ਧਾਰਮਿਕ-ਰਾਜਸੀ ਹੋਂਦ ਬਣਾ ਸਕਣ ਤੇ ਗੁਰਮੁਖੀ ਲਿਪੀ ਵਿਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਣਾ ਕੇ ਰਹਿ ਸਕਣ। ਤਾਰਾ ਸਿੰਘ ਤੇ ਅਕਾਲੀ ਦਲ ਵਿਚਲੇ ਉਸ ਦੇ ਭਰੋਸੇਯੋਗ ਦਿਮਾਗਾਂ ਨੇ ਇਸ ਦਾ ਫੈਸਲਾ ਪਹਿਲਾਂ ਪਟੇਲ ਕੋਲੋਂ ਕਰਵਾਉਣ ਦਾ ਯਤਨ ਕੀਤਾ। ਉਨ੍ਹਾਂ ਨੇ ਕੇਂਦਰੀ ਮਹਿਕਮਿਆਂ ਵਿਚ ਆਬਾਦੀ ਦੇ ਆਧਾਰ ਉਤੇ ਸਿਖਾਂ ਲਈ ਨੌਕਰੀਆਂ ਦੇ ਰਾਖਵੇਂਕਰਨ ਦੀ ਮੰਗ ਕੀਤੀ। ਸਰਦਾਰ ਨੇ ਉਸੇ ਵੇਲੇ ਹਾਂ ਕਰ ਦਿਤੀ ਪਰ ਨਾਲ ਹੀ ਕਹਿ ਦਿਤਾ ਕਿ ਇਹੀ ਫਾਰਮੂਲਾ ਫੌਜ ਵਿਚ ਵੀ ਲਾਗੂ ਹੋਵੇਗਾ। ਕਿਉਂਕਿ ਫੌਜ ਵਿਚ ਸਿਖਾਂ ਦੀ ਗਿਣਤੀ ਜ਼ਿਆਦਾ ਸੀ, ਇਸ ਲਈ ਤਾਰਾ ਸਿੰਘ ਨੇ ਇਸ ਮੰਗ ਦੇ ਫੌਜ ਉਤੇ ਪੈਣ ਵਾਲੇ ਪ੍ਰਭਾਵ ਨੂੰ ਸੋਚ ਕੇ ਇਸ ਮੰਗ ਨੂੰ ਛਡ ਦਿਤਾ।

... ਬਾਅਦ ਵਿਚ ਤਾਰਾ ਸਿੰਘ ਨੇ ਅਕਾਲੀਆਂ ਦੀ ਵਡੀ ਰਾਜਸੀ ਤਾਕਤ ਦਾ ਵਿਖਾਵਾ ਕਰਨ ਲਈ ਦਿਲੀ ਵਿਚ ਇਕ ਮੁਜ਼ਾਹਰਾ ਕਰਨ ਦਾ ਫੈਸਲਾ ਕਰ ਲਿਆ। ਉਸ ਨੇ ਪੰਜਾਬੀ ਸੂਬਾ, ਸਿਖ ਸਟੇਟ ਦੀ ਮੰਗ ਕਰਦਿਆਂ ਆਪਣੇ ਲਖਾਂ ਪੈਰੋਕਾਰਾਂ ਨੂੰ ਦਿਲੀ ਵਲ ਕੂਚ ਕਰਨ ਦਾ ਸਦਾ ਦਿਤਾ। ਪਰ ਪਟੇਲ ਝੁਕਿਆ ਨਹੀਂ। ਉਸ ਨੇ ਦਿਲੀ ਪਹੁੰਚਣ ਤੋਂ ਪਹਿਲਾਂ ਹੀ ਤਾਰਾ ਸਿੰਘ ਨੂੰ ਗ੍ਰਿਫਤਾਰ ਕਰਵਾ ਦਿਤਾ, ਉਸ ਦੇ ਪੈਰੋਕਾਰਾਂ ਨੂੰ ਲਿਆ ਰਹੀਆਂ ਲਾਰੀਆਂ ਗਡੀਆਂ ਨੂੰ ਰੋਕ ਦਿਤਾ ਤੇ ਦਿਲੀ ਵਿਚ ਉਨ੍ਹਾਂ ਦੇ ਲੰਗਰ ਦਾ ਪ੍ਰਬੰਧ ਕਰਨ ਲਈ ਲਗੇ ਸਾਰੇ ਤੰਬੂ ਕਨਾਤਾਂ ਪੁਟਵਾ ਦਿਤੇ। ਇਸ ਪੜਾਅ ਉਤੇ ਪਹੁੰਚ ਕੇ ਤਾਰਾ ਸਿੰਘ ਤੇ ਉਸ ਦੇ ਸਾਥੀਆਂ ਨੇ ਮਹਿਸੂਸ ਕਰ ਲਿਆ ਕਿ ਉਹ ਲੋਹ ਪੁਰਸ਼ ਨੂੰ ਧਮਕਾ ਜਾਂ ਬਲੈਕਮੇਲ ਨਹੀਂ ਕਰ ਸਕਦੇ। ਉਨ੍ਹਾਂ ਨੇ ਆਪਣੀ ਲੜਾਈ ਨੂੰ ਮੁਅਤਲ ਕਰਨ ਤੇ ਪਟੇਲ ਦੇ ਦ੍ਰਿਸ਼ ਤੋਂ ਅਲੋਪ ਹੋਣ ਤੋਂ ਬਾਅਦ ਫਿਰ ਮੌਕਾ ਤਲਾਸ਼ਣ ਦਾ ਫੈਸਲਾ ਕੀਤਾ।"

"ਪਟੇਲ ਨੇ ਮੈਨੂੰ ਦਸਿਆ ਕਿ ਤਾਰਾ ਸਿੰਘ ਦੀ ਚੁਣੌਤੀ ਨਾਲ ਨਜਿਠਣ ਲਈ ਤਿੰਨ ਪਖਾਂ ਨੇ ਉਸਦੀ ਬਹੁਤ ਮਦਦ ਕੀਤੀ। ਅਕਾਲੀ ਕੈਂਪ ਵਿਚ ਚਲ ਰਹੀ ਆਪਸੀ ਪਾਟੋਧਾੜ ਬਾਰੇ ਖੁਫੀਆ ਤੰਤਰ ਮੈਨੂੰ ਲਗਾਤਾਰ ਜਾਣਕਾਰੀ ਦੇਂਦਾ ਰਿਹਾ ਤੇ ਤਾਰਾ ਸਿੰਘ ਦਾ ਖਜ਼ਾਨਚੀ ਰਖਿਆ ਮੰਤਰੀ ਬਲਦੇਵ ਸਿੰਘ ਦੀ ਮਦਦ ਨਾਲ ਮੈਂ ਇਸ ਪਾਟੋਧਾੜ ਨੂੰ ਤਾਰਾ ਸਿੰਘ ਦੇ ਵਿਰੁਧ ਵਰਤਦਾ ਰਿਹਾ। ਦੂਜਾ, ਪੰਜਾਬ ਦਾ ਮੇਰਾ ਖੇਤਰੀ ਕਮਿਸ਼ਨਰ ਇਕ ਸਿਵਲ ਅਫਸਰ ਐਮ ਆਰ ਭਿਡੇ ਮੈਨੂੰ ਸਾਰੇ ਸਾਬਕਾ ਸਿਖ ਰਜਵਾੜਿਆਂ ਤੇ ਸਿਖ ਰਾਜਸੀ ਆਗੂਆਂ ਨੂੰ ਮੂਰਖ ਬਣਾਉਣ (ਤੇ ਖਰੀਦਣ) ਦੀਆਂ ਜੁਗਤਾਂ ਦਸਦਾ ਰਿਹਾ। ਪਟੇਲ ਨੇ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਕਮਿਊਨਿਸਟਾਂ ਦੇ ਵਧ ਰਹੇ ਪ੍ਰਭਾਵ ਵਲ ਵੀ ਮੇਰਾ ਧਿਆਨ ਦੁਆਇਆ ਜਿਹੜੇ ਪੰਜਾਬ ਵਿਚ ਤਿੰਲਗਾਨਾ ਵਰਗੀ ਲਹਿਰ ਖੜੀ ਕਰਨੀ ਚਾਹੁੰਦੇ ਸਨ। ਤੀਜਾ ਪਟੇਲ ਨੇ ਇਕ ਸਿਵਲ ਅਫਸਰ ਸ਼ੰਕਰ ਪਰਸਾਦ ਨੂੰ ਅਜਮੇਰ ਤੋਂ ਦਿਲੀ ਬਦਲ ਕੇ ਉਸ ਨੂੰ ਚੀਫ ਕਮਿਸ਼ਨਰ ਨਿਯੁਕਤ ਕਰ ਲਿਆ, ਜਿਹੜਾ ਅਮਨ ਕਾਨੂੰਨ ਦਾ ਪ੍ਰਬੰਧ ਕਾਇਮ ਰਖਣ ਤੇ ਸ਼ਰਾਰਤੀ ਰਾਜਸੀ ਆਗੂਆਂ ਨਾਲ ਨਜਿਠਣ ਦਾ ਬੜਾ ਮਾਹਿਰ ਸੀ।"

"ਸ੍ਰੀ ਯੋਧਰਾਜ, ਚੇਅਰਮੈਨ ਪੰਜਾਬ ਨੈਸ਼ਨਲ ਬੈਂਕ ਨੇ ਆਪਣੀ ਗਲਬਾਤ ਰਿਫਿਊਜੀਆਂ ਵਾਸਤੇ ਦਿਲੀ ਤੋਂ ਸਤ ਮੀਲ ਪਰ੍ਹਾਂ ਕੁਝ ਸੌ ਏਕੜਾਂ ਦੀ ਇਕ ਰਿਹਾਇਸ਼ੀ ਬਸਤੀ ਵਸਾਉਣ ਦੀ ਲੋੜ ਨਾਲ ਆਰੰਭ ਕੀਤੀ। ਪੰਡਿਤ ਨਹਿਰੂ ਦਾ ਫੌਰੀ ਪ੍ਰਤੀਕਰਮ ਇਕਦਮ ਵਿਰੋਧ ਵਾਲਾ ਸੀ। 'ਮੈਂ ਤੁਹਾਨੂੰ ਦਿਲੀ ਦੇ 700 ਮੀਲ ਨੇੜੇ ਨਹੀਂ ਆਉਣ ਦੇਣਾ', ਉਸ ਨੇ ਗੁਸੇ ਨਾਲ ਟੋਕਿਆ। ਕਿਉਂਕਿ ਉਸ ਦੇ ਮਨ ਵਿਚ ਪੰਜਾਬੀਆਂ ਪ੍ਰਤੀ ਗੁਸਾ ਸੀ, ਜਿਨ੍ਹਾਂ ਬਾਰੇ ਉਹ ਸੋਚਦਾ ਸੀ ਕਿ ਦਿਲੀ ਵਿਚ ਗੜਬੜ ਲਈ ਉਹ ਦੋਸ਼ੀ ਹਨ। ਉਸ ਨੇ ਦਸਿਆ ਕਿ ਇਸ ਗੜਬੜ ਨੇ ਸਰਕਾਰ ਦੀ ਦੁਨੀਆਂ ਭਰ ਵਿਚ ਬਦਨਾਮੀ ਕਰਵਾਈ ਹੈ ਤੇ ਕੁਝ ਦੇਸੀ ਰਿਆਸਤਾਂ ਬਾਰੇ ਬਣੇ ਉਨ੍ਹਾਂ ਦੇ ਪ੍ਰੋਗਰਾਮ ਵਿਚ ਰੁਕਾਵਟ ਪਈ ਹੈ।"

(ਹਾਲਾਂ ਕਿ ਸਚਾਈ ਇਹ ਸੀ ਕਿ ਨਹਿਰੂ ਦਾ ਗ੍ਰਹਿ ਮੰਤਰੀ ਪਟੇਲ ਪੰਜਾਬ ਵਿਚੋਂ ਮੁਸਲਮਾਨਾਂ ਨੂੰ ਬਾਹਰ ਕਢਣ ਲਈ ਮਹਾਰਾਜਾ ਪਟਿਆਲਾ ਤੇ ਮਹਾਰਾਜਾ ਫਰੀਦਕੋਟ ਰਾਹੀਂ ਖੁਦ ਸਿਖਾਂ ਨੂੰ ਹਥਿਆਰ ਦੇਂਦਾ ਰਿਹਾ ਸੀ। ਸੀਨੀਅਰ ਪਤਰਕਾਰ ਸ. ਸੁਖਦੇਵ ਸਿੰਘ ਦੇ ਕਥਨ ਅਨੁਸਾਰ ਇਹੀ ਹਥਿਆਰ ਲਭਣ ਤੇ ਵਾਪਸ ਲੈਣ ਲਈ ਪੰਜਾਬ ਪੁਲਿਸ 1954 ਤਕ ਸਿਖਾਂ ਦੇ ਘਰਾਂ ਦੀਆਂ ਕੰਧਾਂ ਠਕੋਰਦੀ ਰਹੀ ਸੀ।)

"ਮੈਂ ਪਟੇਲ ਨੂੰ ਦਸਿਆ ਕਿ ਜੇ ਸਿਖ ਭਾਰਤ ਦੇ ਨਾਗਰਿਕ ਬਣ ਕੇ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪ੍ਰਬੰਧਕੀ, ਵਿਧਾਨ ਸਭਾਈ ਜਾਂ ਧਰਮ ਕਰਕੇ ਕੋਈ ਵਿਸ਼ੇਸ਼ ਸਹੂਲਤ ਨਹੀਂ ਮਿਲੇਗੀ। ਉਨ੍ਹਾਂ ਨੂੰ ਸਾਂਝੇ ਚੋਣ ਖੇਤਰਾਂ ਦੇ ਢਾਂਚੇ ਵਿਚ ਹਿੰਦੂਆਂ ਦੇ ਨਾਲ ਹੀ ਜਿਉਣਾ ਮਰਣਾ ਪਵੇਗਾ।"(ਇਹ ਸਾਰੇ ਹਵਾਲੇ ਸ੍ਰੀ ਦੁਰਗਾ ਦਾਸ ਦੀ 1969 ਵਿਚ ਛਪੀ ਕਿਤਾਬ, 'ਇੰਡੀਆ ਫਰੋਮ ਕਰਜਨ ਟੂ ਨਹਿਰੂ ਐਂਡ ਆਫਟਰ' ਦੇ ਪੰਜਵੇਂ ਐਡੀਸ਼ਨ (2012) ਵਿਚੋਂ ਹਨ। ਦੁਰਗਾ ਦਾਸ ਔੜ ਵਿਚ ਜੰਮਿਆ ਆਰੀਆ ਸਮਾਜੀ ਪੰਜਾਬੀ ਹਿੰਦੂ ਸੀ ਤੇ ਹਿੰਦੋਸਤਾਨ ਟਾਈਮਜ਼ ਅਖਬਾਰ ਦਾ ਮੁਖ ਸੰਪਾਦਕ ਰਿਹਾ ਸੀ)

"ਪੰਡਤ ਜੀ ਬਹੁਤ ਸ਼ਾਤਰ ਸਨ। ਉਹ ਚਾਣਕੀਆ ਨੀਤੀ ਨਾਲ ਹਰੇਕ ਸਿਖ ਨੂੰ ਖਰੀਦਣਾ ਚਾਹੁੰਦੇ ਸਨ, ਜਿਸ ਤੋਂ ਉਨ੍ਹਾਂ ਨੂੰ ਡਰ ਲਗਦਾ ਸੀ ਕਿ ਉਹ ਸਿਖਾਂ ਦੀ ਜਦੋਜਹਿਦ ਵਿਚ ਅਹਿਮ ਰੋਲ ਨਿਭਾਅ ਸਕਦਾ ਹੈ। ਸ. ਹੁਕਮ ਸਿੰਘ, ਜੋ ਮੇਰੇ ਨਜ਼ਦੀਕੀ ਸਨ, ਉਨ੍ਹਾਂ ਨੇ ਵੀ ਪੰਥ ਦੇ ਹਕ ਵਿਚ ਪੂਰਾ ਵਾਹ ਲਾਇਆ। ਉਹ ਦੇਸ ਦੇ ਹਰ ਮਹਤਵਪੂਰਨ ਆਗੂ ਨੂੰ ਮਿਲੇ ਭਾਵੇਂ ਉਹ ਕਾਂਗਰਸ ਦਾ ਆਗੂ ਸੀ ਤੇ ਭਾਵੇਂ ਕਿਸੇ ਹੋਰ ਪਾਰਟੀ ਦਾ। ਉਨ੍ਹਾਂ ਨੇ ਸੰਵਿਧਾਨ ਸਭਾ ਤੇ ਪਾਰਲੀਮੈਂਟ ਵਿਚ ਸਿਖਾਂ ਦਾ ਮੁਕਦਮਾ ਬੜੀ ਸਿਆਣਪ ਨਾਲ ਲੜਿਆ। ਪੰਡਿਤ ਜੀ ਨੇ ਬੜੀ ਹੁਸ਼ਿਆਰੀ ਨਾਲ ਸ. ਹੁਕਮ ਸਿੰਘ ਨੂੰ ਆਪਣੇ ਵਲ ਖਿਚਣ ਦੀ ਕੋਸ਼ਿਸ਼ ਕੀਤੀ ਤੇ ਲੋਕ ਸਭਾ ਦੀ ਸਪੀਕਰੀ ਦੇਣ ਦੀ ਪੇਸ਼ਕਸ਼ ਕਰ ਦਿਤੀ। ਸ. ਹੁਕਮ ਸਿੰਘ ਮੇਰੇ ਕੋਲ ਆਏ ਤੇ ਇਹ ਪੇਸ਼ਕਸ਼ ਪ੍ਰਵਾਨ ਕਰਨ ਦੀ ਆਗਿਆ ਮੰਗੀ। ਉਨ੍ਹਾਂ ਦੀ ਦਲੀਲ ਸੀ ਕਿ ਉਨ੍ਹਾਂ ਨੂੰ ਪੰਡਿਤ ਨਹਿਰੂ ਦੇ ਬਹੁਤ ਨੇੜੇ ਰਹਿਣ ਦਾ ਮੌਕਾ ਮਿਲੇਗਾ, ਇਸ ਲਈ ਉਹ ਪੰਡਿਤ ਜੀ ਨੂੰ ਸਿਖਾਂ ਬਾਰੇ ਸਹੀ ਰਸਤੇ ਉਤੇ ਲੈ ਆਉਣਗੇ। ਮੈਂ ਪੂਰੀ ਵਾਹ ਲਾਈ। ਮੈਂ ਸ. ਹੁਕਮ ਸਿੰਘ ਨੂੰ ਸਪਸ਼ਟ ਕਿਹਾ ਕਿ ਉਨ੍ਹਾਂ ਦੇ ਜਾਣ ਨਾਲ ਸਿਖਾਂ ਦਾ ਮੁਕਦਮਾ ਕਮਜ਼ੋਰ ਪੈ ਜਾਵੇਗਾ ਤੇ ਲੜਨ ਵਾਲਾ ਮੈਂ ਇਕਲਾ ਰਹਿ ਜਾਵਾਂਗਾ। ਉਦੋਂ ਤਕ ਅਣਗਿਣਤ ਅਕਾਲੀ ਆਗੂ ਸ਼੍ਰੋਮਣੀ ਅਕਾਲੀ ਦਲ ਨੂੰ ਛਡ ਕੇ ਕਾਂਗਰਸ ਵਿਚ ਸ਼ਾਮਿਲ ਹੋ ਚੁਕੇ ਸਨ ਤਾਂ ਕਿ ਹਕੂਮਤੀ ਨਸ਼ਾ ਲੈ ਸਕਣ ਤੇ ਕਾਲਾ ਧਨ ਜਮਾਂ ਕਰ ਲੈਣ। ਮੇਰੇ ਸਾਰੇ ਤਰਲੇ ਹਾੜੇ ਕਿਸੇ ਕੰਮ ਨਾ ਆਏ ਤੇ ਹੁਕਮ ਸਿੰਘ ਮੈਨੂੰ ਅਹੁਦੇ ਲਈ ਧੋਖਾ ਦੇ ਗਏ। ਮੈਨੂੰ ਇਹ ਆਪਣੀ ਸਭ ਤੋਂ ਵਡੀ ਹਾਰ ਪ੍ਰਤੀਤ ਹੋਈ।" (ਮਾਸਟਰ ਤਾਰਾ ਸਿੰਘ ਦੀ ਸਵੈਜੀਵਨੀ ਵਿਚੋਂ)

ਪੰਡਿਤ ਜਵਾਹਰ ਲਾਲ ਨਹਿਰੂ ਦੇ ਮਨ ਵਿਚ ਬਣਿਆ ਹਿੰਦੂ-ਹਿੰਦੀ-ਹਿੰਦੋਸਤਾਨ ਦਾ ਰਾਸ਼ਟਰਵਾਦੀ ਸੰਕਲਪ ਇਸ ਸਿਖ ਦੁਸ਼ਮਣੀ ਦਾ ਮੂਲ ਕਾਰਨ ਸੀ। ਕਿਉਂਕਿ ਉਹ ਖੁਦ ਇਕ ਨੇਸ਼ਨ ਸਟੇਟ ਵਜੋਂ ਹਿੰਦੂ ਰਾਸ਼ਟਰ ਦਾ ਮੁਦਈ ਸੀ, ਇਸ ਲਈ ਉਹ ਸੋਚਦਾ ਸੀ ਕਿ ਸਿਖ ਵੀ ਇਕ ਨੇਸ਼ਨ ਸਟੇਟ ਵਜੋਂ ਖਾਲਸਤਾਨ ਦੀ ਮੰਗ ਕਰਦੇ ਹਨ ਅਤੇ ਇਹ ਨਾਹਰਾ ਉਸ ਨੂੰ ਵਿਹੁ ਵਰਗਾ ਲਗਦਾ ਸੀ। ਉਸ ਨੂੰ ਜਾਪਦਾ ਸੀ ਕਿ ਇਸ ਦਾ ਅਮਲੀ ਰੂਪ ਹਿੰਦੋਸਤਾਨ ਦੀ ਇਕ ਹੋਰ ਵੰਡ ਹੈ। ਉਹ ਖਾਲਸਤਾਨ ਨੂੰ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੇ ਹਾਮੀ ਇਕ ਕਲਿਆਣਕਾਰੀ 'ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥' (ਪੰਨਾ 74) ਦੇ ਸੰਕਲਪ ਵਜੋਂ ਚਿਤਵ ਹੀ ਨਹੀਂ ਸੀ ਸਕਦਾ। ਇਹ ਉਸ ਦੀ ਮਨੂਵਾਦੀ-ਬ੍ਰਾਹਮਣੀ ਸੋਚ ਦੀ ਸੀਮਤਾਈ ਸੀ।

ਨਹਿਰੂ ਦੇ ਮਨ ਵਿਚ ਬਣਿਆ ਰਾਸ਼ਟਰਵਾਦ ਦਾ ਸੰਕਲਪ ਸਵਾਮੀ ਦਯਾ ਨੰਦ ਦੀ ਮਨ-ਕਲਪਿਤ ਧਾਰਨਾ ਹਿੰਦੂ-ਹਿੰਦੀ-ਹਿੰਦੁਸਤਾਨ ਦਾ ਹੀ ਵਿਸਥਾਰ ਸੀ। "ਏਧਰ ਆਰੀਆ ਸਮਾਜ ਦਾ ਸੰਚਾਰ ਹੋਇਆ। ਸਵਾਮੀ ਦਯਾ ਨੰਦ ਸਰਸਵਤੀ ਨੇ ਸਾਰੇ ਭਾਰਤ ਵਰਸ਼ ਵਿਚ ਹਿੰਦੀ ਦਾ ਪ੍ਰਚਾਰ ਕਰਨ ਦਾ ਭਾਵ ਰਖਿਆ। ਹਿੰਦੀ ਭਾਸ਼ਾ ਆਰੀਆ ਸਮਾਜ ਦਾ ਇਕ ਅੰਗ ਬਣ ਗਈ। ਧਾਰਮਿਕ ਅੰਗ ਬਣ ਜਾਣ ਦਾ ਇਕ ਲਾਭ ਇਹ ਹੋਇਆ ਕਿ ਆਰੀਆ ਸਮਾਜੀਆਂ ਦੀ ਕਟੜਤਾ ਨਾਲ ਹਿੰਦੀ ਭਾਸ਼ਾ ਨੇ ਆਪਣਾ ਥਾਂ ਬਣਾ ਲਿਆ। ਸਭ ਦੇ ਸਾਹਮਣੇ ਇਸ ਵੇਲੇ ਮੁਖ ਸੁਆਲ ਭਾਰਤ ਨੂੰ ਇਕ ਰਾਸ਼ਟਰ ਬਣਾਉਣਾ ਹੈ। ਰਾਸ਼ਟਰ ਬਣਾਉਣ ਲਈ ਇਕ ਭਾਸ਼ਾ ਦਾ ਹੋਣਾ ਜ਼ਰੂਰੀ ਹੈ।" (ਸ਼ਹੀਦ ਭਗਤ ਸਿੰਘ)

'ਹਿੰਦੂ ਰਾਸ਼ਟਰਵਾਦ' ਆਰੀਆ ਸਮਾਜੀ ਮਨ-ਕਲਪਿਤ ਮਨੂਵਾਦੀ-ਬ੍ਰਾਹਮਣੀ ਸੋਚ ਦਾ ਤਤਸਾਰ ਹੈ। ਯੂਰਪ ਵਿਚ 'ਪੂੰਜੀਵਾਦ' ਵਲੋਂ ਵਿਕਸਿਤ ਕੀਤੇ ਗਏ ਹੁਣ ਤਕ ਦੇ ਸਭ ਤੋਂ ਖਤਰਨਾਕ 'ਨੇਸ਼ਨ ਸਟੇਟ' ਦੇ ਸੰਕਲਪ ਦੀ ਇਹ ਨਕਲ ਹੈ। ਆਪਣੇ ਦੇਸ ਦੇ ਪੂੰਜੀਪਤੀਆਂ ਨੂੰ ਜਥੇਬੰਦ ਕਰਨ ਤੇ ਲੋਕਾਂ ਨੂੰ ਪੂੰਜੀਵਾਦੀਆਂ ਦੇ ਹਿਤਾਂ ਲਈ ਲੜਾਉਣ ਵਾਸਤੇ ਭਰਮਾਊ ਕੌਮੀ ਹੋਂਦ ਦੇ ਨਾਹਰੇ ਲਾਉਣੇ ਤੇ ਲੋਕਾਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਭਰਨਾ 18ਵੀਂ ਸਦੀ ਦੇ ਪੂੰਜੀਵਾਦ ਦੀ ਮਜਬੂਰੀ ਸੀ।

ਬੇਸ਼ਕ ਹੁਣ ਇਹ ਸਾਬਤ ਹੋ ਚੁਕਾ ਹੈ ਕਿ 'ਹਿੰਦੀ' ਭਾਸ਼ਾ ਅੰਗਰੇਜ਼ ਬਸਤੀਵਾਦੀਆਂ ਦੀ ਦੇਣ ਹੈ ਅਤੇ ਇਸ ਦਾ ਇਤਿਹਾਸ ਦੋ-ਢਾਈ ਸੌ ਸਾਲ ਤੋਂ ਵਧ ਪੁਰਾਣਾ ਨਹੀਂ। ਇਸ ਅਖੌਤੀ ਹਿੰਦੀ ਖੇਤਰ ਵਿਚ ਮੈਥਿਲੀ, ਭੋਜਪੁਰੀ, ਖੜੀ ਬੋਲੀ, ਰਾਜਸਥਾਨੀ ਸਮੇਤ ਦਰਜਨਾਂ ਹੋਰ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਮੌਲਿਕਤਾ ਨੂੰ ਇਸ 'ਹਿੰਦੀ' ਨੇ ਨਿਗਲ ਲਿਆ ਹੈ।

ਸਚਾਈ ਇਹ ਹੈ ਕਿ 'ਸਿੰਧੂ' ਦਰਿਆ ਦੇ ਇਧਰਲੇ ਪਾਸੇ ਰਹਿੰਦੇ ਸਾਰੇ ਲੋਕਾਂ ਨੂੰ ਹਿੰਦੁਸਤਾਨੀ ਕਿਹਾ ਜਾਂਦਾ ਹੈ। ਪਰਸ਼ੀਅਨ ਭਾਸ਼ਾ ਵਿਚ 'ਸ' ਨੂੰ 'ਹ' ਬੋਲਿਆ ਜਾਂਦਾ ਹੈ ਤੇ ਹੁਣ ਤਕ ਸਾਰੇ ਹਮਲਾਵਰ ਤੇ ਹਿਜਰਤ ਕਰਨ ਵਾਲੇ ਇਧਰੋਂ ਹੀ ਆਉਂਦੇ ਰਹੇ ਹਨ। ਇਸ ਤਰਕ ਅਨੁਸਾਰ ਸਿੰਧ ਦਰਿਆ ਦੇ ਇਧਰਲੇ ਪਾਸੇ ਰਹਿਣ ਵਾਲੇ ਸਾਰੇ ਲੋਕ ਹਿੰਦੂ ਹਨ, ਧਰਮ ਉਨ੍ਹਾਂ ਦਾ ਕੋਈ ਵੀ ਹੋ ਸਕਦਾ ਹੈ।

ਇਸ ਖੇਤਰ ਦੇ ਇਕ ਨਾਂ ਵਜੋਂ ਹਿਦੁਸਤਾਨ ਸ਼ਬਦ ਦੀ ਵਰਤੋਂ ਗੁਰੂ ਨਾਨਕ ਸਾਹਿਬ ਨੇ ਵੀਂ ਕੀਤੀ ਹੈ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ (ਪੰਨਾ 360)

ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ॥ (ਪੰਨਾ 722)

ਬੇਸ਼ਕ ਗੁਰੂ ਨਾਨਕ ਸਾਹਿਬ ਵੇਲੇ ਇਕ ਕੌਮ ਵਜੋਂ 'ਹਿੰਦੂ ਰਾਸ਼ਟਰ' ਨਾਂ ਦੀ ਕੋਈ ਹੋਂਦ ਨਹੀਂ ਸੀ। ਗੁਰੂ ਸਾਹਿਬ ਨੇ ਹਿੰਦੂ ਸ਼ਬਦ ਦੀ ਵਰਤੋਂ ਧਰਮ ਵਜੋਂ ਵੀ ਕੀਤੀ ਹੈ ਪਰ ਉਹ ਬਿਲਕੁਲ ਨਿਵੇਕਲੇ ਰੂਪ ਵਿਚ ਹੈ।

ਪ੍ਰਸਿਧ ਇਤਿਹਾਸਕਾਰ ਐਰਿਕ ਹਾਬਸਬਾਮ ਦੇ ਕਥਨ ਅਨੁਸਾਰ 20ਵੀਂ ਸਦੀ ਵਿਚ ਇਸ ਕਲਪਿਤ ਕੌਮੀ ਸੰਕਲਪ ਦੇ ਪ੍ਰਭਾਵ ਅਧੀਨ ਇਕ-ਦੂਜੇ ਨੂੰ ਮਾਰਦੇ ਹੋਏ 50 ਕਰੋੜ ਤੋਂ ਵਧੇਰੇ ਲੋਕ ਮਰੇ ਹਨ ਤੇ ਇਹ ਵਰਤਾਰਾ ਅਜੇ ਤਕ ਜਾਰੀ ਹੈ। ਯੂਕਰੇਨ ਰੂਸ ਫਲਸਤੀਨ ਤੇ ਇਜ਼ਰਾਈਲ ਵਿਚ ਇਸੇ ਕਲਪਿਤ ਪ੍ਰਭਾਵ ਅਧੀਨ ਲੋਕਾਂ ਨੂੰ ਮਾਰਿਆ ਤੇ ਮਰਵਾਇਆ ਜਾ ਰਿਹਾ ਹੈ। ਇਸੇ ਪ੍ਰਭਾਵ ਅਧੀਨ ਹੁਣ ਸੰਸਾਰ ਭਰ ਦੇ ਲੋਕਾਂ ਨੂੰ ਤੀਜੀ ਸੰਸਾਰ ਸਾਮਰਾਜੀ ਜੰਗ ਵਿਚ ਉਲਝਾਇਆ ਜਾ ਰਿਹਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਦੀ ਸਿਖ ਦੁਸ਼ਮਣੀ ਇਕ ਹੋਰ ਪਖੋਂ ਵੀ ਸਪਸ਼ਟ ਹੁੰਦੀ ਹੈ। 1947 ਤੋਂ 1959 ਤਕ 12 ਸਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਤੇ ਬਾਅਦ ਵਿਚ ਕੁਝ ਸਮਾਂ ਪੰਜਾਬ ਦੇ ਮੁਖ ਮੰਤਰੀ ਬਣੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਦੀ ਰਾਏ ਸੀ ਕਿ "ਅਗਰ ਪਾਕਿਸਤਾਨ ਲਾਹੌਰ ਨੂੰ ਰਾਜਧਾਨੀ ਰਖ ਸਕਦਾ ਹੈ ਤਾਂ ਅਸੀਂ ਅਮ੍ਰਿਤਸਰ ਨੂੰ ਪੰਜਾਬ ਦੀ ਰਾਜਧਾਨੀ ਕਿਉਂ ਨਹੀਂ ਰਖ ਸਕਦੇ। ਇਹ ਪੁਰਾਣਾ ਅਤੇ ਇਤਿਹਾਸਕ ਸ਼ਹਿਰ ਹੈ।" ਪੰਡਿਤ ਜਵਾਹਰ ਲਾਲ ਨਹਿਰੂ ਅਮ੍ਰਿਤਸਰ ਨੂੰ ਪੰਜਾਬ ਦੀ ਰਾਜਧਾਨੀ ਬਣਾਏ ਜਾਣ ਦੇ ਹਕ ਵਿਚ ਨਹੀਂ ਸਨ। ਪੰਡਿਤ ਜਵਾਹਰ ਲਾਲ ਚੰਡੀਗੜ੍ਹ ਦੇ ਹਕ ਵਿਚ ਸਨ। ਫਿਰ ਜਦੋਂ ਚੰਡੀਗੜ੍ਹ ਦਾ ਫੈਸਲਾ ਕਰ ਲਿਆ ਗਿਆ ਲੋਕ ਉਥੇ ਘਟ ਹੀ ਜਾਣ ਲਈ ਤਿਆਰ ਸਨ। ਨਹਿਰੂ ਜੀ ਨੇ ਮੈਨੂੰ ਬੁਲਾਇਆ ਤੇ ਕਿਹਾ ਕਿ "ਆਪ ਕੋ ਪਤਾ ਨਹੀਂ ਕਿ ਯੇ ਕਿਤਨਾ ਖੂਬਸੂਰਤ ਸ਼ਹਿਰ ਬਣੇਗਾ। ਔਰ ਕਹਿਣ ਲਗੇ ਕਿ ਆਬਾਦੀ ਕੀ ਰਫਤਾਰ ਕਮ ਹੈ। ਆਪ ਤੋ ਇਸ ਕੇ ਹਕ ਮੇਂ ਨਹੀਂ ਥੇ।" ਮੈਂ ਕਿਹਾ ਪੰਡਿਤ ਜੀ ਜਬ ਆਪ ਨੇ ਫੈਸਲਾ ਕਰ ਹੀ ਲੀਆ ਹੈ ਤੋਂ ਮੈਂ ਇਸ ਕੇ ਦਰਮਿਆਨ ਕੈਸੇ ਆ ਸਕਤਾ ਹੂੰ। ਫਿਰ ਕਿਆ ਵਜ੍ਹਾ ਹੈ।" ਕਹਿਣ ਲਗੇ ਕਿ "ਵਹਾਂ ਏਕ ਜਲਸਾ ਰਖੋ, ਮੈਂ ਸ਼ਿਮਲੇ ਜਾ ਰਹਾਂ ਹੂੰ।" ਫਿਰ ਮੈਂ ਪਿੰਜੋਰ ਜਲਸਾ ਰਖਿਆ। ਉਥੇ ਨਹਿਰੂ ਜੀ ਨੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ "ਯੇ ਚੰਡੀਗੜ੍ਹ ਬਹੁਤ ਖੂਬਸੂਰਤ ਸ਼ਹਿਰ ਬਣੇਗਾ ਇਸ ਕੋ ਆਬਾਦ ਕਰੇਂ।" ਸਾਥ ਹੀ ਇੰਦਰਾ ਜੀ ਵੀ ਥੀ। ਕਾਫੀ ਹਾਜ਼ਰੀ ਸੀ। ਇਸ ਦੇ ਬਣਨ ਦੀ ਰਫਤਾਰ ਤੇਜ਼ ਹੋ ਗਈ। ਇਸ ਗਲ ਤੋਂ ਸਪਸ਼ਟ ਹੈ ਕਿ ਚੰਡੀਗੜ੍ਹ ਬਣਿਆ ਹੀ ਪੰਜਾਬ ਦੇ ਲਈ ਹੈ। ਇਹ ਪੰਜਾਬ ਦਾ ਸਿਰ ਹੈ। ਪਰ ਹੁਣ ਕਮਿਸ਼ਨ ਨੇ ਫੈਸਲਾ ਕੀਤਾ ਹੈ ਕਿ ਹਰਿਆਣੇ ਨੂੰ ਦਿਤਾ ਜਾਵੇ।"

(ਗੁਰਮੁਖ ਸਿੰਘ ਮੁਸਾਫਿਰ ਦੀ ਜ਼ਬਾਨੀ, ਹਵਾਲਾ ਪੰਜਾਬ ਦੇ ਸਮਕਾਲੀ ਇਤਿਹਾਸ ਦੇ ਮੌਖਿਕ ਸਰੋਤ)

"ਪੰਡਿਤ ਨਹਿਰੂ ਦਾ ਦ੍ਰਿੜ ਖਿਆਲ ਸੀ ਕਿ ਪੂਰਬੀ ਪੰਜਾਬ ਦੀ ਰਾਜਧਾਨੀ ਦਿਲੀ ਜਾਂ ਦਿਲੀ ਦੇ ਕਿਸੇ ਨੇੜਲੇ ਸਥਾਨ ਕੋਲ ਨਹੀਂ ਹੋਣੀ ਚਾਹੀਦੀ। ਨਿਜੀ ਤੌਰ ਉਤੇ ਉਹ ਇਹ ਰਾਜਧਾਨੀ ਕਿਸੇ ਪੁਰਾਣੇ ਕਸਬੇ ਦੀ ਬਜਾਇ ਕਿਸੇ ਨਵੀਂ ਥਾਂ ਵਸਾਉਣ ਦੇ ਹਕ ਵਿਚ ਸੀ। ਅਖੀਰ ਵਿਚ ਉਸ ਦੇ ਵਿਚਾਰਾਂ ਨੂੰ ਬਲ ਮਿਲਿਆ ਤੇ ਚੰਡੀਗੜ੍ਹ ਦਾ ਜਨਮ ਹੋਇਆ।" (ਦੁਰਗਾ ਦਾਸ)

ਖਾਲਸਤਾਨ ਨੂੰ ਹਿੰਦੋਸਤਾਨ ਤੇ ਪਾਕਿਸਤਾਨ ਵਰਗੀ ਇਕ ਹੋਰ ਨੇਸ਼ਨ ਸਟੇਟ ਵਜੋਂ ਪੇਸ਼ ਕਰਨਾ ਨਾ ਸਿਰਫ ਗੁੰਮਰਾਹਕੁਨ ਹੈ ਬਲਕਿ 'ਗਰੀਬ-ਮਜ਼ਲੂਮ ਦੀ ਰਖਿਆ! ਜਰਵਾਣੇ ਦੀ ਭਖਿਆ!' ਦੇ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੇ ਹਾਮੀ ਕਲਿਆਣਕਾਰੀ ਹਲੇਮੀ ਰਾਜ ਦੇ ਸੰਕਲਪ ਨੂੰ ਨਕਾਰਨਾ ਹੈ। ਸਿਖਾਂ ਨੂੰ ਇਕ ਮਾਮੂਲੀ ਜਿਹੀ ਘਟ ਗਿਣਤੀ ਵਜੋਂ ਪੇਸ਼ ਕਰ ਕੇ ਤੇ 'ਖਾਲਸਤਾਨ' ਵਿਰੋਧੀ ਕੂੜ ਪ੍ਰਚਾਰ ਦਾ ਨਿਸ਼ਾਨਾ ਬਣਾ ਕੇ ਗੁਰਮਤਿ ਦੀ ਮਹਾਨ ਦੇਣ ਨੂੰ ਨਕਾਰਿਆ ਜਾ ਰਿਹਾ ਹੈ।

ਸਿਖ ਗੁਰੂ ਗ੍ਰੰਥ ਸਾਹਿਬ ਦੇ ਪੈਰੋਕਾਰ ਹਨ। ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ। ਉਹ ਕਦੀ ਵੀ ਗੁਰਮਤਿ ਤੋਂ ਬਾਹਰ ਨਹੀਂ ਜਾ ਸਕਦੇ। ਸਿਖਾਂ ਦਾ ਨਿਸ਼ਾਨਾ 'ਰਾਜ ਕਰੇਗਾ ਖਾਲਸਾ' ਹੈ। ਰਾਜ ਕਰੇਗਾ ਖਾਲਸਾ ਸਿਰਫ ਸਿਖਾਂ ਦੀ ਲੋੜ ਨਹੀਂ ਬਲਕਿ ਅਜੋਕੀ ਮਨੁਖਤਾ ਨੂੰ ਚੰਬੜੇ ਸਾਰੇ ਮਾਨਸਿਕ ਤੇ ਸਰੀਰਕ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਸਗਲ ਲੁਕਾਈ ਦੀ ਲੋੜ ਹੈ।

'ਰਾਜ ਕਰੇਗਾ ਖਾਲਸਾ' ਦਾ ਨਾਹਰਾ ਕਿਸੇ ਰੁਤਬੇ ਜਾਂ ਰਾਜ ਕਰਨ ਦੀ ਲਾਲਸਾ ਵਿਚੋਂ ਪੈਦਾ ਨਹੀਂ ਹੁੰਦਾ ਬਲਕਿ ਲੋਕਾਈ ਦੀ ਸੇਵਾ ਕਰਨ ਦੀ ਭਾਵਨਾ ਵਿਚੋਂ ਪੈਦਾ ਹੁੰਦਾ ਹੈ। ਆਪਿ ਮੁਕਤਿ ਮੁਕਤਿ ਕਰੈ ਸੰਸਾਰ॥ ਇਥੇ ਮੁਕਤੀ ਦਾ ਭਾਵ ਆਤਮਿਕ ਆਜ਼ਾਦੀ ਤੋਂ ਹੈ। ਸਿਰਫ ਪਦਾਰਥਕ ਲੋੜਾਂ ਤੋਂ ਮੁਕਤੀ ਨਹੀਂ ਬਲਕਿ ਮਨ ਤੇ ਤਨ ਦੋਹਾਂ ਦੀ ਮੁਕਤੀ ਹੈ।

ਗੁਰਮਤਿ ਦਾ ਫੁਰਮਾਨ ਹੈ — ਜਿਸ ਕਾ ਰਾਜ ਤਿਸੈ ਕਾ ਸੁਪਨਾ॥ ਜਿਸ ਹੀ ਕੀ ਸਿਰਕਾਰ ਤਿਸ ਹੀ ਕਾ ਸਭ ਕੋਇ॥ ਭਾਵ ਜੇ ਕਿਸੇ ਨੇ ਆਪਣੀ ਆਤਮਿਕ ਮਾਨਸਿਕ ਤੇ ਸਭਿਆਚਾਰਕ ਆਜ਼ਾਦੀ ਮਾਣਨ ਦੇ ਸੁਪਨੇ ਨੂੰ ਪੂਰਾ ਕਰਨਾ ਹੈ ਤਾਂ ਉਨ੍ਹਾਂ ਲਈ ਰਾਜ ਲੈਣਾ ਲਾਜ਼ਮੀ ਹੈ। ਇਹ ਗੱਲ ਇਸੇ ਰੂਪ ਵਿਚ ਮਾਰਕਸ ਨੇ ਕਹੀ ਹੈ ਕਿ ਜਿਸ ਜਮਾਤ ਦਾ ਰਾਜ ਹੁੰਦਾ ਹੈ, ਸਮਾਜ ਵਿਚ ਉਸੇ ਜਮਾਤ ਦਾ ਸਭਿਆਚਾਰ ਭਾਰੂ ਹੁੰਦਾ ਹੈ। ਖਾਲਸਾਈ ਸਭਿਆਚਾਰ ਭਾਰੂ ਕਰਨ ਲਈ ਸਿਖਾਂ ਨੂੰ ਖਾਲਸਾ ਰਾਜ ਦੀ ਲੋੜ ਹੈ।

ਮੋਦੀਕੇ ਹਿੰਦੋਸਤਾਨ ਵਿਚ ਮਨੂਵਾਦੀ ਬ੍ਰਾਹਮਣੀ ਮਤਿ ਦੇ ਆਧਾਰ ਉਤੇ ਸ਼ਰੇਆਮ ਹਿੰਦੂ ਰਾਸ਼ਟਰ ਬਣਾਉਣ ਦਾ ਐਲਾਨ ਕਰ ਰਹੇ ਹਨ। ਇਸਾਈਅਤ ਤੇ ਇਸਲਾਮ ਦੇ ਆਧਾਰ ਉਤੇ ਬੜੀਆਂ ਵਡੀਆਂ ਬਾਦਸ਼ਾਹੀਆਂ ਕਾਇਮ ਹੋਈਆਂ ਹਨ। ਮੌਜੂਦਾ ਪਛਮੀ ਤਰਜ਼ ਦੀ ਜਮਹੂਰੀਅਤ ਦਾ ਆਧਾਰ ਇਸਾਈਅਤ ਤੇ ਪਲੈਟੋ ਦੀ ਫਿਲਾਸਫੀ ਨੂੰ ਮੰਨਿਆ ਜਾਂਦਾ ਹੈ। ਪਿਛਲੀ ਸਦੀ ਵਿਚ ਮਾਰਕਸਵਾਦੀ ਵਿਚਾਰਧਾਰਾ ਦੇ ਆਧਾਰ ਉਤੇ ਲਗਪਗ ਅਧੀ ਦੁਨੀਆ ਵਿਚ ਸਮਾਜਵਾਦੀ ਸਮਾਜ ਸਿਰਜਣ ਦੇ ਯਤਨ ਕੀਤੇ ਗਏ, ਜਿਹੜੇ ਮਾਰਕਸਵਾਦੀ ਫਿਲਾਸਫੀ ਨੂੰ ਅਣਗੌਲਿਆ ਕਰਨ ਕਰਕੇ ਮਾਰਕਸ ਦਾ ਕਲਪਿਆ ਸਮਾਜਵਾਦੀ ਸਮਾਜ ਨਾ ਸਿਰਜ ਸਕੇ।

ਉਕਤ ਪ੍ਰਸੰਗ ਵਿਚ ਗੁਰਮਤਿ ਦਇਆ ਅਤੇ ਸੰਤੋਖ ਦੇ ਧਰਮ ਨੂੰ ਅਪਣਾ ਕੇ ਕੁਦਰਤ ਨਾਲ ਇਕਸੁਰਤਾ ਵਿਚ ਰਹਿੰਦਿਆਂ ਹੋਇਆਂ ਸਵੈਸੰਜਮੀ ਜ਼ਿੰਦਗੀ ਜਿਉਣ ਦੀ ਹਾਮੀ ਹੈ। ਗੁਰਮਤਿ ਅਨੁਸਾਰ ਮਨੁਖ ਦਾ ਆਪਣਾ ਸਰੀਰ ਹੀ ਉਸ ਦੀ ਅਸਲੀ ਰਾਸ ਪੂੰਜੀ ਹੈ ਤੇ ਸਰੀਰ ਵਿਚ ਸੁਭਾਇਮਾਨ ਉਸ ਦਾ ਆਪਣਾ ਮਨ ਹੀ ਸਰੀਰ ਦਾ ਰਾਜਾ ਹੈ। ਗੁਰਮਤਿ ਨਾਲ ਚੇਤੰਨ ਹੋਇਆ ਮਨੁਖ ਦਾ ਆਪਣਾ ਮਨ ਹਉਮੈ ਨਾਲ ਬਣੀ ਆਪਣੀ ਝੂਠੀ ਹੋਂਦ ਅਤੇ ਬੇਲੋੜੀਆਂ ਇਛਾਵਾਂ (ਤ੍ਰਿਸਨਾ) ਤੋਂ ਛੁਟਕਾਰਾ ਪਾ ਕੇ ਹੀ ਸਹਿਜ ਜ਼ਿੰਦਗੀ ਜੀਅ ਸਕਦਾ ਹੈ। ਇਹੀ ਮਨ ਅਤੇ ਤਨ ਦੀ ਮੁਕਤੀ ਹੈ। ਮਨੁਖੀ ਭੁਖ ਦੇ ਤਿੰਨ ਰੂਪ — ਤਨ ਦੀ ਭੁਖ (ਸੰਤੁਲਤ ਭੋਜਨ), ਜਿਸਮਾਨੀ ਭੁਖ (ਸਹਿਜ ਜਿਸਮਾਨੀ ਰਿਸ਼ਤਾ) ਅਤੇ ਆਤਮਿਕ ਭੁਖ (ਸਭਿਆਚਾਰਕ ਵਿਕਾਸ) ਸਿਰਫ ਤੇ ਸਿਰਫ ਸਹਿਜ ਕੁਦਰਤੀ ਵਿਕਾਸ ਵਿਚ ਹੀ ਪੂਰੇ ਹੋ ਸਕਦੇ ਹਨ, ਨਿਰੋਲ ਮੁਨਾਫੇ ਵਧਾਉਣ ਵਾਲੇ ਵਹਿਸ਼ੀ ਮਾਇਆਧਾਰੀ ਸਮਾਜ ਵਿਚ ਨਹੀਂ।

ਮਾਰਕਸ ਦਾ ਕਥਨ ਹੈ, "ਮਨੁਖੀ ਆਜ਼ਾਦੀ ਲਈ ਜ਼ਰੂਰੀ ਹੈ ਕਿ ਸਭਿਆ ਮਨੁਖ ਆਪਣੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਤੇ ਨਸਲ ਚਲਦੀ ਰਖਣ ਲਈ ਆਪਣੀਆਂ ਸਾਰੀਆਂ ਸਮਾਜੀ ਬਣਤਰਾਂ ਤੇ ਪੈਦਾਵਾਰੀ ਦੇ ਸਾਰੇ ਢੰਗਾਂ ਸਮੇਤ ਕੁਦਰਤ ਨਾਲ ਸਿਧਾ ਸੰਘਰਸ਼ ਕਰੇ, ਜਿਵੇਂ ਕਿ ਪਸ਼ੂ ਜਗਤ ਕਰਦਾ ਹੈ। ਪੂਰਨ ਆਜ਼ਾਦੀ ਸਿਰਫ ਪੈਦਾਵਾਰ ਨਾਲ ਜੁੜੇ ਤੇ ਸਮਾਜੀ ਹੋਏ ਮਨੁਖ ਨੂੰ ਹੀ ਮਿਲ ਸਕਦੀ ਹੈ, ਜਿਹੜਾ ਕੁਦਰਤ ਨਾਲ ਆਪਣੇ ਤਾਲਮੇਲ ਨੂੰ ਤਰਕਸੰਗਤ ਢੰਗ ਨਾਲ ਨਿਯਮਤ (ੑਇਗੁਲਅਟਇ) ਕਰਦਾ ਹੋਇਆ, ਕੁਦਰਤ ਦੀਆਂ ਗੈਬੀ ਸ਼ਕਤੀਆਂ ਅਗੇ ਲਿਫਣ ਦੀ ਬਜਾਇ ਉਨ੍ਹਾਂ ਨੂੰ ਸਾਂਝੇ ਜ਼ਬਤ ਹੇਠ ਲਿਆਵੇ ਤੇ ਇਸਦੀ ਪ੍ਰਾਪਤੀ ਮਨੁਖੀ ਸੁਭਾਅ ਦੇ ਅਨੁਕੂਲ ਘਟ ਤੋਂ ਘਟ ਸ਼ਕਤੀ ਖਰਚ ਕੇ ਕਰੇ।"

ਅਜੋਕਾ ਸਾਮਰਾਜੀ ਸੰਸਾਰ ਪ੍ਰਬੰਧ ਆਪਣੇ ਹੀ ਬੁਣੇ ਮਕੜਜਾਲ ਵਿਚ ਫਸ ਗਿਆ ਹੈ। ਇਸ ਵੇਲੇ ਸਰਬ-ਸਮਰਥ

*(ਬਾਕੀ ਅਗਲੇ ਸਫੇ 'ਤੇ)*

# ਬੇਪਰਦ ਹੋਣਾ, ਨਿਰਵਸਤਰ ਹੋਣਾ ਨਹੀਂ ਹੁੰਦਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਬੇਪਰਦ ਹੋਣਾ, ਨੰਗਾ ਹੋਣਾ ਨਹੀਂ ਹੁੰਦਾ ਅਤੇ ਨਾ ਹੀ ਨਿਰਵਸਤਰ ਹੋਣਾ ਹੁੰਦਾ। ਬੇਪਰਦ ਹੋਣਾ, ਕੁਝ ਹੋਰ ਹੁੰਦਾ ਜਿਹੜਾ ਨੰਗੇ ਹੋਣ ਨਾਲੋਂ ਜ਼ਿਆਦਾ ਬੁਰਾ ਹੁੰਦਾ। ਬੇਪਰਦ ਹੋਣਾ ਦਰਅਸਲ ਬੇਸ਼ਰਮ ਹੋਣਾ ਹੁੰਦਾ ਅਤੇ ਇਸ ਬੇਸ਼ਰਮੀ ਨੂੰ ਕਿਸੇ ਦੀ ਵਰਤੋਂ-ਵਿਵਹਾਰ ਵਿਚੋਂ ਦੇਖ ਸਕਦੇ ਜਾਂ ਬੋਲਚਾਲ ਵਿਚੋਂ ਵੀ ਨਜ਼ਰ ਆਉਂਦਾ।

ਬੇਪਰਦ ਤਾਂ ਅਸੀਂ ਆਪਣੇ ਬੋਲਾਂ ਨਾਲ ਵੀ ਹੁੰਦੇ ਕਿਉਂਕਿ ਸਾਡੇ ਬੋਲ ਹੀ ਹੁੰਦੇ ਜੋ ਸਾਨੂੰ ਮਨ-ਕਟਹਿਰੇ ਵਿਚ ਨੰਗਾ ਕਰਦੇ ਕਿ ਅਸੀਂ ਅੰਦਰੋਂ ਕੀ ਹਾਂ? ਸਾਡਾ ਅੰਤਰੀਵ ਕਿੰਨੀ ਕਮੀਨਗੀ ਅਤੇ ਕਰੂਰਤਾ ਨਾਲ ਭਰਿਆ ਹੋਇਆ ਅਤੇ ਅਸੀਂ ਐਵੇਂ ਹੀ ਆਪਣੇ ਬੋਲਾਂ ਨਾਲ ਖ਼ੁਦ ਨੂੰ ਦੁੱਧ ਧੋਤਾ ਸਾਬਤ ਕਰਨ ਵਿਚ ਗਵਾਚੇ ਹੋਏ ਹਾਂ।

ਬੇਪਰਦ ਤਾਂ ਬੰਦਾ ਹੋ ਹੀ ਜਾਂਦਾ ਜਦ ਉਸਦੇ ਕੋਹਝੇ ਕੰਮਾਂ ਵਿਚੋਂ ਖ਼ੁਦਗਰਜ਼ੀ ਅਤੇ ਨਿੱਜ ਦੀ ਬੋਅ ਆਉਂਦੀ। ਸੋਚ ਵਿਚੋਂ ਸਰਬੱਤ ਦੇ ਭਲੇ ਦੀ ਮਹਿਕ ਦਾ ਅਲੋਪ ਹੋ ਜਾਣਾ ਹੀ ਬੇਪਰਦਗੀ ਦਾ ਪ੍ਰਮਾਣ ਹੁੰਦਾ। ਬੇਪਰਦਤਾ ਤਾਂ ਬੰਦੇ ਦੇ ਦੀਦਿਆਂ ਵਿਚੋਂ ਨਜ਼ਰ ਆ ਜਾਂਦੀ ਜਦ ਉਸਦੇ ਦੀਦਿਆਂ ਵਿਚ ਕਿਸੇ ਔਰਤ ਨੂੰ ਦੇਖ ਕੇ ਨੰਗੇਜ਼ ਝਾਤੀਆਂ ਮਾਰਦਾ। ਮੈਲੀ ਨਜ਼ਰ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਪਲੀਤ ਕਰ ਜਾਂਦੀ ਅਤੇ ਬੰਦਾ ਖ਼ੁਦ ਹੀ ਆਪਣੀਆਂ ਨਜ਼ਰਾਂ ਵਿਚੋਂ ਡਿੱਗ ਪੈਂਦਾ।

ਸਭ ਤੋਂ ਮਾੜਾ ਹੁੰਦਾ ਏ ਕਿਸੇ ਬਾਪ ਦਾ ਬੇਪਰਦ ਹੋਣਾ ਜਦ ਉਹ ਆਪਣੀ ਧੀ 'ਤੇ ਮਾੜੀ ਨਜ਼ਰ ਰੱਖਣ ਲੱਗ ਪਵੇ। ਆਪਣੀ ਜੰਮੀ ਜਾਈ ਦਾ ਸਰੀਰਕ ਸ਼ੋਸ਼ਣ ਕਰਦਾ, ਕਈ ਵਾਰ ਤਾਂ ਗਰਭਵਤੀ ਕਰ, ਉਸਦੀ ਅਜ਼ਮਤ ਨੂੰ ਲੀਰਾਂ ਕਰਦਾ। ਅਜੇਹੀ ਬੇਪਰਦਗੀ ਨੂੰ ਦੇਖ ਕੇ ਤਾਂ ਬੇਪਰਦ ਸ਼ਬਦ ਵੀ ਸਿਸਕਣ ਲੱਗ ਪੈਂਦਾ। ਜਦ ਕੋਈ ਭਰਾ ਆਪਣੀ ਭੈਣ ਨੂੰ ਹੀ ਮਹਿਬੂਬਾ ਬਣਾ ਲਵੇ ਤਾਂ ਬੇਪਰਦ ਲਫ਼ਜ਼ ਵੀ ਬਹੁਤ ਛੋਟਾ ਹੋ ਜਾਂਦਾ। ਅਜੇਹੇ ਲੋਕ ਆਪਣੇ ਅੰਦਰਲੇ ਨੰਗੇਜ਼ ਨੂੰ ਆਪਣੀ ਰੂਹ ਦੇ ਸਨਮੁੱਖ ਕਰਦਿਆਂ ਵੀ ਸ਼ਰਮਸ਼ਾਰ ਨਾ ਹੋਣ ਤਾਂ ਸਮੇਂ ਦੀ ਹਿੱਕ ਧੁਖਣ ਲੱਗਦੀ।

ਅਕਸਰ ਹੀ ਵੱਡੇ ਰੁਤਬਿਆਂ ਵਾਲੇ ਬੇਪਰਦ ਹੋ ਹੀ ਜਾਂਦੇ ਜਦ ਉਹ ਆਪਣੇ ਬਾਪ ਨੂੰ ਆਪਣੇ ਹਮਰੁਤਬੇ ਵਾਲਿਆਂ ਸਾਹਵੇਂ ਬਾਪ ਕਹਿਣ ਤੋਂ ਹੀ ਮੁਨਕਰ ਹੋ ਜਾਂਦੇ। ਮਾਪਿਆਂ ਲਈ ਬਹੁਮੰਜ਼ਲੀ ਕੋਠੀ ਵਿਚ ਕੋਈ ਥਾਂ ਨਹੀਂ ਹੁੰਦੀ। ਉਨ੍ਹਾਂ ਨੂੰ ਜਾਂ ਤਾਂ ਪਿੰਡ ਦੇ ਪੁਰਾਣੇ ਘਰ ਵਿਚ ਹੀ ਰਹਿਣ ਲਈ ਮਜਬੂਰ ਕਰ ਦਿਤਾ ਜਾਂਦਾ ਜਾਂ ਕੋਠੀ ਦੇ ਪਿਛਵਾੜੇ ਵਿਚ ਨੌਕਰਾਂ ਵਰਗਾ ਜੀਵਨ ਜਿਉਣਾ ਪੈਂਦਾ।

ਉਹ ਲੋਕ ਅਕਸਰ ਹੀ ਬੇਪਰਦ ਹੋ ਜਾਂਦੇ ਜਿਹੜੇ ਜਿਉਂਦੇ-ਜੀਅ ਆਪਣੇ ਪਿਆਰਿਆਂ ਦੀ ਦੇਖ-ਭਾਲ ਕਰਨ ਤੋਂ ਟਾਲਾ ਵੱਟਦੇ ਜਾਂ ਆਪਣੇ ਬਜ਼ੁਰਗਾਂ ਨੂੰ ਘਰੋਂ ਬਾਹਰ ਕੱਢ ਕੇ ਜਿੰਦਰਾ ਲਾ ਦਿੰਦੇ ਅਤੇ ਕਈ ਵਾਰ ਮਾਪਿਆਂ ਨੂੰ ਸਿਰ

ਲੁਕਾਉਣ ਲਈ ਵੀ ਦਰ ਦਰ ਠੋਕਰਾਂ ਖਾਣੀਆਂ ਪੈਂਦੀਆਂ।

ਮਨ ਦੀ ਬੇਪਰਦਾਦਾਰੀ ਵੀ ਕੇਹੀ ਹੁੰਦੀ ਕਿ ਇਕ ਹੀ ਕੁੱਖੋਂ ਜਾਏ ਖ਼ੂਨ ਦੇ ਪਿਆਸੇ ਹੋ ਜਾਂਦੇ। ਖੇਤਾਂ ਵਿਚ ਵੱਟਾਂ ਦੀ ਬਜਾਏ ਕਬਰਾਂ ਉਗਦੀਆਂ। ਘਰ ਦੀ ਵੰਡ-ਵੰਡਾਈ ਵਿਚ ਆਪਣਿਆਂ ਦੀ ਹਿੱਕ 'ਤੇ ਖ਼ੰਜਰ ਨਾਲ ਲੀਕਾਂ ਵਾਹੀਆਂ

ਜਾਂਦੀਆਂ। ਜਦ ਵਿਹੜੇ ਦਾ ਦਰਦ ਘਰ ਦੀ ਫਿਜ਼ਾ ਨੂੰ ਆਪਣੀ ਜਕੜ ਵਿਚ ਲੈ ਲਵੇ ਤਾਂ ਸਮਝੋ ਕਿ ਘਰ ਦੇ ਵਾਸੀਆਂ ਦਾ ਨੰਗੇਜ਼ ਜੱਗ-ਜ਼ਾਹਰ ਹੋ ਰਿਹਾ। ਇਸ ਬੇਪਰਦਗੀ ਵਿਚ ਘਰ ਧੁਖਦਾ ਅਤੇ ਇਸਦੇ ਸੇਕ ਵਿਚ ਘਰ, ਕਮਰੇ ਤੇ ਕੰਧਾਂ ਰਾਖ਼ ਹੋ ਜਾਂਦੇ ਅਤੇ ਧੂੰਏਂ ਵਿਚ ਘਰ ਵਾਲੇ ਧੁਆਂਖੇ ਜਾਂਦੇ।

ਕਬੀਲਿਆਂ ਵਿਚ ਰਹਿੰਦੇ ਆਦਿ-ਵਾਸੀ ਨੰਗੇ ਤਾਂ ਹੁੰਦੇ ਪਰ ਉਹ ਬੇਪਰਦ ਨਹੀਂ ਹੁੰਦੇ। ਉਨ੍ਹਾਂ ਦੀਆਂ ਸੋਚਾਂ ਵਿਚ ਮਹੀਨ ਪਰਦੇ ਹੁੰਦੇ ਜਿਸ ਕਰਕੇ ਉਨ੍ਹਾਂ ਨੂੰ ਆਪਣੀਆਂ ਮਾਵਾਂ, ਧੀਆਂ ਜਾਂ ਭੈਣਾਂ ਦਾ ਨੰਗੇਜ਼ ਵੀ ਨਹੀਂ ਦਿਖਾਈ ਦਿੰਦਾ। ਇਹ ਮਹੀਨ ਪਰਦਾਦਾਰੀ ਕਾਰਨ ਹੀ ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਸੰਬੰਧਾਂ ਦੀ ਸ਼ੁੱਧਤਾ ਸਦਾ ਬਰਕਰਾਰ ਰਹਿੰਦੀ। ਕਬੀਲਿਆਂ ਵਿਚ ਭਾਵੇਂ ਕੋਈ ਸਰਕਾਰੀ ਕਾਨੂੰਨ ਨਹੀਂ ਲਾਗੂ ਹੁੰਦਾ ਪਰ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਹੀ ਉਨ੍ਹਾਂ ਨੂੰ ਬੇਪਰਦ ਹੋਣ ਤੋਂ ਹੋੜੀ ਰੱਖਦੀਆਂ। ਉਹ ਨਿਰਵਸਤਰ ਹੁੰਦਿਆਂ ਵੀ ਨਰੋਈ ਰਹਿਤਲ ਦੇ ਹਾਣੀ ਅਤੇ ਪਾਕ ਜੀਵਨ-ਜਾਚ ਦਾ ਬਿੰਬ ਹੁੰਦੇ।

ਉਹ ਲੋਕ ਬੜੀ ਜਲਦੀ ਬੇਪਰਦ ਹੋ ਜਾਂਦੇ ਜਿਹੜੇ ਥੋੜ੍ਹੀ ਜਹੀ ਸ਼ੁਹਰਤ ਨਾਲ ਹੀ ਪੈਰਾਂ ਹੇਠਲੀ ਜ਼ਮੀਂ ਛੱਡ ਦਿੰਦੇ। ਜਦ ਜ਼ਮੀਨ 'ਤੇ ਪੈਰ ਨਹੀਂ ਹੁੰਦੇ ਤਾਂ ਉਨ੍ਹਾਂ ਦੀ ਆਉਧ ਹਵਾ ਵਿਚ ਲਟਕਦੇ ਉਸ ਸੁੱਕੇ ਪੱਤੇ ਵਰਗੀ ਹੁੰਦੀ ਜਿਸਦੀ ਕੋਈ ਵੀ ਠਾਹਰ ਜਾਂ ਟਿਕਾਣਾ ਨਹੀਂ ਹੁੰਦਾ। ਅਜੇਹਾ ਵਰਤਾਰਾ ਉਨ੍ਹਾਂ ਦੀ ਮਾਨਸਿਕ ਕੰਗਾਲੀ ਨੂੰ ਬੇਪਰਦ ਕਰਕੇ, ਮਾਨਸਿਕ ਗਰੀਬੀ ਨੂੰ ਸੰਸਾਰ ਸਾਹਮਣੇ ਪ੍ਰਗਟ ਕਰਦਾ।

ਕੁਝ ਲੋਕ ਸ਼ਰਾਫਤ ਦਾ ਮਖੌਟਾ ਪਾ ਕੇ ਸਮਾਜ ਵਿਚ ਵਿਚਰਦੇ ਅਤੇ ਜਦ ਇਨ੍ਹਾਂ ਦੀਆਂ ਕਰਤੂਤਾਂ ਦਾ ਕੱਚਾ ਚਿੱਠਾ ਖੁੱਲ੍ਹਦਾ ਤਾਂ ਇਸ ਬੇਪਰਦਗੀ ਕਾਰਨ ਉਨ੍ਹਾਂ ਦੀ ਸ਼ਰਾਫਤ ਲੀਰਾਂ ਲੀਰਾਂ ਹੋ ਜਾਂਦੀ। ਬੇਪਰਦਗੀ ਤੋਂ ਉਹ ਵਿਅਕਤੀ ਕਿੰਝ ਬਚ ਸਕਦਾ ਜਿਹੜਾ ਆਪਣੇ ਆਪ ਨੂੰ ਬਹੁਤ ਇਮਾਨਦਰ ਦੱਸਦਾ, ਇਮਾਨਦਾਰੀ ਦੀਆਂ ਡੀਂਗਾਂ ਮਾਰਦਾ। ਪਰ ਜਦ ਉਸ ਵਲੋਂ ਕੀਤੀ ਗਈ ਕਾਲੀ ਕਮਾਈ ਜਾਂ ਰਿਸ਼ਵਤ ਨਾਲ ਉਸਾਰੀ ਸਲਤਨਤ ਦਾ ਪਤਾ ਲੱਗਦਾ ਤਾਂ ਉਹ ਆਪਣੇ ਆਪ ਤੋਂ ਬੇਪਰਦ ਹੋ, ਜੇਲ੍ਹ ਜਾਣ ਤੋਂ ਡਰਦਾ ਰੂਪੋਸ਼ ਹੀ ਹੋ ਜਾਂਦਾ।

ਕਠੂਆ ਰੇਪ ਕਾਂਡ ਵਿਚ ਨਿੱਕੀ ਜਹੀ ਬੱਚੀ ਬੇਪਰਦ ਨਹੀਂ ਸੀ ਹੋਈ ਸਗੋਂ ਉਹ ਬੇਪਰਦ ਹੋਏ ਸਨ ਜਿਨ੍ਹਾਂ ਦੇ ਜ਼ਿੰਮੇ ਬੱਚੀ ਦੀ ਇਜ਼ਤ ਨੂੰ ਮਹਿਫੂਜ਼ ਰੱਖਣ ਦੀ ਜ਼ਿੰਮੇਵਾਰੀ ਸੀ। ਪੁਜਾਰੀ ਬੇਪਰਦ ਹੋਇਆ ਸੀ ਜਿਸਦਾ ਪਹਿਨਿਆ ਧਾਰਮਿਕ ਮਖੌਟਾ ਮੂੰਹ ਤੋਂ ਲਹਿ, ਉਸਦੇ ਮੂੰਹ 'ਤੇ ਸ਼ਰਮਸ਼ਾਰੀ ਚਿਪਕਾ ਗਿਆ ਸੀ। ਬਲਕਾਨੋ ਤਾਂ ਰੇਪ ਹੋਣ ਤੋਂ ਬਾਅਦ ਵੀ ਬੇਪਰਦ ਨਹੀਂ ਸੀ ਹੋਈ ਸਗੋਂ ਉਹ ਲੋਕ ਅਤੇ ਸਰਕਾਰੀ ਤੰਤਰ ਬੇਪਰਦ ਹੋਇਆ ਸੀ ਜਿਸਦੀ ਰਹਿਨੁਮਾਈ ਵਿਚ ਇਹ ਘਿਨਾਉਣਾ ਕਾਂਡ ਹੋਇਆ ਅਤੇ ਫਿਰ ਉਨ੍ਹਾਂ ਨੂੰ ਮੁਆਫ਼ੀ ਵੀ ਦਿਵਾਈ ਗਈ। ਜਦ ਕਿਸੇ ਡੇਰੇ ਦਾ ਮੱਖੀ ਸਾਧਵੀਆਂ ਦਾ ਰੇਪ ਕਰਨ ਦੇ ਮਾਮਲੇ ਵਿਚ ਉਮਰ ਕੈਦ ਕੱਟਦਿਆਂ ਵੀ ਸ਼ਰਧਾਲੂਆਂ ਦਾ ਗੁਰੂ ਬਣਿਆ ਰਹੇ ਤਾਂ ਬੇਪਰਦ ਉਹ ਸ਼ਰਧਾਲੂ ਹੁੰਦੇ ਜਿਨ੍ਹਾਂ ਦੀ ਸੋਚ ਮਰ ਗਈ ਹੋਵੇ, ਜਿਨ੍ਹਾਂ ਦੀ ਚੇਤਨਾ ਕਬਰ ਵਿਚ ਦੱਬੀ ਗਈ ਹੋਵੇ ਅਤੇ ਜਿਨ੍ਹਾਂ ਦੀ ਜ਼ਮੀਰ ਜਾਗੀ ਨਾ ਹੋਵੇ। ਪਰ ਸਭ ਤੋਂ ਭਿਆਨਕ ਬੇਪਰਦਗੀ ਉਸ ਡੇਰੇਦਾਰ ਦੀ ਹੈ ਜੋ ਸਜ਼ਾ-ਯਾਫ਼ਤਾ ਹੁੰਦਿਆਂ ਵੀ ਖੁਦ ਨੂੰ ਦੁੱਧ ਧੋਤਾ ਸਮਝਦਾ ਹੈ।

ਜਦ ਕੌਰਵ-ਸਭਾ ਵਿਚ ਦਰੋਪਦੀ ਨੂੰ ਬੇਪਰਦ ਕੀਤਾ ਜਾਂਦਾ ਹੈ ਤਾਂ ਦਰੋਪਦੀ ਨਿਰਵਸਤਰ ਨਹੀਂ ਹੁੰਦੀ ਸਗੋਂ ਕੌਰਵਾਂ ਦੀ ਮਾਨਸਿਕਤਾ ਬੇਪਰਦ ਹੁੰਦੀ ਕਿ ਕਿਵੇਂ ਧੋਖੇ ਨਾਲ ਪਾਂਡਵਾਂ ਦਾ ਰਾਜ ਵੀ ਲੁੱਟਿਆ ਜਾ ਸਕਦਾ ਅਤੇ ਦਰੋਪਦੀ ਨੂੰ ਜੂਏ ਵਿਚ ਜਿੱਤ ਕੇ ਉਸਨੂੰ ਨਿਰਵਸਤਰ ਕਰਨ ਲਈ ਕੋਹਝੀ ਚਾਲ ਚੱਲੀ ਜਾ ਸਕਦੀ। ਇਹ ਕੌਰਵਾਂ ਦੇ ਮਨ ਵਿਚ ਬੈਠੇ ਕਪਟ ਦੀ ਨਿਸ਼ਾਨਦੇਹੀ ਕਰਨ ਲਈ ਕਾਫ਼ੀ ਸੀ। ਇਸ ਨਾਲ ਇਹ ਵੀ ਜੱਗ-ਜ਼ਾਹਰ ਹੋ ਗਿਆ ਕਿ ਰਾਜ ਦਰਬਾਰਾਂ ਵਿਚ ਕੇਹੀਆਂ ਚਾਲਾਂ ਚੱਲੀਆਂ ਜਾਂਦੀਆਂ ਨੇ ਅਤੇ ਇਸ ਨਾਲ ਕਿਹੜੇ ਕਮੀਨੇ ਮਕਸਦਾਂ ਦੀ ਪੂਰਤੀ ਕੀਤੀ ਜਾਂਦੀ?

ਕੁਝ ਲੋਕ ਅਕਸਰ ਹੀ ਅਚੇਤ ਰੂਪ ਵਿਚ ਬੇਪਰਦ ਹੋ ਜਾਂਦੇ ਜਦ ਉਨ੍ਹਾਂ ਦਾ ਅਦ੍ਰਿਸ਼ਟ ਰੂਪ ਸਭ ਦੇ ਸਾਹਮਣੇ ਆ ਜਾਂਦਾ ਜਿਹੜਾ ਉਹ ਦੁਨੀਆਂ ਕੋਲੋਂ ਲਕੋਂਦੇ ਖ਼ੁਦ ਨੂੰ ਪਾਕੀਜ਼ ਹੋਣ ਦਾ ਭਰਮ ਪਾਲਦੇ। ਉਹ ਕਲਮ ਬਹੁਤ ਜਲਦੀ ਬੇਪਰਦ ਹੋ ਜਾਂਦੀ ਜਿਹੜੀ ਆਪਣੀ ਲਿਖਤ ਵਿਚੋਂ ਚਸਕੇ ਲੈਣ ਲੱਗਦੀ। ਸਰੀਰਕ ਗੁਲਾਈਆਂ ਮਿਣਨ ਵਿਚ ਰੁੱਝੀ ਹੋਈ ਕਲਮ ਵਿਚ ਕਲਮਕਾਰ ਦੀ ਗਲੀਜ਼ਤਾ ਪ੍ਰਗਟ ਹੁੰਦੀ। ਜਦ ਸਾਇਸਤਗੀ ਗਵਾਚ ਜਾਵੇ ਤਾਂ ਸਿਰਫ਼ ਕਰੂਪਤਾ ਹੀ ਬਾਕੀ ਰਹਿ ਜਾਂਦੀ ਅਤੇ ਕਰੂਪਤਾ ਵਿਚੋਂ ਤਾਂ ਕਰੂਰ ਚਿਹਰੇ ਨਜ਼ਰ ਆਉਣਗੇ।

ਬੇਪਰਦ ਉਹ ਲੋਕ ਹੋ ਹੀ ਜਾਂਦੇ ਜੋ ਪਤਨੀਆਂ ਤੇ ਦੁਰਾਚਾਰੀ ਹੋਣ ਦਾ ਦੋਸ਼ ਲਾ ਕੇ ਆਪ ਵੇਸਵਾਘਰਾਂ ਵਿਚ ਰੰਗ-ਰਲੀਆਂ ਮਾਣਦੇ। ਜਿਹੜੇ ਨੌਕਰੀ ਪ੍ਰਾਪਤੀ ਜਾਂ ਕਿਸੇ ਉਚੇ ਅਹੁਦੇ ਦੀ ਲਾਲਸਾ ਖ਼ਾਤਰ ਆਪਣੀ ਹੀ ਪਤਨੀ ਨੂੰ ਆਪਣੇ ਬੌਸ ਸਾਹਮਣੇ ਪਰੋਸਦੇ। ਨਿੱਕੇ ਨਿੱਕੇ ਲਾਲਚਾਂ ਜਾਂ ਲਾਭਾਂ ਲਈ ਆਪਣੀ ਜ਼ਮੀਰ ਦੀ ਬੋਲੀ ਲਾਉਣ ਵਾਲਿਆਂ ਨੂੰ ਕੀ ਕਹੋਗੇ ਜੋ ਸਾਰੀ ਉਮਰ ਜ਼ਮੀਰ ਨੂੰ ਜਾਗਦੀ ਰੱਖਣ ਦਾ ਹੋਕਰਾ ਲਾਉਂਦੇ ਰਹੇ।

ਬੰਦਾ ਬਹੁਤ ਜਲਦ ਬੇਪਰਦ ਜਾਂ ਆਪਣੀ ਔਕਾਤ ਦਿਖਾ ਹੀ ਜਾਂਦਾ ਜਦ ਉਸ ਸਾਹਵੇਂ ਕੁਝ ਕੁ ਛਿੱਲੜਾਂ ਦੀ ਬੁਰਕੀ ਪਾਈ ਜਾਂਦੀ ਜਾਂ ਰੰਗੀਨ ਰਾਤ ਦਾ ਲਾਰਾ ਲਾਇਆ ਜਾਂਦਾ। ਇਸ ਬੇਪਰਦਾਦਾਰੀ ਵਿਚ ਬੇਨਕਾਬ ਹੋ ਜਾਂਦੀਆਂ ਚੱਲੀਆਂ ਚਾਲਾਂ, ਅੰਦਰਖ਼ਾਤੇ ਕੀਤੀਆਂ ਦਖ਼ਲਅੰਦਾਜ਼ੀਆਂ, ਹੇਰਾਫੇਰੀਆਂ। ਫਿਰ ਝੁਕੀਆਂ ਅੱਖਾਂ ਵਿਚੋਂ ਤੁਸੀਂ ਉਸਦੀ ਬਦਨੀਤੀ ਨੂੰ ਪੜ੍ਹਦਿਆਂ, ਉਸਦੇ ਬਣੇ ਹੋਏ ਬਿੰਬ ਨੂੰ ਹੱਥੀਂ ਹੀ ਟੁਕੜੇ ਟੁਕੜੇ ਕਰ ਕਦ ਦਿੰਦੇ।

ਉਸ ਬੇਪਰਦਗੀ ਨੂੰ ਬੰਦਾ ਕੀ ਕਹੇ ਜਦ ਕਿਸੇ ਦਾ ਝੂਠ ਜੱਗ-ਜ਼ਾਹਰ ਹੁੰਦਾ। ਮਾਰੀਆਂ ਫੜ੍ਹਾਂ ਦਾ ਸੱਚ ਜਲਦੀ ਹੀ ਉਜਾਗਰ ਹੋ ਜਾਂਦਾ। ਸਾਰੀ ਉਮਰ ਆਪਣੇ ਹੱਕਾਂ ਲਈ ਜਦੋ-ਜਹਿਦ ਕਰਨ ਦਾ ਟਾਹਰ ਮਾਰਨ ਵਾਲਿਆਂ ਦੀਆਂ

ਚੁੱਪ ਹੋ ਜਾਂਦੀਆਂ ਨੇ ਫੋਕੀਆਂ ਤਕਰੀਰਾਂ ਅਤੇ ਧੜੱਲੇਦਾਰ ਅੰਦੋਲਨ ਚਲਾਉਣ ਦੀਆਂ ਚਾਲਾਂ ਜਦ ਉਨ੍ਹਾਂ ਨੂੰ ਬੁਰਕੀ ਪੈ ਜਾਂਦੀ। ਜਦ ਕੋਈ ਹਾਕਮ ਝੂਠ ਅਤੇ ਫਰੇਬ ਦੇ ਪਾਵਿਆਂ ਨਾਲ ਆਪਣੀ ਕੁਰਸੀ ਦੀ ਸਲਾਮਤੀ ਦਾ ਪਾਠ ਹਰੇਕ ਨੂੰ ਰਟਾਉਣ ਲੱਗ ਪਵੇ ਤਾਂ ਝੂਠ ਨੂੰ ਬਹੁਤਾ ਚਿਰ ਛੁਪਾਉਣਾ ਬਹੁਤ ਔਖਾ ਹੁੰਦਾ। ਯਾਦ ਰੱਖਣਾ! ਸੱਚ ਨੂੰ ਪਰਦੇਦਾਰੀ ਦੀ ਲੋੜ ਨਹੀਂ ਹੁੰਦੀ ਪਰ ਝੂਠ ਕਈ ਪਰਦਿਆਂ ਵਿਚ ਲੁਕੋਇਆਂ ਵੀ ਆਖਰ ਨੂੰ ਜੱਗ-ਜ਼ਾਹਰ ਹੋ ਹੀ ਜਾਂਦਾ।

ਜਦ ਖੇਤਾਂ ਵਿਚ ਕਬਰਾਂ ਉਗਣ ਲੱਗ ਪੈਣ, ਘਰ ਵਿਚ ਸਿਵਿਆਂ ਦਾ ਸੇਕ ਆਉਣ ਲੱਗ ਪਵੇ ਅਤੇ ਅੱਖਾਂ ਵਿਚ ਸੁੱਕੇ ਹੰਝੂਆਂ ਨੂੰ ਆਪਣੀ ਮੌਤੇ ਮਰਨ ਦਾ ਸਰਾਪ ਹੰਢਾਉਣਾ ਪਵੇ ਤਾਂ ਖ਼ੂਨ ਦੇ ਰਿਸ਼ਤਿਆਂ ਦੀ ਬੇਪਰਦਗੀ ਸਮਾਜ ਨੂੰ ਸ਼ਰਮਸ਼ਾਰ ਕਰ ਜਾਂਦੀ। ਘਰ ਧਾਹੀਂ ਰੋਂਦਾ ਅਤੇ ਖੇਤ ਦੀ ਵਿਲਕਣੀ ਸਮੁੱਚੀ ਫਿਜ਼ਾ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ।

ਬੇਪਰਦ ਹੋਣਾ, ਬੇਸ਼ਰਮ ਹੋਣਾ ਹੁੰਦਾ, ਢੀਠ ਹੋਣਾ ਜਾਂ ਫਰੇਬੀ ਹੋਣਾ ਹੁੰਦਾ। ਉਹ ਬੇਸ਼ਰਮੀਆਂ ਵਿਚੋਂ ਵੀ ਆਪਣਾ ਨਫ਼ਾ-ਨੁਕਸਾਨ ਭਾਲਦੇ। ਬੇਲਿਹਾਜ਼ਤਾ, ਬਦਨੀਤੀ, ਬੇਗਾਨਗੀ ਅਤੇ ਬਦਇਖ਼ਲਾਕ ਹੋਣਾ ਵੀ ਬੇਪਰਦ ਹੋਣਾ ਹੁੰਦਾ। ਕਈ ਵਾਰ ਸੂਟਡ ਬੂਟਡ ਲੋਕ ਨਿਰਵਸਤਰ ਨਾ ਹੁੰਦਿਆਂ ਵੀ ਬਹੁਤ ਨੰਗੇ ਹੁੰਦੇ ਕਿਉਂਕਿ ਉਨ੍ਹਾਂ ਦਾ ਕਿਰਦਾਰ, ਅਚਾਰ ਅਤੇ ਵਿਵਹਾਰ ਉਨ੍ਹਾਂ ਦੇ ਨੰਗੇਜ਼ ਦਾ ਕਾਰਨ ਹੁੰਦਾ।

ਘਰਾਂ ਵਿਚ ਮੋਟੇ ਪਰਦਿਆਂ ਵਿਚ ਰਹਿਣ ਵਾਲੇ ਲੋਕ ਬਹੁਤੀ ਵਾਰ ਬੇਪਰਦ ਹੀ ਹੁੰਦੇ ਕਿਉਂਕਿ ਕਮਰੇ ਦੀ ਹਿੱਚਕੀ ਅਤੇ ਹਵਾ ਵਿਚ ਪੈਦਾ ਹੋਈ ਸਿਸਕੀ, ਪਰਦਿਆਂ ਨੂੰ ਚੀਰ ਕੇ ਸਾਰੀ ਦੁਨੀਆਂ ਵਿਚ ਬਹੁਤ ਜਲਦੀ ਹੀ ਫੈਲ਼ ਜਾਂਦੀ।

ਬੇਪਰਦ ਦਾ ਇਹ ਕੇਹਾ ਆਲਮ ਕਿ ਇਸ ਹਮਾਮ ਵਿਚ ਸਾਰੇ ਹੀ ਨੰਗੇ। ਕੁਝ ਘੱਟ ਨੰਗੇ ਅਤੇ ਕੁਝ ਬਹੁਤ ਜ਼ਿਆਦਾ ਨੰਗੇ। ਕੁਝ ਕੁ ਲੋਕ ਹੀ ਬਚੇ ਹੋਣਗੇ ਜਿਨ੍ਹਾਂ ਨੂੰ ਪਰਦਾਦਾਰੀ ਦੀ ਲੋੜ ਨਹੀਂ ਹੁੰਦੀ ਕਿਉਂਕਿ ਉਹ ਨਿਰਵਸਤਰ ਹੁੰਦਿਆਂ ਨੂੰ ਆਪਣੀ ਤਰਬੀਅਤ ਸਦਕਾ ਪੂਰਨ ਰੂਪ ਵਿਚ ਢੱਕੇ ਹੁੰਦੇ।

ਸੱਜਣ ਜੀ
ਬੇਪਰਦ ਹੋਣਾ
ਸੱਭ ਨੂੰ ਬਹੁਤ ਹੀ ਅੱਖਰਦਾ
ਕਿਉਂਕਿ ਬੇਪਰਦ ਹੁੰਦਿਆਂ
ਉਹ ਸੱਚ ਦੇ ਰੂਬਰੂ ਹੋਣਾ ਹੁੰਦਾ
ਜਿਹੜਾ ਅਸੀਂ ਖ਼ੁਦ ਤੋਂ ਹੀ ਲਕੋਂਦੇ
ਦਰਅਸਲ ਬੇਪਰਦ ਹੋਣਾ
ਸੱਚ ਦਾ ਉਜਾਗਰ ਹੋਣਾ ਹੁੰਦਾ
ਅਤੇ ਉਹ ਸੱਚ ਸੁਣਨਾ ਬਹੁਤ ਔਖਾ
ਜਿਹੜਾ ਸਾਡੀ ਅੰਦਰਲੀ ਕਾਲਖ਼ ਹੁੰਦਾ।
ਸੱਚੇ ਹੋਵੋਗੇ
ਤਾਂ ਡਰਨ ਦੀ ਲੋੜ ਨਹੀਂ ਰਹੇਗਾ।
ਸੱਜਣਾ!
ਹਮੇਸ਼ਾ ਪਰਦਾਦਾਰੀ ਤੋਂ ਪ੍ਰਹੇਜ਼ ਕਰੀਂ
ਚੰਗਾ ਲੱਗਦਾ ਹੈ ਮੈਨੂੰ
ਤੇਰਾ ਬੇਪਰਦ ਸਰੂਪ।

ਸਾਹਵੇਂ ਭਾਵੇਂ ਪਰਦਾਦਾਰੀ ਕਰੋ ਪਰ ਆਪਣੇ ਅੰਤਰੀਵ ਸਾਹਵੇਂ ਤਾਂ ਹਮੇਸ਼ਾ ਬੇਪਰਦ ਹੀ ਰਹੋਗੇ। ਇਸ ਲਈ ਆਪਣੇ ਸਾਹਵੇਂ ਆਪਣੀਆਂ ਅੱਖਾਂ ਨੀਵੀਆਂ ਕਰਨ ਜਾਂ ਆਪਣੀ ਨਮੋਸ਼ੀ ਨੂੰ ਹੰਢਾਉਣ ਤੋਂ ਬਿਹਤਰ ਤਾਂ ਇਹੀ ਆ ਕਿ ਪਰਦਾਦਾਰੀ ਦੀ ਨੌਬਤ ਹੀ ਨਾ ਆਉਣ ਦਿਓ। ਜਦ ਬੰਦਾ ਰੂਹ ਦੀ ਪਾਕੀਜ਼ਗੀ ਦਾ ਬਿੰਬ ਬਣ ਜਾਂਦਾ ਤਾਂ ਉਹ ਕਦੇ ਵੀ ਬੇਪਰਦ ਨਹੀਂ ਹੁੰਦਾ।

ਚੰਨ ਸਦਾ ਨੰਗਾ ਹੁੰਦਾ ਅਤੇ ਝੀਲ ਵਿਚ ਤਾਰੀਆਂ ਲਾਉਂਦਿਆਂ, ਪਿਆਰੀ ਗੁਫ਼ਤਗੂ ਨਾਲ ਰਾਤ ਨੂੰ ਰੰਗੀਨ ਕਰਦਾ। ਚੰਨ ਅਤੇ ਝੀਲ ਦੇ ਮਿਲਾਪ ਵਿਚ ਕੋਈ ਪਰਦਾਦਾਰੀ ਨਹੀਂ ਕਿਉਂਕਿ ਦੋਵੇਂ ਸਮਝਦੇ ਕਿ ਆਪਣਿਆਂ ਤੋਂ ਕਾਹਦਾ ਪਰਦਾ। ਇਹ ਬੇਪਰਦਗੀ ਕੁਦਰਤ ਦਾ ਸਭ ਤੋਂ ਸੁੰਦਰ ਰੂਪ ਅਤੇ ਇਸ ਬੇਪਰਦਗੀ ਨੂੰ ਕਦੇ ਪੁੰਨਿਆਂ ਦੀ ਰਾਤੇ ਚੁੱਪ ਦੇ ਸੰਗ ਮਾਨਣਾ, ਤੁਹਾਨੂੰ ਰੂਹਾਨੀਅਤ ਦੇ ਦੀਦਾਰੇ ਹੋਣਗੇ। ਕਿਸੇ ਧਾਰਮਿਕ ਸਥਾਨ 'ਤੇ ਨਤਮਸਤਕ ਹੋਣ ਦੀ ਆਰਜ਼ਾ ਸਦਾ ਲਈ ਹੀ ਖ਼ਤਮ ਹੋ ਜਾਵੇਗੀ।

---

## ਖਾਲਸਤਾਨ ਦਾ ਆਰੀਆ ਸਮਾਜੀ ਸੰਕਲਪ! ਤੇ 'ਰਾਜ ਕਰੇਗਾ ਖਾਲਸਾ' ਦਾ ਸੰਕਲਪ!

*(ਪਿਛਲੇ ਸਫੇ ਦੀ ਬਾਕੀ)*

ਕੁਦਰਤ ਅਤੇ ਸਾਮਰਾਜੀ ਪ੍ਰਬੰਧ ਵਿਚਕਾਰ ਭਿਆਨਕ ਟਕਰ ਚਲ ਰਹੀ ਹੈ। ਸਰਬ-ਸਮਰਥ ਕੁਦਰਤ ਮਨੁਖੀ ਸਮਾਜ ਨੂੰ ਆਪਣੇ ਨੇਮਾਂ (ਹੁਕਮ) ਅਨੁਸਾਰ ਚਲਾਉਣਾ ਚਾਹੁੰਦੀ ਹੈ ਪਰ ਸਾਮਰਾਜੀ ਰਾਜਪ੍ਰਬੰਧ ਕੁਦਰਤ ਨੂੰ ਆਪਣੇ ਮੁਨਾਫੇ ਦੀ ਹਵਸ ਅਨੁਸਾਰ ਢਾਲਣਾ ਚਾਹੁੰਦਾ ਹੈ। ਵਾਤਾਵਰਣ ਦੀ ਹੋ ਰਹੀ ਤਬਾਹੀ ਤੇ ਫੈਲਾਈਆਂ ਜਾ ਰਹੀਆਂ ਭਿਆਨਕ ਬਿਮਾਰੀਆਂ ਇਸੇ ਸਾਮਰਾਜੀ ਹਵਸ ਦੀ ਦੇਣ ਹਨ। ਅਜੋਕਾ ਸਾਮਰਾਜੀ ਰਾਜਪ੍ਰਬੰਧ ਹੁਣ ਪਹਿਲਾਂ ਦੀ ਤਰ੍ਹਾਂ ਚਲਦਾ ਨਹੀਂ ਰਖਿਆ ਜਾ ਸਕਦਾ। ਇਸ ਕੋਲ ਆਪਣੇ ਲੋਕਾਂ ਨੂੰ ਰੁਜ਼ਗਾਰ ਜਾਂ ਰੋਟੀ ਦੇਣ ਦੇ ਸਾਧਨ ਤਾਂ ਹਨ ਪਰ ਇਸ ਦੀ ਮੁਨਾਫੇ ਦੀ ਹਵਸ ਨੇ ਇਸ ਦੀ ਮਤਿ ਮਾਰੀ ਹੋਈ ਹੈ।

ਸਾਮਰਾਜ ਨੇ ਆਪਣੇ ਮਨੋਰੋਗੀ ਖਪਤਕਾਰ ਵਧਾਉਣ ਲਈ ਸਾਂਝੇ ਪਰਿਵਾਰ ਤੋੜ ਕੇ ਮਨੁਖਤਾ ਨਾਲ ਬਹੁਤ ਵਡਾ ਧ੍ਰੋਹ ਕਮਾਇਆ ਹੈ, ਜਿਹੜਾ ਸਾਰੇ ਮਨੋਰੋਗਾਂ ਦੀ ਜੜ੍ਹ ਹੈ। ਪਛਮੀ ਮੁਲਕਾਂ ਦੀਆਂ ਸਮਸਿਆਵਾਂ ਓਨਾ ਚਿਰ ਹਲ ਨਹੀਂ ਹੋ ਸਕਦੀਆਂ ਜਿੰਨਾ ਚਿਰ ਸਾਂਝੇ ਪਰਿਵਾਰ ਦੁਬਾਰਾ ਹੋਂਦ ਵਿਚ ਨਹੀਂ ਆਉਂਦੇ। ਕਿਉਂਕਿ ਬਚਿਆਂ ਤੇ ਬਜ਼ੁਰਗਾਂ ਦੀ ਸੰਭਾਲ ਓਨਾ ਚਿਰ ਸੰਭਵ ਹੀ ਨਹੀਂ। ਇਸ ਤੋਂ ਬਿਨਾਂ ਬਚਿਆਂ ਨੂੰ ਪਿਆਰ ਤੇ ਬਜ਼ੁਰਗਾਂ ਨੂੰ ਸਤਿਕਾਰ ਨਹੀਂ ਮਿਲ ਸਕਦਾ ਤੇ ਨਾ ਹੀ ਪਛਮੀ ਬੰਦੇ ਦੀ ਰੂਹ ਵਿਚ ਵੜਿਆ ਇਕਲਾਪਾ ਖਤਮ ਹੋ ਸਕਦਾ ਹੈ। ਇਸ ਇਕਲਾਪੇ ਪਿਛੇ ਖੜੀਆਂ ਸਮਸਿਆਵਾਂ ਨੂੰ ਹਲ ਕਰਨ ਦਾ ਪਖੰਡ ਕਰਦੀ ਬਹੁਤ ਵਡੀ ਮੰਡੀ ਇਸ ਮਸਲੇ ਦੇ ਸਦੀਵੀ ਹਲ ਵਿਚ ਸਭ ਤੋਂ ਵਡੀ ਰੁਕਾਵਟ ਬਣ ਕੇ ਖੜੀ ਹੋ ਗਈ ਹੈ। ਸੰਸਾਰ ਭਰ ਦੇ ਲੋਕਾਂ ਦੀ ਬਦਕਿਸਮਤੀ ਇਹ ਹੈ ਕਿ ਦੁਨੀਆ ਭਰ ਦੀਆਂ ਸਰਕਾਰਾਂ ਇਸ ਵਹਿਸ਼ੀ ਮੰਡੀ ਲਈ ਕੰਮ ਕਰ ਰਹੀਆਂ ਹਨ।

ਅਜੋਕੇ ਸਾਮਰਾਜੀ ਦੌਰ ਵਿਚ ਕਾਰਪੋਰੇਟ ਪੂੰਜੀ (ਬੈਂਕ), ਸਰਕਾਰ ਦੇ ਚਾਰੇ ਅੰਗ (ਨੌਕਰਸ਼ਾਹੀ, ਨਿਆਂਪਾਲਿਕਾ, ਪਾਰਲੀਮੈਂਟਾਂ, ਵਡੀ ਪ੍ਰੈਸ) ਤੇ ਫੌਜੀ ਤਾਣਾ-ਬਾਣਾ ਇਕ-ਮਿਕ ਹੋ ਗਏ ਹਨ। ਹੁਣ ਇਨ੍ਹਾਂ ਨੂੰ ਇਕ-ਦੂਜੇ ਤੋਂ ਵਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਮੋਦੀ-ਅਡਾਨੀ ਵਰਤਾਰਾ ਸਾਡੀਆਂ ਅਖਾਂ ਦੇ ਸਾਹਮਣੇ ਵਾਪਰ ਰਿਹਾ ਹੈ। ਇਨ੍ਹਾਂ ਸਾਰਿਆਂ ਦੀ ਇਕ-ਦੂਜੇ ਉਤੇ ਨਿਰਭਰਤਾ ਏਨੀ ਵਧ ਗਈ ਹੈ ਕਿ ਇਹ ਸਾਰੇ ਇਕ ਦੂਜੇ ਤੋਂ ਟੁਟ ਕੇ ਹੁਣ ਜੀਅ ਨਹੀਂ ਸਕਦੇ। ਤਤ ਪਖੋਂ ਪੂੰਜੀ ਤੇ ਪੂੰਜੀਵਾਦ ਵਿਚਲੇ ਸਾਰੇ ਅੰਤਰ-ਵਿਰੋਧ ਇਸ ਵਿਚ ਮੌਜੂਦ ਹਨ ਪਰ ਰੂਪ ਪਖੋਂ ਇਹ ਸਾਮਰਾਜ ਦਾ ਨਵਾਂ ਕਾਰਪੋਰੇਟੀ ਰੂਪ ਹੈ। ਪੂੰਜੀ ਦੇ ਹੋਰ ਤੇ ਹੋਰ ਕੇਂਦਰਿਤ ਹੋ ਜਾਣ ਕਾਰਨ ਇਹ ਨਵਾਂ ਕਾਰਪੋਰੇਟੀ ਰੂਪ ਹੋਂਦ ਵਿਚ ਆਇਆ ਹੈ। ਸਾਮਰਾਜੀ ਪੂੰਜੀ ਦਾ ਇਹ ਅੰਨ੍ਹਾ ਵੇਗ ਹਰ ਰੋਜ਼ ਮਨੁਖਤਾ ਨੂੰ ਕਿਸੇ ਅੰਨ੍ਹੇ ਖੂਹ ਵਲ ਧਕੀ ਜਾ ਰਿਹਾ ਹੈ। ਸਮੁਚੀ ਮਨੁਖਤਾ ਨੂੰ ਇਸ ਨੇ ਪ੍ਰਮਾਣੂ ਜੰਗ ਦੇ ਦਹਾਨੇ ਉਤੇ ਲਿਆ ਖੜਾ ਕੀਤਾ ਹੈ।

ਦੋ ਸੌ ਸਾਲ ਦੇ ਪੂੰਜੀ ਦੁਆਲੇ ਹੋਏ ਸਾਮਰਾਜੀ ਵਿਕਾਸ ਕਾਰਨ ਮਨੁਖ ਦੇ ਸਰਬਪਖੀ (ਸੰਤੁਲਤ) ਵਿਕਾਸ ਦੀ ਧਾਰਨਾ ਬਹੁਤ ਪਿਛੇ ਛੁਟ ਗਈ ਹੈ। ਜ਼ਿੰਦਗੀ ਵਿਚ ਮਨੁਖੀ ਵਿਕਾਸ ਦੇ ਦੋ ਧਰਾਤਲ ਹਨ। 1. ਪਦਾਰਥਕ ਵਿਕਾਸ ਤੇ 2. ਸਭਿਆਚਾਰਕ ਵਿਕਾਸ। ਦੋਹਾਂ ਧਰਾਤਲਾਂ ਉਤੇ ਹੋਇਆ ਸਾਵਾਂ ਵਿਕਾਸ ਹੀ ਸੰਤੁਲਤ ਮਨੁਖੀ ਵਿਕਾਸ ਕਹਾ ਸਕਦਾ ਹੈ। ਪਦਾਰਥਕ ਵਿਕਾਸ ਤੋਂ ਬਿਨਾਂ ਸਭਿਆਚਾਰਕ ਵਿਕਾਸ ਇਕ ਖਾਮ-ਖਿਆਲੀ ਤੇ ਸਭਿਆਚਾਰਕ ਵਿਕਾਸ ਤੋਂ ਟੁਟਿਆ ਹੋਇਆ ਪਦਾਰਥਕ ਵਿਕਾਸ ਨਿਰੋਲ ਪਸ਼ੂਪੁਣਾ ਹੈ। ਸਭਿਆਚਾਰਕ ਵਿਕਾਸ ਦਾ ਅਰਥ ਹੀ ਸਮਾਜੀਕਰਨ ਭਾਵ ਸਮਾਜੀ ਰਿਸ਼ਤਿਆਂ ਦਾ ਵਿਕਸਿਤ ਹੋਣਾ ਹੈ। ਰਿਸ਼ਤੇ ਇਕ ਦੂਜੇ ਦੀਆਂ ਭਾਵਨਾਵਾਂ ਪ੍ਰਤੀ ਸੰਵੇਦਸ਼ਨਸ਼ੀਲਤਾ ਤੇ ਇਕ ਦੂਜੇ ਦੇ ਦੁਖ-ਸੁਖ ਦਾ ਅਹਿਸਾਸ ਕਰਨ ਤੋਂ ਵਿਕਸਿਤ ਹੁੰਦੇ ਹਨ। ਇਸ ਅਹਿਸਾਸ ਦਾ ਮਤਲਬ ਇਕ ਦੂਜੇ ਦੇ ਦੁਖ-ਸੁਖ ਵਿਚ ਭਾਈਵਾਲ ਹੋਣਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਦੁਖ ਵੰਡਿਆਂ ਘਟਦਾ ਹੈ ਤੇ ਸੁਖ ਵੰਡਿਆਂ ਵਧਦਾ ਹੈ। ਸੰਵੇਦਨਸ਼ੀਲਤਾ ਦਾ ਅਧਾਰ ਦਇਆ ਹੈ। ਤਕੜੇ ਦੀ ਮਜ਼ਲੂਮ ਪ੍ਰਤੀ ਦਇਆ। ਮਨੁਖੀ ਸਮਾਜ ਦੀ ਬੁਨਿਆਦ ਦਇਆ ਸ਼ਬਦ ਉਤੇ ਟਿਕੀ ਹੋਈ ਹੈ। ਜੰਗਲ ਰਾਜ ਵਿਚ ਸਿਰਫ ਤਕੜੇ ਦੀ ਹੀ ਹੋਂਦ ਬਚੀ ਰਹਿ ਸਕਦੀ ਹੈ। (Survival of the fittest) ਜਦੋਂ ਕਿ ਮਨੁਖੀ ਸਮਾਜ ਆਪਣੇ ਤੋਂ ਮਾੜੇ ਦੀ ਰਖਿਆ ਦੇ ਅਸੂਲ ਉਤੇ ਟਿਕਿਆ ਹੋਇਆ ਹੈ। ਇਸ ਅਸੂਲ ਦਾ ਅਧਾਰ ਦਇਆ ਹੈ। ਪਰ ਦਇਆ ਦਾ ਓਨਾ ਚਿਰ ਕੋਈ ਅਮਲੀ ਅਰਥ ਨਹੀਂ, ਜਿੰਨਾ ਚਿਰ ਇਸ ਨਾਲ ਤਿਆਗ ਨਹੀਂ ਜੁੜਿਆ ਹੋਇਆ। ਕੋਲੋਂ ਕੁਝ ਤਿਆਗ ਕੇ ਹੀ ਕਿਸੇ ਦਾ ਦੁਖ ਵੰਡਿਆ ਜਾ ਸਕਦਾ ਹੈ। ਵੰਡਣ ਦਾ ਮਤਲਬ ਹੀ ਕੋਲੋਂ ਕੁਝ ਤਿਆਗਣਾ ਹੈ। ਮਨੁਖੀ ਸਮਾਜ ਦੀ ਬੁਨਿਆਦ ਇਨ੍ਹਾਂ ਦੋ ਮਨੁਖੀ ਜਜ਼ਬਿਆਂ — ਦਇਆ ਤੇ ਤਿਆਗ (ਵੰਡਣਾ ਤੇ ਕੁਝ ਘਟ ਉਤੇ ਸੰਤੋਖ ਕਰਨਾ) ਉਤੇ ਟਿਕੀ ਹੋਈ ਹੈ। ਇਨ੍ਹਾਂ ਨੂੰ ਅਧਾਰ ਬਣਾ ਕੇ ਹੀ ਸਾਰੇ ਮਨੁਖੀ, ਪਰਿਵਾਰਕ ਤੇ ਸਮਾਜੀ ਰਿਸ਼ਤਿਆਂ ਦਾ ਵਿਕਾਸ ਹੋਇਆ ਹੈ। ਇਹ ਸਿਰਫ ਸਮੇਂ ਸਮੇਂ ਬਦਲਦੀਆਂ ਰਹਿਣ ਵਾਲੀਆਂ ਇਖਲਾਕੀ ਕਦਰਾਂ-ਕੀਮਤਾਂ ਦਾ ਮਸਲਾ ਨਹੀਂ। ਮਨੁਖੀ ਸਮਾਜ ਦਾ ਅਧਾਰ ਸਿਰਫ ਪੈਦਾਵਾਰੀ ਸਾਧਨਾਂ ਨੂੰ ਜਥੇਬੰਦ ਕਰਨਾ ਹੀ ਨਹੀਂ ਬਲਕਿ ਇਨ੍ਹਾਂ ਦੀ ਸੁਚੇਤ ਵੰਡ ਕਰਨਾ ਵੀ ਹੈ। ਦਇਆ ਹਜ਼ਾਰਾਂ ਸਾਲਾਂ ਵਿਚ ਵਿਕਸਿਤ ਹੋਈ ਮਨੁਖੀ ਚੇਤਨਾ ਦਾ ਇਕ ਹਿਸਾ ਹੈ। ਬਚਿਆਂ ਤੇ ਬਜ਼ੁਰਗਾਂ ਦੀ ਪਾਲਣਾ ਕਰਨ ਵਾਲੇ ਮਨੁਖੀ ਸਮਾਜ ਦੀ ਇਕ ਲੋੜ ਹੈ। ਕਿਰਤ ਕਰੋ! ਵੰਡ ਛਕੋ! ਨਾਮ ਜਪੋ। ਇਸ ਜੀਵਨ ਜਾਚ ਦਾ ਤਤਸਾਰ ਹੈ।

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (ਪੰਨਾ 3)*

# ਦੋਹਾਂ ਪੰਜਾਬਾਂ ਦੀ ਅਦਬੀ ਮਿੱਤਰਤਾ ਦਾ ਸਿਰਨਾਵਾਂ

## ਪਿੰਡ ਮਿਆਣਾ ਗੋਂਦਲ ਵਾਲਾ ਅਹਿਮਦ ਸਲੀਮ

***ਪੰਜਾਬੀਅਤ ਦੇ ਮੁਦਈ ਅਹਿਮਦ ਸਲੀਮ (26 ਜਨਵਰੀ 1945-11 ਦਸੰਬਰ 2023) ਦਾ ਜਨਮ ਮੁਲਕ ਦੀ ਤਕਸੀਮ ਤੋਂ ਦੋ ਵਰ੍ਹੇ ਪਹਿਲਾਂ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਦੇ ਪਿੰਡ ਮਿਆਣਾ ਗੋਂਦਲ ਵਿਚ ਹੋਇਆ। ਅਦਬੀ ਹਲਕਿਆਂ ਵਿਚ ਅਹਿਮਦ ਸਲੀਮ ਵਜੋਂ ਮਕਬੂਲ ਹੋਏ ਇਸ ਸ਼ਖ਼ਸ ਨੂੰ ਘਰ-ਪਰਿਵਾਰ ਵੱਲੋਂ ਮੁਹੰਮਦ ਸਲੀਮ ਖ਼ਵਾਜਾ ਨਾਂ ਮਿਲਿਆ ਸੀ।***

ਅਹਿਮਦ ਸਲੀਮ ਦੋਵਾਂ ਪੰਜਾਬਾਂ ਵਿਚੋਂ ਇਕੋ ਜਿੰਨੀ ਮਕਬੂਲ, ਪਿਆਰੀ ਤੇ ਸਤਿਕਾਰੀ ਜਾਂਦੀ ਸ਼ਖ਼ਸੀਅਤ ਦਾ ਨਾਂ ਏ। ਅੱਧੀ ਸਦੀ ਪਹਿਲਾਂ ਉਸ ਦੀ ਚੜ੍ਹਦੇ ਪੰਜਾਬ ਵਿਚ ਆਵਾਜਾਈ ਦਾ ਸਿਲਸਿਲਾ ਸ਼ੁਰੂ ਹੋ ਗਿਆ। ਉਸ ਦੀ ਸ਼ਾਇਰੀ ਦੀ ਕਿਤਾਬ 'ਤਨ ਤੰਬੂਰ' 1972 ਵਿਚ ਗੁਰਮੁਖੀ ਲਿਪੀ ਵਿਚ ਪੰਜਾਬੀ ਪਾਠਕਾਂ ਤਕ ਅੱਪੜ ਗਈ ਸੀ। ਵੀਹਵੀ ਸਦੀ ਦੇ ਅੱਠਵੇਂ ਦਹਾਕੇ ਵਿਚ ਹੀ ਇੱਧਰ ਪਾਕਿਸਤਾਨੀ ਪੰਜਾਬੀ ਅਦਬ ਨੂੰ ਬਾਕਾਇਦਾ ਐਮ.ਏ. ਪੰਜਾਬੀ ਦੇ ਪਾਠਕ੍ਰਮ ਦਾ ਹਿੱਸਾ ਬਣਾ ਲਿਆ ਗਿਆ ਸੀ। ਇਹ ਪਹਿਲਕਦਮੀ ਡਾ. ਕਰਨੈਲ ਸਿੰਘ ਥਿੰਦ ਦੇ ਉੱਦਮ ਨਾਲ ਗੁਰੂ ਨਾਨਕ



ਦੇਵ ਯੂਨੀਵਰਸਿਟੀ ਵਿਚ ਹੋਈ ਅਤੇ ਮਗਰੋਂ ਸਭਨਾਂ ਯੂਨੀਵਰਸਿਟੀਆਂ ਨੇ ਇਸ ਨਕਸ਼ੇ ਕਦਮ ਉੱਪਰ ਚੱਲਣਾ ਸ਼ੁਰੂ ਕਰ ਦਿੱਤਾ। ਸਭਨਾਂ

**ਹਰਿਭਜਨ ਸਿੰਘ ਭਾਟੀਆ**
**ਫੋਨ: +91-98557-19118**

ਦਾਨਿਸ਼ਵਰਾਂ ਦੀ ਸਾਂਝੀ ਰਾਇ ਸੀ ਕਿ ਪਾਕਿਸਤਾਨੀ ਪੰਜਾਬੀ ਅਦਬ ਦੇ ਹਵਾਲੇ ਬਗ਼ੈਰ ਪੰਜਾਬੀ ਅਦਬੀ ਮਹਾਂਦ੍ਰਿਸ਼ ਨੂੰ ਨਹੀਂ ਉਲੀਕਿਆ ਜਾ ਸਕਦਾ। ਇੱਧਰਲੇ ਪੰਜਾਬ ਵਿਚ ਚਾਹੇ ਪਾਕਿਸਤਾਨੀ ਪੰਜਾਬੀ ਸ਼ਾਇਰੀ ਦੀ ਕੋਈ ਪੁਸਤਕ ਸੰਪਾਦਤ ਹੋਈ ਹੋਵੇ, ਚਾਹੇ ਕੋਈ ਮਜ਼ਮੂਨ ਲਿਖਿਆ ਗਿਆ ਹੋਵੇ ਅਤੇ ਚਾਹੇ ਕੋਈ ਹੋਰ ਲਿਪੀਅੰਤਰਣ ਕਾਰਜ ਹੋਇਆ ਹੋਵੇ, ਸਭਨਾਂ ਵਿਚ ਅਹਿਮਦ ਸਲੀਮ ਦਾ ਨਾਂ ਗੂੜ੍ਹੇ ਹਰਫ਼ਾਂ ਵਿਚ ਲਿਖਿਆ ਨਜ਼ਰ ਆਉਂਦਾ ਸੀ। ਇਸ ਤੱਥ ਦੀ ਪੁਸ਼ਟੀ ਡਾ. ਗੁਰਦੇਵ ਸਿੰਘ, ਡਾ. ਅਤਰ ਸਿੰਘ ਤੇ ਜਗਤਾਰ (ਦੁੱਖ ਦਰਿਆਓਂ ਪਾਰ ਦੇ, 1975), ਡਾ. ਜਗਤਾਰ, ਡਾ. ਕਰਨੈਲ ਸਿੰਘ ਥਿੰਦ, ਡਾ. ਜੀਤ ਸਿੰਘ ਸੀਤਲ, ਡਾ. ਹਰਬੰਸ ਸਿੰਘ ਧੀਮਾਨ ਆਦਿ ਦੁਆਰਾ ਲਿਖੀਆਂ ਮੌਲਿਕ ਤੇ ਸੰਪਾਦਨ ਪੁਸਤਕਾਂ ਥਾਣੀਂ ਗੁਜ਼ਰ ਕੇ ਸਹਿਜੇ ਹੀ ਹੋ ਜਾਂਦੀ ਹੈ। ਇਨ੍ਹਾਂ ਸਭਨਾਂ ਕਾਰਜਾਂ ਵਿਚ ਅਹਿਮਦ ਸਲੀਮ ਨੂੰ ਬਹੁਭਾਸ਼ਾਈ ਯੋਗਤਾ ਰੱਖਣ ਵਾਲਾ ਅਤੇ ਬਹੁਵਿਧਾਈ ਲੇਖਕ ਸਵੀਕਾਰ ਕੀਤਾ ਜਾਂਦਾ ਸੀ। ਪਾਸ਼ ਦੀ ਪੁਸਤਕ 'ਉੱਡਦੇ ਬਾਜ਼ਾਂ ਮਗਰ' (1973) ਵਿਚਲੀ ਨਜ਼ਮ 'ਅਹਿਮਦ ਸਲੀਮ ਦੇ ਨਾਂ' (ਜੰਗੀ ਕੈਦੀਆਂ ਨੂੰ ਸਮਰਪਣ) ਨੇ ਉਸ ਨੂੰ ਇੱਧਰਲੇ ਪੰਜਾਬ ਵਿਚਲੇ ਅਦੀਬਾਂ, ਸ਼ਾਇਰਾਂ ਖ਼ਾਸਕਰ ਤਰੱਕੀਪਸੰਦ ਅਤੇ ਜੁਝਾਰੂ ਵਿਦਰੋਹੀ ਸ਼ਾਇਰਾਂ ਵਿਚ ਖ਼ਾਸਾ ਮਕਬੂਲ ਕਰ ਦਿੱਤਾ ਸੀ। ਕੋਈ ਉਸ ਨੂੰ ਤਰੱਕੀਪਸੰਦ ਅਦੀਬ ਆਖਦਾ ਸੀ, ਕੋਈ ਸ਼ਾਇਰ ਦੇਸ ਪੰਜਾਬ ਦਾ, ਕੋਈ ਲਹਿੰਦੇ ਪੰਜਾਬ ਦਾ ਵੱਡਾ ਲੇਖਕ, ਕੋਈ ਦੋਵਾਂ ਪੰਜਾਬਾਂ ਦੇ ਲੁੱਟੇ ਲਤਾੜੇ ਬੰਦੇ ਦੀ ਪੀੜ ਦਾ ਚਿਤੇਰਾ, ਕੋਈ ਮਨੁੱਖੀ ਹੱਕਾਂ ਦਾ ਅਲੰਬਰਦਾਰ ਅਤੇ ਕੋਈ ਦੋਵਾਂ ਪੰਜਾਬਾਂ ਦੀ ਸਾਂਝ ਦਾ ਮੁਦੱਈ ਆਖਦਾ ਸੀ। ਗਿਆਰਾਂ ਦਸੰਬਰ ਨੂੰ ਉਸ ਦੇ ਸਦੀਵੀ ਵਿਛੋੜੇ ਨੇ ਦੋਵਾਂ ਪੰਜਾਬਾਂ ਹੀ ਨਹੀਂ ਸਗੋਂ ਕੁਲ ਆਲਮ ਵਿਚ ਵੱਸਦੀਆਂ ਅਦਬੀ ਸ਼ਖ਼ਸੀਅਤਾਂ ਨੂੰ ਸੋਗ ਦੇ ਸਮੁੰਦਰ ਵਿਚ ਸੁੱਟਿਆ ਹੈ।


ਪੰਜਾਬੀਅਤ ਦੇ ਮੁਦਈ ਇਸ ਅਦੀਬ ਦਾ ਜਨਮ ਮੁਲਕ ਦੀ ਤਕਸੀਮ ਤੋਂ ਦੋ ਵਰ੍ਹੇ ਪਹਿਲਾਂ; 26 ਜਨਵਰੀ 1945 ਨੂੰ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਦੇ ਪਿੰਡ ਮਿਆਣਾ ਗੋਂਦਲ ਵਿਚ ਹੋਇਆ। ਅਦਬੀ ਹਲਕਿਆਂ ਵਿਚ ਅਹਿਮਦ ਸਲੀਮ ਵਜੋਂ ਮਕਬੂਲ ਹੋਏ ਇਸ ਸ਼ਖ਼ਸ ਨੂੰ ਘਰ-ਪਰਿਵਾਰ ਵੱਲੋਂ ਮੁਹੰਮਦ ਸਲੀਮ ਖ਼ਵਾਜਾ ਨਾਂ ਮਿਲਿਆ। ਸਾਧਾਰਨ ਪਰਿਵਾਰ ਦੇ ਇਸ ਕਮਜ਼ੋਰ ਜਿਹੇ ਬਾਲ ਨੇ ਪਿੰਡ ਦੇ ਹੀ ਸਾਧਾਰਨ ਜਿਹੇ ਕੁੜੀਆਂ ਦੇ ਸਕੂਲ ਵਿਚੋਂ ਮੁੱਢਲੀ ਸਿੱਖਿਆ ਹਾਸਲ ਕੀਤੀ। ਉਸ ਜ਼ਮਾਨੇ ਵਿਚ ਵੈਸੇ ਅਜੇ ਕੋ-ਐਜੂਕੇਸ਼ਨ ਸ਼ੁਰੂ ਨਹੀਂ ਸੀ ਹੋਈ। ਪਿੰਡ ਦੀ ਖ਼ੂਬਸੂਰਤ ਫ਼ਿਜ਼ਾ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਘਰਾਣੇ ਬਹੁਤ ਪਿਆਰ, ਖਲੂਸ ਤੇ ਮੁਹੱਬਤ ਨਾਲ ਰਾਜ਼ੀ-ਖ਼ੁਸ਼ੀ ਵੱਸਦੇ ਸਨ। ਸਲੀਮ ਆਪਣੀ ਬਚਪਨ ਦੀ ਸਰੀਰਕ ਕਮਜ਼ੋਰੀ ਤੇ ਪਤਲੇ-ਦੁਬਲੇਪਣ ਦਾ ਜ਼ਿਕਰ ਕਰਦਿਆਂ ਇਹ ਦੱਸਣਾ ਕਦੇ ਨਹੀਂ ਸੀ ਭੁੱਲਦੇ ਕਿ "ਮੈਨੂੰ ਬਾਲ ਵਰੇਸੇ ਸਿੱਖ-ਜੱਟੀ ਦੇ ਹਵਾਲੇ ਕਰ ਉਸ ਦਾ ਦੁੱਧ ਚੁੰਘਾਇਆ ਗਿਆ ਸੀ।" ਬਾਲ ਵਰੇਸੇ ਉਸ ਨੂੰ ਸਿੱਖ ਮਾਂ ਨੇ ਹੀ ਸਿਹਤਯਾਬ ਤੇ ਤੰਦਰੁਸਤ ਕੀਤਾ ਸੀ। ਸਾਂਝ ਤੇ ਆਪਸੀ ਮੁਹੱਬਤ ਦਾ ਇਹ ਮਨੁੱਖੀ ਦਰਸ ਤਮਾਮ ਉਮਰ ਉਸ ਦੀ ਕਾਇਆ ਤੇ ਦਿਲੋ-ਦਿਮਾਗ ਵਿਚ ਰਚਿਆ ਰਿਹਾ। ਮੁੱਢਲੀ ਪ੍ਰਾਇਮਰੀ ਸਿੱਖਿਆ ਮਗਰੋਂ ਦਸਵੀਂ ਦੀ ਸਿੱਖਿਆ ਲੈਣ ਲਈ ਉਹ ਪਿੰਡ ਮਿਆਣਾ ਗੋਂਦਲ ਤੋਂ ਪਿਸ਼ਾਵਰ ਚਲਾ ਗਿਆ। ਇੰਟਰਮੀਡੀਏਟ ਉਸ ਨੇ ਕਰਾਚੀ ਤੋਂ ਕੀਤੀ। ਸਾਲ 1968 ਵਿਚ ਨੈਸ਼ਨਲ ਬੈਂਕ ਵਿਚ ਨੌਕਰੀ ਜੁਆਇਨ ਕੀਤੀ। ਉਸ ਨੇ ਫਿਲਾਸਫ਼ੀ ਵਿਸ਼ੇ ਵਿਚ ਐਮ.ਏ. ਕੀਤੀ। ਸ਼ਾਹ ਹੁਸੈਨ ਕਾਲਜ ਸਿੰਧ ਅਤੇ ਕਰਾਚੀ ਯੂਨੀਵਰਸਿਟੀ ਵਿਚ ਅਧਿਆਪਨ ਕੀਤਾ। ਨੌਕਰੀ-ਚਾਕਰੀ ਉਸ ਦੀ ਤਬੀਅਤ ਨੂੰ ਰਾਸ ਨਾ ਆਈ ਅਤੇ ਪੜ੍ਹਨ ਲਿਖਣ ਨੂੰ ਹੀ ਉਸ ਨੇ ਆਪਣਾ ਕੁਲਵਕਤੀ ਕਿੱਤਾ ਬਣਾ ਲਿਆ।

ਉਸ ਨੇ ਆਪਣੀ ਤਮਾਮ ਉਮਰ ਵੇਖਣ, ਸੁਣਨ, ਪੜ੍ਹਨ, ਲਿਖਣ ਅਤੇ ਸੋਚਣ ਦੇ ਲੇਖੇ ਲਾਈ। ਕਲਮ ਉਸ ਦੇ ਹੱਥ ਵਿਚ ਸ਼ਕਤੀਸ਼ਾਲੀ ਹਥਿਆਰ ਸੀ ਜਿਸ ਨੂੰ ਉਸ ਨੇ ਨਿੱਜੀ ਮੁਫ਼ਾਦ ਲਈ ਨਹੀਂ ਸਗੋਂ ਨਿਆਂ, ਜੱਦੋਜਹਿਦ, ਸਮਾਜਿਕ ਬਰਾਬਰੀ ਅਤੇ ਇਨਸਾਨੀ ਕਦਰਾਂ ਕੀਮਤਾਂ ਲਈ ਇਸਤੇਮਾਲ ਕੀਤਾ। ਇਹ ਸ਼ਖ਼ਸ ਤਮਾਮ ਉਮਰ ਨਾਂ, ਨਾਵੇਂ ਤੇ ਵਸਤਾਂ ਦੀ ਅੰਨ੍ਹੀ ਦੌੜ ਦਾ ਸ਼ਿਕਾਰ ਨਹੀਂ ਹੋਇਆ। ਉਸ ਦੀ ਸੋਚ ਬੁਲੰਦ ਸੀ ਅਤੇ ਉਹ ਲਹਿੰਦੇ ਚੜ੍ਹਦੇ, ਇੱਧਰਲੇ ਉੱਧਰਲੇ ਪੰਜਾਬ ਦੇ ਝਮੇਲਿਆਂ ਵਿਚ ਨਹੀਂ ਸੀ ਪੈਂਦਾ। ਉਹ ਕੁੱਲ ਆਲਮ ਵਿਚ ਵਸਦੀ ਮਹਿਰੂਮ ਧਿਰ, ਲੁੱਟਿਆਂ-ਲਤਾੜਿਆਂ, ਮਜ਼ਲੂਮਾਂ ਤੇ ਮਿਹਨਤਕਸ਼ਾਂ ਦਾ ਸੰਗੀ-ਸਾਥੀ ਸੀ ਅਤੇ ਲੁਟੇਰੀ, ਜ਼ਾਲਮ, ਨਫ਼ਰਤ ਫੈਲਾਉਣ ਵਾਲੀ ਧਿਰ ਦਾ ਕੱਟੜ ਦੁਸ਼ਮਣ। ਜੱਦੋਜਹਿਦ, ਅਨੁਭਵ, ਹਾਦਸਿਆਂ ਅਤੇ ਲਗਾਤਾਰ ਸਿੱਖਦੇ ਤੇ ਸਮਝਦੇ ਰਹਿਣ ਦੀ ਆਦਤ ਨੇ ਹੀ ਉਸ ਨੂੰ 'ਅਹਿਮਦ ਸਲੀਮ' ਬਣਾਇਆ ਸੀ।

ਕੁੱਲ ਆਲਮ ਵਿਚੋਂ ਉਸ ਨੇ ਆਪਣੀ ਸੋਚ ਤੇ ਨਜ਼ਰੀਏ ਦੇ ਹਾਣੀਆਂ ਦੀ ਤਲਾਸ਼ ਕੀਤੀ। ਸੋਚ ਨਾਲ ਮੇਚ ਨਾ ਆਉਂਦੇ ਲੋਕਾਂ ਤੋਂ ਉਸ ਨੇ ਲਗਾਤਾਰ ਫਾਸਲਾ ਬਣਾਈ ਰੱਖਿਆ। ਮੁੱਲਾ-ਮੁਲਾਣੇ ਉਸ ਨੂੰ 'ਕਾਫ਼ਰ ਕਾਫ਼ਰ' ਆਖਦੇ ਰਹੇ ਤੇ ਉਹ ਬੁੱਲ੍ਹੇਸ਼ਾਹ ਵਾਂਗ 'ਆਹੋ ਆਹੋ' ਕਹਿੰਦਾ ਰਿਹਾ। ਹਾਕਮ ਧਿਰ ਨੇ ਉਸ ਨੂੰ ਕੋੜਿਆਂ, ਜੁਰਮਾਨਿਆਂ ਅਤੇ ਜੇਲ੍ਹਾਂ ਨਾਲ 'ਨਵਾਜਿਆ' ਤਾਂ ਉਸ ਦਾ ਹੌਸਲਾ ਲਗਾਤਾਰ ਬੁਲੰਦ ਰਿਹਾ ਅਤੇ ਕਲਮ ਕਟਾਰ ਦਾ ਰੂਪ ਅਖ਼ਤਿਆਰ ਕਰਦੀ ਗਈ। ਹਨੇਰੇ ਤੋਂ ਰੌਸ਼ਨੀ ਵਿਚ ਆਉਣ ਅਤੇ ਰੌਸ਼ਨੀ ਵੰਡਣ ਵਾਲਿਆਂ ਨਾਲ ਜੁੱਗਾਂ-ਜੁਗਾਂਤਰਾਂ ਤੋਂ ਅਜਿਹਾ ਹੀ ਵਾਪਰਦਾ ਆ ਰਿਹਾ ਹੈ; ਅਹਿਮਦ ਸਲੀਮ ਇਸ ਧਿਰ ਤੋਂ ਅਲੱਗ ਥੋੜ੍ਹਾ ਸੀ। ਉਸ ਦੇ ਸਮੁੱਚੇ ਅਦਬ 'ਚ ਥਾਂ ਥਾਂ ਗੁਰੂ ਨਾਨਕ, ਬੁੱਲ੍ਹੇ ਸ਼ਾਹ, ਕਾਰਲ ਮਾਰਕਸ, ਲੈਨਿਨ, ਜੂਲੀਅਸ ਫਿਊਚਕ, ਦੁੱਲਾ ਭੱਟੀ, ਮੰਟੋ, ਹਬੀਬ ਜਾਲਬ, ਫ਼ੈਜ਼ ਅਹਿਮਦ ਫ਼ੈਜ਼, ਨਜਮ ਹੁਸੈਨ ਸੱਯਦ ਅਤੇ ਪਾਸ਼ ਦੇ ਹਵਾਲੇ ਨਜ਼ਰੀਂ ਪੈਂਦੇ ਹਨ। ਅਹਿਮਦ ਸਲੀਮ ਸ਼ਾਇਰ ਵਜੋਂ ਵਧੇਰੇ ਮਕਬੂਲ ਹੋਇਆ ਪਰ ਉਸ ਨਾਵਲਿਟ, ਕਹਾਣੀ ਅਨੁਵਾਦ, ਨਸਰ, ਖੋਜ ਤੇ ਆਲੋਚਨਾ ਅਤੇ ਸੰਪਾਦਨ ਦੇ ਖੇਤਰ ਵਿਚ ਵੀ ਚੋਖਾ ਕਾਰਜ ਕੀਤਾ। ਉਸ ਦੀਆਂ ਅਦਬੀ ਅਤੇ ਦੂਸਰੀਆਂ ਰਚਨਾਵਾਂ ਦੀ ਗਿਣਤੀ ਸੈਂਕੜਾ ਪਾਰ ਕਰ ਗਈ।

ਤਨ ਤੰਬੂਰ (1974) ਮਗਰੋਂ ਉਹ ਲਗਾਤਾਰ ਸ਼ਾਇਰੀ ਜ਼ਰੀਏ ਆਪਣੀ ਲੋਕ-ਪੱਖੀ ਤੇ ਨਾਬਰ ਸੋਚ ਨੂੰ ਜ਼ੁਬਾਨ ਦਿੰਦਾ ਰਿਹਾ। ਏਧਰਲੇ ਪੰਜਾਬ ਵਿਚ ਉਸ ਦੀ ਸ਼ਾਇਰੀ ਦੀਆਂ ਪੁਸਤਕਾਂ






*ਅਹਿਮਦ ਸਲੀਮ ਦੀਆਂ ਦੋ ਤਸਵੀਰਾਂ।*

'ਕੂੰਜਾਂ ਮੋਈਆਂ' (1989), 'ਘੜੀ ਦੀ ਟਿਕ ਟਿਕ' (1994), 'ਮੇਰੀਆਂ ਨਜ਼ਮਾਂ ਮੋੜ ਦੇ' (2005), 'ਉਧੜੀ ਕਿਤਾਬ ਦੇ ਬੇਤਰਤੀਬੇ ਵਰਕੇ' (2005) ਚੋਖ਼ੀਆਂ ਮਕਬੂਲ ਹੋਈਆਂ। ਉਸ ਲਈ ਸ਼ਾਇਰੀ ਲੁੱਟੇ ਲਤਾੜਿਆਂ ਦੀ ਖ਼ਾਮੋਸ਼ੀ ਨੂੰ ਜ਼ੁਬਾਨ ਦੇਣ, ਲੋਕਾਈ ਦੇ ਦਰਦ ਨੂੰ ਬਿਆਨ ਕਰਨ, ਅਵਾਮ ਦੀ ਗੁਮਰਾਹ ਹੋਈ ਸੋਚ ਉਪਰੋਂ ਨਫ਼ਰਤ ਤੇ ਕਦੂਰਤ (ਮਨ ਦੀ ਮੈਲ) ਦੀਆਂ ਪਰਤਾਂ ਨੂੰ ਖਰੋਚਣ, ਇਨਸਾਫ਼ ਲਈ ਜੂਝ ਰਹੇ ਅਵਾਮ ਨੂੰ ਹੱਲਾਸ਼ੇਰੀ ਦੇਣ, ਨਾਬਰਾਂ ਨਾਲ ਖੜ੍ਹਨ, ਮੂਲਵਾਦੀਆਂ ਪ੍ਰਤੀ ਬੇਪ੍ਰਵਾਹ ਹੋ ਵਿਚਰਨ, ਹਾਕਮ ਧਿਰ ਦੀਆਂ ਵਧੀਕੀਆਂ ਅੱਗੇ ਸੀਨਾ ਤਾਣ ਕੇ ਖੜ੍ਹਨ ਅਤੇ ਨਵ-ਬਸਤੀਵਾਦੀਆਂ ਦੀਆਂ ਲੋਕ ਵਿਰੋਧੀ ਚਾਲਾਂ ਨੂੰ ਸਮਝਣ ਦਾ ਮਾਧਿਅਮ ਸੀ। ਉਹ ਸ਼ਾਇਰੀ ਦੀਆਂ ਹੱਦਬੰਦੀਆਂ ਅੰਦਰ ਵਿਚਰ ਕੇ ਇਸ ਰਾਹੀਂ ਪਿਆਰ ਮੁਹੱਬਤ, ਸਾਂਝ ਬਰਾਬਰੀ, ਅਮਨ ਅਤੇ ਸੱਚ ਦਾ ਪੈਗ਼ਾਮ ਦੇਣਾ ਲੋੜਦਾ ਸੀ। ਅਖੌਤੀ ਕੌਮਪ੍ਰਸਤੀ ਅਤੇ ਜੰਗਾਂ-ਯੁੱਧਾਂ ਦੀ ਅਸਲੀਅਤ ਉਸ ਤੋਂ ਲੁਕੀ ਹੋਈ ਨਹੀਂ ਸੀ। ਉਸ ਆਪਣੀ ਬਹੁਤ ਮਕਬੂਲ ਨਜ਼ਮ 'ਸ਼ਾਇਰ' ਵਿਚ ਲਿਖਿਆ:

ਆ ਪਿਆਰ ਕਰੀਏ
ਥਾਂ ਥਾਂ ਪਾਟੀ ਹੋਈ,
ਲੂਸੀ ਹੋਈ,
ਵੰਡੀ ਹੋਈ ਧਰਤੀ ਨੂੰ
ਅਮਨ ਦੀ ਕਿਤਾਬ ਨੂੰ
ਜਿਹੜੀ ਵਰਕਾ ਵਰਕਾ ਉੱਧੜਦੀ ਪਈ
ਨਾਰੀ ਦੇ ਸਾਗਰ ਪਿੰਡੇ ਨੂੰ
ਵਰਾਗ ਨੂੰ, ਰਾਗ ਨੂੰ
ਸਮੁੰਦਰ ਦੇ ਝੱਲਪਨੇ ਨੂੰ



ਸੱਚ ਦੇ ਕਾਲੇ ਚਿਹਰੇ
ਹੋਠਾਂ ਦੇ ਪਾਟੇ ਕਾਗਤ ਨੂੰ
ਕਲਮ ਦੀ ਤਿੱਖੀ ਮੁਸਕਾਨ ਨੂੰ।

ਆਪਣੀ ਨਜ਼ਮ 'ਇਕ ਅਧੂਰਾ ਗੀਤ' ਵਿਚ ਵੀ ਉਸ ਨੇ ਆਪਣੇ ਲੋਕ ਪੱਖੀ ਜਜ਼ਬਾਤ ਦਰਜ ਕੀਤੇ। ਉਸ ਲਿਖਿਆ: ਅਜੇ ਤਾਂ ਖ਼ਲਕਤ/ ਭੁੱਖ ਦੀ ਕਾਲਮ ਦੇ ਸਾਗਰ ਵਿਚ ਡੁੱਬਦੀ/ ਅਜੇ ਤਾਂ ਖ਼ਲਕਤ/ ਨੰਗੇ ਪਿੰਜਰ, ਠਰਦੇ ਪਿੰਡੇ/ ਅੱਜ ਤਾਂ ਰੋਟੀ ਕੱਪੜੇ ਦੇ ਚਾਨਣ ਨੂੰ/ ਸਹਿਕਣ/ ਹੱਥ ਤੁਹਾਡੇ ਇਨ੍ਹਾਂ ਦੀ ਤਕਦੀਰ/ ਚੰਨ ਜੀ/ ਹੱਥ ਅਸਾਡੇ ਕੀ ਏ? ਆਪਣੇ ਘਰ ਹਨੇਰਾ ਹੋਵੇ ਕੋਈ ਕਿਉਂ/ ਰਾਹਵਾਂ ਦੇ ਵਿਚ ਦੀਵੇ ਬਾਲੇ। ਨਜ਼ਮ 'ਗੁਰੂ ਨਾਨਕ' ਰਾਹੀਂ ਵੀ ਉਸ ਦੁਖੀਏ ਸੰਸਾਰ ਦੀ ਬਾਤ ਪਾਈ। ਉਸ ਇਕ ਤਰ੍ਹਾਂ ਸ਼ਾਇਰਾਂ ਅਤੇ ਅਵਾਮ ਨੂੰ ਸੁਨੇਹਾ ਹੀ ਦਿੱਤਾ ਕਿ "ਦੁਖੀਆ ਸਭ ਸੰਸਾਰ, ਦੀ ਰਾਹੇ ਪੈ ਕੇ/ ਦੁੱਖ ਦੇ ਕੰਡੇ ਚੁਣੀਏ/ ਓੜਕ ਸੱਚ ਰਹੇ, ਦੀ ਸਾਂਜਲੀ ਵੰਵਲੀ/ ਇਕ ਦੂਜੇ ਤੋਂ ਸੁਣੀਏ/ ਰਾਣੀ ਮਾਂ ਦੀ ਪਾਟੀ ਬਕੜੀ ਨਾਨਕ ਨਾਨਕ ਕੂਕ ਰਹੀ ਏ।" ਨਾਗਮਣੀ ਦੇ ਅਪਰੈਲ 1984 ਵਿਚ ਛਪੀ ਨਜ਼ਮ 'ਕੁੜੀਆਂ ਬਾਰੇ' ਨੇ ਉਸ ਦੇ ਔਰਤ ਪ੍ਰਤੀ ਨਜ਼ਰੀਏ ਤੇ ਉਸ ਦੇ ਦਿਲ ਦੇ ਜ਼ਖ਼ਮਾਂ ਨੂੰ ਜ਼ੁਬਾਨ ਦਿੱਤੀ। 'ਸਜ਼ਾ', 'ਹਾਰਟ ਅਟੈਕ', 'ਜਦ ਦੋਸਤ ਨਹੀਂ ਹੁੰਦਾ', 'ਜਦੋਂ ਕਵਿਤਾ ਲਿਖਣਾ ਨਾਮੁਮਕਿਨ ਹੁੰਦਾ ਏ', 'ਤੇਰੇ ਹੱਥਾਂ ਲਈ ਇਕ ਗਾਵਣ' ਅਤੇ 'ਦਸਤਾਵੇਜ਼' ਵਰਗੀਆਂ ਗੌਲਣਯੋਗ ਨਜ਼ਮਾਂ ਸਦਾ ਲਈ ਮੇਰੇ ਚੇਤੇ ਵਿਚ ਸਾਂਭੀਆਂ ਪਈਆਂ ਨੇ। ਉਸ ਨੂੰ ਚੇਤੇ ਕਰਦਿਆਂ ਕਦੇ ਕਦੇ 'ਅਦਾਕਾਰ ਫ਼ਲਾਪ ਹੋ ਜਾਂਦੇ ਨੇ', 'ਇਕ ਯਾਦ', 'ਕੰਧ', 'ਗੁਜਰਾਤ', 'ਦਾਸ ਕੈਪੀਟਲ' ਅਤੇ 'ਵੀਅਤਨਾਮ ਤੇ ਹੋ ਚੀ ਮਿੰਨ੍ਹ ਨੂੰ' ਨਜ਼ਮਾਂ ਵੀ ਦਿਲ ਦਾ ਦਰ ਖੜਕਾਉਂਦੀਆਂ ਨੇ। ਸਚਮੁੱਚ ਉਹ ਪੜ੍ਹਨ ਤੇ ਗੌਲਣਯੋਗ ਸ਼ਾਇਰ ਏ।

ਅਦੀਬ, ਅਦਬ ਦੇ ਹੁਨਰ ਤੇ ਅਟਕਲਾਂ ਨੂੰ ਖ਼ੂਬ ਜਾਣਦਾ ਹੈ। ਕਿਧਰੇ ਉਹੋ ਅਨੁਭਵ ਦੇ ਛਿਣਾਂ, ਤਲਖ਼ ਤੁਰਸ਼ ਤਜਰਬਿਆਂ ਤੇ ਹਾਦਸਿਆਂ ਨੂੰ ਨਜ਼ਮ ਦੇ ਵੱਖ ਵੱਖ ਰੂਪਾਂ ਵਿਚ ਢਾਲਦਾ ਹੈ ਅਤੇ ਕਿਧਰੇ ਅਨੁਭਵ ਦੇ ਫੈਲਾਓ ਤੇ ਵਿਸਤਾਰ ਨੂੰ ਅਫ਼ਸਾਨਿਆਂ ਤੇ ਨਸਰ ਦੇ ਦੂਸਰੇ ਰੂਪਾਂ ਵਿਚ ਸਮੋਂਦਾ ਹੈ। ਉਸ ਦਾ ਤਕਨੀਕੀ ਜ਼ਾਵੀਆ ਤੇ ਖੋਜ ਦੀ ਪਿਆਸ ਤਕਨੀਕੀ ਮਜ਼ਮੂਨਾਂ ਤੇ ਤਹਿਕੀਕੀ ਕਾਰਜਾਂ ਰਾਹੀਂ ਬੁਝਦੀ ਹੈ। ਅਹਿਮਦ ਸਲੀਮ ਦੇ ਪ੍ਰਸੰਗ ਵਿਚ ਅਜਿਹਾ ਹੀ ਵਾਪਰਿਆ ਹੈ। ਜ਼ਰੂਰਤ ਮੁਤਾਬਿਕ ਅਤੇ ਤਾਨਾਸ਼ਾਹੀ ਦੇ ਦਬਾਅ ਸਦਕਾ ਉਹ ਕਦੇ ਬਿੰਬ, ਪ੍ਰਤੀਕ ਤੇ ਹੋਰਨਾਂ ਜੁਗਤਾਂ ਵਰਤਦਾ ਅਤੇ ਕਿਧਰੇ ਆਪਣੇ ਅਨੁਭਵ ਨੂੰ ਗਲਪ ਬਿੰਬਾਂ ਵਿਚ ਢਾਲਦਾ। ਉਸ ਦੇ ਦੋ ਨਾਵਲਿਟਾਂ 'ਨਾਲ ਮੇਰੇ ਕੋਈ ਚੱਲੇ' (1977) ਅਤੇ 'ਤਿਤਲੀਆਂ ਤੇ ਟੈਂਕ' (1996) ਇਸ ਦੀ ਮਿਸਾਲ ਹਨ। ਪਹਿਲੀ ਰਚਨਾ ਵਿਚ ਮੁਲਕ ਦੀ ਤਕਸੀਮ ਮੌਕੇ ਹੋਏ ਫ਼ਿਰਕੂ ਫ਼ਸਾਦਾਂ ਦੀ ਦਰਦਨਾਕ ਦਾਸਤਾਂ ਦੇ ਗਲਪੀ ਬਿੰਬ ਪਿਛੋਕੜ ਵਿਚ ਹਨ ਅਤੇ ਉਸ ਦੀ ਥੀਮਕ ਰੇਖਾ ਦੇ ਆਰ-ਪਾਰ ਬੰਦੇ ਦੀ ਮੁਹੱਬਤ ਦੀ ਲੋਚਾ ਦੀ ਦਾਸਤਾਨ ਹੈ। 'ਤਿਤਲੀਆਂ ਤੇ ਟੈਂਕ' ਨਾਵਲਿਟ ਪ੍ਰਤੀਕਾਤਮਕ ਰਚਨਾ ਹੈ। ਬਹੁਤ ਮਹੀਨ ਤੇ ਲਤੀਫ਼ ਗਲਪੀ ਛੋਹਾਂ ਨਾਲ ਲੇਖਕ ਧਾੜਵੀਆਂ ਦੇ ਇਸ ਖਿੱਤੇ ਦੇ ਲੋਕਾਂ ਉੱਪਰ ਕੀਤੇ ਜ਼ੁਲਮੋ-ਸਿਤਮ ਤੇ ਲੋਕਾਂ ਦੀ ਬਹਾਦਰੀ ਨੂੰ ਚਿਤਰਦਾ ਹੈ। ਜ਼ਿੰਦਗੀ, ਮੌਤ, ਪਿਆਰ, ਨਫ਼ਰਤ ਅਤੇ ਇਕਲਾਪੇ ਦੇ ਭਾਵਾਂ ਦੀ ਪੇਸ਼ਕਾਰੀ ਇਸ ਰਚਨਾ ਨੂੰ ਸਦੀਵੀ ਮਾਨਵੀ ਮੁੱਲਾਂ ਨਾਲ ਜੋੜਦੀ ਹੈ। ਰਚਨਾ ਦੇ ਨਾਇਕ, ਜੋ ਸ਼ਾਇਰ ਤੇ ਚਿੱਤਰਕਾਰ ਹੈ, ਦੀ 'ਜ਼ਿੰਦਗੀ ਦੇ ਅਮਰ ਪਲ' ਦੀ ਤਲਾਸ਼ ਇਸ ਦੇ ਅਰਥਾਂ ਨੂੰ ਗਹਿਰਾਈ ਦਿੰਦੀ ਹੈ। 'ਕਬਰ ਜਿਨ੍ਹਾਂ ਦੀ ਜੀਵੇ' (1996), 'ਪ੍ਰੇਮ ਕਥਾ' (2010) ਅਤੇ 'ਮੇਰਾ ਦਿਲ ਪਾਸ਼ ਪਾਸ਼' ਮਜ਼ਮੂਨ (ਜਿਨ੍ਹਾਂ ਨੂੰ ਉਹ ਹੱਡਵਰਤੀ ਲੇਖਾਂ ਦਾ ਨਾਂ ਦਿੰਦਾ ਸੀ), ਉਸ ਦੇ ਨਜ਼ਰੀਏ ਤੇ ਸਰੋਕਾਰਾਂ ਨੂੰ ਸਮਝਣ ਲਈ ਗੌਰਵਸ਼ਾਲੀ ਕ੍ਰਿਤਾਂ ਹਨ।

ਉਸ ਨੇ ਅੰਗਰੇਜ਼ੀ ਤੇ ਉਰਦੂ ਜ਼ੁਬਾਨ ਵਿਚ ਵੀ ਰਚਨਾ ਕੀਤੀ। ਉਸ ਨੇ ਇਕ ਮਜ਼ਮੂਨ 'ਪੰਜਾਬੀ ਅਦਬ: ਏਕ ਸਵਾਲੀਆ ਨਿਸ਼ਾਨ' ਵਿਚ ਅਦਬ ਦੇ ਨਾਂ ਉੱਪਰ ਹੋ ਰਹੀ ਬੇਅਦਬੀ ਦੀ ਘਿਨੌਣੀ ਸੂਰਤ ਨੂੰ ਵੀ ਪੇਸ਼ ਕੀਤਾ ਅਤੇ ਸੱਚੇ-ਸੁੱਚੇ ਅਦਬ ਦੇ ਨਕਸ਼ ਵੀ ਉਲੀਕੇ।

ਅਹਿਮਦ ਸਲੀਮ ਕਾਰਪੋਰੇਟ ਘਰਾਣਿਆਂ, ਰਜਵਾੜਾਸ਼ਾਹੀ ਅਤੇ ਨਵ-ਸਾਮਰਾਜੀਆਂ ਦੀਆਂ ਚਾਲਾਂ ਨੂੰ ਖ਼ੂਬ ਸਮਝਦਾ ਸੀ। ਲੋਕ-ਹੁਨਰ ਦਾ ਅਜੋਕੇ ਯੁੱਗ ਵਿਚ ਪੈ ਰਿਹਾ ਕਾਲ ਤੇ ਇਸ ਦੀ ਦੁਰਵਰਤੋਂ ਉਸ ਨੂੰ ਬੇਜ਼ਾਰ ਕਰਦੀ ਸੀ। ਉਸ ਲੋਕ-ਵਿਰਸੇ ਨੂੰ ਲੱਭਣ ਤੇ ਸਾਂਭਣ ਦਾ ਦੁਸ਼ਵਾਰ ਕੰਮ ਆਪਣੇ ਜ਼ਿੰਮੇ ਲਿਆ ਹੋਇਆ ਸੀ ਅਤੇ ਬਾਖ਼ੂਬੀ ਕਰ ਵੀ ਰਿਹਾ ਸੀ। ਇਸ ਕਾਰਜ ਲਈ ਉਹ ਦ੍ਰਿੜ੍ਹ ਤੇ ਵਚਨਬੱਧ ਸੀ। ਏਧਰ ਸ਼ਾਹਮੁਖੀ ਤੇ ਓਧਰ ਗੁਰਮੁਖੀ ਨੂੰ ਪ੍ਰਫੁੱਲਤ ਕਰਨਾ ਉਸ ਦਾ ਸੁਪਨਾ ਸੀ। ਉਸ ਦਾ ਸੁਪਨਾ ਜ਼ਰੂਰ ਸਾਕਾਰ ਹੋਵੇਗਾ। ਆਮੀਨ।

### ਅਹਿਮਦ ਸਲੀਮ ਦੀ ਕਵਿਤਾ 'ਗੁਰੂ ਨਾਨਕ'

*ਸੁੰਞੀਆਂ ਰਾਹਾਂ ਉੱਤੇ ਟੁਰਦੇ ਰਾਹੀ ਭਟਕ ਰਹੇ ਸਨ*
*ਰਾਹ ਦੱਸਣ ਨੂੰ ਅਰਸ਼ੋਂ ਕੋਈ ਨਾ ਲੱਥਾ*
*ਲੇਖਾਂ ਸੜਿਆ ਮੱਥਾ*
*ਪਿੱਟ-ਪਿੱਟ ਮੋਇਆ*
*ਰੱਬੀ ਨੂਰ ਦਾ ਬਾਗ਼ ਕਿਤੇ ਨਾ ਖਿੜਿਆ*
*ਅਰਸ਼ਾਂ ਉੱਤੇ ਰੌਲਾ ਮੱਚਿਆ*
*'ਸਾਡੇ ਚਾਨਣ ਬਾਝੋਂ ਧਰਤੀ ਸੁੰਞ-ਮ-ਸੁੰਞੀ*
*ਸਾਡੀ ਰਹਿਮਤ ਬਾਝੋਂ ਪਿਆਰ ਦੇ ਸਾਰੇ ਬੂਟੇ*
*ਸੁੱਕੇ ਸਾਨੇ'*
*ਸੁੰਞੀਆਂ ਰਾਹਾਂ ਉੱਤੇ ਟੁਰਦੇ ਰਾਹੀ*
*ਭਟਕ ਰਹੇ ਨੇ*

*ਅਰਸ਼ਾਂ ਦੀ ਗੱਲ ਸਾਨੂੰ ਮੰਦੀ ਲੱਗੀ*
*ਜਿਸ ਨੂੰ ਪਿਆਰ ਤੇ ਚਾਨਣ ਦੇ ਫੁੱਲ ਸਾਥੋਂ ਅੱਗੇ*
*ਉਹ ਸਾਡਾ ਕੇਹ ਲੱਗੇ*
*ਉਹ ਸਾਡਾ ਕੇਹ ਲੱਗੇ*

*ਜਿਸ ਦੇ ਜੰਨਤ ਦੋਜ਼ਖ ਖੁੱਲ੍ਹੀ ਸੌਦੇਬਾਜ਼ੀ*
*ਇਕ ਦਿਨ ਅਰਸ਼ਾਂ ਦਾ ਇਹ ਹਾਸਾ*
*ਮੇਰੀ ਮਾਂ ਰਾਣੀ ਦੇ ਕੰਨੀ ਵੱਜਿਆ*
*ਮੇਰੇ ਪੰਜ ਦਰਿਆ ਪੰਜ ਨੈਣ ਨੇ ਮੇਰੇ*
*ਮੇਰੇ ਬੱਚਿਆਂ ਨੂੰ ਚਾਨਣ ਦੀ ਥੋੜ ਨਾ ਕੋਈ*

*ਜਿਸ ਮਿੱਟੀ ਨੇ ਨਾਨਕ ਦੇ ਪੈਰਾਂ ਨੂੰ ਚੁੰਮਿਆਂ*
*ਉਸ ਮਿੱਟੀ ਨੂੰ ਅਰਸ਼ੀ ਨੂਰ ਦੀ ਲੋੜ ਨਾ ਕੋਈ*
*ਜੰਨਤ ਦੋਜ਼ਖ ਵਾਲੇ ਝਗੜੇ ਕਿਹੜਾ ਪਾਲੇ*
*ਪਿਆਰ ਦਾ ਸੱਚਾ ਸੌਦਾ ਸਭ ਤੋਂ ਚੰਗਾ*
*ਅਰਸ਼ਾਂ ਦੇ ਭੀੜੇ ਬੂਹੇ ਨੂੰ ਕਿਹੜਾ ਛੂਹੇ*
*ਦਿਲ ਦਾ ਖੁੱਲ੍ਹਾ-ਡੁੱਲ੍ਹਾ ਬੂਹਾ ਸਭ ਤੋਂ ਚੰਗਾ*
*'ਦੁਖੀਆ ਸਭੁ ਸੰਸਾਰੁ' ਦੀ ਰਾਹੇ ਪਾ ਕੇ*
*ਦੁੱਖ ਦੇ ਕੰਡੇ ਚੁਣੀਏ*
*ਓੜਕਿ ਸਚਿ ਰਹੀ ਦੀ ਸਾਂਝੀ ਵੰਝਲੀ*
*ਇਕ ਦੂਜੇ ਤੋਂ ਸੁਣੀਏ*
*ਰਾਣੀ ਮਾਂ ਦੀ ਪਾਟੀ ਹਿੱਕੜੀ ਨਾਨਕ ਨਾਨਕ*
*ਕੂਕ ਰਹੀ ਹੈ*

# ਚੋਰੀ ਤੇ ਸੀਨਾਜ਼ੋਰੀ ਦਾ ਜਨੂੰਨ

**ਮਾਈਕਲ ਫਿੰਕੈੱਲ 'ਦਿ ਨਿਊ ਯਾਰਕ ਟਾਈਮਜ਼' ਵਿਚ ਇਕ ਦਹਾਕੇ ਤੋਂ ਵੱਧ ਸਮਾਂ ਕੰਮ ਕਰਦਾ ਰਿਹਾ। ਉਸ ਦੀ ਸਾਖ ਖੋਜੀ ਬਿਰਤੀ ਵਾਲੇ ਪੱਤਰਕਾਰ ਵਾਲੀ ਸੀ। ਫਿਰ ਇਕ ਦਿਨ ਇਕ ਪੇਸ਼ੇਵਾਰਾਨਾ ਕੋਤਾਹੀ ਕਾਰਨ ਉਸ ਦੇ ਹੱਥ ਬਰਤਰਫ਼ੀ ਦਾ ਪਰਵਾਨਾ ਫੜਾ ਦਿੱਤਾ ਗਿਆ। ਇਸ ਤੋਂ ਉਸ ਦਾ ਕਿਤਾਬਾਂ ਲਿਖਣ ਦਾ ਸਿਲਸਿਲਾ ਆਰੰਭ ਹੋਇਆ। ਉਸ ਦੀ ਇਕ ਦਿਲਚਸਪ ਕਿਤਾਬ ਦਾ ਕਿੱਸਾ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਬਿਆਨ ਕੀਤਾ ਹੈ।**




ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਸਾਡੇ ਲਈ ਸਟੀਫਾਨ ਬ੍ਰਾਈਟਵੀਜ਼ਰ ਕੋਈ ਚਰਚਿਤ ਨਾਮ ਨਹੀਂ, ਪਰ ਕਲਾਕ੍ਰਿਤੀਆਂ ਦੇ ਕਾਰੋਬਾਰ ਵਰਗੇ ਖੇਤਰ ਵਿਚ ਉਸ ਦੀ ਪਛਾਣ ਬਿਲਕੁਲ ਨਿਵੇਕਲੀ ਹੈ। ਚੋਰ ਵਾਲੀ; ਉਹ ਵੀ ਅਜਬ ਕਿਸਮ ਦੇ। 1994 ਤੋਂ 2001 ਦਰਮਿਆਨ ਉਸਨੇ 172 ਯੂਰਪੀ ਮਿਊਜ਼ੀਅਮਾਂ ਵਿਚੋਂ 300 ਦੇ ਕਰੀਬ ਕਲਾਕ੍ਰਿਤੀਆਂ ਜਾਂ ਵਿਰਾਸਤੀ ਵਸਤਾਂ ਚੁਰਾਈਆਂ ਜਿਨ੍ਹਾਂ ਦੀ ਸਾਂਝੀ ਕੀਮਤ ਦੋ ਅਰਬ ਡਾਲਰਾਂ ਤੋਂ ਵੀ ਵੱਧ ਬਣਦੀ ਹੈ। 14ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਤਕ ਦੀਆਂ ਯਾਦਗਾਰ ਸਨ ਇਹ ਕਲਾਕ੍ਰਿਤੀਆਂ। ਕਲਾਵਾਂ ਦੇ ਚੋਰ ਅਕਸਰ ਅਜਿਹੇ ਕਾਰੇ, ਮੋਟਾ ਧਨ ਕਮਾਉਣ ਲਈ ਕਰਦੇ ਹਨ। ਸਟੀਫਾਨ ਬ੍ਰਾਈਟਵੀਜ਼ਰ ਨੂੰ ਅਜਿਹਾ ਕੋਈ ਲੋਭ ਨਹੀਂ ਸੀ। ਉਹ ਚੋਰੀ ਕੀਤੀਆਂ ਕਲਾਕ੍ਰਿਤੀਆਂ ਨੂੰ ਪੂਰਬੀ ਫਰਾਂਸ ਦੇ ਇਕ ਗੁੰਮਨਾਮ ਕਸਬੇ ਵਿਚ ਸਥਿਤ ਆਪਣੇ ਜੱਦੀ ਘਰ ਦੀ ਪਹਿਲੀ ਮੰਜ਼ਿਲ 'ਤੇ ਜਮ੍ਹਾਂ ਕਰਦਾ ਰਿਹਾ। ਵੇਚਣ ਲਈ ਨਹੀਂ ਬਲਕਿ ਉਨ੍ਹਾਂ ਨੂੰ ਪ੍ਰਸ਼ੰਸਾਮਈ ਨਜ਼ਰਾਂ ਨਾਲ ਨਿਹਾਰਨ ਲਈ। ਉਸ ਦੇ ਆਪਣੇ ਸ਼ਬਦਾਂ ਵਿਚ "ਇਸ ਅਹਿਸਾਸ, ਇਸ ਤਸੱਲੀ ਨਾਲ ਜਿਊਣ ਲਈ ਕਿ ਮੈਂ ਕਲਾ-ਜਗਤ ਦੇ ਬੇਹੱਦ ਅਨਮੋਲ ਖ਼ਜ਼ਾਨੇ ਦਾ ਮਾਲਕ ਹਾਂ।" ਇਸ ਅਨੂਠੇ ਚੋਰ ਦੀ ਕਹਾਣੀ ਕਹਿੰਦੀ ਹੈ ਅਮਰੀਕੀ ਪੱਤਰਕਾਰ ਤੇ ਤਜ਼ਕਿਰਾਨਵਾਜ਼ ਮਾਈਕਲ ਫਿੰਕੈੱਲ ਦੀ ਨਵੀਂ ਕਿਤਾਬ 'ਦਿ ਆਰਟ ਥੀਫ'। ਨਿਹਾਇਤ ਜ਼ਾਇਕੇਦਾਰ ਹੈ ਇਹ ਕਿਤਾਬ, ਆਦਿ ਤੋਂ ਅੰਤ ਤਕ ਪਾਠਕ ਦਾ ਧਿਆਨ ਤੇ ਇਕਾਗਰਤਾ ਬੰਨ੍ਹ ਕੇ ਰੱਖਣ ਵਾਲੀ। ਨਾਲ ਹੀ ਖੋਜੀ ਪੱਤਰਕਾਰੀ ਤੇ ਨਾਟਕੀ ਲੇਖਣ ਸ਼ੈਲੀ ਦਾ ਸੁਮੇਲ।

ਫਿਨਕੈੱਲ 'ਦਿ ਨਿਊ ਯਾਰਕ ਟਾਈਮਜ਼' ਵਿਚ ਇਕ ਦਹਾਕੇ ਤੋਂ ਵੱਧ ਸਮਾਂ ਕੰਮ ਕਰਦਾ ਰਿਹਾ। ਉਸ ਦੀ ਸਾਖ਼ ਖੋਜੀ ਬਿਰਤੀ ਵਾਲੇ ਪੱਤਰਕਾਰ ਵਾਲੀ ਸੀ। ਫਿਰ ਇਕ ਦਿਨ ਇਕ ਪੇਸ਼ੇਵਾਰਾਨਾ ਕੋਤਾਹੀ ਕਾਰਨ ਉਸ ਦੇ ਹੱਥ 'ਗੁਲਾਬੀ ਸਲਿੱਪ' (ਬਰਤਰਫ਼ੀ ਦਾ ਪਰਵਾਨਾ) ਫੜਾ ਦਿੱਤੀ ਗਈ। 2001 ਵਿਚ ਵਾਪਰੀ ਇਸ ਘਟਨਾ ਤੋਂ ਉਸ ਨੂੰ ਨਮੋਸ਼ੀ ਬਹੁਤ ਹੋਈ। ਕਈ ਦਿਨਾਂ ਤਕ ਉਹ ਆਪਣੇ ਫਲੈਟ ਵਿਚੋਂ ਬਾਹਰ ਨਹੀਂ ਆਇਆ। ਫਿਰ ਉਸ ਨੇ ਧਾਰ ਲਿਆ ਕਿ ਉਹ ਆਪਣੀ ਬਦਨਸੀਬੀ ਨੂੰ ਖ਼ੁਸ਼ਨਸੀਬੀ ਵਿਚ ਬਦਲ ਦੇਵੇਗਾ। ਛਾਂਟੀ ਦੇ ਮੁਆਵਜ਼ੇ ਦੇ ਰੂਪ ਵਿਚ ਮਿਲੀ ਤਿੰਨ ਮਹੀਨਿਆਂ ਦੀ ਤਨਖ਼ਾਹ ਤੇ ਕੁਝ ਹੋਰ ਇਵਜ਼ਾਨੇ ਨੂੰ ਉਸ ਨੇ ਸੂਝ-ਬੂਝ ਨਾਲ ਵਰਤ ਕੇ ਛੇ ਮਹੀਨਿਆਂ ਅੰਦਰ ਕਿਤਾਬ ਦਾ ਕੱਚਾ ਖਰੜਾ ਤਿਆਰ ਕਰ ਲਿਆ। ਅਗਲੇ ਛੇ ਮਹੀਨੇ ਉਹ ਆਜ਼ਾਦਾਨਾ ਤੌਰ 'ਤੇ ਵੱਖ-ਵੱਖ ਅਖ਼ਬਾਰਾਂ-ਰਸਾਲਿਆਂ ਲਈ ਰਚਨਾਵਾਂ ਲਿਖਦਾ ਰਿਹਾ। ਇਸ ਮਗਰੋਂ ਕਿਤਾਬ ਦੇ ਬੁਨਿਆਦੀ ਖਰੜੇ ਨੂੰ ਉਸ ਨੇ ਚਮਕਾਉਣਾ-ਲਿਸ਼ਕਾਉਣਾ ਸ਼ੁਰੂ ਕੀਤਾ। 2005 ਵਿਚ ਇਹ ਕਿਤਾਬ 'ਟਰੂ ਸਟੋਰੀ' ਦੇ ਨਾਮ ਹੇਠ ਛਪੀ। ਕਤਲ, ਪ੍ਰੇਮ ਤੇ ਦਗ਼ੇਬਾਜ਼ੀ ਦੀ ਕਹਾਣੀ ਸੀ ਇਹ ਕਿਤਾਬ। ਇਸ ਉਪਰ 2015 ਵਿਚ 'ਟਰੂ ਸਟੋਰੀ' ਦੇ ਹੀ ਨਾਮ ਹੇਠ ਹਾਲੀਵੁੱਡ ਨੇ ਫਿਲਮ ਵੀ ਬਣਾਈ ਜਿਸ ਵਿਚ ਜੇਮਜ਼ ਫਰੈਂਕੋ, ਜੋਨਾਹ ਹਿੱਲ ਤੇ ਫੈਲੀਸਿਟੀ ਜੋਨਜ਼ ਦੀਆਂ ਮੁੱਖ ਭੂਮਿਕਾਵਾਂ ਸਨ। 'ਟਰੂ ਸਟੋਰੀ' ਕਿਤਾਬ ਤੋਂ ਬਾਅਦ 2017 ਵਿਚ ਪ੍ਰਕਾਸ਼ਿਤ ਦੂਜੀ ਕਿਤਾਬ 'ਸਟ੍ਰੇਂਜਰ ਇਨ ਦਿ ਵੁੱਡਜ਼' ਵੀ ਬੈਸਟ ਸੈੱਲਰ ਸਾਬਤ ਹੋਈ। ਅਮਰੀਕੀ ਸੂਬੇ ਮੇਨ ਦੇ ਜੰਗਲਾਂ ਵਿਚ ਰਹਿੰਦੇ ਇਕ ਜ਼ਾਹਿਦ (ਸੰਨਿਆਸੀ) ਦੀ ਸੱਚੀ ਕਹਾਣੀ ਹੈ ਇਹ ਕਿਤਾਬ। ਇਸ ਉਪਰ ਵੀ ਹੁਣ ਫਿਲਮ ਬਣ ਰਹੀ ਹੈ। ਹੁਣ ਤੀਜੀ ਕਿਤਾਬ 'ਦਿ ਆਰਟ ਥੀਫ' ਵੀ ਬੈਸਟ ਸੈੱਲਰ ਬਣਨ ਵੱਲ ਵਧ ਰਹੀ ਹੈ।

ਮਿਊਜ਼ੀਅਮਾਂ ਵਿਚੋਂ ਕਲਾਕ੍ਰਿਤੀਆਂ ਚੋਰੀ ਹੋਣ ਦੀਆਂ ਘਟਨਾਵਾਂ ਪੱਛਮ ਵਿਚ ਦਰਜਨਾਂ ਨਾਵਲਾਂ ਤੇ ਫਿਲਮਾਂ ਦਾ ਵਿਸ਼ਾ ਬਣ ਚੁੱਕੀਆਂ ਹਨ। ਇਨ੍ਹਾਂ ਵਿਚੋਂ 'ਦਿ ਟੌਮਸ ਕ੍ਰਾਊਨ ਅਫੇਅਰ' ਮੇਰੀ ਪਸੰਦੀਦਾ ਫਿਲਮ ਹੈ। ਪੀਅਰਸ ਬਰੌਸਨਨ ਤੇ ਰੇਨੀ ਰੂਸੋ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਹ ਫਿਲਮ, ਕਲਾਕ੍ਰਿਤੀਆਂ ਦੇ ਇਕ ਅਜਿਹੇ ਚੋਰ ਦੀ ਕਹਾਣੀ ਹੈ ਜੋ ਪਹਿਲਾਂ ਹੀ ਅਰਬਾਂਪਤੀ ਹੈ, ਪਰ ਇਕ ਮਹਿਲਾ ਤਫ਼ਤੀਸ਼ਕਾਰ ਨੂੰ ਇਕ ਤੋਂ ਬਾਅਦ ਦੂਜੀ ਮਾਤ ਦੇਣ ਲਈ ਨਵੇਂ ਸਿਰੇ ਤੋਂ ਚੋਰੀਆਂ ਸ਼ੁਰੂ ਕਰ ਦਿੰਦਾ ਹੈ। ਅਜਿਹੇ ਪਲਾਟ ਤੋਂ ਉਲਟ ਸੀਫਾਨ ਬ੍ਰਾਈਟਵੀਜ਼ਰ ਦਾ ਮਕਸਦ ਬਿਲਕੁਲ ਨਿਰਾਲਾ ਹੈ। ਉਸ ਦੇ ਨਾਲ ਹਮੇਸ਼ਾਂ ਉਸ ਦੀ ਪ੍ਰੇਮਿਕਾ ਐਨ (ਫਰਾਂਸੀਸੀ ਉਚਾਰਣ ਐਨਾ) ਕੈਥੇਰੀਨ ਕਲੀਨਕਲੌਜ਼ ਰਹੀ। ਬ੍ਰਾਈਟਵੀਜ਼ਰ ਦਾ ਹੁਨਰ ਵੀ ਅਨੂਠਾ ਸੀ। ਉਹ ਹਮੇਸ਼ਾ ਸਵਿੱਸ ਆਰਮੀ ਨਾਈਫ (ਭਾਵ ਇਕੋ ਕਵਰ ਦੇ ਅੰਦਰ ਸਮਾ ਜਾਣ ਵਾਲੇ ਕਈ ਚਾਕੂ) ਆਪਣੇ ਕੋਲ ਰੱਖਦਾ ਸੀ। ਇਹ ਸਵਿੱਸ ਹਥਿਆਰ ਚੋਰੀਆਂ ਕਰਨ ਸਮੇਂ ਪੇਚਕੱਸ ਦਾ ਕੰਮ ਵੀ ਕਰਦਾ ਸੀ ਅਤੇ ਕਟਰ ਤੇ ਡਰਿੱਲ ਆਦਿ ਦਾ ਵੀ। ਕੋਈ ਚੋਰੀ 15 ਮਿੰਟ ਲੈਂਦੀ ਸੀ ਅਤੇ ਕੋਈ ਹੋਰ ਦੋ ਘੰਟੇ ਜਾਂ ਇਸ ਤੋਂ ਵੀ ਵੱਧ ਸਮਾਂ। ਉਹ ਪੇਂਟਿੰਗਜ਼ ਜਾਂ ਹੋਰ ਪ੍ਰਾਚੀਨ/ਕਲਾਤਮਿਕ ਵਸਤਾਂ ਵੇਚਦਾ ਨਹੀਂ ਸੀ। ਉਨ੍ਹਾਂ ਆਪਣੀ ਮਾਂ ਦੇ ਨਿਵਾਸ ਦੀ ਉਪਰਲੀ ਮੰਜ਼ਿਲ (ਐਟਿਕ) 'ਤੇ ਪਹੁੰਚਾ ਦਿੱਤਾ ਕਰਦਾ ਸੀ। ਕੋਈ ਵੱਡਾ ਬੁੱਤ ਚੁਰਾਉਣ ਲਈ ਕਈ ਵਾਰ ਬੈਗ ਆਦਿ ਦੀ ਲੋੜ ਪੈਂਦੀ ਸੀ। ਢੁਕਵੇਂ ਬੈਗ ਦੀ ਚੋਣ ਤੇ ਵਰਤੋਂ ਦੀ ਉਸ ਨੂੰ ਮੁਹਾਰਤ ਸੀ। ਛੋਟੀਆਂ ਵਸਤਾਂ ਉਹ ਤੇ ਐਨ-ਕੈਥੇਰੀਨ ਆਪੋ-ਆਪਣੇ ਓਵਰਕੋਟਾਂ ਵਿਚਛੁਪਾ ਲੈਂਦੇ ਸਨ। ਉਂਜ, ਇਹੋ ਓਵਰਕੋਟ ਹੀ ਅੰਤ ਵਿਚ ਦੋਵਾਂ ਦੀ ਗ੍ਰਿਫ਼ਤਾਰੀ ਦਾ ਬਾਇਜ਼ ਬਣੇ: ਸਟੀਫਾਨ ਨੇ ਲੂਸਹਨ (), ਸਵਿਟਜ਼ਰਲੈਂਡ ਦੇ ਮਿਊਜ਼ੀਅਮ ਵਿਚੋਂ 16ਵੀਂ ਸਦੀ ਨਾਲ ਸਬੰਧਤ ਬਿਗਲ ਚੁਰਾਇਆ।ਉਸ ਸਮੇਂ ਉਸ ਨੇ ਹੱਥਾਂ ਵਿਚ ਦਸਤਾਨੇ ਨਹੀਂ ਸਨ ਪਾਏ ਹੋਏ। ਲਿਹਾਜ਼ਾ, ਉਂਗਲੀਆਂ ਦੇ ਨਿਸ਼ਾਨ ਚੋਰੀ ਵਾਲੀ ਥਾਂ 'ਤੇ ਬਚੇ ਰਹਿਣੇ ਸੁਭਾਵਿਕ ਸਨ। ਐਨ-ਕੈਥੇਰੀਨ ਨੇ ਸਟੀਫਾਨ 'ਤੇ ਦਬਾਅ ਪਾਇਆ ਕਿ ਉਹ ਆਪਣੇ ਨਿਸ਼ਾਨ ਮਿਟਾ ਕੇ ਆਏ।ਦੋ ਦਿਨ ਬਾਅਦ ਉਹ ਸਵੇਰ ਵੇਲੇ ਮਿਊਜ਼ੀਅਮ ਜਾ ਪੁੱਜੇ। ਉਦੋਂ ਤਕ ਮਿਊਜ਼ੀਅਮ ਅਧਿਕਾਰੀਆਂ ਨੂੰ ਚੋਰੀ ਦਾ ਪਤਾ ਲੱਗ ਚੁੱਕਾ ਸੀ। ਗਰਮੀਆਂ ਦੇ ਦਿਨ ਸਨ, ਪਰ ਇਸ ਦੇ ਬਾਵਜੂਦ ਐਨ-ਕੈਥੇਰੀਨ ਤੇ ਸਟੀਫਾਨ ਨੇ ਓਵਰਕੋਟ ਪਾਏ ਹੋਏ ਸਨ। ਸਟੀਫਾਨ ਮਿਊਜ਼ੀਅਮ ਦੇ ਅੰਦਰ ਚਲਾ ਗਿਆ, ਐਨ-ਕੈਥੇਰੀਨ ਬਾਹਰ ਰਹੀ। ਮਿਊਜ਼ੀਅਮ ਨੇੜੇ ਰਹਿੰਦਾ ਇਕ ਪੱਤਰਕਾਰ ਆਪਣਾ ਕੁੱਤਾ ਘਰ ਤੋਂ ਬਾਹਰ ਘੁਮਾਉਣ ਆਇਆ ਹੋਇਆ ਸੀ। ਉਸ ਨੂੰ ਓਵਰਕੋਟਾਂ ਵਾਲਾ ਜੋੜਾ ਦੇਖ ਕੇ ਸ਼ੱਕ ਹੋਇਆ। ਇਸ ਸ਼ੱਕ ਦੇ ਤਹਿਤ ਉਸ ਨੇ ਮਿਊਜ਼ੀਅਮ ਦੇ ਸੁਰੱਖਿਆ ਅਮਲੇ ਨੂੰ ਵੀ ਚੌਕਸ ਕਰ ਦਿੱਤਾ ਅਤੇ ਪੁਲੀਸ ਨੂੰ ਵੀ। ਸਟੀਫਾਨ ਨੂੰ ਮਿਊਜ਼ੀਅਮ ਦੇ ਰਾਖਿਆਂ ਨੇ ਦਬੋਚ ਲਿਆ ਅਤੇ ਐਨ-ਕੈਥੇਰੀਨ ਨੂੰ ਪੁਲੀਸ ਨੇ।



ਕਿਤਾਬ 'ਦਿ ਆਰਟ ਥੀਫ' ਦਾ ਮੁਖੜਾ।

**ਮਿਊਜ਼ੀਅਮਾਂ ਵਿਚੋਂ ਕਲਾਕ੍ਰਿਤੀਆਂ ਚੋਰੀ ਹੋਣ ਦੀਆਂ ਘਟਨਾਵਾਂ ਪੱਛਮ ਵਿਚ ਦਰਜਨਾਂ ਨਾਵਲਾਂ ਤੇ ਫਿਲਮਾਂ ਦਾ ਵਿਸ਼ਾ ਬਣ ਚੁੱਕੀਆਂ ਹਨ। ਇਨ੍ਹਾਂ ਵਿਚੋਂ 'ਦਿ ਟੌਮਸ ਕ੍ਰਾਊਨ ਅਫੇਅਰ' ਮੇਰੀ ਪਸੰਦੀਦਾ ਫਿਲਮ ਹੈ। ਪੀਅਰਸ ਬਰੌਸਨਨ ਤੇ ਰੇਨੀ ਰੂਸੋ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਹ ਫਿਲਮ, ਕਲਾਕ੍ਰਿਤੀਆਂ ਦੇ ਇਕ ਅਜਿਹੇ ਚੋਰ ਦੀ ਕਹਾਣੀ ਹੈ ਜੋ ਪਹਿਲਾਂ ਹੀ ਅਰਬਾਂਪਤੀ ਹੈ, ਪਰ ਇਕ ਮਹਿਲਾ ਤਫ਼ਤੀਸ਼ਕਾਰ ਨੂੰ ਇਕ ਤੋਂ ਬਾਅਦ ਦੂਜੀ ਮਾਤ ਦੇਣ ਲਈ ਨਵੇਂ ਸਿਰੇ ਤੋਂ ਚੋਰੀਆਂ ਸ਼ੁਰੂ ਕਰ ਦਿੰਦਾ ਹੈ। ਅਜਿਹੇ ਪਲਾਟ ਤੋਂ ਉਲਟ ਸੀਫਾਨ ਬ੍ਰਾਈਟਵੀਜ਼ਰ ਦਾ ਮਕਸਦ ਬਿਲਕੁਲ ਨਿਰਾਲਾ ਹੈ।**


ਮਾਈਕਲ ਫਿੰਕੈੱਲ

ਮੁਕੱਦਮਾ ਲੂਸਹਨ (ਸਵਿਟਜ਼ਰਲੈਂਡ) ਵਿਚ ਹੀ ਚੱਲਿਆ। ਸਟੀਫਾਨ ਦੇ ਪੂਰਬੀ ਫਰਾਂਸ ਸਥਿਤ ਘਰ ਦੀ ਤਲਾਸ਼ੀ ਦੌਰਾਨ 154 ਚੁਰਾਈਆਂ ਕਲਾਕ੍ਰਿਤੀਆਂ ਤੇ ਪ੍ਰਾਚੀਨ ਵਸਤਾਂ ਮਿਲੀਆਂ। ਇਨ੍ਹਾਂ ਵਿਚ ਹਾਥੀਦੰਦ 'ਤੇ ਨੱਕਾਸ਼ੀ ਦੇ ਬੇਮਿਸਾਲ ਨਮੂਨੇ, 18ਵੀਂ ਸਦੀ ਨਾਲ ਸਬੰਧਤ ਚਾਂਦੀ ਦੇ ਚਮਤਕਾਰ ਪਿਆਲੇ, ਦਰਜਨਾਂ ਕੀਮਤੀ ਤੇਲ-ਚਿੱਤਰ, ਜੌਰਜ ਪੀਟਲ ਵੱਲੋਂ 1627 ਵਿਚ ਤਰਾਸ਼ਿਆ 'ਐਡਮ ਐਂਡ ਈਵ' (ਆਦਮ ਤੇ ਹੱਵਾ) ਦਾ ਬੁੱਤ ਅਤੇ ਨੈਪੋਲੀਅਨ ਵੱਲੋਂ ਉਚੇਚੇ ਤੌਰ 'ਤੇ ਤਿਆਰ ਕਰਵਾਇਆ ਦੰਦ-ਖੰਡ ਦਾ ਤਮਾਕੂ-ਬਕਸਾ ਸ਼ਾਮਲ ਸਨ। ਇਨ੍ਹਾਂ 154 ਵਸਤਾਂ ਦੀ ਕੀਮਤ ਉਸ ਸਮੇਂ 1.51 ਅਰਬ ਡਾਲਰ ਬਣਦੀ ਸੀ। ਮੁਕੱਦਮੇ ਦੌਰਾਨ ਐਨ-ਕੈਥੇਰੀਨ, ਸਟੀਫਾਨ ਦੇ ਖ਼ਿਲਾਫ਼ ਭੁਗਤੀ। ਉਸ ਨੇ ਹਲਫ਼ ਲੈਣ ਮਗਰੋਂ ਦਾਅਵਾ ਕੀਤਾ ਕਿ ਉਹ ਸਟੀਫਾਨ ਤੋਂ ਹਮੇਸ਼ਾ ਭੈਅ ਖਾਂਦੀ ਆਈ ਹੈ। ਉਹ, ਉਸ ਨੂੰ ਹਰ ਸਮੇਂ ਡਰਾ ਕੇ ਰੱਖਦਾ ਸੀ ਅਤੇ ਆਪਣੀ ਮਰਜ਼ੀ ਮੁਤਾਬਿਕ ਕੰਮ ਕਰਵਾਉਂਦਾ ਸੀ। ਇਕ ਵਾਰ ਉਸ ਨੇ ਗਰਭਵਤੀ ਹੋਣ ਮਗਰੋਂ ਇਹ ਤੱਥ ਸਟੀਫਾਨ ਨਾਲ ਸਾਂਝਾ ਨਹੀਂ ਕੀਤਾ। ਪਤਾ ਲੱਗਣ 'ਤੇ ਸਟੀਫਾਨ ਨੇ ਨਾ ਸਿਰਫ਼ ਉਸ ਨੂੰ ਕੁੱਟਿਆ ਸਗੋਂ ਗਰਭ ਵੀ ਗਿਰਵਾ ਦਿੱਤਾ। ਉਸ ਨੇ ਇਹ ਵੀ ਕਿਹਾ ਕਿ ਉਸ ਨੇ ਨਾ ਤਾਂ ਕਦੇ ਆਪ ਚੋਰੀ ਕੀਤੀ ਅਤੇ ਨਾ ਹੀ ਸਟੀਫਾਨ ਦੀਆਂ ਚੋਰੀਆਂ ਤੋਂ ਕੋਈ ਮਾਇਕ ਲਾਭ ਲਿਆ। ਐਨ-ਕੈਥੇਰੀਨ ਦੀ ਇਹੋ ਗਵਾਹੀ ਉਸ ਨੂੰ ਜੇਲ੍ਹਬੰਦ ਹੋਣ ਤੋਂ ਬਚਾਅ ਗਈ, ਪਰ ਸਟੀਫਾਨ ਦੀ ਮਾਂ ਮੀਰੇਈ ਸਟੈਨਜੈੱਲ ਇੰਨੀ ਖ਼ੁਸ਼ਨਸੀਬ ਨਹੀਂ ਰਹੀ। ਉਂਜ, ਉਸ ਨੇ ਵੀ ਆਪਣੇ ਪੁੱਤਰ ਦੀਆਂ ਗਤੀਵਿਧੀਆਂ ਨਾਲ ਕੋਈ ਵਾਸਤਾ ਨਾ ਹੋਣ ਦਾ ਦਾਅਵਾ ਕੀਤਾ। ਉਸ ਦਾ ਕਹਿਣਾ ਸੀ ਕਿ ਪਿਛਲੇ 10 ਵਰ੍ਹਿਆਂ ਦੌਰਾਨ ਉਹ ਇਕ ਵਾਰ ਵੀ ਆਪਣੇ ਘਰ ਦੀ ਪਹਿਲੀ ਮੰਜ਼ਿਲ 'ਤੇ ਨਹੀਂ ਗਈ। ਉਸ ਨੇ ਮੰਨਿਆ ਕਿ ਉਸ ਦੇ ਲੋੜੋਂ ਵੱਧ ਲਾਡ-ਦੁਲਾਰ ਨੇ ਸਟੀਫਾਨ ਨੂੰ ਵਿਗਾੜਿਆ। ਉਹ ਬਹੁਤ ਛੋਟਾ ਸੀ ਜਦੋਂ ਉਸ ਦਾ ਪਿਤਾ, ਮੀਰੇਈ ਨੂੰ ਤਲਾਕ ਦੇ ਗਿਆ। ਇਸ ਦੇ ਬਾਵਜੂਦ ਦਾਦਾ-ਦਾਦੀ ਨੇ ਸਟੀਫਾਨ ਨੂੰ ਲਡਾਉਣਾ ਜਾਰੀ ਰੱਖਿਆ। ਉਹ ਧਨਾਢ ਸਨ, ਸਟੀਫਾਨ 'ਤੇ ਧਨ ਆਦਿ ਬਹੁਤ ਲੁਟਾਉਂਦੇ ਸਨ। ਇਸੇ ਦੌਰਾਨ ਨਾ ਤਾਂ ਸਟੀਫਾਨ ਨੇ ਕੋਈ ਨੌਕਰੀ ਕੀਤੀ ਅਤੇ ਨਾ ਹੀ ਸਰਕਾਰ ਪਾਸੋਂ ਬੇਰੁਜ਼ਗਾਰੀ ਭੱਤਾ ਮੰਗਿਆ। ਉਸ ਨੇ ਇਹ ਦੋਸ਼ ਰੱਦ ਕੀਤਾ ਕਿ ਸਟੀਫਾਨ ਦੀ ਗ੍ਰਿਫ਼ਤਾਰੀ ਦੀ ਖ਼ਬਰ ਮਿਲਦਿਆਂ ਉਸ ਨੇ ਬਹੁਤ ਸਾਰੀਆਂ ਵਿਰਾਸਤੀ ਵਸਤਾਂ ਘਰ ਨੇੜਿਓਂ ਲੰਘਦੀ ਰੌਨ-ਰਾਈਨ ਨਹਿਰ ਵਿਚ ਵਹਾਅ ਦਿੱਤੀਆਂ ਸਨ ਅਤੇ ਪੇਂਟਿੰਗਜ਼ ਆਦਿ ਨੂੰ ਨੇੜਲੇ ਜੰਗਲ ਵਿਚ ਜਾ ਕੇ ਸਾੜ ਦਿੱਤਾ ਸੀ। ਅਦਾਲਤ ਨੇ ਉਸ ਦੀ ਕਹਾਣੀ 'ਤੇ ਇਤਬਾਰ ਨਹੀਂ ਕੀਤਾ ਅਤੇ ਉਸ ਨੂੰ ਸਬੂਤ ਨਸ਼ਟ ਕਰਨ ਦਾ ਦੋਸ਼ੀ ਕਰਾਰ ਦਿੱਤਾ। ਸਜ਼ਾ ਇਕ ਸਾਲ ਦੀ ਕੈਦ ਦੀ ਸੁਣਾਈ ਗਈ, ਪਰ ਤਿੰਨ ਮਹੀਨਿਆਂ ਬਾਅਦ ਹੀ ਉਸ ਨੂੰ ਨੇਕਚਲਨੀ ਦੇ ਆਧਾਰ 'ਤੇ ਆਜ਼ਾਦ ਕਰ ਦਿੱਤਾ ਗਿਆ।

ਸਟੀਫਾਨ ਨੇ ਆਪਣੀ ਸਫ਼ਾਈ ਪੇਸ਼ ਕਰਦਿਆਂ ਆਪਣੇ ਆਪ ਨੂੰ 'ਕੋਮਲ ਕਲਾਵਾਂ ਦਾ ਮੁਕਤੀਦਾਤਾ' ਦੱਸਿਆ। ਉਸ ਨੇ ਦਾਅਵਾ ਕੀਤਾ ਕਿ ਕਲਾਕ੍ਰਿਤੀਆਂ ਤੋਂ ਪੈਸਾ ਬਣਾਉਣ ਦਾ ਉਸ ਦਾ ਕੋਈ ਇਰਾਦਾ ਨਾ ਤਾਂ ਪਹਿਲਾਂ ਸੀ, ਨਾ ਕਦੇ ਰਹੇਗਾ। ਆਪਣੇ ਘਰ, ਖ਼ਾਸ ਕਰਕੇ ਆਪਣੇ ਕਮਰੇ ਵਿਚ ਕਲਾਕ੍ਰਿਤੀਆਂ ਦਰਮਿਆਨ ਘਿਰੇ ਰਹਿਣਾ ਉਸ ਦਾ ਖ਼ਬਤ ਸੀ। ਉਸ ਨੇ ਇਹ ਵੀ ਕਿਹਾ ਕਿ ਮਿਊਜ਼ੀਅਮਾਂ ਵਿਚ ਬੇਸ਼ਕੀਮਤੀ ਕਲਾਕ੍ਰਿਤੀਆਂ ਨੂੰ ਰੋਲਿਆ ਜਾ ਰਿਹਾ ਹੈ। ਇਨ੍ਹਾਂ ਨੂੰ ਦੇਖਣ ਲਈ ਉਹ ਲੋਕ ਆਉਂਦੇ ਨੇ ਜਿਨ੍ਹਾਂ ਨੂੰ ਕਲਾਵਾਂ ਦਾ ਸਿਰਫ਼ ਮਾਮੂਲੀ ਗਿਆਨ ਹੈ। ਇਸ ਤੋਂ ਉਲਟ ਉਹ ਖ਼ੁਦ ਨੂੰ ਕਲਾਵਾਂ ਦਾ ਪਾਰਖੂ ਸਮਝਦਾ ਹੈ ਅਤੇ ਇਹ ਮਹਿਸੂਸ ਕਰਦਾ ਹੈ ਕਿ ਉਹ ਇਨ੍ਹਾਂ ਨੂੰ ਬਿਹਤਰ ਢੰਗ ਨਾਲ ਸਹੇਜ ਕੇ ਇਨ੍ਹਾਂ ਦੀ ਸੁਚੱਜੀ ਸੰਭਾਲ ਕਰ ਰਿਹਾ ਹੈ। ਉਹ ਇਹ ਵੀ ਗਿੜਗਿੜਾਇਆ ਕਿ ਉਸ ਦਾ ਕਲਾਕ੍ਰਿਤੀਆਂ ਜਾਂ ਹੋਰ ਮਨੋਹਾਰੀ ਵਸਤਾਂ ਪੱਕੇ ਤੌਰ 'ਤੇ ਆਪਣੇ ਕੋਲ ਰੱਖਣ ਦਾ ਕੋਈ ਇਰਾਦਾ ਨਹੀਂ ਸੀ ਅਤੇ ਇਹ ਉਸ ਨੇ ਸਬੰਧਤ ਮਿਊਜ਼ੀਅਮਾਂ ਨੂੰ ਮੋੜ ਦੇਣੀਆਂ ਸਨ। ਉਸ ਦੇ ਵਕੀਲਾਂ ਨੇ ਉਸ ਦੇ ਜਨੂਨ ਨੂੰ ਕਲੈਪਟੋਮੇਨੀਆ ਦੱਸਿਆ ਅਤੇ ਉਸ ਦੇ ਮਨੋਵਿਗਿਆਨਕ ਤੇ ਮਨੋਚਕਿਤਸਕ ਜਾਇਜ਼ੇ ਦੀ ਮੰਗ ਕੀਤੀ। ਜੱਜ ਨੇ ਸਭ ਦਲੀਲਾਂ ਸੁਣਨ ਮਗਰੋਂ ਸਟੀਫਾਨ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ, ਪਰ 26 ਮਹੀਨਿਆਂ ਬਾਅਦ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਰਿਹਾਈ ਮਗਰੋਂ ਵੀ ਉਹ ਕਲਾਕ੍ਰਿਤੀਆਂ ਚੁਰਾਉਣ ਤੋਂ ਨਹੀਂ ਟਲਿਆ। ਫ਼ਰਕ ਇਹ ਹੈ ਕਿ ਹੁਣ ਉਹ ਬਹੁਤੇ 'ਕੀਮਤੀ ਮਾਲ' ਨੂੰ ਹੱਥ ਨਹੀਂ ਪਾਉਂਦਾ। ਪਿਛਲੇ ਕੁਝ ਵਰ੍ਹਿਆਂ ਦੌਰਾਨ ਉਹ ਜਿੱਥੇ ਦੋ ਵਾਰ ਮਹੀਨੇ-ਮਹੀਨੇ ਦੀ ਕੈਦ ਕੱਟ ਚੁੱਕਾ ਹੈ, ਉੱਥੇ ਇਕ ਵਾਰ ਆਪਣੇ ਹੀ ਘਰ ਵਿਚ ਚਾਰ ਮਹੀਨੇ ਲਈ ਨਜ਼ਰਬੰਦ ਰਹਿ ਚੁੱਕਾ ਹੈ।

ਕਿਤਾਬ, ਮਿਊਜ਼ੀਅਮਾਂ ਦੇ ਪ੍ਰਬੰਧਕਾਂ ਤੇ ਨਿਗਰਾਨਾਂ ਲਈ ਚਿਤਾਵਨੀ ਵਾਂਗ ਹੈ ਕਿ ਉਨ੍ਹਾਂ ਵੱਲੋਂ ਕਲਾਕ੍ਰਿਤੀਆਂ ਦੀ ਰਾਖੀ ਲਈ ਉਲੀਕੇ ਕਦਮ ਨਾਕਾਫ਼ੀ ਹਨ। ਸਟੀਫਾਨ ਬ੍ਰਾਈਟਵੀਜ਼ਰ ਜਿਵੇਂ ਬਹੁਤੀ ਲੰਮੀ ਕੈਦ ਤੋਂ ਬਚ ਨਿਕਲਣ ਵਿਚ ਕਾਮਯਾਬ ਰਿਹਾ ਹੈ, ਉਸ ਤੋਂ ਕਾਨੂੰਨੀ ਸ਼ਿਕੰਜਾ ਵੀ ਵੱਧ ਕਾਗਾਰ ਬਣਾਉਣ ਦਾ ਵਿਚਾਰ ਉਚੇਚੇ ਤੌਰ 'ਤੇ ਮਨਾਂ ਵਿਚ ਉਭਰਦਾ ਹੈ। ਕਿਤਾਬ ਦੇ 38 ਚੈਪਟਰਾਂ ਵਿਚੋਂ 30 ਵੱਖ-ਵੱਖ ਵੱਡੀਆਂ ਚੋਰੀਆਂ ਦੀ ਕਹਾਣੀ ਪੇਸ਼ ਕਰਦੇ ਹਨ। ਚੰਗੀ ਗੱਲ ਇਹ ਹੈ ਕਿ ਲੇਖਕ ਨੇ ਸਟੀਫਾਨ ਨਾਲ ਲੰਮੀਆਂ ਮੁਲਾਕਾਤਾਂ ਕਰਨ ਤੇ ਉਸ ਨਾਲ ਕਈ ਦਿਨ ਇਕੱਠਿਆਂ ਬਿਤਾਉਣ ਦੇ ਬਾਵਜੂਦ ਉਸ ਨੂੰ ਨਾ ਤਾਂ ਨਾਇਕ ਵਜੋਂ ਪੇਸ਼ ਕੀਤਾ ਹੈ ਅਤੇ ਨਾ ਹੀ ਪੀੜਿਤ ਵਜੋਂ। ਉਸ ਨੇ ਕਲੈਪਟੋਮੇਨੀਆ ਵਰਗੇ ਮਾਨਸਿਕ ਰੋਗ ਜਾਂ ਸਟੀਫਨ ਦੀ ਮਾਨਸਿਕ ਅਵਸਥਾ ਬਾਰੇ ਬੇਲੋੜੀਆਂ ਟਿੱਪਣੀਆਂ ਤੋਂ ਵੀ ਪਰਹੇਜ਼ ਕੀਤਾ ਹੈ। ਉਸ ਦੀ ਲਿਖਣ-ਸ਼ੈਲੀ ਪੂਰੀ ਚੁਸਤ-ਦਰੁਸਤ ਹੈ, ਰਹੱਸ-ਰੋਮਾਂਚ ਭਰਪੂਰ ਵੀ ਹੈ ਅਤੇ ਪਾਠਕ ਨੂੰ ਸੰਮੋਹਿਤ ਕਰਨ ਵਾਲੀ ਹੈ। ਆਖ਼ਰੀ ਖ਼ੂਬੀ ਇਸ ਕਿਤਾਬ ਨੂੰ ਸੱਚਮੁੱਚ ਹੀ, ਸਵਾਗਤਯੋਗ ਬਣਾਉਂਦੀ ਹੈ।

---

## ਪੰਜਾਬੀਆਂ ਦੇ ਅਥਾਹ ਤੇ ਫ਼ਜ਼ੂਲ ਖਰਚੇ

-ਜਿਹੜੇ ਪੰਜਾਬੀ ਵੱਟ ਨਾਲ ਦੀ ਇਕ ਗਿੱਠ ਜ਼ਮੀਨ ਕਿਸੇ ਵੱਲ ਵੱਧ ਜਾਂਦੀ ਵੇਖ ਕੇ ਕਤਲ ਕਰਨ ਤਕ ਚਲੇ ਜਾਂਦੇ ਸਨ, ... ਉਹ ਚਾਰ-ਪੰਜ ਘੰਟਿਆਂ ਦੇ ਵਿਖਾਵੇ ਵਾਲੇ ਵਿਆਹ 'ਤੇ ਕਿੱਲਾ ਕਿਸ ਤਰ੍ਹਾਂ ਵੇਚ ਲੈਂਦੇ ਹਨ? ਪੰਜਾਬੀਆਂ ਦੀ ਸੋਚ ਵਿਚ ਆਈ ਇਹ ਤਬਦੀਲੀ ਹੈਰਾਨ ਹੀ ਨਹੀਂ, ਪਰੇਸ਼ਾਨ ਵੀ ਕਰਦੀ ਹੈ।

-ਪੰਜਾਬ ਵਿਚੋਂ ਪੜ੍ਹਾਈ ਲਈ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਇੰਨੀ ਜ਼ਿਆਦਾ ਹੈ ਕਿ ਸਤੰਬਰ, ਜਨਵਰੀ ਤੇ ਮਈ ਵਿਚ ਜਦੋਂ ਵਿਦਿਅਕ ਸੈਸ਼ਨ ਸ਼ੁਰੂ ਹੁੰਦਾ ਹੈ ਤਾਂ ਇਨ੍ਹਾਂ ਮਹੀਨਿਆਂ ਵਿਚ ਨਵੀਂ ਦਿੱਲੀ ਤੋਂ ਟੋਰਾਂਟੋ ਤੱਕ ਦੇ ਹਵਾਈ ਸਫ਼ਰ ਲਈ ਟਿਕਟ ਦੀ ਕੀਮਤ ਆਮ ਨਾਲੋਂ ਦੋ ਗੁਣਾ ਜਾਂ ਇਸ ਤੋਂ ਵੱਧ ਹੋ ਜਾਂਦੀ ਹੈ।

-ਮਾਝੇ ਤੇ ਦੁਆਬੇ 'ਚ ਕਦੇ ਗੇੜਾ ਮਾਰੋਗੇ ਤਾਂ ਵੇਖਣਾ ਵੱਡੀਆਂ ਕੋਠੀਆਂ 'ਤੇ ਟਰੈਕਟਰ ਚੜ੍ਹੇ ਹੋਏ ਹਨ। ਪਾਣੀ ਵਾਲੀ ਟੈਂਕੀ ਦਾ ਮਾਡਲ ਕਿਤੇ ਟਰੈਕਟਰ ਦਾ ਹੈ, ਕਿਤੇ ਜ਼ਹਾਜ਼ ਦਾ। ਇਹ ਮਾਨਸਿਕਤਾ ਕਿਸ ਤਰ੍ਹਾਂ ਦੇ ਪਾਣੀ ਵਿਚ ਭਿੱਜੀ ਹੋਈ ਹੈ? ... ਝੱਲ ਖਿਲਾਰਨ ਵਾਲਿਆਂ ਨੇ ਆਹ ਦਿਨ ਦਿਖਾਏ ਹਨ।

ਉਪਰੋਕਤ ਸਾਰੇ ਨੁਕਤੇ ਗੁਰਪ੍ਰੀਤ ਸਿੰਘ ਤੂਰ ਤੇ ਬਲਵੰਤ ਸਿੰਘ ਸੰਧੂ ਵੱਲੋਂ ਸੰਪਾਦਿਤ ਪੁਸਤਕ 'ਪੰਜਾਬੀਆਂ ਦੇ ਅਥਾਹ ਤੇ ਫ਼ਜ਼ੂਲ ਖਰਚੇ' ਦਾ ਹਿੱਸਾ ਹਨ। 'ਕਾਫ਼ਲਾ: ਜੀਵੇ ਪੰਜਾਬ' ਦੀ ਇਹ ਪੇਸ਼ਕਸ਼ 28 ਨਿਬੰਧਾਂ ਦੇ ਸੰਗ੍ਰਹਿ ਦੇ ਰੂਪ ਵਿਚ ਹੈ। ਇਹ ਸਾਰੇ ਨਿਬੰਧ ਪੰਜਾਬ ਦੇ ਸਮਾਜਿਕ-ਆਰਥਿਕ ਜੀਵਨ ਵਿਚ ਉੱਭਰੇ ਕਾਣਾਂ ਤੇ ਔਗੁਣਾਂ, ਖ਼ਾਸ ਤੌਰ 'ਤੇ ਫ਼ਜ਼ੂਲਖਰਚੀ, ਵਿਖਾਵੇਬਾਜ਼ੀ ਤੇ ਨਸ਼ਾਖੋਰੀ ਉੱਤੇ ਕੇਂਦਰਿਤ ਹਨ। ਪੁਸਤਕ ਦੇ ਸੱਤ ਅਨੁਭਾਗ ਹਨ: ਪਹਿਲਾ ਵਿਆਹਾਂ, ਦੂਜਾ ਖੇਤੀ ਤੇ ਪਾਣੀ, ਤੀਜਾ ਘਰਾਂ ਤੇ ਕੋਠੀਆਂ, ਚੌਥਾ ਮੋਟਰ ਗੱਡੀਆਂ, ਪੰਜਵਾਂ ਪਰਵਾਸ ਜਾਣ ਦੀ ਲਹਿਰ, ਛੇਵਾਂ ਨਸ਼ਿਆਂ ਅਤੇ ਸੱਤਵਾਂ ਸਾਡੇ ਸਮਾਜਿਕ-ਭਾਈਚਾਰਕ ਜੀਵਨ ਵਿਚ ਸ਼ਾਹਖਰਚੀ ਵਰਗੇ ਰੁਝਾਨਾਂ ਦੀ ਨਿਸ਼ਾਨਦੇਹੀ ਵੀ ਕਰਦੇ ਹਨ ਅਤੇ ਨਿਦਾਨ ਵੀ ਸੁਝਾਉਂਦੇ ਹਨ। ਨਿਬੰਧਕਾਰਾਂ ਵਿਚ ਹੋਰਨਾਂ ਤੋਂ ਇਲਾਵਾ ਡਾ. ਨਿਰਮਲ ਜੌੜਾ, ਪ੍ਰਿੰਸੀਪਲ ਸਰਵਣ ਸਿੰਘ, ਡਾ. ਦਵਿੰਦਰ ਸੈਫ਼ੀ, ਡਾ. ਰਣਜੀਤ ਸਿੰਘ ਘੁੰਮਣ, ਡਾ. ਸ਼ਿਆਮ ਸੁੰਦਰ ਦੀਪਤੀ ਤੇ ਪ੍ਰੋ. ਅਵਤਾਰ ਸਿੰਘ ਦੇ ਨਾਮ ਸ਼ਾਮਲ ਹਨ। ਭੂਮਿਕਾ ਵਿਚ ਗੁਰਪ੍ਰੀਤ ਸਿੰਘ ਤੂਰ (ਜੋ ਸੇਵਾਮੁਕਤ ਉੱਚ ਪੁਲੀਸ ਅਫ਼ਸਰ ਹਨ) ਲਿਖਦੇ ਹਨ: "ਇਸ ਵੇਲੇ ਪੰਜਾਬ ਦੇ ਹਾਲਾਤ ਗਾਰ ਵਿਚ ਫਸੇ ਹਿਰਨ ਵਰਗੇ ਹਨ। ਪਰ ਵਖਰੇਵਾਂ ਇਹ ਹੈ ਕਿ ਰਾਜਨੀਤਕ ਤੇ ਪ੍ਰਸ਼ਾਸਨਿਕ ਲੋਕ ਉਸ ਨੂੰ ਗਾਰ ਵਿਚੋਂ ਕੱਢਣ ਦੇ ਯਤਨਾਂ ਦੀ ਬਜਾਏ ਕਿਨਾਰੇ ਖੜ੍ਹ ਕੇ ਸਭ ਕੁਝ ਵੇਖ ਰਹੇ ਹਨ। ਬਹੁਗਿਣਤੀ ਨੂੰ ਤਾਂ ਇਸ ਸਥਿਤੀ ਦੀ ਗੰਭੀਰਤਾ ਦਾ ਅਹਿਸਾਸ ਹੀ ਨਹੀਂ ਹੈ।" ਇਹ ਅਹਿਸਾਸ ਜਗਾਉਣ ਦਾ ਸੁਚੱਜਾ ਉਪਰਾਲਾ ਹੈ ਇਹ ਪੁਸਤਕ।


ਗੁਰਪ੍ਰੀਤ ਸਿੰਘ ਤੂਰ ਅਤੇ ਬਲਵੰਤ ਸਿੰਘ ਸੰਧੂ ਦੀ ਕਿਤਾਬ 'ਪੰਜਾਬੀਆਂ ਦੇ ਅਥਾਹ ਤੇ ਫ਼ਜ਼ੂਲ ਖਰਚੇ' ਦਾ ਮੁਖੜਾ।

# ਢਿੱਡ ਭਰਨ ਦੇ ਮਸਲੇ ਅਤੇ ਅੱਜ ਦਾ ਵਿਕਾਸ

ਭੁੱਖਮਰੀ ਅਤੇ ਆਤਮ-ਨਿਰਭਰਤਾ, ਦੋਵੇਂ ਦੋ ਵਿਰੋਧੀ ਹਾਲਾਤ ਬਿਆਨ ਕਰਦੇ ਹਨ। ਸਮਝੋ, ਕੋਈ ਆਤਮ-ਨਿਰਭਰ ਹੋਵੇ ਤੇ ਨਾਲ ਹੀ ਭੁੱਖਮਰੀ ਦਾ ਸ਼ਿਕਾਰ ਵੀ ਹੋਵੇ। ਜਦੋਂ ਵੀ ਕੋਈ ਆਤਮ-ਨਿਰਭਰ ਹੁੰਦਾ ਹੈ ਤਾਂ ਉਹ ਆਪਣੀ ਪਹਿਲੀ ਅਤੇ ਮੁੱਖ ਲੋੜ ਭੁੱਖ ਵੱਲ ਧਿਆਨ ਦੇਵੇਗਾ। ਨਾਲੇ ਭੁੱਖਾ ਬੰਦਾ ਆਤਮ-ਨਿਰਭਰ ਕਿਵੇਂ ਹੋ ਸਕਦਾ ਹੈ?

ਦੂਸਰੇ ਪਾਸੇ, ਜਦੋਂ ਅਸੀਂ ਭੁੱਖਮਰੀ ਦੀ ਗੱਲ ਕਰਦੇ ਹਾਂ ਤਾਂ ਅਸੀਂ ਸ਼ਬਦਾਂ ਨੂੰ ਲੈ ਕੇ ਉਸ ਦੀ ਚੀਰ-ਫਾੜ ਕਰਦੇ ਹਾਂ। ਕਹਿਣ ਤੋਂ ਭਾਵ ਕਿ ਲੋਕ ਭੁੱਖੇ ਹਨ, ਢਿੱਡ ਭਰ ਕੇ ਰੋਟੀ ਨਹੀਂ ਖਾ ਰਹੇ ਜਾਂ ਕਹੀਏ, ਰਾਤ ਨੂੰ ਭੁੱਖੇ ਢਿੱਡ ਸੌਂਦੇ ਹਨ। ਦਰਅਸਲ ਭੁੱਖਮਰੀ ਤੋਂ ਇਹ ਭਾਵ ਨਹੀਂ ਹੈ। ਦੇਸ਼ ਵਿਚ ਜਦੋਂ



ਭੁੱਖਮਰੀ ਬਾਰੇ ਅੰਕੜੇ ਆਉਂਦੇ ਹਨ ਤਾਂ ਸਰਕਾਰਾਂ ਅਤੇ ਉਨ੍ਹਾਂ ਦੇ ਸਮਰਥਕ ਇਸ ਨੂੰ ਮੰਨਣ ਤੋਂ ਇਨਕਾਰੀ ਹੁੰਦੇ ਹਨ; ਖ਼ਾਸ ਕਰ ਕੇ ਜਦੋਂ

**ਡਾ. ਸ਼ਿਆਮ ਸੁੰਦਰ ਦੀਪਤੀ**
**ਫੋਨ: +91-98158-08506**

ਆਤਮ-ਨਿਰਭਰ ਭਾਰਤ ਦਾ ਸੰਕਲਪ ਲਿਆ ਹੋਵੇ ਤੇ ਦੇਸ਼ ਦੀ 80 ਕਰੋੜ ਤੋਂ ਵੱਧ ਜਨਤਾ ਨੂੰ ਹਰ ਮਹੀਨੇ ਖਾਣ ਲਈ ਰਾਸ਼ਨ ਦਾ ਇੰਤਜ਼ਾਮ ਵੀ ਹੋਵੇ। ਦਰਅਸਲ ਭੁੱਖਮਰੀ ਵਿਆਪਕ ਸਮੱਸਿਆ ਹੈ ਇਸ ਨੂੰ ਜਾਂਚਣ-ਪਰਖਣ ਲਈ ਵਿਗਿਆਨਕ ਮਾਪਦੰਡ ਹੈ ਜੋ ਵਿਸ਼ਵ ਸਿਹਤ ਸੰਸਥਾ ਵਰਗੀਆਂ ਸੰਸਥਾਵਾਂ ਦੇ ਮਾਪਦੰਡਾਂ 'ਤੇ ਆਧਾਰਿਤ ਹੁੰਦਾ ਹੈ।

ਇਸ ਮਸਲੇ ਦੇ ਅੰਕੜਿਆਂ ਮੁਤਾਬਿਕ 120 ਦੇਸ਼ਾਂ ਵਿਚੋਂ 112ਵੇਂ ਥਾਂ 'ਤੇ ਹੈ। ਇਹ ਰਿਪੋਰਟ ਦੇਖ-ਪੜ੍ਹ ਕੇ ਨਮੋਸ਼ੀ ਤਾਂ ਹੁੰਦੀ ਹੈ ਪਰ ਸੱਚ ਇਹੀ ਹੈ। ਜਿਸ ਤਰ੍ਹਾਂ ਪਹਿਲਾਂ ਵੀ ਕਿਹਾ ਕਿ ਭੁੱਖਮਰੀ ਵਿਆਪਕ ਸਮੱਸਿਆ ਹੈ, ਇਸ ਦਾ ਪ੍ਰਭਾਵ ਵੀ ਕਾਫ਼ੀ ਫੈਲਿਆ ਹੈ ਅਤੇ ਇਹ ਬਹੁਪੱਖੀ ਵੀ ਹੈ। ਭੁੱਖਮਰੀ ਦਾ ਅੰਕੜਾ ਮਾਪਣ ਲਈ ਮਾਪਦੰਡ ਹੈ: ਕਿੰਨੇ ਲੋਕ ਲੋੜੀਂਦੀ ਖ਼ੁਰਾਕ ਤੋਂ ਘੱਟ ਖਾ ਰਹੇ ਹਨ ਜਿਵੇਂ ਨੌਜਵਾਨ ਨੂੰ ਰੋਜ਼ਾਨਾ 2400 ਕੈਲਰੀਜ਼ (ਊਰਜਾ ਇਕਾਈਆਂ) ਦੀ ਲੋੜ ਹੁੰਦੀ ਹੈ। ਉਸੇ ਤਰ੍ਹਾਂ ਬੱਚਿਆਂ ਅਤੇ ਔਰਤਾਂ ਤੇ ਵੱਖ ਵੱਖ ਕੰਮ-ਵਰਗ ਵਾਲਿਆਂ ਦੀ ਖ਼ੁਰਾਕੀ ਲੋੜ ਹੁੰਦੀ ਹੈ।

ਦੂਸਰਾ ਪਹਿਲੂ ਹੈ, ਖ਼ਾਸ ਕਰ ਕੇ ਬੱਚਿਆਂ ਵਿਚ ਆਪਣੀ ਉਮਰ ਮੁਤਾਬਕ ਕੱਦ ਦਾ ਛੋਟਾ ਹੋਣਾ ਜਾਂ ਭਾਰ ਘੱਟ ਹੋਣਾ; ਭਾਵ, ਉਹ ਸੁੱਕਾ ਹੈ ਤੇ ਨਾਲ ਗਿੱਠਾ ਵੀ। ਇਨ੍ਹਾਂ ਨਾਲ ਇਕ ਹੋਰ ਅੰਕੜਾ ਹੈ ਕਿ ਬੱਚਿਆਂ ਦੀ ਮੌਤ ਦਰ ਜਿਸ ਵਿਚੋਂ ਸਭ ਤੋਂ ਸੰਵੇਦਨਸ਼ੀਲ ਅੰਕੜਾ ਹੈ ਪੰਜ ਸਾਲ ਤੋਂ ਘੱਟ, ਖ਼ਾਸ ਕਰ ਕੇ ਇਕ ਤੋਂ ਪੰਜ ਸਾਲ ਦੇ ਬੱਚਿਆਂ ਦੀ ਮੌਤ ਦਰ। ਇਨ੍ਹਾਂ ਦਾ ਮੁੱਖ ਕਾਰਨ ਵੀ ਬੱਚੇ ਵਿਚ ਖ਼ੁਰਾਕ ਦੀ ਘਾਟ ਕਰ ਕੇ ਆਈ ਕਮਜ਼ੋਰੀ ਹੁੰਦਾ ਹੈ। ਇਹ ਸਾਰੇ ਪੱਖ ਵਿਚਾਰ ਕੇ ਫਿਰ ਅੰਕੜਾ ਤਿਆਰ ਹੁੰਦਾ ਹੈ। ਫਿਰ ਵੱਖ ਵੱਖ ਦੇਸ਼ਾਂ, ਕੌਮਾਂ ਦੀ ਤੁਲਨਾ ਹੁੰਦੀ ਹੈ। ਇਸੇ ਪ੍ਰਸੰਗ 'ਚ ਇਕ ਹੋਰ ਅੰਕੜਾ ਹੈ, 'ਡੇਲੀ' (ਡੀ.ਏ.ਐੱਲ.ਵਾਈ. - ਡਿਸਾਬਿਲਟੀ-ਅਡਜਸਟਡ ਲਾਈਫ ਈਅਰ) ਮਤਲਬ, ਬਿਮਾਰੀ ਕਾਰਨ ਸਾਡੀ ਜ਼ਿੰਦਗੀ ਦੇ ਦਿਨਾਂ



ਦੇ ਪ੍ਰਭਾਵਿਤ ਹੋਣ ਦੀ ਸਥਿਤੀ ਕੀ ਹੈ? ਕਿਸੇ ਨੂੰ ਕੋਈ ਵੀ ਕਾਰਨ ਬਿਮਾਰ ਕਰਦਾ ਹੈ, ਕਿਸੇ ਨੂੰ ਹਵਾ, ਕਿਸੇ ਨੂੰ ਪ੍ਰਦੂਸ਼ਿਤ ਪਾਣੀ, ਕਿਸੇ ਨੂੰ ਮੱਖੀ-ਮੱਛਰ। ਜਿਵੇਂ ਕਹਿ ਸਕਦੇ ਹਾਂ- ਮਲੇਰੀਆ, ਡੇਂਗੂ, ਚਿਕਨਗੁਨੀਆ, ਨਿਮੋਨੀਆ, ਜ਼ੁਕਾਮ, ਖਾਂਸੀ, ਦਮਾ ਜਾਂ ਹੋਰ ਕੋਈ ਰੋਗ। ਇਸ ਤਰ੍ਹਾਂ ਤਕਰੀਬਨ ਹਰ ਬਿਮਾਰੀ ਵਿਚ ਕੁਝ ਦਿਨ ਬਰਬਾਦ ਜਾਂ ਸਿਹਤਮੰਦ ਜ਼ਿੰਦਗੀ ਜਿਊਣ ਦੇ ਦਿਨ ਪ੍ਰਭਾਵਿਤ ਹੁੰਦੇ ਹਨ।

ਦੇਖਣ ਵਿਚ ਆਇਆ ਹੈ ਕਿ ਸਭ ਤੋਂ ਵਧ ਦਿਨ ਕੁਪੋਸ਼ਣ ਨਾਲ ਬਰਬਾਦ ਹੁੰਦੇ ਹਨ, ਮਤਲਬ ਖ਼ੁਰਾਕ ਦੀ ਘਾਟ ਨਾਲ। ਸਮਝਣ ਦੀ ਲੋੜ ਹੈ ਕਿ ਖ਼ੁਰਾਕ ਦੀ ਘਾਟ ਦਾ ਸਰੀਰ ਦੀ ਊਰਜਾ ਕਾਰਨ, ਕੰਮ ਕਰਨ ਦੀ ਸਮਰੱਥਾ ਨਾਲ ਜੋ ਸਬੰਧ ਹੈ, ਉਸ ਤੋਂ ਵੀ ਵੱਧ ਸਰੀਰ ਦੀ ਸੁਰੱਖਿਆ ਪ੍ਰਣਾਲੀ (ਇਮਿਊਨ ਸਿਸਟਮ) ਨਾਲ ਹੈ। ਇਨ੍ਹਾਂ ਬਿਮਾਰੀਆਂ ਵਿਚ ਸਭ ਤੋਂ ਪ੍ਰਮੁੱਖ ਟੀਬੀ ਜਿਸ ਨੂੰ ਸਮਾਜਿਕ ਬਿਮਾਰੀ ਵੀ ਕਿਹਾ ਗਿਆ ਹੈ। ਇਹ ਭਾਵੇਂ ਟੀਬੀ ਦੇ ਜ਼ਰਮ ਨਾਲ ਹੁੰਦੀ ਹੈ ਪਰ ਉਹ ਜ਼ਰਮ ਉਸ ਬੰਦੇ 'ਤੇ ਹਮਲਾ ਕਰਦੇ ਹਨ ਜਿਸ ਨੂੰ ਕੁਪੋਸ਼ਣ ਹੁੰਦਾ ਹੈ। ਇਉਂ ਘੱਟ ਕੱਦ, ਘੱਟ ਭਾਰ (ਉਮਰ ਮੁਤਾਬਕ), ਖ਼ੂਨ ਦੀ ਕਮੀ, ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਅਤੇ ਔਸਤਨ ਲੋੜੀਂਦੀ ਖ਼ੁਰਾਕ ਨਾ ਮਿਲਣੀ ਆਦਿ ਸਾਰੇ ਮਿਲ ਕੇ ਭੁੱਖਮਰੀ ਦੀ ਹਾਲਤ ਪੈਦਾ ਕਰਦੇ ਹਨ।

ਅਸੀਂ ਜਦੋਂ ਪੰਜ ਕਿਲੋ ਪ੍ਰਤੀ ਪਰਿਵਾਰ ਲਈ ਅਨਾਜ ਦੀ ਗੱਲ ਕਰਦੇ ਹਾਂ, ਭਾਵ ਭਾਵੇਂ ਉਹ ਪਹਿਲੀਆਂ ਸਰਕਾਰਾਂ ਵਲੋਂ ਵੀ ਖ਼ੁਰਾਕ ਦੇ ਅਧਿਕਾਰ ਤਹਿਤ ਤੈਅ ਕੀਤਾ ਗਿਆ ਪਰ ਅਸਲ ਵਿਚ ਜੇ ਸਮਝਿਆ ਜਾਵੇ ਤਾਂ ਇਕ ਨੌਜਵਾਨ ਨੂੰ ਔਸਤ 14-15 ਕਿਲੋ ਪ੍ਰਤੀ ਮਹੀਨਾ (ਅੱਧਾ ਕਿਲੋ ਰੋਜ਼ਾਨਾ) ਅਨਾਜ ਦੀ ਲੋੜ ਹੈ ਜੋ ਖ਼ੁਰਾਕ ਸੁੱਰਖਿਆ ਅਧਿਕਾਰ ਤਹਿਤ ਹੈ। ਹੁਣ 5 ਸਾਲਾਂ ਲਈ 80 ਕਰੋੜ ਲੋਕਾਂ ਨੂੰ ਅਨਾਜ, ਉਹੀ ਪੰਜ ਕਿਲੋ ਵਾਲਾ ਅਨਾਜ ਹੀ ਦਿੱਤੇ ਜਾਣ ਦੀ ਗੱਲ ਕਹੀ ਜਾ ਰਹੀ ਹੈ। ਹੁਣ ਬਾਕੀ ਦੇ ਸੱਤ ਕਿਲੋ ਅਨਾਜ ਦੀ ਵਿਵਸਥਾ ਕਿੱਥੋਂ ਹੋਵੇਗੀ? ਆਤਮ-ਨਿਰਭਰ ਹੋਵੇ ਤਾਂ ਉਹ ਆਪਣੀ ਭੁੱਖ ਦੀ ਲੋੜ ਅਨੁਸਾਰ ਖਰੀਦ ਸਕੇ। ਅਸੀਂ ਉਸ ਰਾਹ ਨਹੀਂ ਨਹੀਂ ਪਏ।

ਚੀਨੀ ਕਹਾਵਤ ਹੈ: ਭੁੱਖੇ ਨੂੰ ਮੱਛੀ ਨਾ ਦੇਵੋ, ਉਸ ਨੂੰ ਮੱਛੀ ਫੜਨ ਦਾ ਹੁਨਰ ਸਿਖਾਓ। ਇਸੇ ਕਰ ਕੇ ਆਵਾਜ਼ਾਂ ਉੱਭਰਦੀਆਂ ਹਨ- ਲੋਕਾਂ ਨੂੰ ਰੁਜ਼ਗਾਰ ਦਿਉ, ਉਨ੍ਹਾਂ ਦੇ ਹੱਥਾਂ ਨੂੰ ਕੰਮ ਦੇਵੋ ਤਾਂ ਕਿ ਉਹ ਆਪਣਾ ਢਿੱਡ ਭਰਨ ਦੇ ਕਾਬਿਲ ਹੋ ਸਕਣ। ਆਤਮ-ਨਿਰਭਰ ਹੋਣ ਦਾ ਇਹੀ ਸੰਕਲਪ ਹੈ। ਵੱਡੇ ਪ੍ਰਸੰਗ ਵਿਚ ਆਤਮ-ਨਿਰਭਰ ਉਹੀ ਹੈ ਜੋ ਆਪਣੇ ਸਰੀਰ ਦੀਆਂ ਮੂਲ ਲੋੜਾਂ (ਸਾਧਾਰਨ ਭਾਸ਼ਾ ਵਿਚ ਰੋਟੀ, ਕੱਪੜਾ, ਮਕਾਨ; ਜਿਸ ਨੂੰ ਵਧਾ ਕੇ ਹੁਣ ਸਿੱਖਿਆ ਤੇ ਸਿਹਤ ਨਾਲ ਜੋੜ ਕੇ ਘੇਰਾ ਵਧਾ ਦਿੱਤਾ ਹੈ) ਪੂਰੀਆਂ ਕਰ ਸਕਦਾ ਹੈ। ਹੁਣ ਸਿੱਖਿਆ ਅਤੇ ਸਿਹਤ ਵੀ ਵੱਸੋਂ ਬਾਹਰ ਹੋ ਰਹੇ ਹਨ। ਇਨ੍ਹਾਂ ਦੋਹਾਂ ਨੂੰ ਅਰਥ ਸ਼ਾਸਤਰੀ ਮਨੁੱਖੀ ਵਿਕਾਸ ਨਾਲ ਜੋੜ ਕੇ ਦੇਖਦੇ ਹਨ। ਦੇਸ਼ ਵਿਚ ਵੀ ਵੱਖਰਾ, ਮਨੁੱਖੀ ਵਸੀਲੇ ਵਿਕਾਸ ਮੰਤਰਾਲਾ, ਹੈ ਜਿਸ ਤਹਿਤ ਹਰ ਤਰ੍ਹਾਂ ਦੀ ਸਿੱਖਿਆ ਆਉਂਦੀ ਹੈ ਜੋ ਹੁਨਰਮੰਦ ਪੈਦਾ ਕਰਦੀ ਹੈ। ਹੁਨਰਮੰਦ ਅਤੇ ਸਿਹਤਮੰਦ ਸ਼ਖ਼ਸ ਦੇਸ਼ ਲਈ ਵਧੀਆ ਸਰਮਾਇਆ ਹੁੰਦਾ ਹੈ ਜੋ ਦੇਸ਼ ਦੀ ਪੈਦਾਵਾਰ ਵਿਚ ਵਾਧਾ ਕਰਦਾ ਹੈ। ਇਸ ਨੂੰ ਭੁੱਖਮਰੀ ਨਾਲ ਜੋੜੀਏ ਤਾਂ ਮਨੁੱਖੀ ਵਿਕਾਸ ਮੁਲਕਾਂ ਵਿਚੋਂ ਸਾਡਾ ਮੁਲਕ 191 ਦੇਸ਼ਾਂ ਵਿਚੋਂ 132ਵੇਂ ਨੰਬਰ 'ਤੇ ਹੈ।

ਹੁਣ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਵਿਕਾਸ ਦਾ ਮਾਡਲ ਤੇ ਮਨੁੱਖੀ ਸਿਹਤ, ਮਨੁੱਖੀ ਸਿਹਤ ਲਈ ਖ਼ੁਰਾਕ ਅਤੇ ਉਸ ਦੇ ਲਈ ਸਹੀ ਅਰਥਾਂ ਵਿਚ ਆਤਮ-ਨਿਰਭਰ ਹੋਣਾ ਕਿੰਨਾ ਜ਼ਰੂਰੀ ਹੈ। ਆਤਮ-ਨਿਰਭਰ ਹੋਣਾ ਅਤੇ ਖ਼ੁਦਮੁਖ਼ਤਾਰੀ ਦਾ ਵੀ ਆਪਣਾ ਰਿਸ਼ਤਾ ਹੈ। ਖ਼ੁਦਮੁਖ਼ਤਾਰ ਸ਼ਖ਼ਸ ਆਪਣੇ ਫ਼ੈਸਲੇ ਆਪ ਕਰਦਾ ਹੈ। ਉਸ ਨੂੰ ਕਿਸੇ ਦਾ ਮੂੰਹ ਨਹੀਂ ਤੱਕਣਾ ਪੈਂਦਾ। ਉਸ ਨੂੰ ਪੰਜ ਕਿਲੋ ਅਨਾਜ ਦੀ ਉਡੀਕ ਨਹੀਂ ਕਰਨੀ ਪੈਂਦੀ ਤੇ ਇਹ ਨਹੀਂ ਦੇਖਣਾ ਪੈਂਦਾ ਕਿ ਉਹ ਪੰਜ ਕਿਲੋ ਚੌਲ ਹੈ ਜਾਂ ਕਣਕ ਹੈ, ਜਦੋਂਕਿ ਉਸ ਦੇ ਖਾਣ ਲਈ ਲੋੜ ਕੁਝ ਹੋਰ ਹੈ। ਆਤਮ-ਨਿਰਭਰਤਾ ਅਤੇ ਖ਼ੁਦਮੁਖ਼ਤਾਰੀ ਦਾ ਮਸਲਾ ਸਿੱਖਿਆ ਨਾਲ ਜੁੜਿਆ ਹੈ। ਸਿੱਖਿਆ ਸਕੂਲੀ ਹੀ ਨਹੀਂ, ਜੀਵਨ ਵਿਚ ਉਸ ਦਾ ਆਪਣਾ ਮਹੱਤਵ ਹੈ। ਕੀ ਖਾਧਾ ਜਾਵੇ? ਕਿੰਨਾ ਖਾਧਾ ਜਾਵੇ? ਸਿਹਤਮੰਦ ਖਾਣਾ ਕੀ ਹੈ? ਜਿਵੇਂ ਇਕ ਪਾਸੇ ਸੋਕਾ ਹੈ, ਦੂਸਰੇ ਪਾਸੇ ਮੋਟਾਪਾ ਵੀ ਹੈ। ਸਮਝੀਏ ਕਿ ਇਹ ਦੋਵੇਂ ਹੀ ਕੁਪੋਸ਼ਣ ਵਰਗ ਵਿਚ ਆਉਂਦੇ ਹਨ। ਦੋਵੇਂ ਹੀ ਬਿਮਾਰ ਹਨ ਤੇ ਸਿਹਤ ਲਈ ਸਹੀ ਰਾਇ ਦੀ ਤਲਾਸ਼ ਵਿਚ ਹਨ। ਇਸ ਤੋਂ ਵੱਡੀ ਗੱਲ: ਇਕ ਦੀ ਵਾਧੂ ਤੇ ਗ਼ਲਤ ਖ਼ੁਰਾਕ ਦਰਅਸਲ ਲੋੜਵੰਦ ਬੰਦੇ/ਬੱਚੇ ਦੀ ਖ਼ੁਰਾਕ ਦੀ ਭਰਪਾਈ ਵੀ ਕਰ ਸਕਦੀ ਹੈ; ਦੋਵਾਂ ਨੂੰ ਬੁਰੀਆਂ/ਬਿਮਾਰ ਹਾਲਤਾਂ ਤੋਂ ਬਚਾ ਸਕਦੀ ਹੈ। ਇਸ ਵਿਚ ਖ਼ੁਰਾਕ-ਸਿੱਖਿਆ ਦੀ ਅਹਿਮੀਅਤ ਹੈ ਜੋ ਵੱਡੇ ਪੱਧਰ 'ਤੇ ਹੀ ਸਾਡੇ ਲੋਕਾਂ ਵਿਚ ਘੱਟ ਹੈ ਅਤੇ ਲਗਾਤਾਰ ਘਟ ਰਹੀ ਹੈ ਸਗੋਂ ਵਿਗੜ ਰਹੀ ਹੈ।

ਆਤਮ-ਨਿਰਭਰ ਹੋਣ ਅਤੇ ਭੁੱਖਮਰੀ ਦਾ ਇੱਕ ਸੂਖਮ ਸਬੰਧ ਵੀ ਹੈ। ਆਤਮ-ਨਿਰਭਰ ਹੋਣ ਲਈ ਸਿੱਖਿਅਤ ਹੋਣਾ ਜ਼ਰੂਰੀ ਹੈ। ਹੁਨਰ ਵੱਖਰੀ ਗੱਲ ਹੈ। ਸਾਡੇ ਵਡੇਰੇ ਬਿਨਾਂ ਵਿਧੀਵਤ ਸਿੱਖਿਆ ਦੇ ਕੰਮ ਕਰਦੇ ਰਹੇ ਹਨ। ਉਨ੍ਹਾਂ ਨੂੰ ਕੰਮ ਕਰ ਕੇ ਮੁਹਾਰਤ ਹਾਸਿਲ ਸੀ ਤੇ ਪਰਿਵਾਰਕ ਸਿਖਲਾਈ ਵੀ ਪਰ ਹੁਣ ਵਿਧੀਵਤ ਡਿਗਰੀਨੁਮਾ ਕੋਰਸ ਅਤੇ ਪੜ੍ਹਾਈ ਨਾਲ ਜੁੜਿਆ ਰੁਜ਼ਗਾਰ ਹੈ ਅਤੇ ਉਸ ਦਾ ਪੜ੍ਹਾਈ ਨਾਲ ਸਬੰਧ ਹੈ। ਕਾਲਜਾਂ ਦੇ ਦਾਖ਼ਲੇ ਅਤੇ ਦਾਖ਼ਲੇ ਤੋਂ ਬਾਅਦ ਚੰਗੇ ਨੰਬਰਾਂ 'ਤੇ ਆਧਾਰਿਤ ਕਿੱਤੇ ਲਈ ਚੋਣ ਦਾ ਸਵਾਲ ਵੀ ਹੈ।

ਇਹ ਵੀ ਸਮਝਣਾ ਪਵੇਗਾ ਕਿ ਸਿਆਣਪ ਅਤੇ ਮੁਹਾਰਤ ਆਪਸ ਵਿਚ ਬਦਲ ਨਹੀਂ ਹਨ ਪਰ ਹਾਂ, ਸਿਆਣਪ ਦੇ ਆਪਣੇ ਵੱਖਰੇ ਫ਼ਾਇਦੇ ਹਨ। ਉਂਝ, ਦਿਮਾਗ ਦੇ ਵਿਕਾਸ ਦਾ, ਮੁਹਾਰਤ ਦਾ ਅਤੇ ਚੰਗੀ ਖ਼ੁਰਾਕ ਦਾ ਆਪਸੀ ਸਬੰਧ ਹੈ। ਸਹੀ ਦਿਮਾਗ ਲਈ, ਦਿਮਾਗ ਦੀ ਕਾਰਗੁਜ਼ਾਰੀ ਲਈ ਖ਼ੁਰਾਕੀ ਪਦਾਰਥਾਂ, ਵਿਟਾਮਿਨ ਅਤੇ ਖਣਿਜ ਦੀ ਗੱਲ ਹੁੰਦੀ ਹੈ ਤਾਂ ਉੱਥੇ ਖ਼ੁਰਾਕ ਵਰਗ ਵਿਚ ਫ਼ਲ ਅਤੇ ਸਬਜ਼ੀਆਂ ਦੀ ਗੱਲ ਆਉਂਦੀ ਹੈ ਪਰ ਜਦੋਂ ਸਰਕਾਰ ਖ਼ੁਰਾਕ ਸੁਰੱਖਿਆ ਦੀ ਗਾਰੰਟੀ ਦੇਵੇ ਜਾਂ ਹੁਣ ਪ੍ਰਧਾਨ ਮੰਤਰੀ ਦੀ ਯੋਜਨਾ ਤਹਿਤ ਹਰ ਸ਼ਖ਼ਸ ਨੂੰ ਪੰਜ ਕਿਲੋ ਅਨਾਜ ਦੀ ਗੱਲ ਹੁੰਦੀ ਹੈ, ਉਹ ਕਣਕ-ਚੌਲ ਤੋਂ ਅੱਗੇ ਨਹੀਂ ਕਰਦੇ। ਇਸ ਵਿਚ ਵਿਟਾਮਿਨ, ਖਣਿਜ ਆਦਿ, ਕਹਿਣ ਤੋਂ ਭਾਵ ਉਹ ਸੂਖ਼ਮ ਖ਼ੁਰਾਕੀ ਤੱਤਾਂ ਆਦਿ ਵਾਲੀ ਖ਼ੁਰਾਕ ਸ਼ਾਮਿਲ ਨਹੀਂ ਹੁੰਦੀ। ਇਉਂ ਢਿੱਡ ਭਰਨ ਵਾਲੀ ਗੱਲ ਹੈ, ਸਹੀ ਅਰਥਾਂ ਵਿਚ ਕਹੀਏ ਤਾਂ ਉਹ ਵੀ ਕਾਫ਼ੀ ਨਹੀਂ ਹੈ।

ਜੇ ਅਸੀਂ ਮਨੁੱਖ ਨੂੰ ਸਰਮਾਇਆ ਅਤੇ ਸਮਾਜ ਵਿਕਾਸ ਦਾ ਸੂਚਕ ਮੰਨਦੇ ਹਾਂ, ਇਸ ਨੂੰ ਸੋਝੀ ਵਾਲਾ ਕਹਿੰਦੇ ਹਾਂ ਤਾਂ ਇਸ ਦਾ ਮਤਲਬ ਹੈ ਕਿ ਉਸ ਨੂੰ ਸਾਰੇ ਖ਼ੁਰਾਕੀ ਤੱਤਾਂ ਦੀ ਲੋੜ ਹੈ। ਸੰਪੂਰਨ ਵਿਕਾਸ ਲਈ ਇਹ ਸਭ ਚਾਹੀਦਾ ਹੈ। ਉਹ ਸਭ ਤਾਂ ਹੀ ਹਾਸਲ ਹੋ ਸਕਦਾ ਹੈ ਜੇ ਉਹ ਆਪ ਸਿਆਣਾ ਹੋਵੇ, ਸਿੱਖਿਅਤ ਹੋਵੇ, ਫ਼ੈਸਲੇ ਕਰਨ ਲਈ ਆਤਮ-ਨਿਰਭਰ ਹੋਵੇ।

---

# ਹੁਣ ਕਾਹਦੀ ਅਕਾਦਮਿਕ ਆਜ਼ਾਦੀ?

ਆਸੇ ਪਾਸੇ ਚੱਲ ਰਹੀ ਟੁੱਟ-ਭੱਜ ਦੇ ਇਨ੍ਹਾਂ ਸਮਿਆਂ ਵਿਚ ਜਦੋਂ ਡਾਢਿਆਂ ਦੀ ਸੱਤਾ ਹਰ ਮੁਤਬਾਦਲ ਆਵਾਜ਼ 'ਤੇ ਸ਼ੱਕ ਕਰਨ ਦੀ ਆਦੀ ਹੋ ਗਈ ਹੈ ਤਾਂ ਦਾਨਿਸ਼ਮੰਦਾਨਾ ਬਹਿਸ-ਮੁਬਾਹਿਸੇ, ਸੰਵਾਦ ਅਤੇ ਬੌਧਿਕ ਤਰਕ-ਵਿਤਰਕ ਦੀਆਂ ਰਚਨਾਤਮਿਕ ਥਾਵਾਂ ਹੋਣ ਦੇ ਨਾਤੇ ਸਾਡੀਆਂ ਸਿੱਖਿਆ ਸੰਸਥਾਵਾਂ ਇਸ ਸਭ ਕਾਸੇ ਤੋਂ ਦੂਰ ਨਹੀਂ ਰਹਿ ਸਕਦੀਆਂ। ਹਾਲੀਆ ਸਮਿਆਂ ਵਿਚ ਹੋ ਰਹੀਆਂ ਘਟਨਾਵਾਂ ਤੋਂ ਸੰਕੇਤ ਮਿਲ ਰਹੇ ਹਨ ਤਾਂ ਕੋਈ

**ਅਵਿਜੀਤ ਪਾਠਕ**

ਹੈਰਾਨੀ ਦੀ ਗੱਲ ਨਹੀਂ ਹੈ ਕਿ ਅਕਾਦਮਿਕ ਆਜ਼ਾਦੀ ਦੀ ਭਾਵਨਾ ਖ਼ਤਰੇ ਵਿਚ ਹੈ। ਸਰਕਾਰੀ 'ਸੱਚ' ਨੂੰ ਬਿਆਨ ਕਰਨ ਵਿਚ ਰੱਤੀ ਭਰ ਦੇ ਹੇਰ-ਫੇਰ ਨੂੰ ਬਰਦਾਸ਼ਤ ਕਰਨਾ ਔਖਾ ਹੋ ਰਿਹਾ ਹੈ। ਆਈਆਈਟੀ ਮੁੰਬਈ ਵਲੋਂ ਇਜ਼ਰਾਈਲ-ਫ਼ਲਸਤੀਨ ਟਕਰਾਅ ਬਾਰੇ ਪ੍ਰੋ. ਅਚਿਨ ਵਨਾਇਕ ਨਾਲ ਰੱਖੇ ਸੰਵਾਦ ਨੂੰ ਰੱਦ ਕਰਨ ਦੀ ਮਿਸਾਲ ਲੈ ਲਓ; ਜਾਂ ਫਿਰ ਇਸ ਸੰਸਥਾ ਦੇ ਇਕ ਪ੍ਰੋਫੈਸਰ ਅਤੇ ਇਕ ਗੈਸਟ ਲੈਕਚਰਾਰ ਵੱਲੋਂ ਦਸਤਾਵੇਜ਼ੀ ਫਿਲਮ 'ਅਰਨਾ'ਜ਼ ਚਿਲਡਰਨ' ਦੇ ਸ਼ੋਅ ਬਦਲੇ ਕੁਝ ਵਿਦਿਆਰਥੀਆਂ ਦੀ ਪੁਲੀਸ ਕੋਲ ਕੀਤੀ ਸ਼ਿਕਾਇਤ ਦੇਖ ਲਓ। ਅਫ਼ਸੋਸ ਦੀ ਗੱਲ ਹੈ ਕਿ ਆਪਣੇ ਕਿਸੇ ਪ੍ਰੋਫੈਸਰ ਜਾਂ ਮਹਿਮਾਨ ਵਕਤਾ ਨਾਲ ਸੁਲਝੇ ਹੋਏ ਢੰਗ ਨਾਲ ਵਿਚਾਰ ਚਰਚਾ ਕਰਨ ਦੀ ਬਜਾਇ, ਉਹ ਇਸ ਸਮੁੱਚੇ ਅਕਾਦਮਿਕ ਵਾਦ-ਵਿਵਾਦ ਦੇ ਸਮਾਗਮ ਨੂੰ 'ਹਮਾਸ ਅਤੇ ਅਤਿਵਾਦੀਆਂ ਦੀ ਹਮਾਇਤ' ਦੀ ਕਵਾਇਦ ਦੇ ਰੂਪ ਵਿਚ ਦੇਖ ਰਹੇ ਹਨ।

ਇਕ ਹੋਰ ਘਟਨਾ ਵਿਚ ਹਰਿਆਣਾ ਦੀ ਓ.ਪੀ. ਜਿੰਦਲ ਗਲੋਬਲ ਯੂਨੀਵਰਸਿਟੀ ਵੱਲੋਂ ਪ੍ਰੋਫੈਸਰ ਵਨਾਇਕ ਨੂੰ ਫ਼ਲਸਤੀਨ ਦੇ ਇਤਿਹਾਸ ਬਾਰੇ ਲੈਕਚਰ ਦੌਰਾਨ ਅਫ਼ਸੋਸ ਜਤਾਉਣ ਲਈ ਆਖਿਆ ਗਿਆ। ਸਾਡੀ ਕੋਈ ਕੁਲੀਨ, ਉਦਾਰਵਾਦੀ ਪ੍ਰਾਈਵੇਟ ਸੰਸਥਾ ਹੋਵੇ ਜਾਂ ਫਿਰ ਖਰਾਬ ਅਕਸ ਦੀਆਂ ਸ਼ਿਕਾਰ ਸਰਕਾਰੀ ਯੂਨੀਵਰਸਿਟੀਆਂ ਦੇ ਕਿਸੇ ਸੰਵੇਦਨਸ਼ੀਲ ਅਤੇ ਬੌਧਿਕ ਤੌਰ 'ਤੇ ਇਮਾਨਦਾਰ ਅਧਿਆਪਕ ਨਾਲ ਲਾਜ਼ਮੀ ਤੌਰ 'ਤੇ ਇਸ ਤਰ੍ਹਾਂ ਦਾ ਵਿਹਾਰ ਕੀਤੇ ਜਾਣ ਨਾਲ ਫੈਕਲਟੀ ਅੰਦਰ ਸਹਿਮ ਪੈਦਾ ਹੁੰਦਾ ਹੈ। ਇਕ ਅਜਿਹੇ ਦੌਰ ਵਿਚ ਜਦੋਂ ਤੁਹਾਡੇ ਲੈਕਚਰ ਦੇ ਕਿਸੇ ਅੰਸ਼ ਨੂੰ ਚੁੱਕ ਕੇ ਉਨ੍ਹਾਂ ਲੋਕਾਂ ਲਈ 'ਵਾਇਰਲ ਵੀਡਿਓ' ਦੇ ਰੂਪ ਵਿਚ ਪਰੋਸਿਆ ਜਾ ਸਕਦਾ ਹੈ ਜਿਨ੍ਹਾਂ ਦੀਆਂ ਰਾਸ਼ਟਰਵਾਦੀ/ਧਾਰਮਿਕ ਭਾਵਨਾਵਾਂ ਭੜਕ ਜਾਂਦੀਆਂ ਹੋਣ ਤੇ ਜਿੱਥੇ 'ਵਰਸਿਟੀ ਅਧਿਕਾਰੀ ਆਪਣੀ ਫੈਕਲਟੀ ਦੇ ਇੱਜ਼ਤ ਮਾਣ, ਸੁਰੱਖਿਆ ਤੇ ਆਜ਼ਾਦੀ ਦੇ ਹੱਕ ਵਿਚ ਘੱਟ ਹੀ ਸਾਹਮਣੇ ਆਉਂਦੇ ਹੋਣ ਤਾਂ ਫਿਰ ਤੁਸੀਂ ਕਿਸ ਤਰ੍ਹਾਂ ਦੀ ਉਮੀਦ ਰੱਖ ਸਕਦੇ ਹੋ? ਸਾਡੀਆਂ ਵਿਦਿਅਕ ਸੰਸਥਾਵਾਂ ਅੰਦਰੋ-ਅੰਦਰ ਮਰ ਰਹੀਆਂ ਹਨ।

ਅਕਾਦਮਿਕ ਆਜ਼ਾਦੀ ਲਈ ਜੂਝਣ ਦਾ ਕਾਰਨ ਇਹ ਹੈ ਕਿ ਵਿਚਾਰ ਪ੍ਰਗਟਾਵੇ, ਨਵੀਆਂ ਲੱਭਤਾਂ ਤੇ ਦਾਰਸ਼ਨਿਕ ਬਹਿਸ-ਮੁਬਾਹਿਸਿਆਂ ਜ਼ਰੀਏ ਗਿਆਨ ਦੀਆਂ ਰਵਾਇਤਾਂ, ਪੜਤਾਲ ਦੇ ਢੰਗਾਂ ਅਤੇ ਸਿੱਖਣ ਸਿਖਾਉਣ ਦੀਆਂ ਵਿਧੀਆਂ ਉਗਮਦੀਆਂ ਤੇ ਵਿਕਸਤ ਹੁੰਦੀਆਂ ਹਨ।

ਇਤਿਹਾਸ ਦੇ ਕਿਸੇ ਵਿਦਿਆਰਥੀ ਨੂੰ ਵੱਖੋ-ਵੱਖਰੇ ਅਤੇ ਕਈ ਵਾਰ ਮਸਲਨ, ਰਾਸ਼ਟਰਵਾਦੀ ਅਤੇ ਸਬਾਲਟਰਨ ਇਤਿਹਾਸਕਾਰਾਂ ਵਿਚ ਵਾਦ-ਵਿਵਾਦ ਜ਼ਰੀਏ ਆਪਣੇ ਦਿਸਹੱਦੇ ਨੂੰ ਵਸੀਹ ਕਰਨਾ ਪੈਣਾ ਹੈ। ਇਸੇ ਤਰ੍ਹਾਂ ਰਾਜਨੀਤੀ ਅਤੇ ਸਮਾਜ ਸ਼ਾਸਤਰ ਦੇ ਕਿਸੇ ਵਿਦਿਆਰਥੀ ਨੂੰ ਗਾਂਧੀ, ਅੰਬੇਡਕਰ, ਨਹਿਰੂ ਅਤੇ ਸਾਵਰਕਰ ਦੇ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਜਾਣੂ ਹੋਣਾ ਪਵੇਗਾ। ਕਿਸੇ ਵਿਸ਼ੇਸ਼ ਵਿਚਾਰਧਾਰਾ ਦੇ ਅੰਦਰ ਵੀ ਸੂਖਮ ਵਖਰੇਵੇਂ ਹੁੰਦੇ ਹਨ। ਚੰਗਾ ਸਿਖਿਆਰਥੀ ਅਤੇ ਖੋਜੀ ਬਣਨ ਲਈ ਇਸ ਬਹਿਸ ਦੀ ਅਹਿਮੀਅਤ ਨੂੰ ਸਮਝਣ ਦੀ ਕਲਾ ਨੂੰ ਧਾਰਨ ਕਰਨਾ ਜ਼ਰੂਰੀ ਹੈ। ਮਾਰਕਸਵਾਦ ਦੀ ਹੀ ਮਿਸਾਲ ਲੈਂਦੇ ਹਾਂ: ਕੀ ਇਹ ਤੱਥ ਨਹੀਂ ਹੈ ਕਿ ਸੋਵੀਅਤ ਮਾਰਕਸਵਾਦੀ ਵਿਚਾਰਧਾਰਕ ਮਹੰਤਪੁਣੇ ਨੂੰ ਜਾਰਜ ਲੁਕਾਸ ਤੋਂ ਲੈ ਕੇ ਅੰਤੋਨੀਓ ਗ੍ਰਾਮਸ਼ੀ ਤੱਕ ਬਹੁਤ ਸਾਰੇ ਰਚਨਾਤਮਿਕ ਚਿੰਤਕਾਂ ਨੇ ਚੁਣੌਤੀ ਦਿੱਤੀ ਸੀ? ਇਸੇ ਤਰ੍ਹਾਂ ਕੀ ਰਾਸ਼ਟਰ ਅਤੇ ਰਾਸ਼ਟਰਵਾਦ ਉਪਰ ਕਿਸੇ ਸੁਚੱਜੀ ਬਹਿਸ ਦੀ ਪੁਖਤਾ ਸਮਝ ਹੋ ਸਕਦੀ ਹੈ, ਜੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਬੈਨੇਡਿਕਟ ਐਂਡਰਸਨ, ਟੈਗੋਰ, ਅਸ਼ੀਸ਼ ਨੰਦੀ ਤੇ ਪਾਰਥਾ ਚੈਟਰਜੀ ਦੇ ਪ੍ਰਵਚਨਾਂ ਬਾਰੇ ਵਿਚਾਰ ਚਰਚਾ ਕਰਨ ਦੀ ਖੁੱਲ੍ਹ ਨਾ ਦਿੱਤੀ ਜਾਵੇ? ਰਾਜਨੀਤੀ ਦੀ ਸਮਝ ਤੋਂ ਬਗ਼ੈਰ ਕੁਦਰਤੀ ਸ਼ਾਸਤਰਾਂ ਨੂੰ ਵੀ ਸਾਰਥਕ ਢੰਗ ਨਾਲ ਨਹੀਂ ਪੜ੍ਹਾਇਆ ਜਾ ਸਕਦਾ। ਕੀ ਵਿਗਿਆਨ ਤਕਨੀਕੀ ਵਿਕਾਸਵਾਦ ਦਾ ਅਟੁੱਟ ਅੰਗ ਹੈ? ਕੀ ਵਿਗਿਆਨ ਨੂੰ ਬੰਦਖਲਾਸੀ ਰੂਪ 'ਚ ਪਰਖਿਆ ਜਾ ਸਕਦਾ ਹੈ ਜੋ ਪਾਏਦਾਰ ਤੇ ਵਾਤਾਵਰਨ ਪ੍ਰਤੀ ਸੰਵੇਦਨਸ਼ੀਲ ਵਿਕਾਸ ਦੀ ਸੋਚ ਅਤੇ ਅਮਲ ਦਾ ਇਕ ਢੰਗ ਹੈ? ਕੀ ਹਰ ਕਿਸਮ ਦੀ ਧਾਰਮਿਕ ਅੰਧਵਿਸ਼ਵਾਸ ਤੇ ਦਮਨਕਾਰੀ ਸੋਚ 'ਤੇ ਕਿੰਤੂ ਕਰਨ ਲਈ ਵਿਗਿਆਨ ਦੀ ਆਲੋਚਨਾਤਮਿਕ ਭਾਵਨਾ ਦਾ ਪ੍ਰਸਾਰ ਕੀਤਾ ਜਾ ਸਕਦਾ? ਆਈ.ਆਈ.ਟੀ. ਮੁੰਬਈ ਦਾ ਰਜਿਸਟਾਰ ਭਾਵੇਂ ਅਕਾਦਮਿਕਤਾ ਨੂੰ ਰਾਜਨੀਤੀ ਤੋਂ ਕਿੰਨਾ ਵੀ ਮੁਕਤ ਕਰਨਾ ਚਾਹੇ, ਤੱਥ ਇਹ ਹੈ ਕਿ ਕੁਝ ਵੀ 'ਅਰਾਜਨੀਤਕ' ਨਹੀਂ।

ਅਕਾਦਮਿਕ ਆਜ਼ਾਦੀ ਦੀ ਆਤਮਾ ਨੈਤਿਕ ਜ਼ਿੰਮੇਵਾਰੀ ਤੋਂ ਵੱਖ ਨਹੀਂ ਕੀਤੀ ਜਾ ਸਕਦੀ। ਮੈਂ ਆਪਣੀ ਅਕਾਦਮਿਕ ਆਜ਼ਾਦੀ ਤਦ ਹੀ ਮਾਣ ਸਕਦਾ ਹਾਂ ਜਦੋਂ ਮੈਂ ਆਪਣੇ ਦਾਰਸ਼ਨਿਕ ਵਿਰੋਧੀ ਦੀ ਆਜ਼ਾਦੀ ਦਾ ਸਤਿਕਾਰ ਕਰਾਂਗਾ। ਇਸੇ ਤਰ੍ਹਾਂ ਅਕਾਦਮਿਕ ਸਭਿਆਚਾਰ ਵਿਚ ਰੱਤੀ ਭਰ ਵੀ ਸਰੀਰਕ ਜਾਂ ਮਨੋਵਿਗਿਆਨਕ ਹਿੰਸਾ ਨਹੀਂ ਹੋਣੀ ਚਾਹੀਦੀ। ਇਸ ਦਾ ਸਰੋਕਾਰ ਸੁਲਝੇ ਹੋਏ ਵਾਦ-ਵਿਵਾਦ, ਅਹਿੰਸਕ ਬਹਿਸ-ਮੁਬਾਹਿਸੇ ਅਤੇ ਹੋਰਨਾਂ ਆਵਾਜ਼ਾਂ ਨੂੰ ਸੁਣਨ ਦੀ ਚਾਹਤ ਜਾਂ ਮਤਭੇਦ ਸਵੀਕਾਰਨ ਨਾਲ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਕੋਈ ਖੱਬੇ ਪੱਖੀ ਅੰਬੇਡਕਰਵਾਦੀ ਪ੍ਰੋਫੈਸਰ ਹੋਣ ਦੇ ਨਾਤੇ ਤੁਸੀਂ ਆਪਣੇ ਉਸ ਸਹਿਕਰਮੀ ਨਾਲ ਸਹਿਮਤ ਨਹੀਂ ਹੁੰਦੇ ਜੋ ਗੋਲਵਾਲਕਰ ਅਤੇ ਸਾਵਰਕਰ ਦੀ ਨਿਗ੍ਹਾ ਨਾਲ ਦੁਨੀਆ ਦੇਖਦਾ ਹੈ। ਉਂਝ, ਇਸ ਦਾ ਇਹ ਮਤਲਬ ਨਹੀਂ ਕਿ ਤੁਸੀਂ ਉਸ ਨੂੰ 'ਸੰਘੀ' ਕਹਿ ਕੇ ਦੁਤਕਾਰਦੇ ਰਹੋ ਅਤੇ ਉਸ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰੋ। ਇਵੇਂ ਹੀ ਜਿਹੜੇ ਲੋਕ ਮਾਰਕਸ ਤੇ ਫੂਕੋ ਨੂੰ ਸਲਾਹੁੰਦੇ ਹਨ ਅਤੇ ਰਾਜਨੀਤਕ ਖੇਤਰ ਵਿਚ ਖ਼ੁਦਪ੍ਰਸਤੀ ਦੇ ਉਭਾਰ ਖਿਲਾਫ਼ ਆਪਣੀ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਖਿਲਾਫ਼ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਚਾਰਜਸ਼ੀਟਾਂ ਜਾਂ ਕਾਰਨ ਦੱਸੋ ਨੋਟਿਸ ਜਾਰੀ ਨਹੀਂ ਹੋਣੇ ਚਾਹੀਦੇ। ਅਕਾਦਮਿਕ ਆਜ਼ਾਦੀ ਲਈ ਸਿਖਿਆਰਥੀਪੁਣੇ ਦੀ ਸੱਚੀ ਭਾਵਨਾ ਜ਼ਰੂਰੀ ਹੈ। ਵਿਦਿਆਰਥੀ ਹੋਣ ਨਾਤੇ ਮੈਨੂੰ ਆਪਣੇ ਕਿਸੇ ਪ੍ਰੋਫੈਸਰ ਦੀ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਜਾਂ ਇਜ਼ਰਾਈਲ-ਫ਼ਲਸਤੀਨ ਟਕਰਾਅ ਦੀ ਰਾਜਨੀਤੀ ਬਾਰੇ ਸਮਝ ਨਾਲ ਅਸਹਿਮਤ ਹੋਣ ਦਾ ਹੱਕ ਹੈ। ਉਂਝ, ਇਸ ਦਾ ਹਰਗਿਜ਼ ਮਤਲਬ ਨਹੀਂ ਕਿ ਮੈਂ ਪੁਲੀਸ ਬੁਲਾ ਕੇ ਆਪਣੇ ਪ੍ਰੋਫੈਸਰ ਨੂੰ ਗ੍ਰਿਫ਼ਤਾਰ ਕਰਵਾ ਦੇਵਾਂ। ਇਹ ਹੋਰ ਕੁਝ ਨਹੀਂ, ਚੇਤਨਾ ਦੀ ਦਲਿਦਰਤਾ ਹੈ।

ਅਖੀਰ 'ਚ ਉਪ ਕੁਲਪਤੀਆਂ ਨੂੰ ਫ਼ਰਿਆਦ: ਉਹ ਪੁਲੀਸ ਇੰਸਪੈਕਟਰ ਨਹੀਂ; ਅਧਿਆਪਕ, ਖੋਜਕਾਰ, ਵਿਦਿਆਦਾਨੀ ਹਨ। ਜੇ ਉਹ ਆਪਣੇ 'ਬੌਸਾਂ' ਨੂੰ ਫ਼ਰਮਾਨ ਦੇਣ ਦੇ ਅਖ਼ਤਿਆਰ ਦਿੰਦੇ ਰਹਿਣਗੇ ਕਿ ਯੂਨੀਵਰਸਿਟੀਆਂ ਨੂੰ ਕਿਵੇਂ ਚਲਾਇਆ ਜਾਣਾ ਚਾਹੀਦਾ ਹੈ ਤਾਂ ਉਹ ਨੌਜਵਾਨ ਮਨਾਂ ਨੂੰ ਪ੍ਰੇਰਨ ਦੇ ਯੋਗ ਨਹੀਂ ਰਹਿਣਗੇ। ਕੀ ਉਹ ਯੂਨੀਵਰਸਿਟੀਆਂ ਦੀ ਰੂਹ ਬਚਾਉਣ ਲਈ ਨਿਡਰਤਾ, ਬੌਧਿਕ ਇਮਾਨਦਾਰੀ ਤੇ ਇਖ਼ਲਾਕੀ ਦਲੇਰੀ ਦਿਖਾਉਣਗੇ? ਅਕਾਦਮਿਕ ਆਜ਼ਾਦੀ ਬਚਾਉਣ ਦਾ ਭਾਵ ਲੋਕਰਾਜ ਨੂੰ ਬਚਾਉਣਾ ਹੀ ਹੁੰਦਾ ਹੈ।

# ਮੈਂ ਤੇ ਮੇਰੀ ਫੀਜ਼ੀਓ ਥੈਰੇਪੀ

ਕਿਰਪਾਲ ਸਿੰਘ ਪੰਨੂ
ਫੋਨ: +91-98152-61265

ਸੋਚੀਏ ਤਾਂ ਫੀਜ਼ੀਓ ਥੈਰੇਪੀ ਸੰਸਾਰ ਵਿਆਪੀ ਆਦਿ ਜੁਗਾਦੀ ਵਰਤਾਰਾ ਹੈ। ਸਮਾਂ ਤੇ ਸਮਰੱਥਾ ਅਨੁਸਾਰ ਇਸ ਨੇ ਵੀ ਆਪਣੇ ਰੰਗ ਢੰਗ ਬਦਲੇ ਹਨ। ਪਹਿਲਿਆਂ ਸਮਿਆਂ ਵਿਚ ਲੱਤਾਂ, ਬਾਹਾਂ, ਸਿਰ ਆਦਿ ਕਿਸੇ ਦੂਜੇ ਵੱਲੋਂ ਆਪਣੇ ਹੱਥਾਂ ਨਾਲ਼ ਘੁੱਟਣ ਤੱਕ ਸੀਮਤ ਸੀ। ਅਜੋਕੇ ਸਮਿਆਂ ਵਿਚ ਇਹ ਸਰਬਵਿਆਪੀ ਅਤੇ ਤਕਨਾਲੋਜੀ ਭਰਪੂਰ ਬਣ ਗਈ ਹੈ। ਕਈਆਂ ਰੂਪਾਂ ਵਿਚ ਤਾਂ ਹੁਣ ਇਹ ਬਾਕੀ ਸਾਰੀਆਂ ਸਿਹਤ ਪ੍ਰਣਾਲੀਆਂ ਤੋਂ ਮੀਰੀ ਬਣਦੀ ਜਾ ਰਹੀ ਹੈ ਤੇ ਉਹ ਵੀ ਇਸਦਾ ਸਿੱਕਾ ਮੰਨਦੀਆਂ ਹਨ। ਸਿਆਣੇ ਕਹਿੰਦੇ ਹਨ ਕਿ ਸੌਂਹ ਖਾਈਏ ਜੀ ਦੀ, ਨਾ ਪੁੱਤ ਦੀ ਨਾ ਧੀ ਦੀ।

ਕੁੱਝ ਦਿਨ ਪਹਿਲੋਂ ਸਮਰਾਲ਼ਾ ਵਿਖੇ ਮੈਂ 'ਆਧਾਰ ਸਟੋਰ' ਤੋਂ ਗ੍ਰੌਸਰੀ ਲੈਣ ਗਿਆ। ਪਹਿਲਿਆਂ ਸਾਲਾਂ ਵਿਚ ਮੈਂ ਉੱਥੋਂ ਇਹ ਖ੍ਰੀਦਦਾ ਰਿਹਾ ਸਾਂ। ਅੱਠ ਕੁ ਪੌੜੀਆਂ ਉੱਤਰ ਜਦੋਂ ਮੈਂ ਦਰਵਾਜ਼ਾ ਖੋਲ੍ਹਿਆ ਤਾਂ ਅੱਗੇ ਸਾਮਾਨ ਦੇ ਰੈਕਾਂ ਦੀ ਥਾਂ ਦੋ ਤਿੰਨ ਸੌ ਵਿਅਕਤੀਆਂ ਦੀ ਬੈਠੀ ਭੀੜ 'ਹੂ ਹਾ' ਕਰਦੀ ਦੇਖੀ। ਮੈਂ ਭਮੱਤਰ ਗਿਆ। ਜਿਵੇਂ ਬੱਗ ਵਿਚ ਗੁਆਚੀ ਗਾਂ ਜਾਂ ਮੇਲੇ ਵਿਚ ਗੁਆਚਿਆ ਬੱਚਾ ਭੰਬਲਭੂਸੇ ਵਿਚ ਪੈ ਜਾਂਦਾ ਹੈ।

ਪਰੀ ਕਹਾਣੀਆਂ ਵਿਚ ਫਰਿਸ਼ਤੇ ਦੇ ਆਉਣ ਵਾਂਗ, ਉਦੋਂ ਹੀ ਖੱਬੀ ਵੱਖੀ ਵੱਲੋਂ ਇੱਕ ਬੰਦ ਦਰਵਾਜ਼ਾ ਖੁੱਲ੍ਹਿਆ ਤੇ ਬੀਬਾ ਨੇਹਾ ਸ਼ਰਮਾ ਨੇ ਬਾਪੂ ਜੀ, ਬਾਪੂ ਜੀ ਕਹਿ ਕੇ ਮੇਰੇ ਕੰਨਾਂ ਵਿਚ ਮਿਠਾਸ ਘੋਲ਼ ਦਿੱਤੀ। ਉਸ ਨੇ ਮੇਰੀ ਜਗਿਆਸਾ ਉੱਤੇ ਪੂਰਤੀ ਦਾ ਨਰਮ ਤੇ ਨਿੱਘਾ ਫੈਹਾ ਧਰਿਆ। ਮੈਂ ਬੀਬਾ ਦੀ ਅਪਣੱਤ ਤੋਂ ਪੂਰਾ ਭਰਵਾਬਤ ਹੋਇਆ। ਉਸ ਥਾਂ ਉੱਤੇ ਗਰੌਸਰੀ ਸਟੋਰ ਦੀ ਥਾਂ ਹੁਣ ਕਈ ਸਾਲਾਂ ਤੋਂ 'ਹੰਗੂ ਫੀਜ਼ੀਓ ਥੈਰੇਪੀ ਕੇਂਦਰ' ਚੱਲ ਰਿਹਾ ਹੈ। ਸਹੀ ਗੱਲ ਤਾਂ ਇਹ ਵੀ ਹੈ ਕਿ ਮੇਰੇ ਲਈ ਨਾ ਤੇ ਬੀਮਾਰਾਂ ਦੀਆਂ ਭੀੜਾਂ ਅਨੋਖੀਆਂ ਹਨ ਅਤੇ ਨਾ ਹੀ ਫੀਜ਼ੀਓ ਥੈਰੇਪੀ ਵਰਗੇ ਇਲਾਜ।

ਡਾ. ਗੁਰਮੀਤ ਸਿੰਘ ਮਿਨਹਾਸ ਬਰੈਂਪਟਨ ਦੀਆਂ, ਟੋਰਾਂਟੋ ਵਿਚ ਮੈਂ ਤੇ ਮੇਰੀ ਪਤਨੀ ਕਈ ਸਾਲ ਫੀਜ਼ੀਓ ਥੈਰੇਪੀ ਦੀਆਂ ਸੇਵਾਵਾਂ ਦਾ ਲਾਹਾ ਲੈਂਦੇ ਰਹੇ ਹਾਂ। ਪੰਜਾਬ ਵਿਚ ਉਸ ਦੇ ਮੁਫਤ ਸੇਵਾ ਕੈਂਪਾਂ ਦਾ ਕਈ ਸਾਲ ਮੈਂ ਮੁੱਖ ਪ੍ਰਬੰਧਕ ਵੀ ਰਿਹਾ ਹਾਂ। ਹੁਣ ਮੇਰੀ ਉਮਰ ਦੇ ਨੁੱਬੇ ਦਹਾਕੇ ਦੇ ਨੇੜੇ ਢੁਕ ਕੇ ਮੇਰਾ ਸਰੀਰ ਅੱਗੇ ਨੂੰ ਬਹੁਤਾ ਹੀ ਝੁਕਣ ਲੱਗ ਪਿਆ ਹੈ ਤੇ ਸਿੱਧੇ ਖੜ੍ਹੇ ਹੋਣ ਵਿਚ ਔਕੜ ਆ ਰਹੀ ਹੈ। ਬਰੈਂਪਟਨ ਵਿਚ ਮੈਂ ਸਰਕਾਰੀ ਫੀਜ਼ੀਓ ਥੈਰੇਪੀ ਦੀਆਂ 6 ਕੁ ਸਿਟਿੰਗ ਲਈਆਂ। ਪਰ ਉਮਰ ਦੇ ਸਾਲਾਂ ਨਾਲ਼ ਸਮੱਸਿਆ ਵਧਦੀ ਹੀ ਜਾ ਰਹੀ ਹੈ। ਹੁਣ ਮੈਂ ਘਰ ਤੋਂ ਬਾਹਰ ਜਾਣਾ ਕਾਫੀ ਘੱਟ ਕਰ ਦਿੱਤਾ ਹੈ।

ਬੀਬਾ ਨੇਹਾ ਸ਼ਰਮਾ ਦੇ ਨਿੱਘੇ ਤੇ ਮਿੱਠੇ ਉਸਾਰੇ ਵਾਤਾਵਰਨ ਕਾਰਨ ਮੈਂ ਸਮਰਾਲ਼ੇ ਵਾਲ਼ੇ ਇਸ 'ਹੰਗੂ ਥੈਰੇਪੀ ਕੇਂਦਰ' ਵਿਚ ਸੇਵਾਵਾਂ ਲੈਣੀਆਂ ਆਰੰਭ ਕਰ ਦਿੱਤੀਆਂ। ਜਦੋਂ ਕਿ ਬਰੈਂਪਟਨ ਵਿਚ ਫੈਮਿਲੀ ਡਾਕਟਰ ਦੀ ਸਿਫਾਰਸ਼ ਉੱਤੇ ਇਹ ਸੇਵਾਵਾਂ ਮੁਫਤ ਮਿਲ਼ਦੀਆਂ ਹਨ। ਉੱਥੇ ਕੇਂਦਰ ਵਿਚ ਇੱਕ ਮਰਿਆਦਾ ਹੁੰਦੀ ਹੈ। ਕਮਾਲ ਦੀ ਸਾਫ ਸਫਾਈ ਹੁੰਦੀ ਹੈ। ਹੋਰ ਤਾਂ ਹੋਰ ਸੀਨੀਅਰ ਹੋਣ ਦੇ ਨਾਤੇ ਆਉਣ-ਜਾਣ ਦਾ ਬੱਸ ਦਾ ਕਿਰਾਇਆ ਵੀ ਕੋਈ ਨਹੀਂ ਲੱਗਦਾ। ਠਾਠ ਨਾਲ਼ ਘਰੋਂ ਜਾਓ ਤੇ ਨਿਸ਼ਚਤ ਸਮੇਂ ਉੱਤੇ ਸੇਵਾਵਾਂ ਪਾਓ। ਪਰ ਉੱਥੇ ਸੇਵਾ ਹੁੰਦੀ ਹੈ ਇੱਕ ਸਮੇਂ ਸਰੀਰ ਦੇ ਕੇਵਲ ਇੱਕੋ ਭਾਗ ਦੀ।

ਏਧਰ ਸਮਰਾਲ਼ੇ ਕੇਂਦਰ ਵਿਚ ਸੇਵਾ-ਪ੍ਰਾਪਤੀ ਨੂੰ ਲੈਕਚਰ ਦੇ ਕੇ ਪਹਿਲੋਂ ਦਿਮਾਗੀ ਤੌਰ ਉੱਤੇ ਤਿਆਰ ਕੀਤਾ ਜਾਂਦਾ ਹੈ। ਉਸਨੂੰ ਮੱਥੇ ਅਤੇ ਮਨ ਦੀ ਅਸੀਮ ਸਮਰੱਥਾ ਤੋਂ ਜਾਣੂੰ ਕਰਵਾਇਆ ਜਾਂਦਾ ਹੈ। 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥' ਦੇ ਅਰਥਾਂ ਦਾ ਸਾਰ ਸਮਝਾਇਆ ਜਾਂਦਾ ਹੈ। ਬੀਮਾਰੀ ਦੇ ਪੂਰਨ ਇਲਾਜ ਦਾ ਭਰੋਸਾ ਦੇ ਕੇ ਤਨ ਮਨ ਵਿਚ ਆਸ਼ਾ ਦੀ ਨਵੀਂ ਜੋਤ ਜਗਾਈ ਜਾਂਦੀ ਹੈ। 'ਹੰਗੂ ਥੈਰੇਪੀ ਕੇਂਦਰ' ਵਿਚ ਹਰ ਰੋਜ਼ 40-50 ਮਿੰਟਾਂ ਲਈ ਮੇਰਾ ਇਲਾਜ 25 ਦਿਨ ਚਲਦਾ ਰਿਹਾ। ਸਮੇਂ-ਸਮੇਂ ਐੱਮ.ਡੀ ਸਾਹਿਬ ਆ ਕੇ ਮਰੀਜ਼ਾਂ ਦਾ ਹਾਲ ਪੁੱਛਦੇ ਰਹਿੰਦੇ ਅਤੇ ਅੱਜ ਦੇ ਸਮੇਂ ਦੀਆਂ ਸਰੀਰਕ ਤਕਲੀਫਾਂ ਅਤੇ ਉਨ੍ਹਾਂ ਦੇ ਹਾਣੀ ਇਲਾਜਾਂ ਸਬੰਧੀ ਆਪਣੇ ਵਿਚਾਰ ਸਾਂਝੇ ਕਰਦੇ ਰਹਿੰਦੇ। ਡਾਕਟਰ ਸਾਹਿਬ ਮਰੀਜ਼ਾਂ ਦੇ ਦਿਲ ਦੀ ਗੱਲ ਸੁਣਦੇ-ਸੁਣਦੇ ਆਪਣੀ ਨਵੀਨਤਮ ਜਾਣਕਾਰੀ ਵੀ ਵੰਡੀ ਜਾਂਦੇ। ਉਹ ਆਪਣੇ ਹੱਥੀਂ ਮਰੀਜ਼ਾਂ ਦੀ ਮਸ਼ੀਨੀ ਮਾਲ਼ਸ਼ ਵੀ ਕਰਦੇ ਰਹਿੰਦੇ ਹਨ।

ਇਸ 25 ਦਿਨਾਂ ਦੇ ਸਮੇਂ ਅੰਦਰ ਮੈਂ ਅਨੁਭਵ ਕੀਤਾ ਕਿ ਇੱਥੋਂ ਦਾ ਸਾਰਾ ਸਟਾਫ ਹੀ ਸੁਖਾਵੀਂ ਅਤੇ ਸਨੇਹ ਭਰਪੂਰ ਸੇਵਾ ਪ੍ਰਦਾਨ ਕਰਨ ਲਈ ਪੱਬਾਂ ਭਾਰ ਹੋਇਆ ਰਹਿੰਦਾ ਹੈ। ਹਰ ਇੱਕ ਨੂੰ ਉਹ ਸਕੇ ਭੈਣਾਂ ਭਰਾਵਾਂ ਵਾਂਗ ਖਿੜੇ ਮੱਥੇ ਮਿਲ਼ਦਾ ਹੈ। ਮੁੱਖ-ਹਾਲ ਹਾਸਿਆਂ, ਹੌਸਲਿਆਂ ਅਤੇ ਤਾੜੀਆਂ ਨਾਲ਼ ਸਦਾ ਗੂੰਜਦਾ ਰਹਿੰਦਾ ਹੈ। ਭਰ ਵਗਦੇ ਦਰਿਆ ਵਾਂਗ ਬਹੁਤ ਹੀ ਮੋਹ ਭਰਪੂਰ ਵਾਤਾਵਰਨ ਵਿਚ ਇਲਾਜ ਵੀ ਨਾਲ਼ ਦੀ ਨਾਲ਼ ਚੱਲਦਾ ਰਹਿੰਦਾ ਹੈ। ਔਖਧੀ-ਜਲ ਅਤੇ ਕਾਹਵਾ ਵੀ ਹਰ ਮਰੀਜ਼ ਨੂੰ ਮੁਫ਼ਤ ਪ੍ਰੋਸਿਆ ਜਾਂਦਾ ਹੈ।

ਇਸ ਕੇਂਦਰ ਵਿਚ ਇਲਾਜ ਮੁੱਖ ਤੌਰ ਉੱਤੇ ਕੰਪਿਊਟਰ-ਮਸ਼ੀਨ ਨਾਲ਼, ਜਿਸਨੂੰ ਡਾਕਟਰ ਦੀ ਉਪਾਧੀ ਦਿੱਤੀ ਗਈ ਹੈ, ਅਤੇ ਗਰਮ-ਮੈਟ ਨਾਲ਼ ਕੀਤਾ ਜਾਂਦਾ ਹੈ। ਮਸ਼ੀਨ ਇੱਕੋ ਸਮੇਂ ਸਰੀਰ ਦੇ ਚਾਰ ਭਾਗਾਂ, ਪੈਰ, ਲੱਕ, ਮੋਢੇ ਤੇ ਹੱਥਾਂ ਉੱਤੇ ਇਲਾਜ ਕਰਦੀ ਹੈ। ਪਰ ਇਹ ਚਾਰੇ ਥਾਂ ਕੋਈ ਪੱਥਰ 'ਤੇ ਲਕੀਰ ਨਹੀਂ। ਰੋਗ ਅਨੁਸਾਰ ਇਨ੍ਹਾਂ ਦੀ ਥਾਂ ਬਦਲ ਕੇ ਗਿੱਟੇ, ਗੋਡੇ, ਪੇਟ ਆਦਿ ਕਿਸੇ ਥਾਂ ਵੀ ਕੀਤੀ ਜਾਂਦੀ ਹੈ। ਸਾਰੇ ਸਰੀਰ ਦੇ ਰੋਗਾਂ ਨੂੰ ਮਸ਼ੀਨੀ ਕੋਡਾਂ ਵਿਚ ਵਰਗੀਕਰਨ ਕੀਤਾ ਗਿਆ ਹੈ। ਜੋ ਕੱਲ੍ਹ 25 ਸਨ ਤੇ ਅੱਜ 30 ਹਨ, ਕੱਲ੍ਹ ਨੂੰ 35 ਜਾਂ ਇਸ ਤੋਂ ਵੀ ਵੱਧ ਕੋਡਾਂ ਵਿਚ ਰੱਖਿਆ ਜਾ



ਸਕਦਾ ਹੈ। ਇਲਾਜ ਸਿਰ ਦੇ ਵਾਲ਼ਾਂ ਤੋਂ ਲੈ ਕੇ ਪੈਰ ਦੇ ਨਹੁੰਆਂ ਤੀਕਰ ਕੀਤਾ ਜਾਂਦਾ ਹੈ।

ਐੱਮ.ਡੀ ਸਾਹਿਬ ਨੇ ਮੈਨੂੰ ਦੋ ਕਿਤਾਬਾਂ ਵੀ ਪੜ੍ਹਨ ਲਈ ਦਿੱਤੀਆਂ। pihlI 'Quantem Medicine by Paul Yanick, Jr.' ਦੂਸਰੀ 'The Vaccine Crime Report by Dr. Kamalpreet Singh MD.' ਦੋਵੇਂ ਕਿਤਾਵਾਂ ਹੀ ਮਾਨਵ-ਵਾਦੀ ਸੋਚ ਨੂੰ ਪਰਨਾਏ ਅਤੇ ਵਰੋਸਾਏ ਡਾਕਟਰਾਂ ਨੇ ਆਪਣੀ ਸਾਲਾਂਬੱਧੀ ਨਿਰਪੱਖ ਖੋਜ ਪਿੱਛੋਂ ਲਿਖੀਆਂ ਹਨ। ਦੋਹਾਂ ਨੇ ਕੁਦਰਤੀ-ਜੀਵਨ, ਖਾਣ ਪੀਣ ਅਤੇ ਦੁਆਈ ਦਰਮਲ ਨੂੰ ਚੰਗੀ ਸਿਹਤ ਦਾ ਆਧਾਰ ਦਰਸਾਇਆ ਹੈ ਅਤੇ ਕੁਦਰਤੀ ਜੀਵਨ ਸ਼ੈਲੀ ਨੂੰ ਅਪਨਾਉਣ ਉੱਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਸਰੀਰਕ ਸਵੈ-ਸੋਧ/ਮੁਰੰਮਤ ਨੂੰ ਹੀ ਉੱਤਮ ਮੰਨਿਆ ਤੇ ਸਿੱਧ ਕੀਤਾ ਹੈ। ਦੋਵੇਂ ਕਿਤਾਬਾਂ ਮਨ ਦੇ ਨਵੇਂ ਕਿਵਾੜ ਖੋਲ੍ਹਣ ਵਾਲ਼ੀਆਂ ਹਨ। ਇਹ ਕਿਤਾਬਾਂ ਮੈਂ ਆਪਣੇ ਸਾਰੇ ਮਿੱਤਰ ਪਿਆਰਿਆਂ ਨੂੰ ਪੜ੍ਹਨ ਲਈ ਪ੍ਰੇਰਿਆ ਹੈ। ਤੇ ਇਨ੍ਹਾਂ ਕਿਤਾਬਾਂ ਦੀ ਸੰਗਤ ਕਰਵਾਉਣ ਲਈ ਮੈਂ ਐੱਮ.ਡੀ ਸਾਹਿਬ ਦਾ ਰਿਣੀ ਹਾਂ। ਸਮਰਾਲ਼ੇ ਫਿਜ਼ੀਓ ਥੈਰੇਪੀ ਮੁੱਖ ਤੌਰ ਉੱਤੇ ਚਾਰ ਕੰਮ ਕਰਦੀ ਹੈ। ਜਿਵੇਂ ਪੱਠਿਆਂ ਨੂੰ ਮਜ਼ਬੂਤ ਕਰਨਾ, ਨਰਵ ਸਿਸਟਮ ਦੇ ਰੁਕੇ ਕੁਨੈਕਸ਼ਨ ਤੋਰ ਕੇ ਮੁੜ ਸਤਰਕ ਕਰਨਾ, ਖ਼ੂਨ ਦੇ ਵਹਾਓ ਦੀਆਂ ਰੁਕਾਵਟਾਂ ਹਟਾ ਕੇ ਉਸਨੂੰ ਵਧਾਉਣਾ ਅਤੇ ਸਰੀਰ ਨੂੰ ਆਰਾਮ ਦੇ ਕੇ ਤਣਾਓ ਮੁਕਤ ਕਰਨਾ। ਥੈਰੇਪੀ ਲੈਣ ਪਿੱਛੋਂ ਮੈਂ ਇਸ ਤਰ੍ਹਾਂ ਅਨੁਭਵ ਕਰਦਾ ਰਿਹਾ ਹਾਂ ਜਿਵੇਂ ਸਰੀਰ ਦੇ ਕਲ ਪੁਰਜ਼ਿਆਂ ਅਤੇ ਜੋੜਾਂ-ਮੋੜਾਂ ਨੂੰ ਲੁਬਰੀਕੇਸ਼ਨ ਦਾ 24 ਘੰਟੇ ਲਈ ਰਾਸ਼ਨ ਮਿਲ਼ ਗਿਆ ਹੋਵੇ। ਕੁੱਝ ਮਰੀਜ਼ਾਂ ਨੇ ਨਿੱਜੀ ਗੱਲਬਾਤ ਵੇਲ਼ੇ ਦੱਸਿਆ ਕਿ ਉਨ੍ਹਾਂ ਨੂੰ ਥੈਰੇਪੀ ਦੇ ਚਮਤਕਾਰੀ ਸਿੱਟੇ ਪ੍ਰਾਪਤ ਹੋਏ ਹਨ। ਇੱਕ 35 ਕੁ ਸਾਲ ਦੀ ਬੀਬੀ ਨੇ ਆਪ ਜਾਣਕਾਰੀ ਦਿੱਤੀ ਕਿ ਉਸਦਾ ਵਾਲ਼-ਵਾਲ਼ ਰੋਗੀ ਸੀ। ਸਿਵਾਏ ਕੈਂਸਰ ਦੇ ਉਸਨੂੰ ਸਾਰੇ ਰੋਗ ਸਨ। ਦਿਨ ਵਿਚ ਉਹ 17 ਗੋਲ਼ੀਆਂ ਲੈਂਦੀ ਸੀ। ਡਾਕਟਰਾਂ ਨੇ ਉਸਨੂੰ 5 ਸਾਲ ਦੀ ਬੈੱਡ ਰੈਸਟ ਦੀ ਸਲਾਹ ਦਿੱਤੀ ਸੀ। ਇਸ ਕੇਂਦਰ ਤੋਂ ਇਕ ਸਾਲ ਥੈਰੇਪੀ ਲੈਣ ਪਿੱਛੋਂ ਉਹ ਹੁਣ ਬਿਲਕੁਲ ਠੀਕ ਹੋ ਗਈ ਹੈ ਅਤੇ ਹੁਣ ਉਹ ਕੋਈ ਗੋਲ਼ੀ ਨਹੀਂ ਲੈਂਦੀ। ਹੁਣ ਉਸਨੇ ਇੱਥੋਂ ਵਾਲ਼ੀ ਥੈਰੇਪੀ ਮਸ਼ੀਨ ਆਪਣੇ ਘਰ ਹੀ ਰੱਖੀ ਹੋਈ ਹੈ। ਉਹ, ਉਸਦੇ ਮਾਤਾ ਪਿਤਾ ਅਤੇ ਬੇਟੀ ਜਦੋਂ ਚਾਹੁਣ ਮਸ਼ੀਨ ਦੀ ਸੇਵਾ ਲੈ ਲੈਂਦੇ ਹਨ ਅਤੇ ਹਰ ਰੋਜ਼ ਲੈਂਦੇ ਹਨ। ਮੇਰੀਆਂ ਅੱਖਾਂ ਸਾਰਾ ਸੱਚ ਸਾਫ ਦੇਖ ਰਹੀਆਂ ਸਨ ਪਰ ਕਈ ਵੇਰ ਸੱਚ ਸਾਹਮਣੇ ਦੇਖ ਕੇ ਵੀ ਇਹ ਮਰਜਾਣਾ ਮਨ ਵਿਸ਼ਵਾਸ ਕਿਓਂ ਨਹੀਂ ਕਰਦਾ?

ਦੂਸਰੀ 40 ਕੁ ਸਾਲ ਦੀ ਬੀਬੀ ਨੇ ਦੱਸਿਆ ਕਿ ਉਸਦੇ ਦੋ ਬੇਟੇ ਦੋ ਬੇਟੀਆਂ ਹਨ। ਜਦੋਂ ਸਭ ਤੋਂ ਛੋਟੀ ਬੇਟੀ ਪੈਦਾ ਹੋਈ ਉਸਦੇ ਨਾਲ਼ ਹੀ ਉਸਦੀ ਮਾਤਾ ਸੁਰਗਵਾਸ ਹੋ ਗਈ। ਇਹ ਬੀਬੀ ਇਸ ਸਦਮੇ ਨਾਲ਼ ਬੇਹੋਸ਼ ਹੋ ਗਈ ਅਤੇ ਸਾਰਾ ਸਰੀਰ ਪਾਰਕਸਨ ਦੇ ਰੋਗ ਨਾਲ਼ ਗ੍ਰਸਿਆ ਗਿਆ। ਢਾਈ ਮਹੀਨੇ ਦੇ ਥੈਰੇਪੀ ਨਾਲ਼ ਹੁਣ ਉਸਦੀ ਪਾਰਕਸਨ ਦੀ ਬੀਮਾਰੀ ਰੁਪੱਈਏ ਵਿਚੋਂ 75 ਪੈਸੇ ਠੀਕ ਹੋ ਗਈ ਹੈ। ਜਦੋਂ ਵੀ ਉਹ ਮੈਨੂੰ ਮਿਲ਼ਦੀ ਹੈ ਬੜੇ ਖੁਸ਼ੀ ਭਰੇ ਰੌਂਅ ਵਿਚ ਅਪਣੱਤ ਭਰੀ ਫਤਿਹ ਬੁਲਾਉਂਦੀ ਹੈ। ਜੋ ਉਸਦੇ ਮਨ ਦੀ ਚੜ੍ਹਦੀ ਕਲਾ ਦੀ ਪ੍ਰਤੀਕ ਹੈ।

ਬੀਬਾ ਨੇਹਾ ਸ਼ਰਮਾ ਨੇ ਸਾਡੇ ਗਰੁੱਪ ਨੂੰ ਆਪਣੇ ਮੋਬਾਈਲ ਉੱਤੇ ਇੱਕ ਮੂਵੀ ਦਿਖਾਈ (ਜਿਸਨੂੰ ਟੀਵੀ ਉੱਤੇ ਦਿਖਾਏ ਜਾਣ ਦੀ ਸਾਰਿਆਂ ਨੇ ਇੱਛਾ ਪ੍ਰਗਟਾਈ)। ਉਸ ਵਿਚ ਇੱਕ 50/60 ਸਾਲ ਦਾ ਵਿਅਕਤੀ, ਜੋ ਇੱਕ ਐਕਸੀਡੈਂਟ ਵਿਚ ਬੁਰੀ ਤਰ੍ਹਾਂ ਲਪੇਟਿਆ ਗਿਆ ਸੀ, ਪੀ.ਜੀ.ਆਈ ਦੀ ਸਲਾਹ ਨਾਲ਼, ਮਾਯੂਸ, ਮਜਬੂਰ, ਸਿਰ ਦੇ ਵਾਲ਼ ਝੜੇ ਹੋਏ, ਵ੍ਹੀਲ ਚੇਅਰ ਉੱਤੇ, ਥੈਰੇਪੀ ਕੇਂਦਰ ਵਿਚ ਆਉਂਦਾ ਹੈ। ਤਿੰਨ ਕੁ ਮਹੀਨੇ ਦੀ ਥੈਰੇਪੀ ਪਿੱਛੋਂ ਉਹ ਖਿੜੇ ਚਿਹਰੇ ਨਾਲ਼ ਇੱਕ ਆਮ ਤੰਦਰੁਸਤ ਵਿਅਕਤੀ ਵਾਂਗ ਭਰੇ ਹਾਲ ਵਿਚ ਬਿਨਾ ਸਹਾਰੇ ਦੇ ਤੁਰ ਕੇ ਦਿਖਾਉਂਦਾ ਹੈ ਤੇ ਹਾਲ ਤਾੜੀਆਂ ਨਾਲ਼ ਗੂੰਜ ਉੱਠਦਾ ਹੈ। ਇਹ ਦ੍ਰਿਸ਼ ਦੇਖ ਕੇ ਮੇਰੀਆਂ ਅੱਖਾਂ ਖੁਸ਼ੀ ਨਾਲ਼ ਨਮ ...।

ਸੱਚੀ ਗੱਲ ਤਾਂ ਇਹ ਹੈ ਕਿ ਇਲਾਜ ਦੀ ਇਸ ਨਵੀਂ ਤਕਨੀਕ ਬਾਰੇ ਹੋਰ ਵੀ ਬੜਾ ਕੁੱਝ ਲਿਖਣਯੋਗ ਭਾਵ ਸਮਝਣ ਸਮਝਾਉਣਯੋਗ ਹੈ। ਜੋ ਕੋਈ ਸਮਰੱਥਾਵਾਨ ਡਾਕਟਰ ਹੀ ਲਿਖ ਸਕਦਾ ਹੈ। ਹਾਂ ਮੈਨੂੰ ਇਸ ਥੈਰੇਪੀ ਪ੍ਰਬੰਧ ਉੱਤੇ ਪੂਰਾ ਭਰੋਸਾ ਹੈ। ਮੇਰੀ ਇਹ ਇੱਛਾ ਹੈ ਕਿ ਇਹ ਥੈਰੇਪੀ ਮਸ਼ੀਨ ਮੇਰੇ ਸਮੇਤ ਹਰ-ਘਰ ਹੋਵੇ। ਆਮੀਨ!

# ਰਾਮਦੇਵ ਦੀ ਕਾਲ਼ੀ ਕਮਾਈ ਸਬੰਧੀ ਨਵੇਂ ਖੁਲਾਸੇ

ਤਜਿੰਦਰ

ਪਹਿਲਾਂ 2011 'ਚ ਦਿੱਲੀ ਜੰਤਰ-ਮੰਤਰ 'ਤੇ ਕੇਜਰੀਵਾਲ ਐਂਡ ਕੰਪਨੀ ਨਾਲ਼ ਭ੍ਰਿਸ਼ਟਾਚਾਰ/ਕਾਲ਼ੇਧਨ ਲਈ ਟਪੂਸੀਆਂ ਮਾਰਨ ਵਾਲ਼ੇ, ਫਿਰ 2014 ਚੋਣਾਂ ਤੋਂ ਪਹਿਲਾਂ ਭਾਜਪਾ ਦੀ ਬੁੱਕਲ 'ਚ ਬੈਠ ਮੋਦੀ ਦੁਆਰਾ ਕਾਲ਼ਾ ਧਨ ਵਾਪਸ ਲਿਆਉਣ ਦੇ ਦਾਅਵੇ ਕਰਨ ਵਾਲ਼ੇ ਯੋਗ ਗੁਰੂ/ਕਾਰੋਬਾਰੀ ਰਾਮ ਦੇਵ ਦੀ ਖੁਦ ਦੀ ਕਾਲ਼ੀ ਕਮਾਈ ਸਬੰਧੀ ਕੁੱਝ ਅਹਿਮ ਖੁਲਾਸੇ ਸਾਹਮਣੇ ਆਏ ਹਨ।



'ਰਿਪੋਰਟਰਸ ਕਲੈਕਟਿਵ' ਨਾਮ ਦੇ ਇੱਕ ਅਦਾਰੇ ਦੁਆਰਾ ਪਿਛਲੇ ਮਹੀਨੇ ਦੇ ਅੰਤ 'ਚ ਇੱਕ ਰਿਪੋਰਟ ਨਸ਼ਰ ਕੀਤੀ ਗਈ ਹੈ ਜਿਸ 'ਚ ਇਹ ਤੱਥ ਸਾਹਮਣੇ ਆਇਆ ਹੈ ਕਿ ਧਰਮ, ਆਯੁਰਵੇਦ, ਸਵਦੇਸ਼ੀ ਅਦਿ ਦੇ ਨਾਮ 'ਤੇ ਆਪਣਾ ਅਰਬਾਂ ਦਾ ਕਾਰਬੋਰ ਖੜ੍ਹਾ ਕਰਨ ਵਾਲ਼ੇ ਰਾਮਦੇਵ ਨੇ ਆਪਣੀਆਂ 'ਸ਼ੈੱਲ' (ਫਰਜ਼ੀ) ਕੰਪਨੀਆਂ ਰਾਹੀਂ ਹਰਿਆਣਾ 'ਚ ਕਈ ਏਕੜ ਜ਼ਮੀਨ ਦੀ ਖਰੀਦ-ਵੇਚ ਕੀਤੀ ਹੈ ਜਿਸ ਲਈ ਉਸ ਨੂੰ ਇਸ ਖੇਤਰ 'ਚ 'ਰਿਅਲ ਅਸਟੇਟ' ਦਾ ਬਾਦਸ਼ਾਹ ਮੰਨਿਆ ਜਾਂਦਾ ਹੈ।

ਰਿਪੋਰਟ ਅਨੁਸਾਰ ਰਾਮਦੇਵ ਨੂੰ ਰਿਅਲ ਅਸਟੇਟ ਦੇ ਧੰਦੇ ਦਾ ਬਾਦਸ਼ਾਹ ਬਣਾਉਣ 'ਚ 'ਸ਼ੈੱਲ' ਕੰਪਨੀਆਂ ਦੀ ਬਹੁਤ ਵੱਡੀ ਭੂਮਿਕਾ ਹੈ। 'ਸ਼ੈੱਲ' ਕੰਪਨੀਆਂ ਉਨ੍ਹਾਂ ਕੰਪਨੀਆਂ ਨੂੰ ਕਿਹਾ ਜਾਂਦਾ ਹੈ ਜੋ ਸਿਰਫ ਕਾਗਜ਼ਾਂ ਵਿਚ ਹੁੰਦੀਆਂ ਹਨ। ਪਿਛਲੇ ਸਮੇਂ ਅਡਾਨੀ ਬਾਰੇ ਹਿੰਡਨਬਰਗ ਦੇ ਖੁਲਾਸੇ ਵਿਚ ਵੀ ਤੁਸੀਂ ਇਹ ਨਾਮ ਸੁਣਿਆ ਹੋਵੇਗਾ। ਅਸਲ 'ਚ ਸਰਮਾਏਦਾਰਾਂ ਦੁਆਰਾ ਟੈਕਸ ਚੋਰੀ ਤੋਂ ਬਚਣ ਲਈ ਜਾਂ ਕਿਹਾ ਜਾਵੇ ਤਾਂ ਅਖੌਤੀ ਕਾਲ਼ੇ ਧਨ ਨੂੰ ਚਿੱਟਾ ਕਰਨ ਲਈ ਅਜਿਹੀਆਂ ਕੰਪਨੀਆਂ ਬਣਾਈਆਂ ਜਾਂਦੀਆਂ ਹਨ ਜੋ ਸਿਰਫ ਕਾਗਜ਼ਾਂ ਉੱਪਰ ਹੀ ਦਰਜ ਹੁੰਦੀਆਂ ਹਨ। ਇਨ੍ਹਾਂ ਕੰਪਨੀਆਂ ਨੂੰ ਬਣਾਉਣ ਦਾ ਫਾਇਦਾ ਇਹ ਹੁੰਦਾ ਹੈ ਕਿ ਪੈਸੇ ਦਾ ਲੈਣ-ਦੇਣ ਤਾਂ ਬੈਂਕਾਂ ਰਾਹੀਂ ਹੁੰਦਾ ਹੈ ਪਰ ਇਹ ਨਹੀਂ ਪਤਾ ਲੱਗਦਾ ਕਿ ਪੈਸੇ ਦਾ ਅਸਲ ਮਾਲਕ ਕੌਣ ਹੈ। ਇਸ ਨਾਲ਼ ਸਰਮਾਏਦਾਰ ਕਾਨੂੰਨੀ ਤੌਰ 'ਤੇ ਇਹ ਦੱਸਣ ਤੋਂ ਬਚ ਜਾਂਦੇ ਹਨ ਕਿ ਉਨ੍ਹਾਂ ਨੇ ਪੈਸਾ ਕਿੱਥੋਂ ਕਮਾਇਆ ਹੈ ਤੇ ਕਿੱਥੇ ਖਰਚ ਰਹੇ ਹਨ। ਮਤਲਬ ਇਹ ਕੰਪਨੀਆਂ ਓਸੇ "ਕਾਲ਼ੇ ਧਨ" ਨੂੰ ਬਣਾਉਣ ਤੇ ਬਚਾਉਣ ਦਾ ਜ਼ਰੀਆ ਹਨ ਜਿਸ ਬਾਰੇ ਰਾਮਦੇਵ ਨੂੰ ਤੁਸੀਂ ਅਕਸਰ ਟੀਵੀ ਉੱਪਰ ਅੜਿੰਗਦੇ ਸੁਣਿਆ ਹੋਵੇਗਾ। ਉਪਰੋਕਤ ਰਿਪੋਰਟ ਅਨੁਸਾਰ ਪਤੰਜਲੀ ਗਰੁੱਪ ਰਾਮਦੇਵ ਜਿਸਦਾ ਕਰਤਾ-ਧਰਤਾ ਹੈ ਨਾਲ਼ ਅਜਿਹੀਆਂ ਕਈ ਸਾਰੀਆਂ ਜਾਅਲੀ ('ਸ਼ੈੱਲ') ਕੰਪਨੀਆਂ ਦੀਆਂ ਤੰਦਾਂ ਜੁੜੀਆਂ ਹੋਈਆਂ ਹਨ।

'ਰਿਪੋਰਟਰ ਕਲੈਕਟਿਵ' ਦੀ ਪੜਤਾਲ ਵਿਚ ਇਹ ਸਾਹਮਣੇ ਆਇਆ ਹੈ ਕਿ ਪਤੰਜਲੀ ਗਰੁੱਪ ਨਾਲ਼ ਜੁੜੀਆਂ ਹੋਈਆਂ ਸਾਰੀਆਂ ਸ਼ੈੱਲ ਕੰਪਨੀਆਂ ਕਾਗਜ਼ਾਂ ਵਿਚ ਜਿਸ ਕਾਰੋਬਾਰ ਨੂੰ ਕਰਨ ਦਾ ਦਾਅਵਾ ਕਰਦੀਆਂ ਹਨ ਅਸਲ ਵਿਚ ਉਹ ਅਜਿਹਾ ਕੁੱਝ ਕੰਮ ਨਹੀਂ ਕਰਦੀਆਂ। ਪੈਸੇ ਕਿਸਦੇ ਲੱਗ ਰਹੇ ਹਨ ਇਹ ਲੁਕਾਉਣ ਲਈ ਇਨ੍ਹਾਂ ਕੰਪਨੀਆਂ ਵਿਚ ਪੈਸਾ ਲਾਇਆ ਜਾਂਦਾ ਹੈ। ਇਸੇ ਪੈਸੇ ਨਾਲ਼ ਇਨ੍ਹਾਂ ਸ਼ੈੱਲ ਕੰਪਨੀਆਂ ਨੇ ਦਿੱਲੀ ਦੇ ਫੇਫੜੇ ਵਜੋਂ ਕੰਮ ਕਰਨ ਵਾਲ਼ੇ ਹਰਿਆਣੇ 'ਚ ਪੈਂਦੇ ਅਰਾਵਲੀ ਮਾਂਗਰ ਦੇ ਇਲਾਕੇ ਵਿਚ ਕਈ ਏਕੜ ਜ਼ਮੀਨ ਖਰੀਦੀ ਹੈ। ਇਨ੍ਹਾਂ ਜ਼ਮੀਨਾਂ ਨੂੰ ਖਰੀਦ ਕੇ ਬਾਅਦ ਵਿਚ ਵੇਚਿਆ ਗਿਆ ਹੈ। ਵੇਚਣ ਤੋਂ ਬਾਅਦ ਜਿਹੜਾ ਪੈਸਾ ਮਿਲ਼ਿਆ ਹੈ ਉਸਨੂੰ ਫਿਰ ਦੂਸਰੀਆਂ ਸ਼ੈੱਲ ਕੰਪਨੀਆਂ ਵਿਚ ਪਾ ਕੇ ਉਸ ਨਾਲ਼ ਫਿਰ ਅਰਾਵਲੀ ਦੇ ਇਲਾਕੇ 'ਚ ਜ਼ਮੀਨ ਦੀ ਖਰੀਦ-ਵੇਚ ਦਾ ਕੰਮ ਕੀਤਾ ਗਿਆ ਹੈ। ਰਾਮਦੇਵ ਇਨ੍ਹਾਂ ਜਾਅਲੀ ਕੰਪਨੀਆਂ ਦੇ ਸੰਸਥਾਪਕ ਮੈਂਬਰਾਂ ਵਿਚੋਂ ਇੱਕ ਹੈ ਅਤੇ ਇਨ੍ਹਾਂ ਕੰਪਨੀਆਂ ਦਾ 'ਬ੍ਰਾਂਡ ਪ੍ਰਮੋਟਰ' ਵੀ ਹੈ। ਰਾਮਦੇਵ ਦੀਆਂ ਉਪਰੋਕਤ ਜਾਅਲੀ ਕੰਪਨੀਆਂ ਦੇ ਗੋਰਖਧੰਦੇ ਨਾਲ਼ ਇੱਕ ਹੋਰ ਪੱਖ ਜੋ ਜੁੜਿਆ ਹੈ ਉਹ ਹੈ ਵਾਤਾਵਰਨ ਦਾ। ਮਾਂਗਰ ਦਿੱਲੀ ਦੇ ਨਾਲ਼ ਲੱਗਦਾ ਇਲਾਕਾ ਹੈ ਜਿਹੜਾ ਹਰਿਆਣਾ ਦੇ ਫਰੀਦਾਬਾਦ ਜ਼ਿਲ੍ਹੇ ਵਿਚ ਪੈਂਦਾ ਹੈ। ਇਹ ਇਲਾਕਾ ਜੰਗਲਾਂ ਨਾਲ਼ ਭਰਿਆ ਹੋਇਆ ਹੈ ਤੇ ਇਹ ਅਰਾਵਲੀ ਪਹਾੜੀਆਂ ਦਾ ਹਿੱਸਾ ਹੈ। ਇਸੇ ਕਰਕੇ ਇਸਨੂੰ ਦਿੱਲੀ ਦੇ ਫੇਫੜੇ ਕਿਹਾ ਜਾਂਦਾ ਹੈ। ਜੰਗਲੀ ਪਹਾੜੀ ਇਲਾਕਾ ਹੋਣ ਦੇ ਬਾਵਜੂਦ ਵੀ ਇਸਨੂੰ ਕਾਨੂੰਨੀ ਤੌਰ 'ਤੇ ਜੰਗਲਾਤ ਦਾ ਇਲਾਕਾ ਨਹੀਂ ਐਲਾਨਿਆ ਗਿਆ। ਕਿਹਾ ਜਾਂਦਾ ਹੈ ਕਿ ਜੇਕਰ ਇਮਾਨਦਾਰੀ ਨਾਲ਼ ਨਿਯਮ ਬਣਦੇ ਤਾਂ ਇਸ ਇਲਾਕੇ ਨੂੰ ਹੁਣ ਤੱਕ ਜੰਗਲਾਤ ਦਾ ਦਰਜਾ ਮਿਲ਼ ਚੁੱਕਿਆ ਹੁੰਦਾ। ਪਰ ਕਿਉਂਕਿ ਇਹ ਇਲਾਕਾ ਰਾਜਧਾਨੀ ਦੇ ਨਾਲ਼ ਲੱਗਦਾ ਇਲਾਕਾ ਹੈ ਇਸ ਲਈ ਮੁਨਾਫੇ ਦੇ ਹਾਬੜੇ ਹੋਏ ਰਿਅਲ ਅਸਟੇਟ ਦੇ ਕਾਰੋਬਾਰੀਆਂ ਲਈ ਇਹ ਨੋਟ ਛਾਪਣ ਦੀ ਮਸ਼ੀਨ ਵੀ ਹੈ, ਕਿਉਂਕਿ ਇੱਥੇ ਜ਼ਮੀਨਾਂ ਕਾਫੀ ਮਹਿੰਗੀਆਂ ਹਨ। ਇਹੀ ਕਾਰਨ ਹੈ ਕਿ ਦਿੱਲੀ 'ਚ ਪ੍ਰਦੂਸ਼ਣ ਦੀ ਹਾਲਤ ਇੰਨੀ ਭਿਅੰਕਰ ਹੋਣ ਦੇ ਬਾਵਜੂਦ ਵੀ ਇਨ੍ਹਾਂ ਫੇਫੜਿਆਂ ਨੂੰ ਮੁਨਾਫੇ ਕਮਾਉਣ ਲਈ ਸਰਮਾਏਦਾਰਾਂ ਨੂੰ ਇਨ੍ਹਾਂ ਨੂੰ ਖਤਮ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਸਗੋਂ ਉਲਟਾ ਅਗਸਤ 2023 ਵਿਚ ਮੋਦੀ ਸਰਕਾਰ ਦੁਆਰਾ ਵਾਤਾਵਰਨ ਕਾਨੂੰਨ 'ਚ ਕੀਤੀਆਂ ਗਈਆਂ ਸੋਧਾਂ ਰਾਹੀਂ ਹੁਣ ਤੱਕ ਅਜਿਹੇ ਇਲਾਕਿਆਂ ਨੂੰ ਜਿਹੜੀ ਥੋੜੀ ਬਹੁਤ ਸੁਰੱਖਿਆ ਮਿਲ਼ਦੀ ਵੀ ਸੀ ਉਹ ਵੀ ਖਤਮ ਕਰ ਦਿੱਤੀ ਗਈ ਹੈ, ਮਤਲਬ ਮੋਦੀ ਸਰਕਾਰ ਨੇ ਹੁਣ ਸਰਮਾਏਦਾਰਾਂ ਨੂੰ ਮੁਨਾਫੇ ਕਮਾਉਣ ਲਈ ਵਾਤਾਵਰਨ ਦੀ ਤਬਾਹੀ ਕਰਨ ਦੀ ਪੂਰੀ ਖੁੱਲ੍ਹ ਦੇ ਦਿੱਤੀ ਹੈ। ਸਰਵਉੱਚ ਅਦਾਲਤ ਨੇ 1996 ਵਿਚ ਇਹ ਹੁਕਮ ਜਾਰੀ ਕੀਤਾ ਸੀ ਕਿ ਜੇਕਰ ਕਿਸੇ ਜ਼ਮੀਨ ਉੱਪਰ ਜੰਗਲ ਹੈ ਤਾਂ ਉਸ ਨੂੰ ਸੁਰੱਖਿਅਤ ਰੱਖਿਆ ਜਾਵੇ। ਸਰਵਉੱਚ ਅਦਾਲਤ ਦਾ ਇਹ ਫੈਸਲਾ ਮਾਂਗਰ ਵਰਗੇ ਜੰਗਲੀ ਇਲਾਕੇ 'ਚ ਜ਼ਮੀਨ ਨੂੰ ਖਰੀਦਣ-ਵੇਚਣ 'ਚ ਹੁਣ ਤੱਕ ਇੱਕ ਕਾਨੂੰਨੀ ਅੜਿੱਕਾ ਸੀ। ਪਰ ਹਰਿਆਣਾ ਸਰਕਾਰ ਨੇ ਸਰਮਾਏਦਾਰਾਂ ਦੇ ਹਿੱਤ 'ਚ ਇਸ ਅੜਿੱਕੇ ਨੂੰ ਚੁੱਪ-ਚਾਪ ਹਟਾ ਦਿੱਤਾ ਜਿਸਦਾ ਫਾਇਦਾ ਰਾਮਦੇਵ ਵਰਗੇ ਕਾਰੋਬਾਰੀ ਨੂੰ ਮਿਲ਼ਿਆ। ਹਰਿਆਣਾ ਸੂਬੇ ਦੇ ਡਿਜਿਟਲ ਰਿਕਾਰਡ ਵਿਚ ਦਰਜ ਪਤੰਜਲੀ ਨਾਲ਼ ਜੁੜੀਆਂ ਦਰਜਨਾਂ ਕੰਪਨੀਆਂ ਨੇ ਮਾਂਗਰ ਦੇ ਇਲਾਕੇ ਵਿਚ ਜ਼ਮੀਨ ਦੀ ਖਰੀਦ-ਵੇਚ ਕੀਤੀ ਹੈ। ਇਨ੍ਹਾਂ ਵਿਚ 14 ਕੰਪਨੀਆਂ ਦੇ ਕਬਜ਼ੇ ਹੇਠ 142 ਏਕੜ ਜ਼ਮੀਨ ਹੈ। ਪਰ ਕਿਉਂਕਿ ਡਿਜਿਟਲ ਰਿਕਾਰਡ ਦੇਰੀ ਨਾਲ਼ ਚਾੜ੍ਹਿਆ ਜਾਂਦਾ ਹੈ ਇਸ ਲਈ ਸੰਭਾਵਨਾ ਹੈ ਕਿ ਇਨ੍ਹਾਂ ਜਾਅਲੀ ਕੰਪਨੀਆਂ ਦੇ ਕਬਜ਼ੇ ਹੇਠ ਉਪਰੋਕਤ ਰਕਬੇ ਤੋਂ ਜ਼ਿਆਦਾ ਜ਼ਮੀਨ ਹੋਵੇਗੀ।

ਪਤੰਜਲੀ ਗਰੁੱਪ ਨਾਲ਼ ਜੁੜੀ ਇੱਕ ਜਾਅਲੀ ਕੰਪਨੀ 'ਪਤੰਜਲੀ ਕੋਰਰੁਪੈਕ ਪ੍ਰਾਈਵੇਟ ਲਿਮਿਟਿਡ' ਦੇ ਪੈਸੇ ਦੀ ਆਵਾਜਾਈ ਦੇ 12 ਸਾਲ ਦੇ ਰਿਕਾਰਡ ਦੀ ਜਾਂਚ-ਪੜਤਾਲ ਵਿਚ ਇਹ ਪਤਾ ਲੱਗਿਆ ਹੈ ਕਿ, 2009 ਵਿਚ ਇਹ ਕੰਪਨੀ ਰਾਮਦੇਵ ਦੇ ਭਰਾ ਰਾਮ ਭਰਤ ਤੇ ਰਾਮਦੇਵ ਦੇ ਯਾਰ ਆਚਾਰਿਆ ਬਾਲਕ੍ਰਿਸ਼ਨ ਜਿਹੜਾ ਕਿ ਪਤੰਜਲੀ ਆਯੁਰਵੇਦ ਲਿਮਿਟਡ ਦਾ ਸੀਈਓ ਹੈ ਦੁਆਰਾ ਸ਼ੁਰੂ ਕੀਤੀ ਗਈ ਸੀ। ਰਾਮਦੇਵ ਅਤੇ ਰਾਮ ਭਰਤ ਅਨੁਸਾਰ ਇਹ ਕੰਪਨੀ 'ਪੈਕੇਜਿੰਗ ਮਟੀਰੀਅਲ ਮੈਨੂਫੈਕਚਰਿੰਗ' ਦਾ ਕੰਮ ਕਰਦੀ ਹੈ। ਪਰ ਪਿਛਲੇ 12 ਸਾਲ ਦੇ ਇਸ ਕੰਪਨੀ ਦੇ ਰਿਕਾਰਡ ਅਨੁਸਾਰ ਇਸ ਕੰਪਨੀ ਨੇ 'ਪੈਕੇਜਿੰਗ ਮਟੀਰੀਅਲ ਮੈਨੂਫੈਕਚਰਿੰਗ' ਦੀ ਮੰਡੀ 'ਚ 1 ਰੁਪਏ ਦਾ ਵੀ ਕਾਰੋਬਾਰ ਨਹੀਂ ਕੀਤਾ, ਸਗੋਂ ਸਿਰਫ ਜ਼ਮੀਨ ਨੂੰ ਖਰੀਦਣ ਅਤੇ ਵੇਚਣ ਦਾ ਕੰਮ ਕੀਤਾ ਹੈ। ਉਂਝ ਕਾਨੂੰਨੀ ਤੌਰ 'ਤੇ ਅਜਿਹੀ ਕੋਈ ਕੰਪਨੀ ਆਪਣੇ ਕੰਮ ਲਈ ਪਟੇ 'ਤੇ ਜ਼ਮੀਨ ਲੈ ਸਕਦੀ ਹੈ ਪਰ ਜ਼ਮੀਨ ਨੂੰ ਖਰੀਦ ਵੇਚ ਨਹੀਂ ਸਕਦੀ। ਪਰ ਜੇ ਸੱਤਾ 'ਚ ਯਾਰ ਬੈਠੇ ਹੋਣ ਫਿਰ ਕਾਨੂੰਨ ਦੀ ਕੀ ਔਕਾਤ ਹੈ ਕਿ ਰਾਮਦੇਵ ਵਰਗਿਆਂ ਦਾ ਕੁੱਝ ਵਿਗਾੜ ਸਕੇ। ਅਜਿਹੀ ਹੀ ਇੱਕ ਹੋਰ ਜਾਅਲੀ ਕੰਪਨੀ 'ਕਰਖਲ ਆਯੁਰਵੇਦ' ਨੇ ਮਾਂਗਰ 'ਚ 43 ਏਕੜ ਜ਼ਮੀਨ ਖਰੀਦੀ ਅਤੇ ਫਿਰ 2011 'ਚ ਇਹ ਜ਼ਮੀਨ ਇੱਕ ਉਸਾਰੀ ਕੰਪਨੀ ਨੂੰ ਵੇਚ ਦਿੱਤੀ, ਇਸ ਖਰੀਦ-ਵੇਚ ਵਿਚ ਇਸ ਕੰਪਨੀ ਨੇ 365 ਫੀਸਦੀ ਦਾ ਮੁਨਾਫਾ ਕਮਾਇਆ। ਰਿਪੋਰਟ ਵਿਚ ਰਾਮਦੇਵ ਦੇ ਰਿਸ਼ਤੇਦਾਰਾਂ ਅਤੇ ਨਜ਼ਦੀਕੀਆਂ ਦੇ ਨਾਮ ਉੱਪਰ ਖੋਲ੍ਹੀਆਂ ਗਈਆਂ ਅਜਿਹੀਆਂ ਕਈ ਕੰਪਨੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਵੇਲ਼ੇ ਪਤੰਜਲੀ ਸਮੂਹ ਦਾ ਕਾਰੋਬਾਰ 45 ਹਜ਼ਾਰ ਕਰੋੜ ਤੱਕ ਪਹੁੰਚ ਚੁੱਕਾ ਹੈ ਅਤੇ ਰਾਮਦੇਵ ਦਾ ਇਹ ਦਾਅਵਾ ਹੈ ਕਿ ਆਉਂਦੇ ਪੰਜ ਸਾਲ ਤੱਕ ਇਹ 1 ਲੱਖ ਕਰੋੜ ਤੱਕ ਪਹੁੰਚ ਜਾਵੇਗਾ। ਮੋਦੀ ਸਰਕਾਰ ਦੁਆਰਾ ਵੀ ਪਤੰਜਲੀ ਗਰੁੱਪ ਨੂੰ ਟੈਕਸ 'ਚੋਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। 2021 ਵਿਚ ਮੋਦੀ ਸਰਕਾਰ ਦੁਆਰਾ 'ਪਤੰਜਲੀ ਰਿਸਰਚ ਫਾਊਂਡੇਸ਼ਨ' ਨੂੰ 'ਖੋਜ ਸੰਸਥਾ' ਦੀ ਸ਼੍ਰੇਣੀ ਵਿਚ ਪਾ ਕੇ ਉਸਨੂੰ ਪੰਜ ਸਾਲ ਲਈ ਟੈਕਸ ਤੋਂ ਛੋਟ ਦੇ ਦਿੱਤੀ।

ਇੱਕ ਝੋਲ਼ਾ ਚੁੱਕ ਸਾਧ ਤੋਂ ਧਾਰਮਿਕ ਟੀਵੀ ਚੈਨਲਾਂ ਉੱਪਰ ਯੋਗਾ ਸਿਖਾਉਣਾ ਸ਼ੁਰੂ ਕਰ ਕੇ ਰਾਮਦੇਵ ਨੇ ਪਤੰਜਲੀ ਗਰੁੱਪ ਦੇ ਨਾਮ 'ਤੇ ਅਰਬਾਂ ਰੁਪਇਆਂ ਦਾ ਸਾਮਰਾਜ ਖੜ੍ਹਾ ਕੀਤਾ ਹੈ। ਭਾਜਪਾ ਦੇ ਸੱਤਾ 'ਚ ਆਉਣ ਤੋਂ ਇਹ ਕਾਰੋਬਾਰ ਕਈ ਗੁਣਾ ਵਧਿਆ ਹੈ। ਇੱਕ ਹੱਥ ਯੋਗ ਅਤੇ ਆਯੁਰਵੇਦ ਤੇ ਸਵਦੇਸ਼ੀ ਦੇ ਨਾਮ 'ਤੇ ਰਾਮਦੇਵ ਦੁਆਰਾ ਰਸਸ-ਭਾਜਪਾ ਦੇ ਹਿੰਦੂਤਵ ਦੇ ਏਜੰਡੇ ਦਾ ਪ੍ਰਚਾਰ ਕੀਤਾ ਜਾਂਦਾ ਹੈ, ਦੂਸਰਾ ਇਸ ਪ੍ਰਚਾਰ ਰਾਹੀਂ ਭਗਤਾਂ ਦੇ ਰੂਪ 'ਚ ਪਤੰਜਲੀ ਦੀਆਂ ਵਸਤਾਂ ਦੀ ਮੰਡੀ ਤਿਆਰ ਕੀਤੀ ਜਾਂਦੀ ਹੈ। ਜਿੱਥੋਂ ਤੱਕ ਕਾਲ਼ੇ ਧਨ ਦੀ ਗੱਲ ਹੈ ਤਾਂ ਮੁਨਾਫੇ ਦੇ ਰੂਪ 'ਚ ਸਰਮਾਏਦਾਰਾਂ ਦਾ ਕੁੱਲ ਧਨ ਹੀ ਕਾਲ਼ਾ ਹੈ, ਕਿਉਂਕਿ ਇਸ ਧਨ ਦਾ ਸ੍ਰੋਤ ਮਜ਼ਦੂਰਾਂ ਦੀ ਲੁੱਟ ਹੈ। ਮਜ਼ਦੂਰ ਦੀ ਕਿਰਤ ਸ਼ਕਤੀ ਦੀ ਲੁੱਟ ਰਾਹੀਂ ਹੀ ਇਹ ਧਨ ਇਕੱਠਾ ਕੀਤਾ ਜਾਂਦਾ ਹੈ। ਸਵਦੇਸ਼ੀ ਦੇ ਨਾਮ 'ਤੇ ਖੜ੍ਹਾ ਕੀਤਾ ਰਾਮਦੇਵ ਦਾ ਅਰਬਾਂ ਦਾ ਕਾਰੋਬਾਰ ਵੀ ਉਸ ਦੀਆਂ ਫੈਕਟਰੀਆਂ 'ਚ ਕੰਮ ਕਰਨ ਵਾਲ਼ੇ ਮਜ਼ਦੂਰਾਂ ਦੀ ਲੁੱਟ ਨਾਲ਼ ਹੀ ਵਧਿਆ ਫੁੱਲਿਆ ਹੈ। ਉਹੀ ਮਜ਼ਦੂਰ ਜਿਨ੍ਹਾਂ ਦੀ ਵੱਧ ਤੋਂ ਵੱਧ ਲੁੱਟ ਕਰਨ ਲਈ ਮੋਦੀ ਸਰਕਾਰ ਸਰਮਾਏਦਾਰਾਂ ਨੂੰ ਕਿਰਤ ਕਾਨੂੰਨ 'ਚ ਸੋਧਾਂ ਕਰ ਕੇ ਖੁੱਲ੍ਹ ਦੇ ਰਹੀ ਹੈ।

# ਮਾਣ-ਮੱਤੀ ਰਿੰਪੀ

***ਘਰਾਂ ਵਿਚ ਰੱਖੇ ਜਾਨਵਰ ਪਰਿਵਾਰ ਵਿਚ ਆਪਣੀ ਖਾਸ ਥਾਂ ਬਣਾ ਲੈਂਦੇ ਨੇ ਅਤੇ ਆਪਣੀ ਵਫਾਦਾਰੀ ਤੇ ਪਿਆਰ ਸਦਕਾ ਕਈ ਵਾਰ ਇਨਸਾਨਾਂ ਤੋਂ ਵੀ ਵੱਧ ਮੋਹ ਲੈਂਦੇ ਨੇ। ਅਮਰੀਕਾ, ਕੈਨੇਡਾ ਵਰਗੇ ਮੁਲਕਾਂ ਵਿਚ ਜਿੱਥੇ ਪਰਿਵਾਰ ਸਾਂਝੇ ਨਹੀਂ, ਉਥੇ ਬਹੁਤ ਵਾਰ ਜਾਨਵਰ ਹੀ ਇਨਸਾਨਾਂ ਦੇ ਜਿਊਣ ਦਾ ਸਹਾਰਾ ਬਣਦੇ ਹਨ। ਵਰਿਆਮ ਸਿੰਘ ਸੰਧੂ ਦੀ ਧੀ ਰਮਣੀਕ ਸੰਧੂ ਨੇ ਆਪਣੇ ਇਸ ਲੇਖ ਵਿਚ ਆਪਣੀ ਪਿਆਰੀ ਰਿੰਪੀ ਦਾ ਜ਼ਿਕਰ ਕੀਤਾ ਹੈ।***

ਅੱਜ ਸਵੇਰੇ ਵੱਟਸ ਐਪ 'ਤੇ ਡੈਡੀ (ਡਾ ਵਰਿਆਮ ਸਿੰਘ ਸੰਧੂ) ਨੇ ਮੈਨੂੰ ਰਿੰਪੀ ਦੀ ਤਸਵੀਰ ਭੇਜੀ। ਤਸਵੀਰ ਵੇਖ ਕੇ ਮੇਰੀਆਂ ਅੱਖਾਂ ਵਿੱਚ ਪਾਣੀ ਭਰ ਆਇਆ। ਰਿੰਪੀ ਸਾਡੇ ਘਰ ਦਾ ਬੜਾ ਪਿਆਰਾ ਜੀਅ ਸੀ ਤੇ ਉਹ ਸਾਨੂੰ ਸਭਨਾਂ ਨੂੰ ਹੀ ਬੜੀ ਪਿਆਰੀ ਸੀ। ਪਰ ਮੇਰਾ ਤੇ ਉਹਦਾ ਰਿਸ਼ਤਾ ਸਭ ਤੋਂ ਵੱਖਰਾ, ਅਨੋਖਾ ਤੇ ਪਿਆਰਾ ਸੀ। ਇਸ ਰਿਸ਼ਤੇ ਵਿਚਲੇ ਰੰਗ ਦੇ ਗੂੜ੍ਹੇ ਹੋਣ ਦਾ ਇੱਕ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਅਸੀਂ ਦੋਵੇਂ ਘਰ ਵਿਚ ਸਭ ਤੋਂ ਛੋਟੀਆਂ ਸਾਂ।

ਰਿੰਪੀ ਬਾਰੇ ਸੋਚ ਕੇ ਮੇਰਾ ਹਾਉਕਾ ਨਿਕਲ ਗਿਆ! ਹਾਇ! ਮੇਰੀ ਰਿੰਪੀ!

ਜਦੋਂ ਰਿੰਪੀ ਸਾਡੇ ਘਰ ਆਈ ਮੈਂ ਅਜੇ ਸਕੂਲ ਜਾਣਾ ਸ਼ੁਰੂ ਹੀ ਕੀਤਾ ਸੀ ਤੇ ਜਦੋਂ ਰਿੰਪੀ ਲੰਮੀ ਉਮਰ ਭੋਗ ਕੇ ਸੰਸਾਰ ਤੋਂ ਗਈ ਮੈਂ

**ਰਮਣੀਕ ਕੌਰ ਸੰਧੂ**

ਮਾਸਟਰਜ਼ ਕਰ ਕੇ ਪਹਿਲੇ ਸਾਲ ਕਾਲਜ ਵਿਚ ਪੜ੍ਹਾਉਣ ਲੱਗੀ ਸਾਂ। ਏਨਾ ਲੰਮਾਂ ਸਾਥ ਸੀ ਸਾਡਾ! ਬੜਾ ਯਾਦਗਾਰੀ, ਬੜਾ ਪਿਆਰਾ, ਚੇਤਿਆਂ ਵਿਚ ਖੁਣਿਆਂ ਹੋਇਆ!

ਕਿੰਨੇ ਸਾਲ ਹੋ ਗਏ ਮੇਰੇ ਬੱਚੇ ਮੈਨੂੰ ਪੁੱਛਦੇ ਰਹਿੰਦੇ ਨੇ ਕਿ ਮੰਮੀ ਕਿੱਦਾਂ ਦੀ ਦਿੱਸਦੀ ਸੀ ਰਿੰਪੀ? ਕੌਣ ਸੀ ਰਿੰਪੀ?

ਰਿੰਪੀ! ਮੇਰੀ ਪਿਆਰੀ ਫ਼ੀਮੇਲ ਡੌਗ ਜਿਸ ਨਾਲ ਖੇਡਦਿਆਂ ਮੈਂ ਬੱਚੀ ਤੋਂ ਜਵਾਨ ਹੋਣ ਤੱਕ ਦਾ ਸਫ਼ਰ ਤੈਅ ਕੀਤਾ ਤੇ ਰਿੰਪੀ ਨੇ ਵੀ ਆਪਣਾ ਬਚਪਨ, ਜਵਾਨੀ, ਬੁਢਾਪਾ ਅਤੇ ਮੌਤ ਤੱਕ ਦਾ ਸਫ਼ਰ ਮੇਰੀਆਂ ਅੱਖਾਂ ਸਾਹਮਣੇ ਤੈਅ ਕੀਤਾ। ਰਿੰਪੀ ਬਾਰੇ ਹੁਣ ਤੱਕ ਕੁਝ ਵੀ ਨਾ ਲਿਖਣਾ। ਓਹਦੇ ਨਾਲ ਨਾਇਨਸਾਫ਼ੀ ਸੀ।

ਉਦੋਂ ਅਸੀਂ ਜਲੰਧਰ ਨਹੀਂ ਸਾਂ ਆਏ ਤੇ ਆਪਣੇ ਪਿੰਡ ਸੁਰ ਸਿੰਘ ਰਹਿੰਦੇ ਸਾਂ। ਮੈਂ ਕੋਈ ਛੇ ਸੱਤ ਸਾਲ ਦੀ ਹੋਵਾਂਗੀ ਜਦੋਂ ਰਿੰਪੀ ਸਾਡੇ ਘਰ ਆਈ। ਉਹਦੇ ਆਉਣ ਤੋਂ ਪਹਿਲਾਂ ਮੇਰੇ ਭਰਾ ਸੁਪਨ ਨੇ ਸਾਡੇ ਨਾਨਕਿਆਂ ਤੋਂ ਝਬਾਲੋਂ ਇੱਕ ਛੋਟਾ ਜਿਹਾ ਕਤੂਰਾ ਲਿਆਂਦਾ ਸੀ। ਅਸੀਂ ਤਿੰਨੋਂ ਭੈਣ ਭਰਾ 'ਰੌਕੀ' ਨੂੰ ਬੇਹੱਦ ਪਿਆਰ ਕਰਦੇ ਸਾਂ। ਸੁਪਨ ਉਹਨੂੰ ਖਿਡੌਣੇ ਵਾਂਗ ਚੁੱਕੀ ਉਹਦਾ ਮੂੰਹ ਚੁੰਮਦਾ ਰਹਿੰਦਾ। ਰੂੰ ਦੇ ਫੰਬੇ ਦੁੱਧ 'ਚ ਭਿਉਂ ਭਿਉਂ ਕੇ ਕੁੱਤੇ ਨੂੰ ਪਿਆਉਂਦਾ। ਰਾਤ ਵੇਲੇ ਉਸ ਨੂੰ ਆਪਣੇ ਬਿਸਤਰੇ 'ਤੇ ਹੀ ਲੈ ਕੇ ਸੌਂ ਜਾਂਦਾ। ਇਕ ਦਿਨ ਸਵੇਰੇ ਉੱਠਦਿਆਂ ਹੀ ਸੁਪਨ ਨੇ ਰੌਕੀ ਨੂੰ ਦੁੱਧ ਪਿਆਇਆ ਤੇ ਉਹਨੂੰ ਕੁੱਛੜ ਚੁੱਕੀ ਚੌਂਤਰੇ 'ਚ ਰੋਟੀ ਖਾਣ ਆ ਬੈਠਾ।

"ਇਹਨੂੰ ਲਾਹ ਕੇ ਆ ਬਾਹਰ ਕੁਲਗੱਦੇ ਨੂੰ ਕੁੱਛੜੋਂ ਹੇਠਾਂ! ਚੌਂਤਰੇ 'ਚ ਵੀ ਨਾਲ ਈ ਚੁੱਕੀ ਫਿਰਦਾਂ। ਕੀ ਗੰਦ ਪਾਇਆ ਇਹਨਾਂ ਅੰਞਾਣਿਆਂ ਨੇ...।" ਮੰਮੀ ਨੇ ਝਿੜਕਿਆ।

ਉਹਨੂੰ ਹਰ ਵੇਲੇ ਸੁਪਨ ਦੇ ਕਤੂਰਾ ਚੁੱਕੀ ਫਿਰਨ 'ਤੇ ਖਿਝ ਆ ਰਹੀ ਸੀ। ਝਿੜਕ ਪੈਣ 'ਤੇ ਉਹ ਡਰਦਾ ਹੋਇਆ ਉਹਨੂੰ ਪਿਛਲੇ ਵਿਹੜੇ ਦੀ ਬਾਹਰਲੀ ਕੰਧ ਕੋਲ, ਇੱਟਾਂ ਰੱਖ ਕੇ ਕੁੱਤੇ ਲਈ ਬਣਾਏ ਘਰ ਵਿਚ, ਰੱਖਣ ਤੁਰ ਗਿਆ। ਰੌਕੀ ਨੂੰ ਬੋਰੀ ਉੱਤੇ ਬਿਠਾ ਕੇ, ਪੋਲਾ ਜਿਹਾ ਥਾਪੜ ਕੇ 'ਮੇਰਾ ਰੌਕੀ..ਸੋਹਣਾ ਰੌਕੀ...' ਕਹਿੰਦਾ ਰੋਟੀ ਖਾਣ ਆ ਲੱਗਾ। ਪਰੌਂਠੀ ਖਾ ਕੇ ਜਦੋਂ ਉਹ ਕਤੂਰੇ ਦੇ 'ਘਰ' ਕੋਲ ਗਿਆ ਤਾਂ ਵੇਖਿਆ, ਕਤੂਰਾ ਤਾਂ ਉੱਥੇ ਹੈ ਹੀ ਨਹੀਂ ਸੀ। ਕਮਰਿਆਂ ਦੇ ਅੰਦਰ-ਬਾਹਰ ਉਹ ਕਤੂਰਾ ਲੱਭ ਰਿਹਾ ਸੀ। ਡੈਡੀ ਕਤੂਰਾ ਲੱਭਣ ਘਰ ਦੇ ਪਿਛਲੇ ਪਾਸੇ ਪੈਂਦੀ ਗਲੀ ਵੱਲ ਗਏ। ਕਿਸੇ ਨੇ ਉਨ੍ਹਾਂ ਨੂੰ ਦੱਸਿਆ ਕਿ ਕਤੂਰੇ ਨੂੰ ਇੱਕ ਕਾਲੀ ਕੁੱਤੀ ਮੂੰਹ ਵਿਚ ਚੁੱਕੀ ਜਾਂਦੀ ਸੀ। ਡੈਡੀ ਨੇ ਅੱਗੇ ਜਾ ਕੇ ਵੇਖਿਆ, ਕੱਖਾਂ-ਕਾਨਿਆਂ ਦੇ ਢੇਰ ਉੱਤੇ ਸਾਹਮਣੇ ਪਿਆ ਕਤੂਰਾ ਉਨ੍ਹਾਂ ਨੂੰ ਦਿੱਸ ਪਿਆ। ਉਹ ਇਹ ਸੋਚ ਕੇ ਚੁੱਕ ਲਿਆਏ ਕਿ ਸ਼ਾਇਦ ਕੋਈ ਸਾਹ-ਪਰਾਣ ਬਾਕੀ ਹੋਣ। ਕਤੂਰੇ ਦੇ ਕੂਲੇ ਪੇਟ ਅਤੇ ਧੌਣ ਵਿਚ ਦੰਦ ਖੁੱਭੇ ਹੋਏ ਸਨ ਤੇ ਢਿੱਡ ਦੇ ਗੁਲਾਬੀ ਹਿੱਸੇ ਵਿਚ ਇਕ-ਦੋ ਥਾਈਂ ਲਹੂ ਦੀਆਂ ਬੂੰਦਾਂ ਸਿੰਮੀਆਂ ਹੋਈਆਂ ਸਨ। ਸਵੇਰੇ ਪੀਤਾ ਹੋਇਆ ਦੁੱਧ ਉਹਦੀਆਂ ਵਰਾਛਾਂ ਵਿਚੋਂ ਬਾਹਰ ਨਿਕਲਿਆ ਹੋਇਆ ਸੀ ਤੇ ਰੂੰ ਦਾ ਗੋਹੜਾ ਜਿਹਾ ਉਹ ਨੰਨ੍ਹਾ ਕਤੂਰਾ ਡੈਡੀ ਦੇ ਦੋਹਾਂ ਭਾਰੇ ਹੱਥਾਂ ਵਿਚ ਲੁੜ੍ਹਕਿਆ ਹੋਇਆ ਸੀ। ਸੁਪਨ ਤਾਂ ਇਕ ਪਲ ਲਈ ਜਿਵੇਂ ਸੁੰਨ ਹੋ ਗਿਆ। ਉਹਨੇ ਦੋਹਾਂ ਹੱਥਾਂ 'ਚ ਕਤੂਰਾ ਫੜ ਲਿਆ। ਬਿਟਰ-ਬਿਟਰ ਅੱਖਾਂ ਪਾੜ-ਪਾੜ ਉਸ ਵੱਲ ਵੇਖਣ ਲੱਗਾ। ਉਹਦੀ ਕੂਲੀ ਭੂਰੀ ਜੱਤ ਵਿਚ ਹੱਥ ਫੇਰਿਆ ਤੇ ਉਸ ਨੂੰ ਉਲਟ-ਪੁਲਟ ਕੇ ਵੇਖਿਆ ਤੇ ਫਿਰ ਇਕਦਮ ਉਸ ਦੀ ਉੱਚੀ ਸਾਰੀ ਡਾਡ ਨਿਕਲ ਗਈ, 'ਹਾਇ! ਅਅ...ਡੈਡੀ! ਮੇਰਾ ਕਤੂਰਾ...ਹਾਏ ਉਏ ਮੇਰਾ ਰੌਕੀ। ਮੰਮੀ! ਮੇਰਾ ਰੌਕੀ ਮਰ ਗਿਆ ਨੀ...ਹਾਏ ਉਏ...ਨੀ ਬੀਬੀ ਵੇਖ ਇਹਦੇ ਮੂੰਹ 'ਚੋਂ ਦੁੱਧ ਵਗਿਆ।...ਨੀ ਮਾਂ ਆਹ ਵੇਖ ਲਹੂ ਵਗਿਆ ਪੋਲੇ ਜਿਹੇ ਢਿੱਡ 'ਚੋਂ...ਰੌਕੀ! ਮੇਰਿਆ ਰੌਕੀ...ਤੂੰ ਬੋਲਦਾ ਨਹੀਂ ਉਏ...ਹਾਏ ਉਏ!" ਉਸ ਨੇ ਕਤੂਰੇ ਦਾ ਮੂੰਹ ਆਪਣੇ ਵੱਲ ਸਿੱਧਾ ਕੀਤਾ ਹੋਇਆ ਸੀ ਤੇ ਉੱਚੀ-ਉੱਚੀ ਡਾਡਾਂ ਮਾਰੀ ਜਾ ਰਿਹਾ ਸੀ। ਘਰ ਦੇ ਜੀਆਂ ਨੂੰ ਬੁਲਾ ਰਿਹਾ ਸੀ। ਦਾਦੀ ਮਾਂ ਨੇ ਜਦੋਂ ਸੁਪਨ ਦਾ ਦਰਦ ਭਰਿਆ ਵਿਰਲਾਪ ਸੁਣਿਆ ਤਾਂ ਉਹਨੇ ਸੁਪਨ ਨੂੰ ਬੁੱਕਲ ਵਿਚ ਲੈ ਲਿਆ, "ਬੱਸ ਪੁੱਤ!...ਬੱਸ!...ਮਰ ਗਿਆ ਇਹ ਤਾਂ...ਕੋਈ ਨਹੀਂ ਆਪਾਂ ਹੋਰ ਕਤੂਰਾ ਲੈ ਆਵਾਂਗੇ। ਬੱਸ ਮੇਰਾ ਲਾਲ।"

ਸਾਰੇ ਟੱਬਰ ਦੀਆਂ ਅੱਖਾਂ ਵਿਚ ਹੰਝੂ ਸਨ।

ਇਹ ਵੇਰਵੇ ਡੈਡੀ ਦੀ ਬਹੁ-ਚਰਚਿਤ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਵਿਚ ਵੀ ਦਰਜ ਹਨ।

ਦਾਦੀ ਮਾਂ ਨੇ ਆਪਣਾ ਵਾਅਦਾ ਨਿਭਾਇਆ। ਸਾਡੀ ਭੂਆ ਕੋਲ ਚੰਗੀ ਨਸਲ ਦੀ ਕੁੱਤੀ ਸੀ। ਉਹਨੇ ਬੱਚੇ ਦਿੱਤੇ ਤਾਂ ਸਾਡੀ ਦਾਦੀ ਰਿੰਪੀ ਨੂੰ ਸਾਡੇ ਵਾਸਤੇ ਲੈ ਆਈ। ਕਿਹਾ ਜਾ ਸਕਦਾ ਹੈ ਕਿ ਰਿੰਪੀ ਸਾਨੂੰ ਬੱਚਿਆਂ ਨੂੰ ਸਾਡੀ ਦਾਦੀ ਵੱਲੋਂ ਦਿੱਤਾ ਹੋਇਆ ਬੜਾ ਹੀ ਪਿਆਰਾ ਤੋਹਫ਼ਾ ਸੀ। ਬਹੁਤ ਹੀ ਥੋੜ੍ਹੇ ਜਿਹੇ ਦਿਨਾਂ ਵਿਚ ਰਿੰਪੀ ਸਾਡੇ ਨਾਲ ਘੁਲ-ਮਿਲ ਗਈ। ਅਸਲ ਵਿਚ ਮੰਮੀ ਨੂੰ ਕਤੂਰਿਆਂ ਨੂੰ ਗਲਾਂ ਨਾਲ ਲਾਈ ਫਿਰਨੋਂ ਨਫ਼ਰਤ ਸੀ। ਪਰ ਰੌਕੀ ਦੇ ਮਰ ਜਾਣ ਤੋਂ ਬਾਅਦ ਉਨ੍ਹਾਂ ਨੇ ਸਾਡੇ 'ਤੇ 'ਸਖ਼ਤੀ ਕਰਨੀ' ਛੱਡ ਦਿੱਤੀ।

ਨਿੱਕੀ ਜਿਹੀ ਕਾਲੇ ਤੇ ਭੂਰੇ ਰੰਗ ਦੀ ਬੜੀ ਹੀ ਪਿਆਰੀ ਕਤੂਰੀ ਸੀ ਰਿੰਪੀ। ਉਹਦਾ ਪਹਿਲਾ ਮਾਲਕ ਸੁਪਨ ਹੀ ਸੀ ਪਰ ਮੈਂ ਸਦਾ ਸੁਪਨ ਦੇ ਨਾਲ-ਨਾਲ ਹੀ ਹੁੰਦੀ। ਮੈਨੂੰ ਆਪਣੇ ਭਰਾ ਨਾਲ ਰਲ ਕੇ ਰੋਜ਼ ਸਵੇਰੇ ਉੱਠ ਕੇ ਉਤਸੁਕਤਾ ਨਾਲ ਰਿੰਪੀ ਨੂੰ ਕੌਲੀ ਵਿੱਚੋਂ ਦੁੱਧ ਪੀਂਦਿਆਂ ਵੇਖਣ 'ਚ ਬਹੁਤ ਮਜ਼ਾ ਆਉਂਦਾ। ਨਿੱਕੀ ਜਿਹੀ ਗੁਲਾਬੀ ਜੀਭ ਨਾਲ ਨਿੱਕੀ ਜਿਹੀ ਕੂਰੀ 'ਤੱਪ ਤੱਪ' ਕਰਕੇ ਦੁੱਧ ਪੀਂਦੀ ਬਹੁਤ ਸੋਹਣੀ ਲੱਗਦੀ ਹੁੰਦੀ ਸੀ। ਅਸੀਂ ਉਹਦੇ ਲਈ ਕੋਈ ਖ਼ਾਸ 'ਡੌਗ ਫ਼ੂਡ' ਨਹੀਂ ਸੀ ਰੱਖਿਆ ਜਾਂ 'ਡੌਗ ਹਾਊਸ' ਨਹੀਂ ਸੀ ਬਣਾਇਆ। ਘਰ ਦੀ ਬੈਠਕ ਦੀ ਕੰਧ ਨਾਲ ਦੋ ਪਾਸੀਂ ਇੱਟਾਂ ਖੜੀਆਂ ਕਰ ਕੇ 'ਘਰ' ਜਿਹਾ ਬਣਾ ਕੇ ਫ਼ਰਸ਼ 'ਤੇ ਬੋਰੀਆਂ ਵਿਛਾਈਆਂ ਹੋਈਆਂ ਸਨ। ਇਹ ਬੋਰੀਆਂ ਜਾਂ ਚਾਦਰਾਂ ਹੀ ਉਹਦੀ ਰਜਾਈ ਅਤੇ ਦੁੱਧ-ਰੋਟੀ ਉਹਦੀ ਖ਼ੁਰਾਕ ਹੁੰਦੇ ਸਨ। ਪਹਿਲੇ ਦਿਨ ਲਿਆਂਦੀ ਰਿੰਪੀ ਨੂੰ ਅਸੀਂ ਚਾਈਂ-ਚਾਈਂ ਬੋਰੀ ਉੱਤੇ ਪਾਇਆ ਅਤੇ ਉੱਤੇ ਇੱਕ ਹੋਰ ਬੋਰੀ ਦੀ ਤਹਿ ਪਾ ਕੇ ਆਪ ਸੌਣ ਚਲੇ ਗਏ। ਸਵੇਰੇ ਜਦ ਉੱਠ ਕੇ ਘਰ ਦੀ ਬੈਠਕ 'ਚ ਲੱਭੀਏ ਤਾਂ ਰਿੰਪੀ ਕਿਤੇ ਹੈ ਨਾ। ਮੈਂ ਤੇ ਮੇਰਾ ਭਰਾ ਰੋਣ ਹਾਕੇ ਹੋਏ ਫ਼ਿਰੀਏ ਬਈ ਗਈ ਕਿੱਥੇ! ਕਿਤੇ ਰੌਕੀ ਵਾਲਾ ਹਾਲ ਹੀ ਨਾ ਹੋ ਗਿਆ ਹੋਵੇ! ਜਦ ਧਿਆਨ ਨਾਲ ਦੇਖਿਆ ਤਾਂ ਬੋਰੀ ਹਿੱਲੀ। ਨਿੱਕੀ ਜਿਹੀ ਰਿੰਪੀ ਬੋਰੀ ਦਾ ਮੂੰਹ ਖੁੱਲ੍ਹ ਜਾਣ ਕਰਕੇ ਬੋਰੀ ਦੇ ਅੰਦਰ ਵੜ੍ਹ ਗਈ ਸੀ। ਮੈਂ ਤੇ ਸੁਪਨ ਨੇ ਸੁਖ ਦਾ ਸਾਹ ਲਿਆ। ਪਰ ਉਦੋਂ ਤਾਂ ਮੇਰੀ ਰਿੰਪੀ ਛੋਟੀ ਸੀ, ਜੇ ਵੱਡੀ ਹੁੰਦੀ ਤਾਂ ਕਦੇ ਵੀ ਸਾਨੂੰ ਏਨਾ ਪਰੇਸ਼ਾਨ ਨਾ ਹੋਣ ਦਿੰਦੀ।

ਜਿਵੇਂ ਦੱਸਿਆ ਹੈ ਕਿ ਰਿੰਪੀ ਘਰ ਵਿੱਚ ਆਈ ਵੀ ਮੇਰੇ ਵੀਰ ਕਰਕੇ ਹੀ ਸੀ। ਉਹਨੇ ਹੀ ਮੰਗਵਾਈ ਸੀ ਰਿੰਪੀ। ਉਹਨੂੰ ਉਹ ਸ਼ਾਮ ਸਵੇਰ ਬਹੁਤ ਪਿਆਰ ਕਰਦਾ। ਉਹਦਾ ਨਾਮਕਰਣ ਵੀ ਉਹਨੇ ਈ ਕੀਤਾ ਸੀ। ਮੇਰੇ ਭਰਾ ਨਾਲ ਬਚਪਨ ਵਿੱਚ ਬਿਤਾਏ ਬਹੁ-ਕੀਮਤੀ ਪਲਾਂ ਦੀਆਂ ਯਾਦਾਂ ਵਿੱਚੋਂ ਰਿੰਪੀ ਦੀਆਂ ਵੀ ਬਹੁਤ ਯਾਦਾਂ ਜੁੜੀਆਂ ਹੋਈਆਂ ਹਨ। ਵੱਡੀ ਭੈਣ ਰੂਪ ਤਾਂ ਆਪਣੀ ਪੜ੍ਹਾਈ ਵਿਚ ਰੁੱਝੀ ਰਹਿੰਦੀ ਪਰ ਮੈਂ ਤੇ ਸੁਪਨ ਤਾਂ ਸਕੂਲ ਜਾਣ ਤੋਂ ਪਹਿਲਾਂ ਤੇ ਬਾਅਦ ਵਿਚ ਰਿੰਪੀ ਦੇ ਆਲੇ-ਦੁਆਲੇ ਹੀ ਰਹਿੰਦੇ। ਹੁਣ ਮੰਮੀ ਸਾਨੂੰ ਰਿੰਪੀ ਨਾਲ ਲਾਡ-ਲਡਾਉਣ 'ਤੇ ਗੁੱਸੇ ਨਹੀਂ ਸੀ ਹੁੰਦੀ।

ਸ਼ਾਮ ਨੂੰ ਅਸੀਂ ਤਿੰਨੋਂ ਭੈਣ-ਭਰਾ 'ਸਵਿੰਦਰ ਭੈਣ ਜੀ' ਦੇ ਘਰ ਟਿਊਸ਼ਨ ਪੜ੍ਹਨ ਜਾਂਦੇ। ਰਿੰਪੀ ਸਾਡੇ ਨਾਲ ਚਹਿਲ-ਕਦਮੀ ਕਰਦੀ ਤੁਰ ਨਿਕਲਦੀ। ਮੰਮੀ ਕਹਿੰਦੀ, "ਇਹਨੂੰ ਘਰੇ ਬੰਨ੍ਹ ਜਾਓ, ਰਾਹ 'ਚ ਕੋਈ ਕੁੱਤਾ ਵੱਢ ਖਾਊ!" ਪਰ ਰਿੰਪੀ ਘਰ ਦੇ ਜੀਆਂ ਦੀ ਨੀਅਤ ਤਾੜ ਜਾਂਦੀ। ਸਾਨੂੰ ਬਸਤੇ ਚੁੱਕਦਿਆਂ ਵੇਖ ਕੇ ਉਹ ਕਾਬੂ ਕੀਤੇ ਜਾਣ ਤੋਂ ਪਹਿਲਾਂ ਹੀ ਘਰ ਦੇ ਬਾਹਰਲੇ ਦਰਵਾਜ਼ੇ ਤੋਂ ਬਾਹਰ ਨਿਕਲ ਕੇ ਖਲੋ ਜਾਂਦੀ ਤੇ ਸਾਡੇ ਵੱਲ ਵੇਖ ਕੇ ਪੂਛ ਹਿਲਾਈ ਜਾਂਦੀ। ਅਸੀਂ ਉਹਨੂੰ ਰਾਹ ਵਿਚ ਕੁੱਤਿਆਂ



ਤੋਂ ਬਚਾਅ ਕੇ ਲਈ ਜਾਂਦੇ। ਜਿੰਨਾਂ ਚਿਰ ਅਸੀਂ ਟਿਊਸ਼ਨ ਪੜ੍ਹਦੇ ਰਹਿੰਦੇ, ਉਹ ਸਾਡੇ ਸਾਹਮਣੇ ਬੈਠੀ ਸਾਡੇ ਵੱਲ ਇੰਞ ਵੇਖਦੀ ਰਹਿੰਦੀ ਕਿ ਅਸੀਂ ਧਿਆਨ ਨਾਲ ਪੜ੍ਹ ਵੀ ਰਹੇ ਹਾਂ! ਸਾਡੇ ਨਾਲ ਨਜ਼ਰਾਂ ਮਿਲਦੀਆਂ ਤਾਂ 'ਚੂੰ ਚੂੰ' ਕਰ ਕੇ ਪੂਛ ਹਿਲਾਉਣ ਲੱਗਦੀ।

ਦਿਨ ਬੀਤਦੇ ਗਏ, ਰਿੰਪੀ ਵੱਡੀ ਹੁੰਦੀ ਗਈ ਤੇ ਨਾਲੇ ਨਟਖਟ ਵੀ। ਜਦੋਂ ਛੋਟੀ ਸੀ ਤਾਂ ਚੁਲਬੁਲੀ ਜਿਹੀ ਰਿੰਪੀ ਕਦੇ ਰਾਤ ਨੂੰ ਘਰ ਦੇ ਕਿਸੇ ਮੈਂਬਰ ਦੀਆਂ ਚੱਪਲਾਂ ਚੱਬ ਛੱਡਦੀ, ਕਦੇ ਘਰ ਦੀ ਕੋਈ ਚੀਜ਼ ਗਵਾਚ ਜਾਂਦੀ ਤੇ ਉਹ ਰਿੰਪੀ ਵੱਲੋਂ ਅੱਧੀ ਟੁੱਕੀ ਹੋਈ ਲੱਭਦੀ। ਇੱਕ ਦਿਨ ਇੱਕ ਟੁੱਕੀ ਹੋਈ ਚੱਪਲ ਡੈਡੀ ਨੇ ਉਹਦੇ ਸਾਹਮਣੇ ਕਰ ਕੇ ਓਹਨੂੰ ਦਬਕੇ ਮਾਰੇ ਤੇ ਮੂੰਹ 'ਤੇ ਨਿੱਕੀ ਜਿਹੀ ਚਪੇੜ ਮਾਰ ਕੇ ਸਮਝਾਇਆ, "ਖ਼ਬਰਦਾਰ! ਜੇ ਅੱਗੇ ਤੋਂ ਕੋਈ ਚੀਜ਼ ਟੁੱਕੀ ਤਾਂ!"

ਉਸਤੋਂ ਬਾਦ ਅਸੀਂ ਵੀ ਧਿਆਨ ਰੱਖਣ ਲੱਗੇ। ਜਦੋਂ ਵੀ ਉਹ ਕਿਸੇ ਚੱਪਲ ਜਾਂ ਜੁੱਤੀ ਨੂੰ ਮੂੰਹ ਪਾਉਣ ਲੱਗਦੀ ਤਾਂ ਚੋਰ-ਅੱਖੀਂ ਆਸੇ-ਪਾਸੇ ਸਾਡੇ ਵੱਲ ਵੇਖਦੀ ਕਿ ਸਾਡਾ ਧਿਆਨ ਕਿਤੇ ਉਹਦੇ ਵੱਲ ਤਾਂ ਨਹੀਂ ਤੇ ਹੌਲੀ ਜਿਹੀ ਸ਼ਹਿ ਲਾ ਕੇ ਆਪਣੇ 'ਸ਼ਿਕਾਰ' ਵੱਲ ਵਧਦੀ॥ ਸਾਡੇ ਵਿਚੋਂ ਕੋਈ ਦਬਕਾ ਮਾਰਦਾ, "ਰਿੰਪੀ...ਈ...ਈ..." ਤਾਂ ਉਹ ਕੰਨ ਵਲ੍ਹੇਟ ਕੇ ਸ਼ਰਮਿੰਦੀ ਹੋਈ ਪਿੱਛੇ ਮੁੜ ਜਾਂਦੀ ਜਿਵੇਂ ਚੋਰ ਸੰਨ੍ਹ ਤੋਂ ਫੜ੍ਹਿਆ ਗਿਆ ਹੋਵੇ!

ਇਹ ਉਹਦੇ ਸਿੱਖਣ ਦੇ ਦਿਨ ਸਨ। ਉਹ ਸਿਆਣੀ ਹੁੰਦੀ ਗਈ। ਹੌਲੀ ਹੌਲੀ ਉਹਦੀ ਇਹ ਆਦਤ ਛੁੱਟ ਗਈ।

ਉਹ ਹਰ ਵੇਲੇ ਪਿਆਰ ਭਰੀਆਂ ਅੱਖਾਂ ਨਾਲ ਸਭ ਵੱਲ ਵੇਖਦੀ ਰਹਿੰਦੀ। ਕਿਸੇ ਦੀ ਨਜ਼ਰ ਮਿਲੀ ਨਹੀਂ ਤੇ ਰਿੰਪੀ ਨੇ ਉਹਦੇ ਪੈਰਾਂ ਵਿਚ ਪੂਛ ਹਿਲਾਉਂਦਿਆਂ ਲਿਟਣਾ ਸ਼ੁਰੂ ਕਰ ਦੇਣਾ। ਕਦੇ ਉਹ ਪੂਛ ਚੁੱਕ ਕੇ, ਕੰਨ ਪਿੱਛੇ ਕਰ ਕੇ ਮੇਰੇ ਅੱਗੇ ਅੱਗੇ ਘਰ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਦੁੜੰਗੀਆਂ ਲਾਉਂਦੀ ਫ਼ਿਰਦੀ। ਮੈਂ ਪਿੱਛੇ ਪਿੱਛੇ ਉਹ ਅੱਗੇ ਅੱਗੇ।

ਉਹਨੂੰ ਵੀ ਪਤਾ ਸੀ ਕਿ ਮੇਰਾ 'ਅਸਲ ਮਾਲਕ' ਸੁਪਨ ਹੀ ਹੈ। ਜਦੋਂ ਵੀ ਕੋਈ ਪਰਖ਼ ਕਰਨ ਲਈ ਸੁਪਨ ਨੂੰ ਝੂਠ-ਮੂਠ ਦਾ ਧੱਫਾ ਮਾਰਦਾ ਤਾਂ ਉਹ ਓਸੇ ਵੇਲੇ ਧੱਫਾ ਮਾਰਨ ਵਾਲੇ ਨੂੰ ਭੌਂਕਣ ਲੱਗਦੀ।

ਸਾਡੇ ਚਾਚੇ ਦਾ ਪਰਿਵਾਰ ਦਾਦੀ ਮਾਂ ਸਮੇਤ ਖੇਤਾਂ ਵਿਚ ਬਹਿਕ 'ਤੇ ਰਹਿੰਦਾ ਸੀ। ਬਾਹਰਲੀਆਂ ਬਹਿਕਾਂ ਤੋਂ ਸਾਡੇ ਆਪਣੇ ਪਰਿਵਾਰ ਦੇ ਜੀਆਂ ਨੇ ਤਾਂ ਪਿੰਡ ਆਉਣਾ ਹੀ ਹੁੰਦਾ, ਪੱਤੀ ਦੇ ਬਹਿਕਾਂ 'ਤੇ ਰਹਿੰਦੇ ਹੋਰ ਲੋਕ ਵੀ ਬਜ਼ਾਰ ਵਿਚੋਂ ਸੌਦਾ ਸੂਤ ਲੈਣ ਲਈ ਪਿੰਡ ਆਉਂਦੇ ਤਾਂ ਚਾਹ-ਪਾਣੀ ਛਕਣ ਨੂੰ 'ਆਪਣਾ ਘਰ' ਹੀ ਸਮਝਦੇ ਹੋਏ ਘਰ ਆ ਜਾਂਦੇ। ਜਦੋਂ ਕੋਈ ਪਹਿਲੀ ਵਾਰ ਘਰ ਦਾ ਦਰਵਾਜ਼ਾ ਖੜਕਾਉਂਦਾ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦੇ ਸਵਾਗਤ ਲਈ ਰਿੰਪੀ ਹੀ ਅੱਗੇ ਹੁੰਦੀ ਤੇ ਪੂਛ ਹਿਲਾ ਕੇ ਉਨ੍ਹਾਂ ਅੱਗੇ ਲਿਟਦੀ ਪਿਆਰ ਦਿੰਦੀ। ਪਰ ਇਹ ਪਿਆਰ ਉਨ੍ਹਾਂ ਵਾਸਤੇ ਹੀ ਹੁੰਦਾ ਜਿਨ੍ਹਾਂ ਨੂੰ ਰਿੰਪੀ ਨੇ ਇੱਕ ਵਾਰ ਪਹਿਲਾਂ ਵੇਖ ਲਿਆ ਹੁੰਦਾ ਤੇ ਉਹਨੂੰ ਯਕੀਨ ਹੋ ਚੁੱਕਾ ਹੁੰਦਾ ਕਿ ਇਹ 'ਘਰ ਦਾ ਹੀ ਬੰਦਾ' ਹੈ, ਨਹੀਂ ਤਾਂ ਪਹਿਲੀ ਵਾਰ ਘਰ ਦਾ ਦਰਵਾਜ਼ਾ ਲੰਘਣਾ ਮੁਸ਼ਕਿਲ ਹੁੰਦਾ। ਉਹ ਭੌਂਕ ਭੌਂਕ ਕੇ ਘਰ ਨੂੰ ਸਿਰ 'ਤੇ ਚੁੱਕ ਲੈਂਦੀ। ਜਦੋਂ ਘਰ ਦਾ ਕੋਈ ਜੀਅ ਵਰਜਦਾ, ਉਦੋਂ ਹੀ ਚੁੱਪ ਕਰਦੀ। ਪਰ ਅਗਲੀ ਵਾਰ ਉਸੇ ਬੰਦੇ ਨੂੰ ਖ਼ੁਸ਼-ਆਮਦੀਦ ਵੀ ਸਭ ਤੋਂ ਪਹਿਲਾਂ ਉਹੋ ਹੀ ਕਹਿੰਦੀ।

ਹੌਲੀ ਹੌਲੀ ਰਿੰਪੀ ਵੱਡੀ ਹੁੰਦੀ ਗਈ। ਪਿੰਡ ਸੁਰ ਸਿੰਘ ਵਿੱਚ ਹੀ ਰਿੰਪੀ ਨੇ ਪਹਿਲੀ ਵਾਰ ਕਤੂਰੇ ਦਿੱਤੇ। ਏਨੇ ਸਾਰੇ ਕਤੂਰੇ ਘਰੇ ਰੱਖਣਾ ਮੁਸ਼ਕਿਲ ਹੋਣ ਕਰਕੇ ਉਹ ਕਿਸੇ ਨਾ ਕਿਸੇ ਨੂੰ ਦੇ ਦਿੱਤੇ ਗਏ। ਮੈਨੂੰ ਅਜੇ ਤੱਕ ਯਾਦ ਏ ਰਿੰਪੀ ਦੀ ਇੱਕ ਕਤੂਰੀ ਪਿੰਡ ਦਾ ਧੋਬੀ ਲੈ ਗਿਆ ਸੀ। ਕਾਲੇ ਰੰਗ ਦੀ ਸੋਹਣੀ ਜਿਹੀ ਕਤੂਰੀ ਦਾ ਨਾਮ ਪਿੰਕੀ ਸੀ। ਮੈਂ ਅਕਸਰ ਸਕੂਲ ਜਾਣ ਲੱਗੀ ਪਿੰਕੀ ਨੂੰ ਓਥੇ ਖੇਡਦਿਆਂ ਵੇਖਦੀ ਤੇ ਸੋਚਦੀ ਕਿ ਇਹ ਮੇਰੀ ਰਿੰਪੀ ਦੀ ਧੀ ਐ। ਉਹਦੇ ਇੱਕ ਬੱਚੇ ਦਾ ਨਾਮ ਟਾਈਗਰ ਸੀ। ਜਿਹੜਾ ਅਸੀਂ ਸ਼ਾਇਦ ਕਿਸੇ ਨੂੰ ਦਿੱਤਾ ਨਹੀਂ ਸੀ। ਪਰ ਜਦੋਂ ਅਸੀਂ ਜਲੰਧਰ ਸ਼ਹਿਰ ਵਿੱਚ ਪੱਕੇ ਤੌਰ ਤੇ ਜਾ ਕੇ ਵੱਸ ਗਏ ਤਾਂ ਟਾਈਗਰ ਅਤੇ ਪਿੰਕੀ ਪਿੱਛੇ ਈ ਰਹਿ ਗਏ। ਮੈਨੂੰ ਯਾਦ ਏ ਜਦੋਂ ਰਿੰਪੀ ਦੇ ਬੱਚੇ ਕਿਸੇ ਨੂੰ ਦੇ ਦੇਈਦੇ ਸੀ ਤਾਂ ਰਿੰਪੀ ਕਿੰਨੇ ਕਿੰਨੇ ਦਿਨ ਵੈਰਾਗੀ ਰਹਿੰਦੀ। ਹੁਣ ਇਨਸਾਨਾਂ ਵਾਂਗ ਬੋਲ ਕੇ ਤਾਂ ਉਹ ਕਹਿ ਨਹੀਂ ਸੀ ਸਕਦੀ ਬਈ ਮੇਰੇ ਢਿੱਡੋਂ ਜਾਇਆਂ ਨੂੰ ਕਿੱਥੇ ਛੱਡ ਆਏ ਆਂ ਤੁਸੀਂ? ਮੈਨੂੰ ਵੀ ਤਾਂ ਮੇਰੇ ਬਾਲ ਓਨੇ ਈ ਪਿਆਰੇ ਨੇ ਜਿੰਨੇ ਤੁਹਾਨੂੰ। ਪਰ ਉਹਦੀਆਂ ਉਦਾਸ ਅੱਖਾਂ ਅਤੇ ਉਹਦਾ ਚੂੰ-ਚੂੰ ਕਰਕੇ ਬੇਚੈਨੀ ਨਾਲ ਇੱਕ ਥਾਂ ਤੋਂ ਦੂਜੀ ਥਾਂ ਤੇ ਤੁਰੇ ਫ਼ਿਰਨਾ ਸਭ ਕੁਝ ਕਹਿ ਜਾਂਦਾ ਸੀ।

ਇੱਕ ਹੋਰ ਗੱਲ ਯਾਦ ਆਉਂਦੀ ਏ। ਇੱਕ ਵਾਰੀ ਰਿੰਪੀ ਦਾ ਇੱਕ ਕਤੂਰਾ ਮਰ ਗਿਆ। ਅਸੀਂ ਘਰ ਤੋਂ ਕੁਝ ਦੂਰੀ ਤੇ ਰਿੰਪੀ ਤੋਂ ਚੋਰੀ ਚੋਰੀ ਉਹਨੂੰ ਦੱਬ ਆਏ। ਰਾਤ ਨੂੰ ਜਦ ਅਸੀਂ ਦੇਖਿਆ ਤਾਂ ਰਿੰਪੀ ਘਰ ਦੇ ਵਿਹੜੇ 'ਚ ਉਸੇ ਕਤੂਰੇ ਦੇ ਸਿਰਹਾਣੇ ਬੈਠੀ ਰੋ ਰਹੀ ਸੀ। ਅਸਲ ਵਿੱਚ ਉਹ ਰੋਂਦੀ ਕੁਰਲਾਉਂਦੀ , ਸੁੰਘਦੀ ਸੁੰਘਾਉਂਦੀ ਆਪਣੇ ਬੱਚੇ ਨੂੰ ਮਿੱਟੀ ਪੁੱਟ ਕੇ ਆਪਣੇ ਦੰਦਾਂ ਵਿੱਚ ਪੋਲਾ ਜਿਹਾ ਫ਼ਸਾ ਕੇ ਫ਼ੇਰ ਵਾਪਸ ਲੈ ਆਈ ਸੀ।

ਹਾਏ! ਇੱਕ ਮਾਂ ਦਾ ਦਿਲ। ਇਹ ਦੇਖ ਕੇ ਮੇਰੇ ਹੰਝੂ ਨਿਕਲ ਆਏ ਸੀ। ਜੇ ਸਾਡੇ ਦਿਮਾਗ਼ ਤੇ ਏਨਾ ਅਸਰ ਹੈ ਇਸ ਗੱਲ ਦਾ ਤਾਂ ਉਹਦਾ ਦਿਲ ਕਿੰਨਾ ਦੁਖਿਆ ਹੋਊ ਵਿਚਾਰੀ ਦਾ?

ਜਦ ਜਲੰਧਰ ਆਉਣਾ ਸੀ ਤਾਂ ਘਰੋਂ ਤੁਰਨ ਲੱਗਿਆਂ ਆਂਢਣਾਂ-ਗਵਾਂਢਣਾਂ ਮੇਰੀ ਮਾਂ ਦੇ ਗਲ ਲੱਗ ਕੇ ਰੋ ਰਹੀਆਂ ਸਨ। ਡੈਡੀ ਸਭ ਨਾਲ ਹੱਥ ਮਿਲਾ ਰਹੇ ਸਨ। ਰਿੰਪੀ ਡੌਰ-ਭੌਰ ਹੋਈ ਸਾਡੇ ਆਲੇ-ਦਵਾਲੇ ਬੜੀ ਬੇਚੈਨੀ ਨਾਲ ਘੁੰਮ ਰਹੀ ਸੀ। ਉਹਨੂੰ ਭਾਸ ਰਿਹਾ ਸੀ, ਜਿਵੇਂ ਕੁਝ ਗ਼ਲਤ ਹੋਣ ਵਾਲਾ ਹੈ। ਰਿੰਪੀ ਦਾ ਸਭ ਦੀਆਂ ਲੱਤਾਂ ਨਾਲ ਲਿਪਟਣਾ ਬੜਾ ਦੁਖਦਾਈ ਸੀ। ਡੈਡੀ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਰਿੰਪੀ ਨੂੰ ਨਾਲ ਜਲੰਧਰ ਨਹੀਂ ਲਿਜਾਇਆ ਜਾ ਸਕਦਾ।

ਜਲੰਧਰ ਜਾਣ ਲਈ ਸਮਾਨ ਨਾਲ ਭਰਿਆ ਟਰੱਕ ਤੁਰਨ ਲਈ ਤਿਆਰ ਹੋਇਆ ਤਾਂ ਸਭ ਤੋਂ ਪਹਿਲਾਂ ਡੈਡੀ ਨੇ ਮੰਮੀ ਨੂੰ ਟਰੱਕ ਅੰਦਰ ਸੀਟ 'ਤੇ ਬਹਿਣ ਲਈ ਬਾਹੋਂ ਫੜ੍ਹ ਕੇ ਚੜ੍ਹਾਇਆ ਤਾਂ ਰਿੰਪੀ 'ਚੂੰ ਚੂੰ' ਕਰ ਕੇ ਟਰੱਕ ਦੀ ਬਾਰੀ ਵੱਲ ਛਾਲਾਂ ਮਾਰੇ। ਉਹਨੂੰ ਪਤਾ ਲੱਗ ਗਿਆ ਸੀ ਕਿ ਅੱਗੋਂ ਕੀ ਹੋਣ ਵਾਲਾ ਹੈ! ਜਦੋਂ ਸਾਡੀ ਬੱਚਿਆਂ ਦੀ ਟਰੱਕ ਵਿਚ ਚੜ੍ਹਨ ਦੀ ਵਾਰੀ ਆਈ ਤਾਂ ਸੁਪਨ ਨੇ ਰਿੰਪੀ ਦੇ ਗਲ ਨੂੰ ਜੱਫੀ ਪਾ ਲਈ ਤੇ ਰੋਣ ਲੱਗ ਪਿਆ ਕਿ ਉਹ ਰਿੰਪੀ ਤੋਂ ਬਿਨਾਂ ਜਲੰਧਰ ਨਹੀਂ ਜਾਵੇਗਾ। ਮੇਰੀ ਹਾਲਤ ਵੀ ਸੁਪਨ ਵਾਲੀ ਸੀ ਤੇ ਮੇਰੇ ਕਲੇਜੇ ਨੂੰ ਵੀ ਖੋਹ ਪੈ ਰਹੀ ਸੀ ਕਿ ਹਾਇ! ਰਿੰਪੀ ਤੋਂ ਬਿਨਾਂ ਅਸੀਂ ਕਿਵੇਂ ਰਹਾਂਗੇ! ਸੁਪਨ ਤੇ ਰਿੰਪੀ ਨੂੰ ਇੱਕ ਦੂਜੇ ਨਾਲ ਲਿਪਟਿਆ ਵੇਖ ਕੇ ਸਭ ਦੀਆਂ ਅੱਖਾਂ ਭਰ ਆਈਆਂ। ਇੱਕ ਤਾਂ ਸਭ ਦੇ ਦਿਲ ਵਿਚ ਆਪਣੀ ਜੰਮਣ ਭੋਂ ਤੋਂ ਵਿੱਛੜ ਜਾਣ ਦਾ ਦਰਦ ਸੀ ਤੇ ਦੂਜਾ ਰਿੰਪੀ ਦੇ ਵਿਛੋੜੇ ਨੇ ਇਸ ਦਰਦ ਨੂੰ ਹੋਰ ਗੂੜ੍ਹਾ ਕਰ ਦਿੱਤਾ।

ਆਖ਼ਰ ਡੈਡੀ ਦੇ ਮਨ ਮਿਹਰ ਪੈ ਗਈ ਤੇ ਰਿੰਪੀ ਬੜੇ ਚਾਈਂ ਚਾਈਂ ਟਰੱਕ ਵਿਚ ਸਾਡੇ ਨਾਲ ਸਵਾਰ ਹੋ ਕੇ ਸੁਪਨ ਦੀ ਗੋਦੀ ਵਿਚ ਬਹਿ ਗਈ।

ਸੋ, ਇਸ ਤਰ੍ਹਾਂ ਰਿੰਪੀ ਨੇ ਵੀ ਸਾਡੇ ਨਾਲ ਨਾਲ ਸੁਰ ਸਿੰਘ ਤੋਂ ਜਲੰਧਰ 'ਮਾਈਗਰੇਟ' ਕੀਤਾ।

ਜਦੋਂ ਅਸੀਂ ਜਲੰਧਰ ਸ਼ਿਫ਼ਟ ਹੋਏ ਤਾਂ ਸਾਲ ਕੁ ਹਰਦਿਆਲ ਨਗਰ ਵਾਲੇ ਘਰ ਕਿਰਾਏ 'ਤੇ ਰਹੇ। ਮੰਮੀ-ਡੈਡੀ ਦੇ ਡਿਊਟੀ 'ਤੇ ਜਾਣ ਤੋਂ ਪਹਿਲਾਂ ਅਸੀਂ ਤਿੰਨੇ ਭੈਣ ਭਰਾ ਆਪੋ-ਆਪਣੇ ਸਾਈਕਲਾਂ 'ਤੇ ਦੋਆਬਾ ਖ਼ਾਲਸਾ ਸਕੂਲ ਵੱਲ ਤੁਰਨ ਲੱਗਦੇ ਤਾਂ ਰਿੰਪੀ ਸਾਡੇ ਤੋਂ ਵੀ ਪਹਿਲਾਂ ਸਾਡੇ ਨਾਲ ਜਾਣ ਲਈ ਘਰੋਂ ਬਾਹਰ ਖਲੋਤੀ ਹੁੰਦੀ। ਡੈਡੀ ਉਹਨੂੰ ਪਿਆਰ-ਪੁਚਕਾਰ ਕੇ ਘਰ ਅੰਦਰ ਵਾੜ ਕੇ ਸੰਗਲੀ ਪਾ ਲੈਂਦੇ, ਪਰ ਉਹ 'ਚੂੰ ਚੂੰ' ਕਰ ਕੇ ਸੰਗਲੀ ਖਿੱਚਦੀ ਤੇ ਸਾਡੇ ਨਾਲ ਜਾਣ ਦੀ ਜ਼ਿਦ ਕੀਤੀ ਰੱਖਦੀ। ਇੱਕ ਦਿਨ ਡੈਡੀ ਦਾ ਧਿਆਨ ਨਹੀਂ ਸੀ ਤੇ ਰਿੰਪੀ ਨੇ ਸਾਡੇ ਸਾਈਕਲਾਂ ਦੇ ਨਾਲ ਦੌੜਨਾ ਸ਼ੁਰੂ ਕਰ ਦਿੱਤਾ। ਰੂਪ ਅਤੇ ਸੁਪਨ ਨੇ ਇੱਕ ਦੋ ਵਾਰ ਸਾਈਕਲਾਂ ਤੋਂ ਉੱਤਰ ਕੇ ਦਬਕਾ ਮਾਰ ਕੇ ਉਹਨੂੰ ਵਾਪਸ ਘਰ ਵੱਲ ਭਜਾਉਣ ਦੀ ਕੋਸ਼ਿਸ਼ ਕੀਤੀ। ਉਹ ਪਿਛਾਂਹ ਨੂੰ ਡਰਦੀ ਹੋਈ ਭੱਜੀ ਵੀ ਪਰ ਅਸੀਂ ਸਾਈਕਲ ਤੋਰਦੇ ਤਾਂ ਉਹ ਦੌੜ ਕੇ ਸਾਡੇ ਨਾਲ ਰਲ ਜਾਂਦੀ। ਸਕੂਲ ਲੱਗਣ ਦਾ ਟਾਈਮ ਹੋ ਗਿਆ ਸੀ ਤੇ ਸਾਡੇ ਕੋਲ ਏਨਾ ਸਮਾਂ ਨਹੀਂ ਸੀ ਕਿ ਕੋਈ ਉਹਨੂੰ ਮੋੜ ਕੇ ਘਰ ਛੱਡ ਕੇ ਆਉਂਦੇ। ਹੁਣ ਤਾਂ ਯਾਦ ਵੀ ਨਹੀਂ ਕਿ ਅਸੀਂ ਉਹਨੂੰ ਆਪਣੇ ਨਾਲ ਜਾਣ ਕਿਉਂ ਦਿੱਤਾ, ਪਰ ਏਨਾ ਯਾਦ ਹੈ ਕਿ ਜਦੋਂ ਅਸੀਂ ਮੇਨ ਸੜਕ 'ਤੇ ਪਹੁੰਚੇ ਤਾਂ ਸਾਨੂੰ ਡਰ ਲੱਗਣ ਲੱਗਾ ਕਿ ਰਿੰਪੀ ਹੁਣੇ ਕਿਸੇ ਕਾਰ ਜਾਂ ਸਕੂਟਰ ਦੇ ਹੇਠਾਂ ਆਈ ਲੈ।

ਸਾਡੇ ਕੋਲ ਹੁਣ ਕੋਈ ਚਾਰਾ ਨਹੀਂ ਸੀ ਕਿ ਰਿੰਪੀ ਨੂੰ ਰੱਬ ਦੇ ਰਹਿਮ 'ਤੇ ਰਹਿਣ ਦੇਈਏ ਤੇ ਆਪਣੇ ਨਾਲ ਆਉਣ ਦੇਈਏ। ਪਰ ਅਸੀਂ ਮੁੜ ਮੁੜ ਪਿੱਛੇ ਵੇਖਦੇ ਆ ਰਹੇ ਸਾਂ। ਜਦੋਂ ਅਸੀਂ ਲਾਇਲਪੁਰ ਖ਼ਾਲਸਾ ਕਾਲਜ ਵਾਲੀ ਕਾਲੋਨੀ ਵਿਚੋਂ ਸਕੂਲ ਵੱਲ ਲੰਘਣ ਲਈ ਜੀ ਟੀ ਰੋਡ ਪਾਰ ਕਰਨ ਲੱਗੇ ਤਾਂ ਕਾਰਾਂ, ਬੱਸਾਂ, ਸਕੂਟਰਾਂ ਦੀ ਲਗਾਤਾਰ ਆਵਾਜਾਈ ਕਰ ਕੇ ਰਿੰਪੀ ਸੜਕ ਦੇ ਦੂਜੇ ਪਾਰ ਖਲੋਤੀ ਮੁਨਾਸਬ ਵੇਲਾ ਲੱਭ ਰਹੀ ਸੀ ਕਿ ਕਦੋਂ ਸੜਕ ਥੋੜੀ ਵਿਹਲੀ ਹੋਵੇ ਤੇ ਉਹ ਭੱਜ ਕੇ ਸਾਨੂੰ ਮਿਲ ਪਵੇ। ਪਰ ਉਹ ਅਜੇ ਸੜਕੋਂ ਪਾਰ ਹੀ ਸੀ ਤੇ ਅਸੀਂ ਸਾਈਕਲਾਂ ਤੋਂ ਉੱਤਰ ਕੇ ਖਲੋਤੇ ਉਹਦੇ ਵੱਲ ਵੇਖ ਰਹੇ ਸਾਂ ਕਿ ਉਹ ਕਦੋਂ ਸੜਕ ਪਾਰ ਕਰਦੀ ਹੈ। ਏਸੇ ਵੇਲੇ ਸਕੂਲ ਲੱਗਣ ਦੀ ਘੰਟੀ ਦੀ ਆਵਾਜ਼ ਆਈ ਤਾਂ ਅਸੀਂ ਲੇਟ ਹੋਣ ਤੋਂ ਡਰਦੇ ਸਕੂਲ ਵੱਲ ਤੁਰ ਪਏ ਤੇ ਰਿੰਪੀ ਨੂੰ ਰੱਬ ਆਸਰੇ ਛੱਡ ਆਏ। ਸਾਰਾ ਦਿਨ ਸਾਡਾ ਭੈਣ-ਭਰਾਵਾਂ ਦਾ ਧਿਆਨ ਰਿੰਪੀ ਵੱਲ ਹੀ ਰਿਹਾ। ਛੁੱਟੀ ਬਾਅਦ ਅਸੀਂ ਘਰ ਆਏ ਤੇ ਰਿੰਪੀ ਬਾਰੇ ਬੜੇ ਫ਼ਿਕਰ ਨਾਲ ਪੁੱਛਿਆ ਪਰ ਰਿੰਪੀ ਕਿਤੇ ਗਵਾਚ ਗਈ ਸੀ। ਉਹ ਘਰ ਨਹੀਂ ਸੀ ਪਹੁੰਚੀ। ਆਮ ਕਿਹਾ ਜਾਂਦਾ ਹੈ ਕਿ ਕੁੱਤਾ ਆਪਣਾ ਰਾਹ ਨਹੀਂ ਭੁੱਲਦਾ, ਪਰ ਰਿੰਪੀ ਘਰ ਦਾ ਰਾਹ ਭੁੱਲ ਗਈ ਸੀ। ਅਸੀਂ ਬੱਚਿਆਂ ਨੇ ਤਾਂ ਉਦਾਸ ਹੋਣਾ ਹੀ ਸੀ, ਮੰਮੀ ਡੈਡੀ ਵੀ ਬਹੁਤ ਉਦਾਸ ਸਨ। ਅਸੀਂ ਘਰੋਂ ਬਾਹਰ ਨਿਕਲ ਕੇ ਦੂਰ ਦੂਰ ਤੱਕ ਰਿੰਪੀ ਦੀ ਭਾਲ ਕਰਦੇ ਰਹੇ ਪਰ ਰਿੰਪੀ ਕਿਧਰੇ ਨਾ ਦਿਸੀ। ਰਾਤ ਉੱਤਰ ਆਈ ਪਰ ਰਿੰਪੀ ਨਾ ਮੁੜੀ। ਅਸੀਂ ਕਿੰਨੀ ਰਾਤ ਤੱਕ ਰਿੰਪੀ ਦੇ ਗਵਾਚਣ 'ਤੇ ਉਹਦੇ ਨਾਲ ਪਿਆਰ ਦੀਆਂ ਗੱਲਾਂ ਕਰਦੇ ਰਹੇ। ਅਗਲੇ ਦਿਨ ਸਕੂਲ ਗਏ ਤਾਂ ਰਾਹ ਵਿਚ ਏਧਰ-ਓਧਰ ਕੁੱਤਿਆਂ ਵੱਲ ਵੇਖਦੇ ਰਿੰਪੀ ਨੂੰ ਪਛਾਨਣ ਦੀ ਕੋਸ਼ਿਸ਼ ਕਰਦੇ, ਪਰ ਰਿੰਪੀ ਨਾ ਲੱਭੀ। ਜਦ ਅਗਲੀ ਰਾਤ ਵੀ ਉਹ ਨਾ ਮੁੜੀ ਤਾਂ ਅਸੀਂ ਉਹਦੇ ਮੁੜਨ ਦੀ ਆਸ ਲਾਹ ਦਿੱਤੀ। ਸਾਡੇ ਲਈ ਇਹ ਦੋ ਦਿਨ ਬਹੁਤ ਡੂੰਘੀ ਉਦਾਸੀ ਦੇ ਸਨ।

ਡੈਡੀ ਸਾਨੂੰ ਹੌਸਲਾ ਦਿੰਦੇ, "ਗਵਾਚ ਜਾਣ ਦੇ ਬਾਵਜੂਦ ਕੁੱਤੇ ਦੇਰ-ਸਵੇਰ ਘਰ ਦਾ ਰਾਹ ਲੱਭ ਹੀ ਲੈਂਦੇ ਨੇ। ਯਾਦ ਹੈ ਨਾ ਜਦੋਂ ਤੁਹਾਡੇ ਚਾਚੇ ਛਿੰਦੇ ਨੂੰ 'ਮੁੰਡਿਆਂ' ਨੇ ਕੁੱਤਾ ਮਾਰ ਦੇਣ ਲਈ

***(ਬਾਕੀ ਅਗਲੇ ਸਫੇ 'ਤੇ)***

# ਪੰਜਾਬੀ ਯੂਨੀਵਰਸਿਟੀ ਦੀ ਅੰਤਰਰਾਸ਼ਟਰੀ ਵਿਕਾਸ ਕਾਨਫਰੰਸ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਪੰਜਾਬੀ ਯੂਨੀਵਰਸਿਟੀ ਪਟਿਆਲਾ ਆਪਣੀ ਸਥਾਪਨਾ ਦੇ ਆਰੰਭ ਤੋਂ ਅੱਜ ਤੱਕ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਵਚਨਬੱਧ ਹੈ। ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਵਿਭਾਗ ਵਲੋਂ 5-7 ਦਸੰਬਰ 2023 ਨੂੰ ਕਰਵਾਈ ਗਈ ਤਿੰਨ ਰੋਜ਼ਾ ਵਿਕਾਸ ਕਾਨਫਰੰਸ ਇਸ ਦਾ 35ਵਾਂ ਐਡੀਸ਼ਨ ਸੀ। ਇਸ ਦੀਆਂ ਅੱਧੀ ਦਰਜਨ ਤੋਂ ਵੱਧ ਬੈਠਕਾਂ ਵਿਚ ਯੂਨੀਵਰਸਟੀ ਦੇ ਪੰਜਾਬੀ ਵਿਭਾਗ, ਪੰਜਾਬੀ ਸਾਹਿਤ ਅਧਿਐਨ ਵਿਭਾਗ ਅਤੇ ਭਾਸ਼ਾ ਵਿਗਿਆਨ ਤੇ ਪੰਜਾਬੀ ਕੋਸ਼ਕਾਰੀ ਵਿਭਾਗ ਨੇ ਇਸਨੂੰ ਸਫਲ ਕਰਨ ਵਿਚ ਇਕ ਦੂਜੇ ਨਾਲ ਮਿਲ ਕੇ ਸ਼ਿਰਕਤ ਕੀਤੀ ਜਿਸ ਉਤੇ ਯੂਨੀਵਰਸਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਅਤੇ ਡੀਨ ਭਾਸ਼ਾਵਾਂ ਰਾਜਿੰਦਰ ਪਾਲ ਸਿੰਘ ਬਰਾੜ ਦੀ ਸਹਿਮਤੀ ਤੇ ਸਹਿਯੋਗ ਪ੍ਰਤੱਖ ਸੀ। ਵਿਭਾਗੀ ਮੁਖੀ ਪਰਮਿੰਦਰਜੀਤ ਕੌਰ ਦੀ ਵਿਉਂਤਬੰਦੀ ਸਮੇਤ।

ਕਾਨਫਰੰਸ ਦਾ ਮੁੱਖ ਮੰਤਵ ਸਮਕਾਲੀਨ ਸਮਾਜ ਵਿਚ ਪੰਜਾਬੀ ਦੇ ਭਵਿੱਖਮੁਖੀ ਦ੍ਰਿਸ਼ਟੀਕੋਣ ਦੇ ਵੱਖ-ਵੱਖ ਪੱਖਾਂ ਨੂੰ ਲੈ ਕੇ ਸਕਾਰਾਤਮਕ ਨਤੀਜੇ ਕੱਢਣਾ ਸੀ। ਜਿਸ ਵਿਚ ਪੰਜਾਬੀ ਦੇ ਦੂਰ ਵਸੇਂਦੇ ਪੰਜਾਬੀ ਪਿਆਰਿਆਂ ਨੇ ਹੀ ਨਹੀਂ ਸੱਤ ਸਮੁੰਦਰ ਪਾਰ ਵਾਲਿਆਂ ਵੀ ਹਿੱਸਾ ਲਿਆ। ਉਦਘਾਟਨੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਪ੍ਰੋਫੈਸਰ ਅਰਵਿੰਦ ਨੇ ਸਪਸ਼ਟ ਤੌਰ 'ਤੇ ਕਿਹਾ ਕਿ ਭਾਸ਼ਾਈ ਪਰਿਵਰਤਨ ਕੁਦਰਤੀ ਵਰਤਾਰਾ ਹੈ। ਤੇ ਸਾਨੂੰ ਕਿਸੇ ਵੀ ਭਾਸ਼ਾ ਤੋਂ ਸ਼ਬਦ ਲੈਂਦਿਆਂ ਸੰਕੋਚ ਕਰਨ ਦੀ ਲੋੜ ਨਹੀਂ। ਇਸ ਨਾਲ ਸਾਡਾ ਨਾਤਾ ਗਿਆਨ ਵਿਗਿਆਨ ਨਾਲ ਜੁੜਦਾ ਹੈ। ਇਸ ਬੈਠਕ ਦਾ ਵਡਾ ਹਾਸਲ ਇਹ ਸੀ ਕਿ ਏਥੇ ਮਨੁੱਖੀ ਜੀਵਨ ਵਿਚ ਭਾਸ਼ਾ, ਸਾਹਿਤ, ਕਲਾ ਤੇ ਸੰਗੀਤ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਉਜਾਗਰ ਕੀਤਾ ਗਿਆ। ਕੁੱਲ ਮਿਲਾ ਕੇ ਕਾਨਫਰੰਸ ਦੀਆਂ ਸਾਰੀਆਂ ਬੈਠਕਾਂ ਵਿਚ ਪੰਜਾਬੀ ਭਾਸ਼ਾ ਤੇ ਭਾਸ਼ਾ ਵਿਗਿਆਨ ਦੇ ਮਹੱਤਵ ਸਮੇਤ ਪਰਵਾਸੀ ਸਭਿਆਚਾਰ ਤੇ ਮੀਡੀਆ ਨਾਲ ਲੋੜੀਂਦੀ ਸਾਂਝ ਦੇ ਵਿਸ਼ੇ ਨੂੰ ਵੀ ਰੱਜਵਾਂ ਸਥਾਨ ਦਿੱਤਾ ਗਿਆ। ਇਸ ਧਾਰਨਾ ਉੱਤੇ ਵੀ ਪੂਰਾ ਪਹਿਰਾ ਦਿੱਤਾ ਗਿਆ ਕਿ ਸਾਨੂੰ ਆਪਣੀ ਭਾਸ਼ਾ ਪ੍ਰਤੀ ਉਦਾਸ ਹੋਣ ਨਾਲੋਂ ਚੇਤੰਨ ਰਹਿਣ ਦੀ ਲੋੜ ਹੈ। ਤਾਂ ਕਿ ਦੂਰ ਦੁਰਾਡੇ ਦੇਸ਼ਾਂ ਦੇ ਵਸਨੀਕ ਬਣੇ ਪੰਜਾਬੀ ਆਪਣੀ ਬੋਲੀ ਉਤੇ ਮਾਣ ਕਰ ਸਕਣ। ਇਸ ਗੱਲ ਦਾ ਵੀ ਖਾਸ ਨੋਟਿਸ ਲਿਆ ਗਿਆ ਕਿ ਅਸੀਂ ਸਕੂਲੀ ਪੱਧਰ 'ਤੇ ਮਾਂ ਬੋਲੀ ਨੂੰ ਇਸਦਾ ਬਣਦਾ ਮਾਣ ਸਤਿਕਾਰ ਨਹੀਂ ਦੇ ਰਹੇ। ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਪੰਜਾਬੀ ਪ੍ਰਤੀ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਪੰਜਾਬੀ ਦੇ ਹਾਂ-ਪੱਖੀ ਵਿਦਵਾਨਾ ਤੋਂ ਰਾਇ ਲੈਣੀ ਲਾਜ਼ਮੀ ਬਣਾਉਣ। ਕਾਨਫਰੰਸ ਵਿਚ ਵਿਚਾਰੇ ਜਾਣ ਵਾਲੇ ਪੇਪਰ ਤੇ ਪ੍ਰੋਗਰਾਮ ਏਨੇ ਬਹੁ-ਪੱਖੀ ਤੇ ਵੱਧ ਸਨ ਕਿ ਇੱਕੋ ਸਮੇਂ ਕੁਝ ਬੈਠਕਾਂ ਸਿੰਡੀਕੇਟ ਰੂਮ ਵਿਚ ਕਰਨੀਆਂ ਪਈਆਂ ਤੇ ਦੂਰੋਂ ਨੇੜਿਓਂ ਪਹੁੰਚੇ ਵਿਦਵਾਨਾਂ ਦੀ ਵਿਦਵਤਾ ਦਾ ਲਾਭ ਲਿਆ ਗਿਆ। ਭਾਈ ਵੀਰ ਸਿੰਘ ਦੇ ਜਨਮ ਦਿਨ ਨੂੰ ਮੁਖ ਰੱਖਦਿਆਂ ਇਕ ਬੈਠਕ ਉਨ੍ਹਾਂ ਦੀ ਦੇਣ ਨੂੰ ਵੀ ਸਮਰਪਿਤ ਸੀ। ਉਂਝ ਵੀ ਦਿਨ ਭਰ ਦੇ ਗਹਿਰ ਗੰਭੀਰ ਵਿਸ਼ਿਆਂ ਦਾ ਥਕੇਵਾਂ ਲਾਹੁਣ ਲਈ ਸਭਿਆਚਾਰਕ ਸ਼ਾਮਾਂ ਦਾ ਆਯੋਜਨ ਕੀਤਾ ਗਿਆ ਜਿਨ੍ਹਾਂ ਵਿਚੋਂ ਇਕ ਸ਼ਾਮ ਈਡੀਪਸ 2.0 ਦਾ ਮੰਚਨ ਖਿੱਚ ਦਾ ਕੇਂਦਰ ਰਿਹਾ।

ਚੇਤੇ ਰਹੇ ਕਿ ਪਰਵਾਸ ਵਿਚ ਪੰਜਾਬੀ ਭਾਸ਼ਾ ਦਾ ਸਥਾਨ ਯੂਨੀਵਰਸਿਟੀ ਦੀ 35ਵੀਂ ਕਾਨਫਰੰਸ ਵਿਚ ਨਹੀਂ ਵਿਚਾਰਿਆ ਗਿਆ।

ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦਾ 35ਵਾਂ ਅੰਕ ਵੀ ਇਨ੍ਹਾਂ ਦਿਨਾਂ ਵਿਚ ਹੀ ਜਾਰੀ ਹੋਇਆ ਜਿਸਦੀਆਂ ਕਾਪੀਆਂ ਸਰੋਤਿਆਂ ਤੇ ਦਰਸ਼ਕਾਂ ਦੇ ਹੱਥਾਂ ਦਾ ਸ਼ਿੰਗਾਰ ਸਨ। ਇਹ ਅੰਕ ਦਸਦਾ ਹੈ ਕਿ ਕੈਨੇਡਾ ਵਿਚ ਵਸਦੇ ਪੰਜਾਬੀ ਪਿਆਰਿਆਂ ਨੇ ਸਰੀ ਵਿਖੇ ਪੰਜਾਬ ਭਵਨ ਨਾਂ ਦੀ ਇਮਾਰਤ ਉਸਾਰ ਕੇ ਉਥੇ ਸਮੇਂ ਸਮੇਂ ਪੰਜਾਬੀ ਕਾਨਫਰੰਸਾਂ ਦਾ ਪ੍ਰਬੰਧ ਕੀਤਾ ਹੈ। ਇਸ ਅੰਕ ਵਿਚ ਛਪੇ ਪੰਜਵੀਂ ਵਿਸ਼ਵ ਕਾਨਫਰੰਸ ਦੇ ਵੇਰਵੇ ਤੇ ਤਸਵੀਰਾਂ ਪਾਠਕਾਂ ਨੂੰ ਇਹ ਵੀ ਚੇਤੇ ਕਰਾਉਂਦੇ ਹਨ ਕਿ ਅੱਜ ਦੇ ਦਿਨ ਬ੍ਰਿਟਿਸ਼ ਕੋਲੰਬੀਆ ਦੀ ਵਿਦਿਆ ਮੰਤਰੀ ਰਚਨਾ ਸਿੰਘ ਹੈ। ਜਿਸਦੇ ਪਾਪਾ ਰਘਬੀਰ ਸਿੰਘ ਪ੍ਰਵਾਨਤ ਪੰਜਾਬੀ ਰਸਾਲੇ 'ਸਿਰਜਣਾ' ਦੇ ਸੰਸਥਾਪਕ ਤੇ ਸੰਪਾਦਕ ਹਨ ਤੇ ਮੰਮੀ ਸੁਲੇਖਾ ਆਪਣੇ ਸਮੇਂ ਦੇ ਪੰਜਾਬੀ ਮਹਾਰਥੀ ਤੇਰਾ ਸਿੰਘ ਚੰਨ ਦੀ ਧੀ ਹੈ।

ਨਿਸ਼ਚੇ ਹੀ ਅੰਤਰਰਾਸ਼ਟਰੀ ਪੱਧਰ ਦੀਆਂ ਪੰਜਾਬੀ ਕਾਨਫਰੰਸਾਂ ਦੇਸ਼ ਵਾਸੀਆਂ ਲਈ ਹੀ ਨਹੀਂ ਦੇਸ਼ ਤੋਂ ਬਾਹਰ ਵਸਦੇ ਪੰਜਾਬੀਆਂ ਲਈ ਵੀ ਮਾਣ ਦੀ ਗੱਲ ਹਨ।

### ਜੰਮੂ ਕਸ਼ਮੀਰ ਤੇ ਸੰਵਿਧਾਨ ਦੀ ਧਾਰਾ 370

1947 ਦੀ ਦੇਸ਼ ਵੰਡ ਸਮੇਂ ਤੋਂ ਚਲੀ ਆ ਰਹੀ ਸੰਵਿਧਾਨ ਦੀ ਧਾਰਾ 370 ਦਾ ਪੌਣੀ ਸਦੀ ਦੇ ਲੰਬੇ ਅਰਸੇ ਪਿੱਛੋਂ ਮਨਸੂਖ ਕਰਨਾ ਕਈ ਤਰ੍ਹਾਂ ਦੇ ਕਿੰਤੂ ਪ੍ਰੰਤੂ ਲੈ ਕੇ ਆਇਆ ਹੈ।। ਖਾਸ ਕਰਕੇ ਇਸਦੀ ਮਨਸੂਖੀ ਦਾ ਅਮਲ ਵਿਧਾਨ ਸਭਾ ਦੀ ਅਣਹੋਂਦ ਵਿਚ ਹੋਣਾ ਤੇ ਉਹ ਵੀ ਜੰਮੂ ਕਸ਼ਮੀਰ ਦੇ ਲੇਹ ਲੱਦਾਖ ਖੇਤਰ ਨੂੰ ਕੇਂਦਰ ਸ਼ਾਸਤ ਐਲਾਨੇ ਜਾਣ ਤੋਂ ਪਿੱਛੋਂ। ਇਸਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਜਸਟਿਸ ਸੰਜੇ ਕ੍ਰਿਸ਼ਨ ਕੌਲ ਵਲੋਂ ਸੱਚ ਤੇ ਸੁਲ੍ਹਾ ਸਫਾਈ ਕਮਿਸ਼ਨ ਦੀ ਸਥਾਪਨਾ ਦਾ ਸੁਝਾਅ ਦੇਣਾ ਵੀ ਇਹੀਓ ਸਿੱਧ ਕਰਦਾ ਹੈ। ਜੇ ਪ੍ਰਧਾਨ ਮੰਤਰੀ ਮੋਦੀ ਇਸ ਫੈਸਲੇ ਨੂੰ ਇਤਿਹਾਸਕ ਗਰਦਾਨਦਾ ਹੈ ਤਾਂ ਪੀਡੀਪੀ ਵਾਲੀ ਮਹਿਬੂਬਾ ਮੁਫਤੀ ਅਤੇ ਜੰਮੂ ਕਸ਼ਮੀਰ ਦਾ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਇਸਦੀ ਇਤਿਹਾਸਕਤਾ ਨੂੰ ਮੰਦਭਾਗੀ ਕਹਿਣ ਤੋਂ ਵੀ ਸੰਕੋਚ ਨਹੀਂ ਕਰਦੇ ਜਿਸਨੂੰ ਅੰਗਰੇਜ਼ੀ ਭਾਸ਼ਾ ਵਾਲੇ ਹਿਸਟਾਰੀਕਲ ਬਲੰਡਰ ਕਹਿੰਦੇ ਹਨ। ਇਹ ਗੱਲ ਤਾਂ ਮੰਨਣੀ ਪਵੇਗੀ ਕਿ ਅਜਿਹੇ ਫੈਸਲੇ ਦੇਸ਼ ਦੀ 'ਅਨੇਕਤਾ ਵਿਚ ਏਕਤਾ' ਵਾਲੀ ਧਾਰਨਾ ਨੂੰ ਨਕਾਰਦੇ ਹਨ ਜਿਸਨੇ ਭਾਰਤ ਦੀ ਵਿਲੱਖਣਤਾ ਉੱਤੇ 75 ਸਾਲ ਮੁਹਰ ਲਾਈ ਰੱਖੀ ਸੀ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੇਸ਼ ਦੇ 75 ਸਾਲ ਦੇ ਇਤਿਹਾਸ ਦੀਆਂ ਜੜ੍ਹਾਂ ਫਰੋਲੇ ਬਿਨਾ ਇਹ ਤਾਂ ਸਹਿਜੇ ਹੀ ਕਹਿ ਦਿੱਤਾ ਕਿ ਧਾਰਾ 370 ਪੰਡਤ ਨਹਿਰੂ ਦੀ ਦੇਣ ਸੀ ਤੇ ਇਹ ਨਹੀਂ ਦੱਸਿਆ ਕਿ ਇਸਨੂੰ ਹੁਣ ਤੱਕ ਦੀਆਂ ਸਰਕਾਰਾਂ ਨੇ ਮਨਸੂਖ ਕਿਉਂ ਨਹੀਂ ਕੀਤਾ।

ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਇਹ ਫੈਸਲਾ ਸੁਣਾਉਣ ਸਮੇਂ ਜੰਮੂ ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਨੂੰ ਦਸ ਮਹੀਨੇ ਅੱਗੇ ਪਾਉਣ ਦੀ ਕੀ ਲੋੜ ਸੀ। ਕੁੱਲ ਫੈਸਲੇ ਦੀ ਇਤਿਹਾਸਕਤਾ ਭੁੱਲ ਹੈ ਜਾਂ ਭਲਾ ਸਮੇਂ ਨੇ ਦੱਸਣਾ ਹੈ। ਭਲੇ ਲੋਕ ਭਲੇ ਦਿਨਾਂ ਦੀ ਆਸ ਲਾ ਕੇ ਜੀਵਤ ਰਹਿੰਦੇ ਹਨ।

**ਅੰਤਿਕਾ**

—ਫੈਜ਼ ਅਹਿਮਦ ਫੈਜ਼—

ਦਿੱਲ ਨਾ ਉਮੀਦ ਤੋ ਨਹੀਂ ਨਾਕਾਮ ਹੀ ਤੋ ਹੈ।
ਲੰਬੀ ਹੈ ਗਮ ਕੀ ਸ਼ਾਮ,
ਮਗਰ ਸ਼ਾਮ ਹੀ ਤੋ ਹੈ।

# ਮਾਣ-ਮੱਤੀ ਰਿੰਪੀ

*(ਪਿਛਲੇ ਸਫੇ ਦੀ ਬਾਕੀ)*

ਕਿਹਾ ਸੀ ਤਾਂ ਉਹ ਟਰਾਲੀ 'ਤੇ ਲੱਦ ਕੇ ਤਰਨਤਾਰਨ ਕੋਲ ਬਾਬਾ ਸ਼ੇਖ ਫੱਤੇ ਦੀ ਕਬਰ 'ਤੇ ਛੱਡ ਆਏ ਸਨ, ਜਿੱਥੇ ਖੀਰਾਂ ਚੜ੍ਹਦੀਆਂ ਨੇ ਤੇ ਕੁੱਤਿਆਂ ਦੀ ਭੀੜ ਖੀਰਾਂ ਛਕਦੀ ਹੈ। ਓਥੇ ਕਿਸੇ ਸੇਵਾਦਾਰ ਨੂੰ ਕਿਹਾ ਕਿ ਇਹਨੂੰ ਰਾਤ ਤੱਕ ਬੰਨ੍ਹੀ ਰੱਖਣਾ। ਉਹ ਟਰਾਲੀ 'ਤੇ ਵਾਪਸ ਆ ਗਏ ਤੇ ਸੋਚਦੇ ਸਨ ਕਿ ਏਨੇ ਦੂਰ ਛੱਡ ਆਏ ਹਾਂ ਤੇ ਲੈ ਕੇ ਵੀ ਟਰਾਲੀ 'ਤੇ ਗਏ ਆਂ। ਉਹਨੂੰ ਕਿਹੜਾ ਰਾਹ ਦਾ ਪਤਾ ਲੱਗਣਾ। ਪਰ ਚੌਥੇ ਦਿਨ ਟੌਮੀ ਵਾਪਸ ਘਰ ਆ ਗਿਆ ਸੀ।"

ਅਸੀਂ ਆਸਵੰਦ ਹੋ ਜਾਂਦੇ। ਪਰ ਸਾਨੂੰ ਚੌਥਾ ਦਿਨ ਉਡੀਕਣਾ ਨਾ ਪਿਆ। ਜਦੋਂ ਤੀਜੇ ਦਿਨ ਅਸੀਂ ਸਕੂਲੋਂ ਮੁੜੇ ਤਾਂ ਕੀ ਵੇਖਦੇ ਹਾਂ ਰਿੰਪੀ ਮੇਨ ਗੇਟ ਦੇ ਪਿੱਲਰ ਉੱਤੇ ਆਪਣੇ ਕੰਨ ਖੜੇ ਕਰ ਕੇ ਬੈਠੀ ਹੋਈ ਸੀ। ਸਾਨੂੰ ਵੇਖ ਕੇ ਉਹਨੇ ਪਿੱਲਰ ਤੋਂ ਛਾਲ ਮਾਰੀ ਤੇ ਸਾਡੇ ਵੱਲ ਮਿਲਣ ਨੂੰ ਭੱਜੀ। ਸੁਪਨ ਤੇ ਮੈਂ ਵੀ ਆਪਣੇ ਸਾਈਕਲ ਭੁੰਜੇ ਸੁੱਟ ਦਿੱਤੇ ਤੇ ਭੱਜ ਕੇ ਰਿੰਪੀ ਦੇ ਗਲ ਚਿੰਬੜ ਗਏ। ਸਾਡੀ ਖ਼ੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਸੀ। ਉਹ ਸਾਰਾ ਦਿਨ ਅਸੀਂ ਰਿੰਪੀ ਨਾਲ ਲਾਡੀਆਂ ਕਰਦੇ ਰਹੇ ਤੇ ਸੁਪਨ ਉਹਦੇ ਸਿਰ 'ਤੇ ਨਿੱਕੀਆਂ ਪਟੋਕੀਆਂ ਮਾਰ ਕੇ ਆਖੇ, "ਗੰਦੀ ਰਿੰਪੀਏ! ਮੁੜ ਕੇ ਗਵਾਚੇਂਗੀ? ਆਖ ਨਹੀਂ!" ਤੇ ਆਪੇ ਹੀ ਉਹਦੇ ਕੰਨ ਫੜ ਕੇ 'ਨਾਂਹ' ਵਿਚ ਉਹਦਾ ਸਿਰ ਹਿਲਾਈ ਜਾਵੇ। ਅਸੀਂ ਹੱਸੀ ਜਾਈਏ।

ਗੋਲਡਨ ਐਵੇਨਿਊ 'ਚ ਘਰ ਪਾਉਣ ਤੋਂ ਬਾਅਦ ਛੇਤੀ ਹੀ ਅਸੀਂ ਉੱਥੇ ਸ਼ਿਫ਼ਟ ਕਰ ਗਏ। ਨਵੇਂ ਘਰ ਜਾਣ ਵੇਲੇ ਅਸੀਂ ਰਿੰਪੀ ਨੂੰ ਵੀ ਆਪਣੇ ਨਾਲ ਲੈ ਕੇ ਜਾਣਾ ਹੀ ਸੀ। ਪਰ ਅਗਲੀ ਸਵੇਰੇ ਦੇਖਿਆ ਕਿ ਰਿੰਪੀ ਮੁੜ ਕਿਧਰੇ ਗਵਾਚ ਗਈ। ਹਰ ਪਾਸੇ ਲੱਭਿਆ, ਉੱਚੀ-ਉੱਚੀ ਆਵਾਜ਼ਾਂ ਮਾਰੀਆਂ, ਪਰ ਰਿੰਪੀ ਕਿਧਰੇ ਨਾ ਲੱਭੇ। ਕਿੱਥੇ ਚਲੀ ਗਈ , ਪਤਾ ਨਾ ਲੱਗੇ। ਫ਼ੇਰ ਡੈਡੀ ਉਹਨੂੰ ਲੱਭਦੇ ਲਭਾਉਂਦੇ ਹਰਦਿਆਲ ਨਗਰ ਵਾਲੇ ਘਰ ਵੱਲ ਗਏ ਤਾਂ ਦੇਖਿਆ ਕਿ ਮੈਡਮ ਓਥੇ ਆਪਣੇ ਸੌ ਦੇ ਨੋਟ ਵਾਂਗਰ ਕੜਕਦੇ ਖੜ੍ਹੇ ਕੰਨਾਂ ਨਾਲ ਪੈਰ ਪਸਾਰ ਕੇ, ਪਿਠ ਸਿੱਧੀ ਕਰ ਕੇ ਦਰਵਾਜ਼ੇ ਦੇ ਪਿੱਲਰ 'ਤੇ ਚੜ੍ਹ ਕੇ ਬੈਠੀ ਹੋਈ ਸੀ। ਉਹਦੇ ਭਾਅ ਦਾ ਉਹਦਾ ਘਰ ਇਹੀ ਸੀ। ਗੋਲਡਨ ਐਵੇਨਿਊ ਤੋਂ ਆਪੇ ਹੀ ਲੱਭ ਕੇ ਵਾਪਸ ਹਰਦਿਆਲ ਨਗਰ ਵਾਲੇ ਘਰ ਪਹੁੰਚ ਗਈ ਸੀ ਉਹ। ਸੋਚਦੀ ਹੋਊ ਆਪੇ ਲੱਭਦੇ ਲੱਭਦੇ ਆ ਜਾਣਗੇ। ਨਾ ਆਉਣਗੇ ਤਾਂ ਫਿਰ ਆਪੇ ਲੱਭਦੇ ਰਹਿਣ! ਇਹ ਤਾਂ ਮੇਰੇ ਘਰ ਈ ਬਦਲਾਈ ਜਾਂਦੇ ਆ। ਅਸੀਂ ਭਾਵੇਂ ਸੁਰ ਸਿੰਘ ਵਾਲਾ ਆਪਣਾ ਘਰ ਪਿੱਛੇ ਛੱਡ ਆਏ ਸਾਂ, ਪਰ ਉਹਨੂੰ ਵਿਚਾਰੀ ਨੂੰ ਖੌਰੇ ਆਪਣਾ ਸੁਰ ਸਿੰਘ ਵਾਲਾ ਘਰ ਵੀ ਹਾਲੇ ਭੁੱਲਿਆ ਹੋਊ ਕਿ ਨਹੀਂ ਤੇ ਨਾਲੇ ਉਹਦਾ ਟਾਈਗਰ। ਕੌਣ ਕਹਿੰਦਾ ਕਿ ਇਹ ਬੇਜ਼ੁਬਾਨ ਹੁੰਦੇ ਨੇ, ਗੱਲਾਂ ਤੇ ਉਹ ਬਹੁਤ ਕਰਦੇ ਨੇ ਆਪਣੀ ਜ਼ੁਬਾਨ 'ਚ, ਪਰ ਜੇ ਕੋਈ ਸਮਝੇ ਤਾਂ। ਖ਼ੈਰ! ਮਸੀਂ ਉਹਨੂੰ ਪਿਆਰ ਪੁਚਕਾਰ ਕੇ ਅਸੀਂ ਵਾਪਸ ਲੈ ਕੇ ਗਏ। ਤੇ ਹੌਲੀ ਹੌਲੀ ਉਹਨੂੰ ਵੀ ਅਹਿਸਾਸ ਹੋ ਗਿਆ ਕਿ ਹੁਣ ਉਸਦਾ ਨਵਾਂ ਘਰ 'ਇਹੋ' ਹੀ ਹੈ।

ਰਿੰਪੀ ਬਹੁਤ ਸਿਆਣੀ ਸੀ। ਸ਼ੁਰੂ ਤੋਂ ਈ ਕਦੀ ਘਰ ਵਿਚ 'ਗੰਦ ਨਹੀਂ ਸੀ ਪਾਇਆ। ਉਹ ਸਦਾ ਘਰ ਦੇ ਬਾਹਰ ਤਾਂ ਕੀ, ਦੂਰ ਗੰਨਾ ਫ਼ਾਰਮ 'ਚ ਜਾ ਕੇ ਫ਼ਾਰਗ ਹੋ ਕੇ ਆਉਂਦੀ। ਤੇ ਸੱਚੀ ਗੱਲ ਸੀ ਅਸੀਂ ਕਦੀ ਵੀ ਰਿੰਪੀ ਨੂੰ ਆਪਣੀਆਂ ਅੱਖਾਂ ਸਾਹਵੇਂ 'ਇਹ ਕੰਮ' ਕਰਦਿਆਂ ਵੇਖਿਆ ਹੀ ਨਹੀਂ ਸੀ। ਉਹ ਗੰਨੇ ਦੇ ਖੇਤਾਂ ਵਿਚ ਵੜ ਜਾਂਦੀ ਤੇ ਆਪਣੀ ਨਿੱਤ ਕਿਰਿਆ ਸੋਧ ਕੇ ਆ ਜਾਂਦੀ। ਇਹ ਗੱਲ ਮੁਹੱਲੇ ਵਾਲਿਆਂ ਨੂੰ ਵੀ ਪਤਾ ਸੀ। ਇਹ ਉਹਦੀਆਂ ਬਹੁਤ ਵੱਡੀਆਂ ਸਿਫ਼ਤਾਂ ਵਿੱਚੋਂ ਇੱਕ ਸਿਫ਼ਤ ਸੀ। ਇਹਦੇ ਨਾਲ ਜੁੜਦਾ ਮੈਨੂੰ ਹਾਸੇ ਵਾਲਾ ਇੱਕ ਕਿੱਸਾ ਵੀ ਯਾਦ ਆ ਗਿਆ। ਸਾਡੇ ਨਵੇਂ ਗੁਆਂਢੀ ਆਏ। ਉਨ੍ਹਾਂ ਕੋਲ ਇੱਕ ਕੁੱਤਾ ਸੀ। ਦੋ ਤਿੰਨ ਦਿਨ ਲਗਾਤਾਰ ਉਨ੍ਹਾਂ ਦਾ ਕੁੱਤਾ ਦੂਜੇ ਗੁਆਂਢੀਆਂ ਦੇ ਘਰ ਅੱਗੇ ਗੰਦ ਪਾ ਦਿਆ ਕਰੇ। ਜਦੋਂ ਆਸੇ-ਪਾਸੇ ਵਾਲੇ ਖਿਝੇ ਤਾਂ ਉਹ ਨਵੇਂ ਗੁਆਂਢੀ ਕਹਿਣ ਲੱਗੇ ਬਈ ਇਹ ਸਾਡੇ ਕੁੱਤੇ ਦਾ ਨਹੀਂ , ਰਿੰਪੀ ਦਾ ਕੰਮ ਐ। ਏਨਾ ਕਹਿਣ ਦੀ ਦੇਰ ਈ ਸੀ, ਸਾਰਾ ਆਂਢ-ਗੁਆਂਢ ਰਿੰਪੀ ਦੇ ਪੱਖ 'ਚ ਖਲੋ ਗਿਆ, ਕਹਿੰਦੇ ਰਿੰਪੀ ਦੀ ਤਾਂ ਅਸੀਂ ਗਰੰਟੀ ਲੈਂਦੇ ਆਂ, ਉਹ ਤਾਂ ਏਦਾਂ ਕਰ ਹੀ ਨਹੀਂ ਸਕਦੀ। ਆਂਢ-ਗਵਾਂਢ ਵੱਲੋਂ ਰਿੰਪੀ ਦੇ ਹੱਕ ਵਿਚ ਦਿੱਤੀ ਗਵਾਹੀ ਸੁਣ ਕੇ ਸਾਨੂੰ ਆਪਣੀ ਰਿੰਪੀ 'ਤੇ ਬਹੁਤ ਪਿਆਰ ਆਇਆ।

ਰਿੰਪੀ ਲਾਈਫ਼ ਨੂੰ ਪੂਰਾ ਇਨਜਾਏ ਕਰਦੀ ਸੀ। ਆਪਣੀ ਮਰਜ਼ੀ ਦੀ ਮਾਲਕ ਸੀ। ਅਸੀਂ ਉਹਨੂੰ ਸੰਗਲੀ ਨਾਲ ਬੰਨ੍ਹ ਕੇ ਨਹੀਂ ਸੀ ਰੱਖਦੇ। ਉਹਦਾ ਜਦ ਜੀਅ ਕਰਦਾ, ਘਰੇ ਵੜਦੀ। ਉਹ ਸਾਡੀ ਹੀ ਨਹੀਂ ਸਾਰੀ ਗਲੀ ਦੀ ਸਰਵ-ਸਾਂਝੀ ਰਖਵਾਲੀ ਸੀ। ਗਲੀ ਵਿਚ ਕੋਈ ਕੁੱਤਾ, ਜਾਨਵਰ, ਮੰਗਤਾ, ਫ਼ਕੀਰ ਜਾਂ ਕੋਈ ਅਜਨਬੀ ਵੜਦਾ ਤਾਂ ਰਿੰਪੀ ਝਈਆਂ ਲੈ ਲੈ ਪੈਂਦੀ। ਜ਼ੋਰ ਦੀ ਭੌਂਕਦੀ। ਵੱਢਦੀ ਨਾ, ਪਰ ਵੱਢਣ ਦਾ ਡਰਾਵਾ ਦਿੰਦੀ ਇੱਕ ਵਾਰ ਮੈਂ ਕਿਚਨ 'ਚ ਮੈਂਗੋਸ਼ੇਕ ਬਣਾ ਰਹੀ ਸੀ ਤੇ ਮੇਰੇ ਹੱਥੋਂ ਮਿਕਸੀ ਤਿਲਕ ਗਈ ਤੇ ਸਾਰਾ ਸ਼ੇਕ ਫ਼ਰਸ਼ 'ਤੇ ਡੁੱਲ੍ਹ ਗਿਆ। ਸੋਚਿਆ ਹੁਣ ਕੀ ਕਰਾਂ? ਕਿਹਾ ਚਲੋ ਰਿੰਪੀ ਤੇ ਡੈਨਿਮ ਨੂੰ ਹੀ ਪਿਆ ਦਿੰਦੇ ਆਂ। ਆਵਾਜ਼ ਦੇਣ 'ਤੇ ਡੈਨਿਮ ਦੜ-ਦੜ ਕਰਦਾ ਭੱਜਾ ਆਇਆ, ਪਰ ਰਿੰਪੀ ਕਿਚਨ ਦੇ ਅੰਦਰ ਨਹੀਂ ਆਈ। ਆਮ ਕੁੱਤਿਆਂ ਵਾਂਗਰ ਉਹ ਭੋਜ 'ਚ ਨਹੀਂ ਪਈ ਤੇ ਨਾ ਹੀ ਉਹਨੇ ਕੋਈ ਤਾਕਤ ਅਜ਼ਮਾਈ ਕਰਨੀ ਚਾਹੀ। ਡੈਨਿਮ ਨੇ, ਜਦ ਤੱਕ ਕਿ ਉਹਦਾ ਢਿੱਡ ਨਹੀਂ ਆਫ਼ਰਿਆ, ਰੱਜ ਕੇ ਸ਼ੇਕ ਪੀਤਾ ਤੇ ਫ਼ਿਰ ਕਿਚਨ 'ਚੋਂ ਦੁੜਕੀ ਹੋ ਗਿਆ। ਫ਼ਿਰ ਮੈਂ ਰਿੰਪੀ ਨੂੰ ਬਹੁਤ ਜ਼ੋਰ ਦੇ ਕੇ ਅੰਦਰ ਬੁਲਾਇਆ, ਉਹ ਕੁਝ ਸੋਚਦੀ ਜਿਹੀ ਅੰਦਰ ਆਈ ਕਿਉਂਕਿ ਉਹਦਾ ਸਵੈ-ਮਾਣ ਉਹਨੂੰ ਅੰਦਰ ਆਉਣ ਤੋਂ ਰੋਕ ਰਿਹਾ ਸੀ। ਡੈਨਿਮ ਗਿਆ ਤੇ ਫ਼ਿਰ ਕਿਤੇ ਜਾ ਕੇ ਉਹ ਅੰਦਰ ਆਈ।

ਇੱਕ ਹੋਰ ਯਾਦ- ਲੋਹੜੀ 'ਤੇ ਬਲਦੇ ਹੋਏ ਭੁੱਗੇ ਕੋਲ ਉਹ ਦੋਹਵੇਂ ਤੁਰੇ ਫ਼ਿਰਨ। ਮੂੰਗਫ਼ਲੀ ਪਾਈ ਤਾਂ ਮੈਂ ਆਪਣੇ ਭਰਾ ਨੂੰ ਕਿਹਾ- "ਦੇਖੀਂ ਰਿੰਪੀ ਅਤੇ ਡੈਨਿਮ ਦੇ ਖਾਣ ਦੇ ਤਰੀਕੇ 'ਚ ਫ਼ਰਕ। ਡੈਨਿਮ ਨੂੰ ਜੁਦ ਮੂੰਗਫ਼ਲੀ ਪਾਈ ਤਾਂ ਉਹ ਸਣੇ ਛਿਲਤਾਂ ਦੇ ਦਬਾ-ਦਬ ਚੱਬ ਗਿਆ। ਰਿੰਪੀ ਪੰਜਿਆਂ 'ਚ ਪੋਲਾ ਜਿਹਾ ਆਪਣੇ ਦੰਦਾਂ ਨਾਲ ਛਿੱਲੇ ਤੇ ਫ਼ਿਰ ਗਿਰੀ ਕੱਢ ਕੇ ਖਾਵੇ। ਏਨੀ ਸੂਝ ਸੀ ਉਹਦੇ 'ਚ।

ਮੰਮੀ ਨੇ ਹਰ ਵੇਲੇ ਕਹਿੰਦੇ ਰਹਿਣਾ- "ਇਹ ਕੁੜੀ ਤਾਂ ਸਾਰਾ ਦਿਨ ਰਿੰਪੀ ਨੂੰ ਹੀ ਚਿੰਬੜੀ ਰਹਿੰਦੀ ਏ।" ਅੱਜ ਮੇਰੀ ਮੰਮੀ ਨੂੰ ਵੀ ਇਹ ਪੜ੍ਹ ਕੇ ਪਤਾ ਲੱਗ ਜਾਊ ਕਿ ਮੈਂ ਰਿੰਪੀ ਨਾਲ ਕੀ ਕਰਦੀ ਰਹਿੰਦੀ ਸੀ। ਮੰਮੀ ! ਮੈਂ ਉਹਦੇ ਨਾਲ ਗੱਲਾਂ ਕਰਦੀ, ਅਗਲੀਆਂ ਦੋਹਵੇਂ ਲੱਤਾਂ ਫ਼ੜ੍ਹ ਕੇ ਉਹਨੂੰ ਡਾਂਸ ਕਰਵਾਉਂਦੀ ਤੇ ਰਾਜ਼ ਦੀ ਗੱਲ ਦੱਸਾਂ! ਕਦੇ ਕਦੇ ਮੈਂ ਉਹਦੇ ਮੱਥੇ ਉੱਤੇ ਪਾਰੀ ਵੀ ਕਰਦੀ ਹੁੰਦੀ ਸੀ, ਸਿਆਲਾਂ 'ਚ ਬਹੁਤੀ ਠੰਡ ਹੋਣ ਕਾਰਨ ਉਹਦੇ ਸਿਰ 'ਤੇ ਉੱਨ ਦਾ ਸਕਾਰਫ਼ ਬੰਨ੍ਹ ਦੇਣਾ। ਰਿੰਪੀ ਨੇ ਖਿਝ ਕੇ ਪੰਜੇ ਨਾਲ ਸਕਾਰਫ਼ ਲਾਹ ਕੇ ਪਰ੍ਹਾਂ ਮਾਰਨਾ ਤੇ ਮੈਥੋਂ ਪਿੱਛਾ ਛੁਡਾਉਂਦੀ ਨੇ ਮੰਜੇ ਪਿੱਛੇ ਲੁਕ ਜਾਣਾ। ਮੇਰੇ ਬਹੁਤੇ ਪਿਆਰ ਤੋਂ ਵੀ ਕਦੇ ਕਦੇ ਉਹ ਅੱਕ ਜਾਂਦੀ। ਉਹਦੇ ਭਾਅ ਦਾ ਤਾਂ ਮੈਂ ਉਹਨੂੰ ਪਿਆਰ ਘੱਟ ਤੇ ਤੰਗ ਜ਼ਿਆਦਾ ਕਰਦੀ ਸੀ। ਦੂਜੇ ਬੰਨੇ ਘਰ ਦੇ ਘੱਟ ਮਿਲਣ ਵਾਲੇ ਮੈਂਬਰਾਂ ਦੀ ਉਹ ਬਹੁਤ ਇੱਜ਼ਤ ਕਰਦੀ। ਬਾਕੀ ਸਭ ਦੇ ਪੈਰਾਂ 'ਚ ਤਾਂ ਉਹ ਵਿਛ ਵਿਛ ਜਾਂਦੀ। ਮੈਨੂੰ ਸਾੜਾ ਹੁੰਦਾ ਕਿ ਇਹ ਮੈਨੂੰ ਏਦਾਂ ਕਾਹਤੋਂ ਨਹੀਂ ਪਿਆਰ ਕਰਦੀ? ਉਹਨੂੰ ਇਹ ਡਰ ਹੁੰਦਾ ਬਈ ਹੁਣ ਜੇ ਇਹਦਾ ਮੈਂ ਸਕੂਲੋਂ ਆਈ ਦਾ ਸਵਾਗਤ ਕੀਤਾ ਤਾਂ ਇਹਨੇ ਮੈਨੂੰ ਫ਼ਿਰ ਚਿੰਬੜ ਜਾਣਾ। ਇਸ ਲਈ ਮੈਨੂੰ ਤਾਂ ਉਹ ਦੂਰੋਂ ਈ ਫ਼ੌਰਮੈਲਿਟੀ ਜਿਹੀ ਵਾਲੀ ਸਮਾਈਲ ਦੇ ਕੇ ਮਚਕਦੀ ਮਚਕਦੀ ਉਠ ਕੇ ਮੇਰੇ ਅੱਗੇ ਤੁਰ ਪੈਂਦੀ। ਹੁਣ ਚਾਹੇ ਮੈਂ ਬੱਚੀ ਨਹੀਂ ਰਹੀ, ਪਰ ਤੂੰ ਜੇ ਮੈਨੂੰ ਹੁਣ ਵੀ ਮਿਲ ਪਏਂ ਨਾ ਰਿੰਪੀ, ਮੈਂ ਤੈਨੂੰ ਓਵੇਂ ਈ ਤੰਗ ਕਰਾਂ।

ਰਿੰਪੀ ਦੀ ਇੱਕੋ ਇੱਕ ਕਮਜ਼ੋਰੀ ਸੀ ਕਿ ਉਹ ਨਹਾਉਣਾ ਪਸੰਦ ਨਹੀਂ ਸੀ ਕਰਦੀ। ਨਵ੍ਹਾਉਣ ਲਈ ਉਹਨੂੰ ਖਿੱਚ ਖਿੱਚ ਕੇ ਲਿਆਉਣਾ ਪੈਂਦਾ। ਨਵ੍ਹਾ-ਧੁਆ ਕੇ ਮੈਂ ਕਹਿਣਾ, ਰਿੰਪੀ ਦੇ ਕਾਲੀ ਕਮੀਜ਼, ਭੂਰੀ ਸਲਵਾਰ ਤੇ ਚਿੱਟੀਆਂ ਜੁੱਤੀਆਂ ਪਾਈਆਂ ਹੋਈਆਂ ਨੇ। ਕਿੰਨੀ ਸਮਾਰਟ ਆ ਇਹ। ਜੇ ਅਸੀਂ ਬਾਹਰ ਕਿਧਰੇ ਜਾਂਦੇ ਤਾਂ ਸਾਨੂੰ ਜਿੰਨੀ ਦੂਰ ਤੱਕ ਸੰਭਵ ਹੁੰਦਾ ਛੱਡ ਕੇ ਆਉਂਦੀ। ਹਾਰ ਕੇ ਉਹਨੂੰ ਇਸ ਗੱਲ ਤੋਂ ਡਰਦਿਆਂ ਕਿ ਕਿਤੇ ਉਹ ਕਿਸੇ ਗੱਡੀ ਥੱਲੇ ਨਾ ਆ ਜਾਵੇ, ਵੱਟਾ ਦਿਖਾ ਕੇ ਡਰਾਉਣਾ ਪੈਂਦਾ, ਬਈ ਚੱਲ ਹੁਣ ਵਾਪਸ ਘਰ ਜਾਹ। ਇੱਕ ਵਾਰੀ ਏਦਾਂ ਈ ਗਲਤੀ ਨਾਲ ਸੁਪਨ ਨੇ ਉਹਨੂੰ ਵਾਪਸ ਘਰੇ ਭੇਜਣ ਲਈ ਵੱਟੇ ਨਾਲ ਡਰਾਇਆ, ਉਹ ਘੁੰਮ ਕੇ ਵੱਟੇ ਵਾਲੇ ਪਾਸੇ ਆ ਗਈ ਤੇ ਉਹਦੀ ਇੱਕ ਅੱਖ ਜਾਂਦੀ ਰਹੀ। ਪਰ ਫ਼ਿਰ ਵੀ ਉਹ ਸਾਰਿਆਂ ਨੂੰ 'ਸੀ ਔਫ਼' ਕਰਨੋਂ ਨਹੀਂ ਸੀ ਹਟੀ।

ਬਹੁਤ ਯਾਦਾਂ ਹਨ ਰਿੰਪੀ ਦੀਆਂ। ਪਰ ਜ਼ਿੰਦਗੀ ਦੇ ਅਖ਼ੀਰਲੇ ਦਿਨ ਜਿੰਦਾਂ ਉਹਨੇ ਕੱਟੇ, ਉਹ ਡਿਜ਼ਰਵ ਨਹੀਂ ਸੀ ਕਰਦੀ। ਜ਼ਿੰਦਗੀ ਦੇ ਸਤਾਰ੍ਹਵੇਂ ਵਰ੍ਹੇ ਤੱਕ ਪਹੁੰਚਦਿਆਂ ਪਹੁੰਚਦਿਆਂ ਰਿੰਪੀ ਦੀ ਬੱਸ ਹੋ ਗਈ ਸੀ। ਦੂਜੀ ਅੱਖ ਦੀ ਨਿਗ੍ਹਾ ਵੀ ਚਲੀ ਜਾਣ ਕਰਕੇ ਅੰਨ੍ਹੀ ਹੋ ਚੁੱਕੀ ਸੀ। ਫ਼ਿਰ ਵੀ ਉਹ ਟੋਹ-ਟੋਹ ਕੇ ਬਾਹਰ ਦਾ ਰਾਹ ਲੱਭ ਕੇ ਬਾਹਰ ਬਾਥਰੂਮ ਕਰਨ ਜਾਂਦੀ। ਘਰ ਵਿਚ ਉਹਨੇ ਅੰਨ੍ਹੀ ਹੋ ਜਾਣ ਦੇ ਬਾਵਜੂਦ ਕਦੀ ਪਿਸ਼ਾਬ ਨਹੀਂ ਸੀ ਕੀਤਾ। ਕਈ ਵਾਰ ਤੁਰੀ ਜਾਂਦੀ ਦਾ ਸਿਰ 'ਥੰਡ' ਦੇ ਕੇ ਕੰਧ 'ਚ ਜਾ ਵੱਜਦਾ, ਵਿਚਾਰੀ ਕਸੀਸ ਜਿਹੀ ਵੱਟ ਕੇ ਫ਼ਿਰ ਦੂਜੇ ਪਾਸੇ ਨੂੰ ਹੋ ਕੇ ਰਸਤਾ ਲੱਭਣ ਤੁਰ ਪੈਂਦੀ। ਇਹ ਉਹਦੇ ਉਹ ਦਿਨ ਸੀ, ਜਦ ਸਾਨੂੰ ਜ਼ਿੰਦਗੀ 'ਚ ਪਹਿਲੀ ਵਾਰ ਉਹਨੂੰ ਸੰਗਲੀ ਨਾਲ ਬੰਨ੍ਹਣਾ ਪਿਆ ਤਾਂ ਕਿ ਉਹ ਕੰਧਾਂ 'ਚ ਵੱਜ ਵੱਜ ਕੇ ਸੱਟਾਂ ਨਾ ਲਵਾਵੇ। ਹੌਲੀ ਹੌਲੀ ਉਹਦੇ ਕੈਂਸਰ ਜਿਹਾ ਫ਼ੁੱਟਣ ਲੱਗ ਪਿਆ। ਕਦੇ ਉਹਦੀ ਧੌਣ 'ਤੇ ਵੱਡੀ ਸਾਰੀ ਗਿਲਟੀ ਨਿਕਲ ਆਉਣੀ ਤੇ ਉਹ ਵੱਧਦੀ ਵੱਧਦੀ ਫ਼ਟ ਜਾਣੀ। ਫ਼ਟ ਜਾਣ ਤੋਂ ਬਾਅਦ ਉਸ ਜ਼ਖ਼ਮ 'ਚ ਕੀੜੇ ਪੈ ਜਾਣੇ।

ਜਦੋਂ ਪਹਿਲੀ ਵਾਰ ਮੈਂ ਵੱਡੇ ਵੱਡੇ ਸੁੰਡੇ ਜਿਹੇ ਰਿੰਪੀ ਦੇ ਆਸ-ਪਾਸ ਰੀਂਗਦੇ ਵੇਖੇ ਤਾਂ ਹੀ ਪਤਾ ਲੱਗਾ ਕਿ ਉਹਦੇ ਜ਼ਖ਼ਮਾਂ ਵਿਚ ਕੀੜੇ ਪੈ ਗਏ ਨੇ। ਡੈਡੀ ਦੇਸ਼ ਭਗਤ ਯਾਦਗਾਰ ਹਾਲ ਵਿਚ ਆਉਣ ਵਾਲੇ ਆਪਣੇ ਅਜ਼ੀਜ਼, ਪਸ਼ੂਆਂ ਦੇ ਡਾਕਟਰ ਸੈਲੇਸ਼ ਨੂੰ ਲੈ ਕੇ ਆਏ। ਡਾਕਟਰ ਨੇ ਦਵਾਈ ਲਾ ਕੇ ਉਹਦੇ ਜ਼ਖ਼ਮ ਧੋਤੇ ਤੇ ਫ਼ਿਰ ਕਿਸੇ ਸੰਦ ਨਾਲ ਜ਼ਖ਼ਮਾਂ ਵਿਚੋਂ ਕੀੜੇ ਕੱਢ ਕੱਢ ਬਾਹਰ ਰੱਖਣ ਲੱਗਾ। ਮੈਂ ਹੈਰਾਨ ਰਹਿ ਗਈ ਕਿ ਰਿੰਪੀ ਵਿਚਾਰੀ ਕਿੰਨੀ ਤਕਲੀਫ਼ ਵਿਚੋਂ ਗੁਜ਼ਰ ਰਹੀ ਸੀ। ਮੂੰਹੋਂ ਬੋਲ ਕੇ ਹੀ ਆਪਣਾ ਦੁੱਖ ਨਹੀਂ ਸੀ ਦੱਸ ਸਕਦੀ। ਹੁਣ ਰੋਜ਼ ਮੈਂ ਤੇ ਡੈਡੀ ਉਹਦੇ ਕੀੜੇ ਕੱਢਦੇ, ਡਾਕਟਰ ਵੱਲੋਂ ਦਿੱਤੀ ਬੀਟਾਡਿਨ ਨਾਲ ਉਹਦੇ ਜ਼ਖ਼ਮ ਨੂੰ ਸਾਫ਼ ਕਰਦੇ। ਜੇ ਉਹ ਜ਼ਖ਼ਮ ਠੀਕ ਹੁੰਦਾ ਤਾਂ ਦੂਜਾ ਫ਼ੁੱਟ ਪੈਂਦਾ। ਪਰ ਏਨੀ ਹੰਭੀ-ਹਾਰੀ ਹੋਣ ਦੇ ਬਾਵਜੂਦ ਵੀ ਉਹ ਘਰ ਦੀ ਸਫ਼ਾਈ ਦਾ ਪੂਰਾ ਧਿਆਨ ਰੱਖਦੀ। ਜਦੋਂ ਉਹਨੂੰ ਹਾਜਤ ਹੁੰਦੀ ਤਾਂ 'ਚੂੰਅ!ਚੂੰਅ!' ਕਰ ਕੇ ਮੈਨੂੰ ਸੂਚਿਤ ਕਰ ਦਿੰਦੀ। ਮੈਂ ਉਹਨੂੰ ਸੰਗਲੀ ਤੋਂ ਕੇ ਹੌਲੀ ਹੌਲੀ ਤੋਰ ਕੇ ਗੰਨਾਂ ਫ਼ਾਰਮ ਵੱਲ ਲੈ ਜਾਂਦੀ। ਉਹ ਮੁਨਾਸਬ ਥਾਂ ਦਾ ਸੁੰਘ ਕੇ ਅਨੁਮਾਨ ਲਾਉਂਦੀ ਤੇ ਬੋਝ ਮੁਕਤ ਹੋ ਜਾਂਦੀ।

ਉਹਨੀ ਦਿਨੀਂ ਮੈਂ ਮਾਸਟਰਜ਼ ਕਰ ਚੁੱਕੀ ਸੀ ਤੇ ਆਪਣੇ ਕੰਪਿਊਟਰਜ਼ ਐਪਲੀਕੇਸ਼ਨਜ਼ ਦੇ ਪੇਪਰਾਂ ਦੀ ਤਿਆਰੀ ਕਰ ਰਹੀ ਸੀ ਕਿ ਇੱਕ ਦਿਨ ਮੰਮੀ ਸਵੇਰੇ ਸਵੇਰੇ ਮੇਰੇ ਕਮਰੇ 'ਚ ਆ ਕੇ ਕਹਿੰਦੇ, "ਆਹ ਚਾਹ ਪੀ ਲਾ! ਫ਼ਿਰ ਰਿੰਪੀ ਨੂੰ ਦੇਖੀਂ ਜਾ ਕੇ।" ਮੈਨੂੰ ਪਤਾ ਲੱਗ ਗਿਆ ਕਿ ਮੰਮੀ ਦਾ ਮਤਲਬ ਕੀ ਸੀ। ਜਦ ਮੈਂ ਥੱਲੇ ਜਾ ਕੇ ਰਿੰਪੀ ਨੂੰ ਹੱਥ ਲਾ ਕੇ ਦੇਖਿਆ ਤਾਂ ਉਹ ਇਸ ਦੁਨੀਆਂ ਨੂੰ ਛੱਡ ਕੇ ਜਾ ਚੁੱਕੀ ਸੀ। ਮੈਂ ਉਹਦੇ ਕੰਨਾਂ ਤੇ ਹੱਥ ਫ਼ੇਰ ਕੇ ਉਹਦੇ ਨਾਲ ਪਿਆਰ ਕੀਤਾ ਅਤੇ ਉਹਦੇ ਸਰੀਰ ਨੂੰ ਇੱਕ ਬੋਰੇ 'ਚ ਪਾਉਂਦਿਆਂ ਮੈਨੂੰ ਉਹ ਪਹਿਲਾ ਦਿਨ ਯਾਦ ਆ ਗਿਆ ਜਦੋਂ ਉਹ ਨਿੱਕੀ ਜਿਹੀ ਪਹਿਲੇ ਦਿਨ ਈ ਬੋਰੀ 'ਚ ਗਵਾਚ ਗਈ ਸੀ। ਫ਼ਰਕ ਸਿਰਫ਼ ਏਨਾ ਸੀ ਕਿ ਉਦੋਂ ਅਸੀਂ ਉਹਦੇ ਬੋਰੀ 'ਚ ਵੜ ਜਾਣ 'ਤੇ ਹੱਸੇ ਸੀ ਤੇ ਅੱਜ ਉਹਨੂੰ ਬੋਰੀ 'ਚ ਬੰਦ ਕਰਨ ਲੱਗਿਆਂ ਮੇਰੀ ਹਿੰਮਤ ਜਵਾਬ ਦੇ ਰਹੀ ਸੀ। ਜ਼ਿੰਦਗੀ ਇੱਕ ਫ਼ਲੈਸ਼ ਬੈਕ 'ਚ ਮੇਰੀਆਂ ਅੱਖਾਂ ਅੱਗੇ ਘੁੰਮ ਗਈ ਕਿ ਕਿਵੇਂ ਇਕੱਲੀ ਮੈਂ ਹੀ ਨਹੀਂ ਜਿਸਨੇ ਰਿੰਪੀ ਦੇ ਨਾਲ ਬਚਪਨ ਤੋਂ ਜਵਾਨੀ 'ਚ ਪੈਰ ਰੱਖਿਆ ਸੀ, ਬਲਕਿ ਮੈਂ, ਮੇਰੇ ਦੋਵੇਂ ਭੈਣ-ਭਰਾ ਤੇ ਰਿੰਪੀ ਅਸੀਂ ਸਾਰੇ ਇਕੱਠੇ ਈ ਤਾਂ ਜਵਾਨ ਹੋਏ ਸਾਂ। ਫ਼ਰਕ ਸਿਰਫ਼ ਏਨਾ ਸੀ ਕਿ ਉਹਦੀ ਉਮਰ ਦਾ ਪੰਧ ਛੇਤੀ ਮੁੱਕ ਗਿਆ ਸੀ। ਜ਼ਿੰਦਗੀ ਦੀ ਕਹਾਣੀ ਦਾ ਇੱਕ ਖ਼ੂਬਸੂਰਤ ਚੈਪਟਰ ਮੁੱਕ ਚੁੱਕਾ ਸੀ! ਡੈਡੀ ਰਿੰਪੀ ਨੂੰ ਗੰਨਾ ਫ਼ਾਰਮ 'ਚ ਜਾ ਕੇ ਦਬਾ ਆਏ। ਮੈਂ ਉਸ ਦਿਨ ਬਹੁਤ ਉਦਾਸ ਸੀ, ਮੈਂ ਰੋਈ ਬਹੁਤਾ ਨਹੀਂ ਸੀ, ਪਰ ਦਿਮਾਗ਼ ਸੁੰਨ ਸੀ। ਸੋਚਿਆ ਕਿ ਚਲੋ ਵਿਚਾਰੀ ਦਾ ਦੁੱਖਾਂ ਤੋਂ ਛੁਟਕਾਰਾ ਹੋਇਆ। ਪਰ ਅੱਜ ਰਿੰਪੀ ਦੀ ਮੌਤ ਬਾਰੇ ਲਿਖਦਿਆਂ ਮੇਰਾ ਗੱਚ ਫ਼ੇਰ ਭਰ ਆਇਆ ਏ। ਇਹ ਬੇਜ਼ਬਾਨੇ ਵਾਕਿਆ ਈ ਘਰ ਦੇ ਮੈਂਬਰ ਹੁੰਦੇ ਨੇ ਜੋ ਤੁਹਾਨੂੰ ਕਈ ਕੁਝ ਸਿਖਾ ਜਾਂਦੇ ਨੇ।

ਅੱਜ ਉਹਨੂੰ ਗਿਆਂ ਲੱਗਭਗ ਡੇਢ ਦਹਾਕੇ ਤੋਂ ਵੀ ਉੱਤੇ ਹੋ ਚੁੱਕਾ ਹੈ ਪਰ ਉਹਦੀ ਕਮੀ ਮੈਨੂੰ ਅੱਜ ਵੀ ਮਹਿਸੂਸ ਹੁੰਦੀ ਰਹਿੰਦੀ ਏ। ਮੈਂ ਅੱਜ ਵੀ ਆਪਣੇ ਬੱਚਿਆਂ ਨਾਲ ਉਹਦੀਆਂ ਗੱਲਾਂ ਕਰਦੀ ਰਹਿੰਦੀ ਆਂ। ਮੈਂ ਪਿੱਛੇ ਜਿਹੇ 'A Dog's Journey' ਨਾਮ ਦੀ ਮੂਵੀ ਵੇਖੀ ਸੀ, ਜਿਹਦੇ ਵਿੱਚ ਇਹ ਦੱਸਿਆ ਗਿਆ ਸੀ ਕਿ ਹਰ ਜਨਮ ਵਿੱਚ ਤੁਹਾਡਾ ਕੁੱਤਾ ਤੁਹਾਨੂੰ ਕਿਤੇ ਨਾ ਕਿਤੇ ਟੱਕਰਦਾ ਏ ਤੇ ਤੁਹਾਨੂੰ ਇਹ ਦੱਸਣ ਦੀ ਕੋਸ਼ਿਸ਼ ਕਰਦਾ ਏ ਕਿ ਵੇਖ ਮੈਂ ਓਹੀ ਆਂ। ਮੈਨੂੰ ਜੇ ਅੱਜ ਕੋਈ ਵੀ ਕੁੱਤਾ ਬਾਹਲਾ ਪਿਆਰ ਕਰੇ ਤਾਂ ਮੇਰੀਆਂ ਅੱਖਾਂ ਅਜੇ ਵੀ ਉਹਦੇ 'ਚੋਂ ਤੈਨੂੰ ਲੱਭਦੀਆਂ ਨੇ ਰਿੰਪੀ! ਮੈਨੂੰ ਭਾਵੇਂ ਪਤੈ ਕਿ ਆਪਾਂ ਫ਼ੇਰ ਜ਼ਿੰਦਗੀ 'ਚ ਕਦੇ ਵੀ ਨਹੀਂ ਮਿਲਣਾ ਪਰ ਤੇਰੀ ਮੇਰੇ ਨਾਲ ਕੀਤੀ ਜੀਵਨ ਯਾਤਰਾ ਅਤੇ ਬਹੁਤ ਪਿਆਰੀਆਂ ਯਾਦਾਂ ਮੈਂ ਆਪਣੇ ਚੇਤਿਆਂ ਵਿੱਚ ਹਮੇਸ਼ਾਂ ਲਈ ਸਾਂਭ ਕੇ ਰੱਖ ਲਈਆਂ ਨੇ। ਲਵ ਯੂ ਮੇਰੀ ਪਿਆਰੀ ਰਿੰਪੀ!

# ਕੈਨੇਡੀਅਨ ਪੰਜਾਬੀ ਕਵਿਤਾ ਦੇ ਥੀਮਿਕ ਪਾਸਾਰ -2

2023 ਵਿਚ ਸੰਪਾਦਿਤ ਪੁਸਤਕ '#ਲਵੈਂਡਰ' (ਕੈਨੇਡਾ ਦੀ ਚੋਣਵੀਂ ਪੰਜਾਬੀ ਕਵਿਤਾ, ਸੰਪਾਦਕ ਸੁਰਜੀਤ/ਟੋਰਾਂਟੋ) ਤੱਕ ਪਹੁੰਚਦਿਆਂ ਕੈਨੇਡਾ ਦੇ ਹਰ ਖਿੱਤੇ ਵਿਚ ਅਣਗਿਣਤ ਕਵੀ ਰਹਿ ਰਹੇ ਹਨ। ਪੰਜਾਬ ਅਤੇ ਹੋਰ ਦੇਸ਼ਾਂ ਤੋਂ ਬਹੁਤ ਸਾਰੇ ਪੰਜਾਬੀ ਸਾਹਿਤਕਾਰ ਇੱਥੇ ਆ ਵਸੇ ਹਨ ਜਿਨ੍ਹਾਂ ਵਿਚ ਕਈ ਬਹੁਤ ਵੱਡੇ ਨਾਮ ਵੀ ਸ਼ਾਮਿਲ ਹਨ। ਇਨ੍ਹਾਂ ਦੀ ਮੌਜੂਦਗੀ ਨੇ ਯਕੀਨਨ ਹੀ ਸਾਹਿਤ ਸਿਰਜਣਾ ਵਿਚ ਮੁੱਲਵਾਨ ਵਾਧਾ ਕੀਤਾ ਹੈ। ਬਹੁਤ ਸਾਰੀਆਂ ਸਾਹਿਤ ਸਭਾਵਾਂ ਵੀ ਸਾਹਿਤ ਨੂੰ ਪ੍ਰਫੁੱਲਿਤ ਕਰਨ ਵਿਚ ਯੋਗਦਾਨ ਪਾ ਰਹੀਆਂ ਹਨ ਫਲਸਰੂਪ ਅੱਜ ਦਾ ਕੈਨੇਡੀਅਨ ਕਵੀ ਉੱਚਪਾਏ ਦੀ ਕਾਵਿਕਾਰੀ ਕਰ ਰਿਹਾ ਹੈ। ਇਸ ਵਿਚ ਮੀਡੀਆ ਦਾ ਵੀ ਵੱਡਾ ਰੋਲ ਹੈ ਜਿਸ ਨੇ ਕਵੀਆਂ ਦੀ ਸੋਚ ਦੇ ਦਾਇਰੇ ਨੂੰ ਅੰਤਰਰਾਸ਼ਟਰੀ ਪੱਧਰ ਦੀ ਕੀਤਾ ਹੈ। ਦੁਨੀਆ ਦੇ ਗਲੋਬਲ ਪਿੰਡ ਬਣ ਜਾਣ ਕਾਰਨ ਅੱਜ ਦੇ ਕਵੀ ਦੇ ਅਨੁਭਵ ਸਾਂਝੇ ਹਨ ਚਾਹੇ ਉਹ ਦੇਸ ਰਹਿੰਦਾ ਹੈ ਜਾਂ ਵਿਦੇਸ਼, ਇਸ ਲਈ ਅੱਜ ਦੀ ਕਵਿਤਾ ਦਾ ਮੁਹਾਂਦਰਾ ਵੀ ਅੰਤਰਰਾਸ਼ਟਰੀ ਹੁੰਦਾ ਜਾ ਰਿਹਾ ਹੈ।

**ਸੁਰਜੀਤ (ਟੋਰਾਂਟੋ)**
E-Mail: surijtk33@gmial,com

ਕੈਨੇਡਾ ਦੀ ਪੰਜਾਬੀ ਕਾਵਿਕਾਰੀ ਦੇ ਇਤਿਹਾਸ ਵਿਚ ਇਹ ਮੋੜ ਵਿਸ਼ੇਸ਼ ਮਹੱਤਤਾ ਰੱਖਦਾ ਹੈ। #ਲਵੈਂਡਰ ਵਿਚ ਅਜਮੇਰ ਰੋਡੇ, ਅਮਨ ਸੀ. ਸਿੰਘ, ਅਮਨ ਕੌਰ, ਅਮਰਜੀਤ ਪੰਛੀ, ਇਕਬਾਲ ਰਾਮੂਵਾਲੀਆ, ਸੁਖਪਾਲ, ਸੁਖਮਿੰਦਰ ਰਾਮਪੁਰੀ (ਸਵ.), ਸੁਰਜੀਤ ਕਲਸੀ, ਸੁਰਜੀਤ/ਟੋਰਾਂਟੋ, ਸੁਰਿੰਦਰ ਕੌਰ ਚਾਹਲ, ਸੁਰਿੰਦਰ ਗੀਤ, ਸੁਰਿੰਦਰ ਧੰਜਲ, ਸੋਨੀਆ ਮਨਜਿੰਦਰ, ਹਰਜਿੰਦਰ ਸਿੰਘ ਪੱਤੜ, ਕੁਲਵਿੰਦਰ ਖਹਿਰਾ, ਕੁਲਜੀਤ ਸਿੰਘ ਜੰਜੂਆ, ਗੁਰਮੀਤ ਕੌਰ ਜੱਸੀ, ਗੁਰਦੇਵ ਚੌਹਾਨ, ਜਗਜੀਤ ਸੰਧੂ, ਜਗਮੋਹਨ ਸੰਘਾ, ਜੱਗੀ ਬਰਾੜ ਸਮਾਲਸਰ, ਜਗੀਰ ਸਿੰਘ ਕਾਹਲੋਂ, ਜਤਿੰਦਰ ਰੰਧਾਵਾ, ਤਲਵਿੰਦਰ ਮੰਡ, ਦਵਿੰਦਰਪਾਲ ਸਿੰਘ, ਦਿਓਲਪਰਮਜੀਤ, ਨਵਤੇਜ ਭਾਰਤੀ, ਪੰਕਜ ਸ਼ਰਮਾ, ਪਰਵਿੰਦਰ ਗੋਗੀ, ਪਿਆਰਾ ਸਿੰਘ ਕੁੱਦੋਵਾਲ, ਪੌਣਪਾਣੀ (ਸੇਵਕ ਸਿੰਘ), ਪ੍ਰਤੀਕ, ਪ੍ਰੀਤਮਨਪ੍ਰੀਤ, ਪ੍ਰਿਤਪਾਲ ਕੌਰ ਚਾਹਲ, ਬਲਰਾਜ ਧਾਲੀਵਾਲ, ਬਲਵੀਰ ਕੌਰ ਢਿੱਲੋਂ, ਬਮਲਜੀਤ ਮਾਨ, ਬਿੰਦੂ ਮਠਾੜੂ, ਭੁਪਿੰਦਰ ਦੁਲੇ, ਰਮਿੰਦਰ ਰੰਮੀਂ, ਲਖਵਿੰਦਰ ਸਿੰਘ ਗਿੱਲ, ਲਵੀਨ ਗਿੱਲ ਅਤੇ ਸ਼ਮੀਲ ਆਦਿ 44 ਕਵੀ ਸ਼ਾਮਿਲ ਹਨ। ਖੁਸ਼ੀ ਦੀ ਗੱਲ ਇਹ ਹੈ ਕਿ ਇਨ੍ਹਾਂ 44 ਕਵੀਆਂ ਵਿਚੋਂ 19 ਇਸਤਰੀਆਂ ਹਨ। ਕੁਝ ਕਵੀ ਅੱਸੀਵਿਆਂ ਵਿਚ ਵੀ ਕਵਿਤਾ ਲਿਖਣ ਵਿਚ ਸਰਗਰਮ ਸਨ ਅਤੇ ਅੱਜ ਤੱਕ ਨਿਰੰਤਰ ਲਿਖ ਰਹੇ ਹਨ ਜਿਨ੍ਹਾਂ ਵਿਚ ਅਜਮੇਰ ਰੋਡੇ, ਸੁਰਜੀਤ ਕਲਸੀ, ਸੁਰਿੰਦਰ ਧੰਜਲ ਅਤੇ ਨਵਤੇਜ ਭਾਰਤੀ ਆਦਿ ਦੇ ਨਾਂ ਸ਼ਾਮਿਲ ਹਨ।

ਇੱਕੀਵੀਂ ਸਦੀ ਵਿਚ ਜੋ ਕਾਵਿਕਾਰੀ ਕੀਤੀ ਜਾ ਰਹੀ ਹੈ ਉਸ ਦਾ ਮੁਹਾਂਦਰਾ ਬਦਲ ਰਿਹਾ ਹੈ ਕਿਉਂਕਿ ਪੰਜਾਬੀ ਹੁਣ ਕੈਨੇਡਾ ਵਿਚ ਪੈਰ ਜਮਾ ਚੁੱਕੇ ਹਨ; ਉਨ੍ਹਾਂ ਵਪਾਰਕ, ਰਾਜਨੀਤਕ ਅਤੇ ਸਮਾਜਿਕ, ਗੱਲ ਕੀ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ। ਆਰਥਿਕ ਪੱਖੋਂ ਉਹ ਖੁਸ਼ਹਾਲ ਹਨ ਅਤੇ ਨਸਲੀ ਵਿਤਕਰੇ ਵੀ ਬਹੁਤ ਹੱਦ ਤਕ ਘਟ ਗਏ ਹਨ ਸੋ ਕੈਨੇਡਾ ਦੀ ਪੰਜਾਬੀ ਕਵਿਤਾ ਦੀ ਰੂਹ ਸਕਾਰਾਤਮਕ ਹੋ ਗਈ ਹੈ।

ਜਦੋਂ ਅਸੀਂ 2014 ਵਿਚ "ਕੂੰਜਾਂ- ਕੈਨੇਡਾ ਦਾ ਨਾਰੀ ਕਾਵਿ" ਸੰਪਾਦ ਕੀਤੀ ਸੀ ਤਾਂ ਇਸਤਰੀ ਕਾਵਿ ਦੀ ਜੋ ਸੁਰ ਸਾਹਮਣੇ ਆਈ ਸੀ ਉਹ ਰੁਦਨਮੁਖੀ ਸੀ। ਬਹੁਤੀਆਂ ਔਰਤਾਂ ਨੇ ਘਰ ਵਿਚ ਅਜਨਬੀ ਹੋਣ, ਸਰਦਲ 'ਤੇ ਪਿਆ ਪਾਇਦਾਨ ਹੋਣ ਜਾਂ ਘਰ ਵਿਚ ਕੈਦ ਹੋਣ ਦੀ ਗੱਲ ਕੀਤੀ ਸੀ। ਇਸ ਸਮੁੱਚੀ ਕਵਿਤਾ ਦਾ ਸਾਰ ਸਰੀ, ਕੈਨੇਡਾ ਵੱਸਦੀ ਮਨਜੀਤ ਕੰਗ ਦੇ ਇਕ ਸ਼ਿਆਰ ਵਿਚੋਂ ਵੇਖਿਆ ਜਾ ਸਕਦਾ ਹੈ,

ਮੈਂ ਉਡਦੀ ਨਾ ਉੱਡਦੀ ਇਹ ਤਾਂ ਗੱਲ ਸੀ ਮਗਰੋਂ ਦੀ
ਤੈਨੂੰ ਤਾਂ ਚਿੰਤਾ ਮਾਰ ਗਈ ਮੇਰੇ ਖੰਭ ਹੀ ਖਿਲਾਰੇ ਦੀ
ਜਦ ਦੋ ਖਣ ਵੀ ਕਿਧਰੇ, ਮੈਨੂੰ ਆਪਣੇ ਨਹੀਂ ਲਗਦੇ
ਕਿੰਝ ਸਿਫ਼ਤ ਕਰਾਂ ਦਸ ਮੈਂ, ਤੇਰੇ ਮਹਿਲ ਉਸਾਰੇ ਦੀ।
(ਕੂੰਜਾਂ)

ਕੈਨੇਡਾ ਵਿਚ ਪੰਜਾਬੀ ਦਾ ਜੋ ਨਾਰੀ ਕਾਵਿ ਰਚਿਆ ਗਿਆ ਉਸਦੇ ਥੀਮਕ ਪਾਸਾਰ ਨਾਰੀ-ਵੇਦਨਾ ਮੁਖੀ ਹੁੰਦੇ ਹੋਏ ਵੀ ਬਹੁਪਸਾਰੀ ਹਨ। ਇਹ ਕਵਿਤਾ ਜਿੱਥੇ ਨਾਰੀ ਦੇ ਗੁਆਚੇ ਅਸਤਿੱਤਵ ਦੀ ਪਛਾਣ ਕਰਾਉਣ ਦੇ ਹੱਕ ਵਿਚ ਭੁਗਤਦੀ ਹੈ, ਵੇਲਾ ਵਿਆਹ ਚੁੱਕੀਆਂ ਕੀਮਤਾਂ ਦੇ ਵਿਰੋਧ ਵਿਚ ਖੜ੍ਹੀ ਹੁੰਦੀ ਹੈ, ਆਪਣੀ ਬੇਬਸੀ 'ਤੇ ਰੁਦਨ ਕਰਦੀ ਹੈ, ਨਾਰੀ ਮਨ ਦੀ ਪੀੜਾ ਅਤੇ ਦਰਦ ਦਾ ਇਜ਼ਹਾਰ ਕਰਦੀ ਹੈ, ਉਥੇ ਸਮਾਜਿਕ ਅਤੇ ਘਰੇਲੂ ਚੁਣੌਤੀਆਂ ਨੂੰ ਸਵੀਕਾਰ ਕਰ ਕੇ ਨਾਂਹਮੁਖੀ ਪ੍ਰਸਥਿਤੀਆਂ ਦੇ ਸਨਮੁਖ ਵੀ ਖੜੀ ਹੁੰਦੀ ਹੈ। ਕਈ ਵਾਰੀ ਇਸ ਕਵਿਤਾ ਦਾ ਮੁਹਾਂਦਰਾ ਮੁੱਖ ਧਾਰਾ ਦੀ ਪੰਜਾਬੀ ਕਵਿਤਾ ਨਾਲ ਵੀ ਮੇਲ ਖਾਣ ਲੱਗਦਾ ਹੈ ਅਤੇ ਮਾਨਵੀ ਸਰੋਕਾਰਾਂ ਅਤੇ ਅਜੋਕੇ ਮੰਡੀਕਰਨ ਯੁੱਗ ਨੂੰ ਮੁਖ਼ਾਤਿਬ ਹੁੰਦਾ ਹੋਇਆ ਬਹੁਤ ਸਾਰੇ ਸਵਾਲ ਖੜੇ ਕਰਦਾ ਹੈ।

ਨਾਰੀ ਕਾਵਿ ਦੇ ਰੁਦਨਮੁਖੀ ਹੋਣ ਦੇ ਕੁਝ ਕਾਰਨ ਹਨ। ਕੈਨੇਡਾ ਆ ਕੇ ਵੱਸਣ ਤੋਂ ਬਾਅਦ ਪੰਜਾਬੀ ਦੂਹਰੀ ਮਾਨਸਿਕਤਾ ਦਾ ਸ਼ਿਕਾਰ ਹੋ ਗਏ। ਇਕ ਪਾਸੇ ਪੰਜਾਬ ਦੀ ਰੂੜੀਵਾਦੀ ਮਾਨਸਿਕਤਾ ਅਤੇ ਦੂਜੇ ਪਾਸੇ ਕੈਨੇਡਾ ਵਰਗਾ ਆਜ਼ਾਦ ਮੁਲਕ। ਭਾਵੇਂ ਪੰਜਾਬੀ ਕੈਨੇਡਾ ਪਹੁੰਚ ਗਏ ਪਰ ਉਹ ਆਪਣੇ ਨਾਲ ਲਿਆਂਦੀ ਪੀੜ੍ਹੀਆਂ ਪੁਰਾਣੀ ਪੈਤ੍ਰਿਕ ਮਾਨਸਿਕਤਾ ਨੂੰ ਨਾ ਤਿਆਗ ਸਕੇ। ਕਵੀ ਨਾਰੀਆਂ ਕਿਉਂਕਿ ਜ਼ਿਆਦਾਤਰ ਦੇਸੋਂ ਜੰਮਪਲ ਕੇ ਆਈਆਂ ਸਨ, ਦੀ ਮਾਨਸਿਕਤਾ ਵੀ ਅਜੇ ਪਿਛਾਂਹ ਖਿੱਚੂ ਹੀ ਸੀ। ਉਹ ਸਿੱਧਾ ਬਗ਼ਾਵਤੀ ਰਵੱਈਆ ਤਾਂ ਨਾ ਅਪਣਾ ਸਕੀਆਂ ਪਰ ਕਵਿਤਾ ਰਾਹੀਂ ਆਪਣੇ ਵਲਵਲਿਆਂ ਨੂੰ ਉਜਾਗਰ ਕਰਨ ਵਿਚ ਉਨ੍ਹਾਂ ਕੋਈ ਕਸਰ ਨਾ ਛੱਡੀ। ਸੁਰਜੀਤ ਕਲਸੀ ਇਸ ਰੂੜੀਵਾਦੀ ਮਾਨਸਿਕਤਾ ਦੀ ਪੁਸ਼ਟੀ ਆਪਣੀ ਕਵਿਤਾ ਵਿਚ ਇਉਂ ਕਰਦੀ ਹੈ:

ਪਰੰਪਰਾ ਨੇ ਦਿੱਤਾ ਦਿਲ ਦਾ ਸੁਰਾਖ
ਹੱਸਦੀ ਹੱਸਦੀ ਕਹਿੰਦੀ ਸੀ ਮਾਂ
ਉਹਦੀ ਮਾਂ ਦੇ ਦਿਲ ਵਿਚ ਵੀ
ਤੇ ਉਹਦੀ ਮਾਂ ਦੀ ਮਾਂ ਦੇ ਦਿਲ ਵਿਚ ਵੀ
ਤੇ ਉਹਦੀ ਮਾਂ ਦੀ ਮਾਂ ਦੀ ਮਾਂ ਦੇ ਦਿਲ ਵਿਚ ਵੀ
ਸੀ ਇਕ ਸੁਰਾਖ।

ਅੱਜ ਦੀਆਂ ਇਸਤਰੀ ਕਵੀਆਂ ਨੇ ਰੋਣਾ ਧੋਣਾ ਛੱਡ ਮਾਣ ਨਾਲ ਜੀਊਣਾ ਸਿੱਖ ਲਿਆ ਹੈ। ਹੁਣ ਤਾਂ ਅਸਲੋਂ ਨਵੀਂ ਕਵੀ ਸੋਨੀਆਂ ਮਨਜਿੰਦਰ ਵੀ ਆਖਦੀ ਹੈ,

ਤੂੰ ਜ਼ਮੀਨ ਦੀ ਗੱਲ ਕੀਤੀ
ਤੇ ਮੈਂ ਅਕਾਸ਼ ਦੀ
ਛੱਡ ਜ਼ਮੀਨ ਤੇ ਅਕਾਸ਼ ਨੂੰ
ਹੁਣ ਤਾਂ ਕੁੱਲ ਬ੍ਰਹਿਮੰਡ ਹੀ ਮੇਰਾ ਏ-(ਪ 61)

"#ਲਵੈਂਡਰ" ਵਿਚ ਹੀ ਅਮਨ ਸੀ ਸਿੰਘ ਨੂੰ ਹੁਣ ਤਾਂ ਪਤਝੜ ਵੀ ਇਕ ਰੰਗ ਹੀ ਲੱਗਦੀ ਹੈ-

ਤੂੰ ਉਦਾਸ ਨਾ ਹੋਵੀਂ
ਝੋਰਾ ਨਾ ਕਰੀਂ
ਪਤਝੜ ਦਾ ਵੀ
ਆਪਣਾ ਇਕ ਰੰਗ ਹੁੰਦਾ (ਪੰ 19)

ਵਿਨੀਪੈਗ ਵੱਸਦੀ ਨੌਜਵਾਨ ਕਵਿੱਤਰੀ ਅਮਨ ਕੌਰ ਤਾਂ ਇੱਥੋਂ ਤੱਕ ਆਖਦੀ ਹੈ ਕਿ "ਐ ਜ਼ਿੰਦਗੀ ਮੈਂ ਕੁਰਬਾਨ ਤੇਰੇ"। ਸੁਰਜੀਤ ਕਲਸੀ ਜੋ ਕਹਿੰਦੀ ਸੀ ਕਿ ਉਸਦੀ ਪੀੜ੍ਹੀ ਦੀ ਹਰ 'ਔਰਤ ਦੇ ਦਿਲ ਵਿਚ ਇਕ ਸੁਰਾਖ ਹੈ ਜੋ ਕਿ ਉਸਨੂੰ ਪਰੰਪਰਾ ਨੇ ਦਿੱਤਾ' ਹੈ, ਹੁਣ ਉਹ ਔਰਤ ਨੂੰ ਹਿੰਮਤ ਅਤੇ ਹੌਸਲੇ ਨਾਲ ਜੀਊਣ ਦੀ ਪ੍ਰੇਰਨਾ ਦੇ ਰਹੀ ਹੈ। ਉਹ ਨਹੀਂ ਚਾਹੁੰਦੀ ਕਿ ਔਰਤ ਹੁਣ 'ਅਬਲਾ' ਅਖਵਾਵੇ ਜਾਂ 'ਵਿਚਾਰੀ' ਬਣੀ ਰਹੇ। ਪਰੰਪਰਾ ਵਿਚ 'ਨੂੜੀ' ਨਾ ਰਹੇ ਬਲਕਿ ਔਰਤ ਆਪਣੇ ਹੱਕਾਂ ਲਈ ਉੱਠੇ ਤੇ ਬੋਲੇ-

ਕਹਿ ਲਿਆ ਬੜਾ ਲੋਕਾਂ ਅਬਲਾ ਨਾਰੀ
ਹਾਇ ਵਿਚਾਰੀ, ਹਾਇ ਵਿਚਾਰੀ
..............
ਉੱਠ! ਬਰਕਤੇ ਉੱਠ! ਤੇਰੇ ਬੋਲ ਆਜ਼ਾਦ ਨੇ।(ਪੰ 40)

ਹੁਣੇ ਹੁਣੇ ਲਿਖਣ ਲੱਗੀ ਬਰੈਂਪਟਨ ਵਾਸੀ ਪਰਵਿੰਦਰ ਗੋਗੀ ਆਖਦੀ ਹੈ,

ਮੈਂ ਕਿਸੇ ਕਵੀ ਦੀ
ਉਹ ਕਵਿਤਾ ਨਹੀਂ ਹਾਂ ਜੋ ਚੰਦ ਕੁ
ਨਿਗੂਣੇ ਅੱਖਰਾਂ 'ਚ ਲਿਖੀ ਜਾਵਾਂਗੀ
ਕਿਮੈਂ ਤਾਂ ਇੱਕ ਸਹਿਜ ਜ਼ਿੰਦਗੀ ਦਾ
ਇੱਕ ਸ਼ਾਂਤਮਈ ਗੀਤ ਹਾਂ
ਜੋ ਸ਼ਾਹਕਾਰ ਦੇ ਹੱਥੀਂ
ਲਿਖਿਆ ਗਿਆ ਹਾਂ। (ਪੰ 116)

ਮਰਦ ਕਵੀਆਂ ਨੇ ਔਰਤ ਨੂੰ ਇਕ ਵੱਖਰੇ ਨਜ਼ਰੀਏ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਹੈ, ਸਾਡਾ ਸਮਰੱਥ ਕਵੀ ਰਵਿੰਦਰ ਰਵੀ ਲਿਖਦਾ ਹੈ,

ਆਦਿ-ਕਾਲ ਤੋਂ, ਤੂੰ
ਸ੍ਰਿਸ਼ਟੀ, ਸੰਸਾਰ ਤੇ ਮਾਨਵ-ਵਿਹਾਰ
ਦੀ ਕੱਥ ਮਿੱਥ ਨੂੰ,
ਸਾਂਭੀ ਬੈਠੀ ਹੈਂ,
ਧਰਮ, ਇਤਹਾਸ ਤੇ ਵਿਰਾਸਤ ਵਾਂਗ!
(ਫੇਸ ਬੁੱਕ)

ਦੋਹਾਂ ਪੰਜਾਬਾਂ ਦੀ ਵੰਡ ਵਿਚ ਕੇਵਲ ਜ਼ਮੀਨ ਹੀ ਨਹੀਂ ਵੰਡੀ ਗਈ ਲੋਕਾਂ ਦੀਆਂ ਜ਼ਿੰਦਗੀਆਂ ਵੀ ਵੰਡੀਆਂ ਗਈਆਂ। ਅੱਜ ਵੀ ਉੱਜੜ ਕੇ ਆਏ ਹੋਏ ਲੋਕਾਂ ਦੀ ਰੂਹ ਆਪਣੇ ਵਿਛੜ ਗਏ ਘਰਾਂ ਵਿਚ ਵੱਸਦੀ ਹੈ। ਕੁਲਜੀਤ ਜੰਜੂਆ ਨੇ ਪਾਕਿਸਤਾਨ ਦੀ ਵੰਡ ਬਾਰੇ ਕਵਿਤਾਵਾਂ ਲਿਖੀਆਂ ਜਿਨ੍ਹਾਂ ਵਿਚ ਲੋਕਾਂ ਨੂੰ ਸੁਪਨੇ ਵਿਚ ਵੀ ਆਪਣੇ ਖੁੱਸੇ ਹੋਏ ਘਰ ਹੀ ਦਿਸਦੇ ਹਨ। ਗੁਰਦੇਵ ਚੌਹਾਨ ਨੇ ਆਪਣੇ ਸ਼ਹਿਰ ਟਰਿੰਟਨ ਬਾਰੇ ਕਵਿਤਾ ਲਿਖਦਿਆਂ ਕੈਨੇਡਾ ਦੀਆਂ ਰੁੱਤਾਂ ਅਤੇ ਬਣਦੇ-ਮਿਟਦੇ ਮਨੁੱਖੀ ਰਿਸ਼ਤਿਆਂ ਦੀ ਗੱਲ ਕੀਤੀ ਹੈ। ਇਸੇ ਤਰ੍ਹਾਂ ਜਗਜੀਤ ਸੰਧੂ ਆਪਣੇ ਪਿੰਡ ਅਜੀਤਵਾਲ ਨੂੰ ਯਾਦ ਕਰਦਾ ਹੈ।

ਇੱਕੀਵੀਂ ਸਦੀ ਵਿਚ ਦੁਨੀਆਂ ਵਿਚ ਬਹੁਤ ਹਿਲਜੁਲ ਹੋਈ, ਉਨ੍ਹਾਂ ਗਲੋਬਲ ਘਟਨਾਵਾਂ ਦਾ ਵੀ ਜ਼ਿਕਰ ਕੈਨੇਡਾ ਦੀ ਕਵਿਤਾ ਵਿਚ ਆਉਣ ਲੱਗ ਪਿਆ ਹੈ। 2021 ਵਿਚ ਕੈਨੇਡਾ ਦੇ ਕੈਮਲੂਪਸ ਸ਼ਹਿਰ ਦੇ ਇਕ ਕੈਥੋਲਿਕ ਰੈਜ਼ੀਡੈਂਸ਼ੀਅਲ ਸਕੂਲ ਵਿਚ ਜ਼ੁਲਮ ਦਾ ਸ਼ਿਕਾਰ ਹੋਏ ਮੂਲ ਵਾਸੀ ਮਾਪਿਆਂ ਤੋਂ ਜਬਰੀ ਖੋਹ ਕੇ ਵਿਸ਼ੇਸ਼ ਸਕੂਲਾਂ ਵਿਚ ਪਾਏ ਗਏ ਬੱਚਿਆਂ ਦੀਆਂ ਬੇਨਾਮ ਕਬਰਾਂ ਮਿਲੀਆਂ ਜਿਸ ਘਟਨਾ 'ਤੇ ਬਹੁਤ ਹਾਹਾਕਾਰ ਮਚੀ ਉਸ ਬਾਰੇ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਗਈਆਂ। ਜਗੀਰ ਸਿੰਘ ਕਾਹਲੋਂ ਨੇ ਉਸ ਦਰਦ ਨੂੰ ਕਵਿਤਾ ਵਿਚ ਢਾਲ ਕੇ ਹਾਅ ਦਾ ਨਾਅਰਾ ਮਾਰਿਆ ਹੈ,

ਅਸੀਂ ਕੇਵਲ ਸਵਾ ਦੋ ਸੌ ਅਸਤੀਆਂ ਨਹੀਂ
ਸਗੋਂ ਜਿਊਂਦੀਆਂ ਜਾਗਦੀਆਂ ਹੱਸਤੀਆਂ ਹਾਂ। (ਪੰ 90)

ਦੂਜੇ ਪਾਸੇ 2022 ਵਿਚ ਹੋਏ ਫੀਫਾ ਵਿਸ਼ਵ ਕੱਪ ਵਿਚ ਈਰਾਨ ਦੇ ਫੁੱਟਬਾਲ ਖਿਡਾਰੀਆਂ ਨੇ ਉਦਘਾਟਨੀ ਸਮਾਰੋਹ ਵਿਚ ਰੋਸ ਵਜੋਂ ਈਰਾਨ ਦਾ ਕੌਮੀ ਗੀਤ ਨਹੀਂ ਸੀ ਗਾਇਆ ਕਿਉਂਕਿ ਈਰਾਨ ਦੇ ਹਾਕਮ ਔਰਤਾਂ 'ਤੇ ਜ਼ੁਲਮ ਢਾਅ ਰਹੇ ਨੇ ਉਸਦਾ ਵੀ ਜ਼ਿਕਰ ਆਇਆ ਹੈ। ਕਵੀ ਨੇ ਉਨ੍ਹਾਂ ਬਗਾਵਤੀ ਖਿਡਾਰੀਆਂ ਨੂੰ ਇਰਾਨੀ ਸੂਰੇ ਕਹਿ ਕੇ ਸੰਬੋਧਨ ਕੀਤਾ ਹੈ।

ਜੰਗ ਨੇ ਮਨੁੱਖਤਾ ਦਾ ਬਹੁਤ ਘਾਣ ਕੀਤਾ ਹੈ। ਅੱਜ ਦਾ ਮਨੁੱਖ ਲਾਲਚ ਵੱਸ ਦੂਜੇ ਦੇਸ਼ਾਂ ਜਾਂ ਆਪਣੇ ਹੀ ਦੇਸ਼ ਦੇ ਨਾਗਰਿਕਾਂ 'ਤੇ ਜ਼ੁਲਮ ਢਾਹ ਰਿਹਾ ਹੈ। ਜੰਗ ਦੌਰਾਨ ਆਮ ਜਨਤਾ ਹੀ ਪਿਸਦੀ ਹੈ ਅਤੇ ਸਭ ਤੋਂ ਜ਼ਿਆਦਾ ਜ਼ਬਰ ਜ਼ੁਲਮ ਦਾ ਸ਼ਿਕਾਰ ਔਰਤ ਹੁੰਦੀ ਹੈ। ਪਿਆਰਾ ਸਿੰਘ ਕੁੱਦੋਵਾਲ ਨੇ ਜੰਗ ਦੌਰਾਨ ਬਲਾਤਕਾਰ ਦਾ ਸ਼ਿਕਾਰ ਹੋ ਕੇ ਇਕ ਗਰਭਵਤੀ ਔਰਤ ਜੋ ਕਿ ਪੋਲੈਂਡ ਦੇ ਇਕ ਰਿਫਿਊਜੀ ਕੈਂਪ ਵਿਚ ਪਹੁੰਚਦੀ ਹੈ ਅਤੇ ਉਸ ਭਾਰ ਤੋਂ ਮੁਕਤ ਹੋਣਾ ਚਾਹੁੰਦੀ ਹੈ, ਦਾ ਜ਼ਿਕਰ ਕੀਤਾ ਹੈ। ਦੇਸ਼ ਦਾ ਕਾਨੂੰਨ ਭਾਵੇਂ ਗਰਭਪਾਤ ਦੇ ਖ਼ਿਲਾਫ ਹੈ ਪਰ 'ਪੋਲਿਸ਼ (Reproductive Rights) ਰੀਪਰੋਡਕਟਿਵ ਰਾਈਟਸ ਸੰਗਠਨ, ਫੇਡਰੇਰਾ' ਦੀ ਪ੍ਰਧਾਨ, ਕ੍ਰਿਸਟੀਨਾ ਕੇਕਪੁਰਾ ਉਸ ਔਰਤ ਦੀ ਗੱਲ,

ਸੁਣਦੀ ਹੈ ਸੋਚਦੀ ਹੈ
ਵਿਚਾਰਦੀ ਹੈ -
ਕਾਨੂੰਨ ਲੋਕਾਂ ਲਈ ਹੁੰਦੇ
ਸਰਕਾਰਾਂ ਲੋਕਾਂ ਲਈ ਹੁੰਦੀਆਂ
ਕਾਨੂੰਨ ਬਦਲੇ ਜਾ ਸਕਦੇ (ਪੰ 120)

ਅਤੇ ਉਹ ਕਾਨੂੰਨ ਬਦਲ ਕੇ ਉਸ ਔਰਤ ਦੀ ਮਦਦ ਕਰਦੀ ਹੈ। ਬਮਲਜੀਤ ਮਾਨ ਨੇ ਅਮਰੀਕਾ ਵਿਚ ਜਾਰਜ ਫਲਾਇਡ ਦੀ ਮੌਤ ਬਾਰੇ ਕਵਿਤਾ ਲਿਖੀ,

ਨਹੀਂ ਇਹ ਕਤਲ ਸਿਰਫ਼
ਜਾਰਜ ਫਲਾਇਡ ਦਾ ਨਹੀਂ
ਨਫ਼ਰਤ ਦੀ ਮਾਰ ਹੇਠ ਆਉਣਗੇ
ਸ਼ਾਹ ਮੁਹੰਮਦ, ਦੁਨੀ ਚੰਦ ਤੇ ਰਾਮ ਸਿੰਘ ਵੀ (ਪੰ 143)

ਇਸੇ ਤਰ੍ਹਾਂ ਦਿੱਲੀ ਵਿਚ ਹੋਏ ਕਿਸਾਨੀ ਅੰਦੋਲਨ ਅਤੇ ਦੁਨੀਆਂ ਭਰ ਵਿਚ ਫੈਲੀ ਮਹਾਂਮਾਰੀ ਕਰੋਨਾ 'ਤੇ ਵੀ ਕੈਨੇਡੀਅਨ ਕਵੀਆਂ ਨੇ ਢੇਰਾਂ ਕਵਿਤਾਵਾਂ ਲਿਖੀਆਂ ਅਤੇ ਕਈ ਸਾਂਝੇ ਕਾਵਿ-ਸੰਗ੍ਰਹਿ ਵੀ ਛਪਵਾਏ ਗਏ।

ਜਦ ਹਾਕਮ ਡੰਡਾ ਚੁੱਕਦਾ ਏ
ਤਾਂ ਕਿਰਤੀ ਝੰਡਾ ਚੁੱਕਦਾ ਏ
'ਜੇ ਜੀਣਾ ਏਂ ਤਾਂ ਮਰਨਾ ਸਿਖ'
ਲਿਖ ਸਾਡੇ ਹੱਥ ਫੜ੍ਹਾ ਚੱਲਿਐਂ
ਜੰਗ ਜਿੱਤਣੀ ਕਿੰਝ ਸਲੀਕੇ ਨਾਲ
ਤੂੰ ਦੁਨੀਆਂ ਨੂੰ ਸਮਝਾ ਚੱਲਿਐਂ।
(ਲਖਵਿੰਦਰ ਗਿੱਲ ਪੰ 153)

ਕੈਨੇਡਾ ਵਿਚ ਬਹੁਤ ਸਾਰੇ ਕਾਵਿਰੂਪਾਂ ਰਾਹੀਂ ਕਵੀ ਆਪਣੇ ਮਨ ਦੇ ਭਾਵਾਂ ਨੂੰ ਉਜਾਗਰ ਕਰ ਰਹੇ ਹਨ। ਗੁਰਮੀਤ ਜੱਸੀ ਪੁਰਾਤਨ ਕਾਵਿ ਰੂਪ ਕਬਿੱਤ ਅਤੇ ਰੁਬਾਈਆਂ ਲਿਖਦੀ ਹੈ। ਔਟਵਾ ਵੱਸਦਾ ਸਾਹਿਤ ਨੂੰ ਪਰਨਾਇਆ ਸਾਹਿਤਕਾਰ ਅਮਰਜੀਤ ਸਾਥੀ ਅਤੇ ਬਮਲਜੀਤ ਮਾਨ ਕਵਿਤਾ ਦੇ ਨਾਲ ਨਾਲ ਜਾਪਾਨੀ ਹਾਇਕੂ ਵੀ ਲਿਖਦੇ ਹਨ। ਸੁਖਵਿੰਦਰ ਰਾਮਪੁਰੀ, ਓਂਕਾਰਪ੍ਰੀਤ ਅਤੇ ਕਈ ਹੋਰ ਕਵੀਆਂ ਨੇ ਬਹੁਤ ਉਚਪਾਏ ਦੇ ਗੀਤ ਲਿਖੇ ਹਨ। ਅੱਜ ਦੇ ਯੁਗ ਦਾ ਕਾਵਿ ਰੂਪ ਖੁੱਲ੍ਹੀ ਕਵਿਤਾ ਜ਼ੋਰਾਂ-ਸ਼ੋਰਾਂ ਨਾਲ ਲਿਖੀ ਜਾ ਰਹੀ ਹੈ। ਗ਼ਜ਼ਲ ਵੀ ਅੱਜ ਕੱਲ੍ਹ ਬਹੁਤ ਹਰਮਨ ਪਿਆਰੀ ਹੋ ਰਹੀ ਹੈ ਅਤੇ ਕੈਨੇਡਾ ਵਿਚ ਬਹੁਤ ਸਾਰੇ ਗ਼ਜ਼ਲਗੋ ਉਮਦਾ ਗਜ਼ਲ ਲਿਖ ਰਹੇ ਹਨ ਜੋ ਕਿ ਵਿਸ਼ਿਆਂ ਦੀ ਬਹੁਲਤਾ ਨਾਲ ਓਤ-ਪੋਤ ਹੈ। ਪ੍ਰੀਤ ਮਨਪ੍ਰੀਤ ਦਾ ਇਕ ਮਾਨਵਵਾਦੀ ਵਿਚਾਰਾਂ ਵਾਲਾ ਸ਼ਿਅਰ ਹੈ,

ਪਿਆਸ ਆਪਣੀ ਛੱਡ, ਨਦੀ ਨੂੰ ਇਸ ਤਰ੍ਹਾਂ ਵੀ ਦੇਖ ਤੂੰ
ਇੱਕ ਸਮੁੰਦਰ ਮਚਲਦਾ ਹੈ, ਓਸਦੀ ਹਰ ਲਹਿਰ ਵਿਚ।

ਅੱਜ ਵਾਤਾਵਰਣ ਵਿਚ ਪ੍ਰਦੂਸ਼ਣ ਦੇ ਵਧਣ ਦੀ ਗੱਲ ਸਾਰੀ ਦੁਨੀਆਂ ਵਿਚ ਚੱਲ ਰਹੀ ਹੈ, ਗਲੇਸ਼ੀਅਰ ਪਿਘਲ ਰਹੇ ਹਨ, ਪੀਣ ਵਾਲਾ ਪਾਣੀ ਮੁੱਕਦਾ ਜਾ ਰਿਹਾ ਹੈ। ਖਾਦਾਂ ਪਾ ਪਾ ਕੇ ਮਨੁੱਖ ਨੇ ਜ਼ਮੀਨ ਨੂੰ ਜ਼ਹਿਰੀਲੀ ਕਰ ਲਿਆ ਹੈ ਜਿਸ ਦਾ ਸਿੱਟਾ ਇਹ ਹੈ ਕਿ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ। ਸਾਡਾ ਕਵੀ ਬਲਰਾਜ ਧਾਲੀਵਾਲ ਇਸ ਬਾਰੇ ਚਿੰਤਤ ਹੈ,

ਬੇਵਜਾ ਹੀ ਤਾਂ ਨਹੀਂ ਹੈ, ਇਸ ਧਰਤ ਦੀ ਬੇਵਸੀ
ਹਰ ਸੁਆਂਤੀ ਬੂੰਦ ਡਿੱਗ ਕੇ, ਰਲ ਰਹੀ ਹੈ ਜ਼ਹਿਰ ਵਿਚ।

ਵਾਤਾਵਰਣ ਵਿਚ ਪ੍ਰਦੂਸ਼ਣ 'ਤੇ ਹੀ ਨਹੀਂ ਗੱਲ ਮੁੱਕਦੀ, ਸੰਸਾਰ ਪੱਧਰ 'ਤੇ ਤਕਨੀਕ ਦੀ ਵਰਤੋਂ ਵਧਣ ਕਰਕੇ ਜੋ ਤਬਦੀਲੀਆਂ ਆ ਰਹੀਆਂ ਹਨ ਉਨ੍ਹਾਂ ਦੀ ਗੱਲ ਸ਼ਮੀਲ ਤਾਂ ਅਸਲੋਂ ਨਵੀਂ ਤਰ੍ਹਾਂ ਕਰ ਰਿਹਾ ਹੈ,

"ਔਰਗੈਨਿਕ ਸਬਜ਼ੀਆਂ ਦੀ ਤਰ੍ਹਾਂ
ਮਹਿੰਗੇ ਮਿਲਿਆ ਕਰਨਗੇ ਔਰਗੈਨਿਕ ਬੰਦੇ
ਬੰਦੇ ਜੋ ਜੰਮੇ ਹੋਣ
ਪਿੰਡਾਂ 'ਚ ਖੇਤਾਂ 'ਚ
ਰੂੜੀਆਂ ਨੇੜੇ ਬਿਨਾਂ ਸੀਜ਼ੇਰੀਅਨ ਦੇ
ਟੀਕਿਆਂ ਬਿਨਾਂ ਜੋ ਪਲੇ ਹੋਣ
ਰੁੱਖਾਂ ਹੇਠ ਧੁੱਪਾਂ ਹੇਠ" (#ਲਵੈਂਡਰ, ਪੰ 163)

ਉਸਦੀ ਕਵਿਤਾ ਸੰਸਾਰ ਭਰ ਵਿਚ ਆਈ ਮਸਨੂਈਅਤ ਵੱਲ ਇਸ਼ਾਰਾ ਕਰਦੀ ਹੈ। ਇਹ ਵੀ ਸੱਚ ਹੈ ਕਿ ਜਿੰਨਾ ਗਿਆਨ ਵਧਿਆ ਹੈ, ਬੰਦਾ ਰੂਹਾਨੀਅਤ ਵੱਲ ਵੀ ਮੁੱਖ ਕਰ ਰਿਹਾ ਹੈ ਪਰ ਨਵੀਆਂ ਤਕਨੀਕਾਂ ਨੂੰ ਅਪਨਾਉਂਦਾ ਉਹ ਆਪਣੀ ਮੌਲਿਕਤਾ ਨੂੰ ਵੀ ਛੱਡਦਾ ਜਾ ਰਿਹਾ ਹੈ ਅਤੇ ਇਕ ਬਨਾਵਟੀ ਜਿਹੀ ਜ਼ਿੰਦਗੀ ਜੀਊਣ ਲੱਗਾ ਹੈ।

ਵੀਹਵੀਂ ਸਦੀ ਦੀ ਅਖੀਰਲੀ ਚੌਥਾਈ ਵਿਚ ਪਤੰਜਲੀ ਦੇ ਯੋਗ ਨੇ ਦੁਨੀਆਂ ਭਰ ਵਿਚ 'ਯੋਗਾ' ਪ੍ਰਤੀ ਇਕ ਨਵੀਂ ਚੇਤਨਾ ਪੈਦਾ ਕੀਤੀ। ਥਾਂ ਥਾਂ 'ਤੇ ਯੋਗਾ ਸਟੂਡੀਓ ਖੋਲ੍ਹੇ ਗਏ, ਪਾਰਕਾਂ ਵਿਚ ਟੀ. ਵੀ. ਚੈਨਲਾਂ 'ਤੇ ਕੀ ਬੁੱਢਾ ਕੀ ਜਵਾਨ ਸਭ ਦੀ ਸੋਚ ਵਿਚ ਇਕ ਨਵਾਂ ਬਦਲਾਅ ਆ ਗਿਆ; ਆਪਣੇ ਮਨ, ਤਨ ਅਤੇ ਆਤਮਾ ਨਾਲ ਜੁੜਨ ਦੀ ਇਕ ਸੋਝੀ ਨਵੇਂ ਸਿਰਿਓਂ ਪੈਦਾ ਹੋਈ। ਅਡਮਿੰਟਨ ਵੱਸਦੀ ਵਰਿੰਦਰ ਕੌਰ ਜ਼ਿੰਦਗੀ ਵਿਚ ਯੋਗ ਨਾਲ ਆਈ ਇਹੋ ਜਿਹੀ ਇਕ ਸ਼ਿਫਟ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ,

ਅੱਜ ਸ਼ਵ ਆਸਨ 'ਚ
ਦੇਹੀ ਜਿਉਂਦੀ ਸੀ
ਮੈਂ ਜਾਗ ਰਹੀ ਸੀ।
ਹਰ ਬਾਹਰ ਜਾਂਦੇ ਸਾਹ ਨਾਲ
ਬਾਹਰ ਧੱਕ ਰਹੀ ਸੀ ਉਹ ਸਾਰੇ ਧੱਕੇ
ਜੋ ਮੈਂ ਆਪਣੀ ਦੇਹੀ ਨਾਲ ਹੋਣ ਦਿੱਤੇ। (ਪੰ 162)

ਇਸ ਬਦਲਾਉ ਦੇ ਨਾਲ ਹੀ ਇਕ ਹੋਰ 'ਵੇਵ' ਚੱਲੀ ਜਿਸ ਨੇ ਬਹੁਤ ਸਾਰੇ ਲੋਕਾਂ ਨੂੰ ਮਾਨਵਤਾ ਵਿਚ ਵਿਸ਼ਵਾਸ ਕਰਨ ਲਈ ਪ੍ਰੇਰਿਆ। ਸਾਰੇ ਧਰਮਾਂ ਦਾ ਆਦਰ ਕੀਤਾ ਜਾਂਦਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਮਨੁੱਖਤਾ ਦਾ ਭਲਾ ਕਰਨਾ ਸਭ ਧਰਮਾਂ ਤੋਂ ਉੱਪਰ ਹੈ। ਯੋਗ ਦੇ ਨਾਲ ਨਾਲ ਧਿਆਨ ਲਗਾਉਣ ਵੱਲ ਲੋਕ ਰੁਚਿਤ ਹੋਏ ਹਨ ਅਤੇ ਕਵਿਤਾ ਨੇ ਵੀ ਧਾਰਮਿਕਤਾ ਤੋਂ ਰੂਹਾਨੀਅਤ ਵੱਲ ਨੂੰ ਰੁਖ਼ ਕੀਤਾ ਹੈ,

ਹੌਲੀ ਹੌਲੀ
ਆਪਣੇ ਤੀਜੇ ਨੇਤਰ ਨੂੰ ਖੁੱਲ੍ਹਣ ਦਿਉ
ਆਪਣੇ ਅੰਦਰਲੇ ਇਨਸਾਨ ਨੂੰ ਜਾਗਣ ਦਿਉ
ਤੇ ਫੇਰਤੁਸੀਂ ਸਤਰੰਗੀ ਪੀਂਘ 'ਤੇ ਚੜ੍ਹ
ਦਰਸ਼ਕ ਵਾਂਗ ਆਪਣੀ ਜ਼ਿੰਦਗੀ ਨੂੰ ਤੱਕੋ !
ਆਉ ਅੱਗੇ ਵਧੋ...
ਤੁਸੀਂ ਸਾਰੇ ਪੈਗੰਬਰ ਹੋ...
ਜ਼ਰਾ ਅੱਗੇ ਤਾਂ ਵਧੋ... ! (ਸੁਰਜੀਤ, ਸ਼ਿਕਸਤ ਰੰਗ)

ਸੁਰਜੀਤ ਦੀ ਕਾਵਿ-ਪੁਸਤਕ 'ਹੇ ਸਖੀ' ਤਾਂ ਸਾਰੀ ਦੀ ਸਾਰੀ ਹੈ ਹੀ ਅੰਦਰ ਦੀ ਯਾਤਰਾ ਜੋ ਸਵੈ ਸੰਵਾਦ ਰਾਹੀਂ ਮਨੁੱਖੀ ਜ਼ਿੰਦਗੀ ਦੇ ਬੁਨਿਆਦੀ ਸਵਾਲਾਂ ਨੂੰ ਮੁਖ਼ਾਤਿਬ ਹੁੰਦੀ ਹੈ। ਮਨੁੱਖੀ ਸੋਚ ਵਿਚ ਆਈ ਇਸ 'ਸ਼ਿਫਟ' ਦੇ ਨਾਲ ਹੀ ਬ੍ਰਹਿਮੰਡੀ ਕਵਿਤਾ ਹੋਂਦ ਵਿਚ ਆਉਂਦੀ ਹੈ,

ਕਣ ਕਣ 'ਚੋਂ, ਬ੍ਰਹਿਮੰਡ ਦੇਖਿਆ,
ਇਕ ਤੁਪਕੇ 'ਚੋਂ ਸਾਗਰ।
ਮਿੱਟੀ ਦੇ ਇਕ ਕਿਣਕੇ ਨੇ ਮੈਨੂੰ
ਸਾਰੀ ਧਰਤ ਦਿਖਾਈ।
(ਸੁਖਮਿੰਦਰ ਰਾਮਪੁਰੀ, ਫੇਸ ਬੁੱਕ)

ਇਸੇ ਤਰ੍ਹਾਂ ਇਕ ਹੋਰ ਕਵਿਤਾ ਵੇਖੋ-

ਵਾਹ !
ਇਹ ਪੌਣ ਨਿਤ ਮੈਨੂੰ ਸੁਨੇਹੇ ਘੱਲਦੀ
ਇਹ ਧੁੱਪ ਮੈਨੂੰ ਚਮਕਾ ਛੱਡਦੀ
ਬਾਰਿਸ਼ ਮੇਰੇ 'ਤੇ ਛੰਮ ਛੰਮ ਵਰ੍ਹਦੀ
ਮੈਂ ਹਾਂ ਇੰਨੇ ਵੱਡੇ ਬ੍ਰਹਿਮੰਡ ਦਾ ਹਿੱਸਾ
ਹਾਂ ! ਮੈਂ ਹੀ ਹਾਂ ਬ੍ਰਹਿਮੰਡ ਵੀ
ਮੇਰੀ ਸੋਚ ਬਦਲਦੀ ਤਾਂ
ਬਦਲ ਦੇਵਾਂ ਮੈਂ ਬ੍ਰਹਿਮੰਡ ਵੀ ! (ਸੁਰਜੀਤ, ਤੇਰੀ ਰੰਗਸ਼ਾਲਾ)

ਸੋ ਕੈਨੇਡਾ ਦੇ ਪੰਜਾਬੀ ਕਵੀਆਂ ਦੀ ਕਵਿਤਾ ਸਰੀਰਕ ਅਤੇ ਮਾਨਸਿਕ ਦੁਸ਼ਵਾਰੀਆਂ ਤੋਂ ਸ਼ੁਰੂ ਹੋ ਕੇ ਬ੍ਰਹਿਮੰਡੀ ਵਰਤਾਰਿਆਂ ਨੂੰ ਛੂੰਹਦੀ ਹੋਈ ਦਿਨੋਂ-ਦਿਨ ਅੱਗੇ ਵਧ ਰਹੀ ਹੈ। ਇਸਦੇ ਥੀਮਿਕ ਪਾਸਾਰ ਅੰਤਰਰਾਸ਼ਟਰੀ ਅਤੇ ਗਲੋਬਲ ਸਰੋਕਾਰਾਂ ਨੂੰ ਆਪਣੇ ਕਲੇਵਰ ਵਿਚ ਸਮੇਟੇ ਹੋਏ ਹਨ। ਕੈਨੇਡਾ ਦਾ ਕਵੀ ਸਰਬੱਤ ਦਾ ਭਲਾ ਮੰਗਦਾ ਹੋਇਆ ਹੋਕਾ ਦਿੰਦਾ ਹੈ,

ਬੜਾ ਹੈ ਨ੍ਹੇਰ ਹਰ ਪਾਸੇ, ਤੂੰ ਲਿਖ ਕੁਝ ਰੌਸ਼ਨੀ ਵਰਗਾ
ਭਲੇ ਲਿਖ ਜੁਗਨੂੰਆਂ ਵਰਗਾ, ਕਿ ਜਾਂ ਦੁੱਧ ਚਾਨਣੀ ਵਰਗਾ। (ਕੁਲਵਿੰਦਰ ਖਹਿਰਾ, ਪੰ 65)

ਆਪਣੇ ਆਪ ਨੂੰ 'ਪੌਣ ਪਾਣੀ' ਨਾਲ ਮੁਖਾਤਿਬ ਹੋਣ ਵਾਲਾ ਅਡਮਿੰਟਨ ਵਸਦਾ ਨੌਜਵਾਨ ਲੇਖਕ ਸੇਵਕ ਤਾਂ ਹੋਰ ਵੀ ਅੱਗੇ ਦੀ ਗੱਲ ਕਰਦਾ ਹੈ ਕਿ ਕਵੀ ਦੀ ਜ਼ਿੰਮੇਵਾਰੀ ਹੈ ਕਿ ਉਹ ਕਵਿਤਾ ਲਿਖੇ ਕਿਉਂਕਿ ਕਵਿਤਾ ਜੀਵਨ ਨੂੰ ਖ਼ੂਬਸੂਰਤ ਬਣਾਉਂਦੀ ਹੈ,

ਕਵੀ ਪਿਆਰੇ
ਤੂੰ ਮੁਸਕਰਾਹਟ ਦਾ ਬਣਾਵੇਂ ਬੱਦਲ
ਤੇ ਸੋਕੇ 'ਚ ਗੁਲਾਬ ਖਿੜ੍ਹਾ ਦੇਵੇਂ ਕਵਿਤਾ ਕਹੋ !
ਕਵੀ ਪਿਆਰੇ
ਤੇਰੇ ਮੋਢੇ ਕਵਿਤਾ ਦੀ ਮਸ਼ਕ ਹੈ ।

ਸੋ ਕੈਨੇਡਾ ਦੇ ਪੰਜਾਬੀ ਕਵੀ ਨੇ ਕਵਿਤਾ ਦੀ ਮਸ਼ਕ ਚੁੱਕੀ ਹੋਈ ਹੈ; ਉਸ ਕੋਲ ਨਾ ਤਾਂ ਵਿਸ਼ਿਆਂ ਦੀ ਕਮੀ ਹੈ ਨਾ ਹੀ ਕਾਵਿ-ਭਾਸ਼ਾ ਦੀ, ਇਸ ਲਈ ਉਹ ਜ਼ਿੰਦਗੀ ਦੇ ਹਰ ਬਦਲਦੇ ਰੰਗ ਨੂੰ ਮੁਖਾਤਿਬ ਹੋ ਕੇ ਕਾਵਿਕਾਰੀ ਕਰਦਾ ਨਿਰੰਤਰ ਅੱਗੇ ਵਧ ਰਿਹਾ ਹੈ। ***(ਸਮਾਪਤ)***

# ਦੁਨੀਆ ਦਾ ਸਭ ਤੋਂ ਤਕੜਾ ਬੰਦਾ ਲਾਸ਼ਾ ਤਲਖਾਡਜ਼ੇ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਸਭ ਤੋਂ ਵੱਧ ਵਜ਼ਨ ਦਾ ਬਾਲਾ ਕੱਢਣ ਵਾਲੇ ਵੇਟਲਿਫਟਰ ਨੂੰ ਖੇਡ ਜਗਤ ਦਾ ਸਭ ਤੋਂ ਤਕੜਾ ਬੰਦਾ ਕਿਹਾ ਜਾਂਦੈ। 2021 ਤੋਂ ਜਾਰਜੀਆ ਦਾ ਲਾਸ਼ਾ ਤਲਖਾਡਜ਼ੇ ਵਿਸ਼ਵ ਦਾ ਸਭ ਤੋਂ ਤਕੜਾ ਬੰਦਾ ਮੰਨਿਆ ਜਾ ਰਿਹੈ। ਉਹ ਦੋ ਵਾਰ ਓਲੰਪਿਕ ਚੈਂਪੀਅਨ ਬਣਿਆ, ਸੱਤ ਵਾਰ ਯੌਰਪੀਅਨ ਚੈਂਪੀਅਨ ਤੇ ਸੱਤ ਵਾਰ ਹੀ ਵਰਲਡ ਚੈਂਪੀਅਨ। ਉਸ ਨੇ 225 ਕਿਲੋ ਦੀ ਸਨੈਚ ਤੇ 267 ਕਿਲੋ ਦੀ ਜਰਕ ਲਾਈ ਹੈ, ਜਿਨ੍ਹਾਂ ਦਾ ਕੁਲ ਵਜ਼ਨ 492 ਕਿਲੋਗਰਾਮ ਬਣਦਾ ਹੈ। ਤਿੰਨੇ ਵਜ਼ਨ 225 ਕਿਲੋ, 267 ਤੇ 492 ਕਿਲੋ ਨਵੇਂ ਵਿਸ਼ਵ ਰਿਕਾਰਡ ਹਨ। ਅਧਿਕਾਰਤ ਤੌਰ 'ਤੇ 26 ਵਿਸ਼ਵ ਰਿਕਾਰਡ ਉਹਦੇ ਨਾਂ ਬੋਲਦੇ ਹਨ। ਅਜੇ ਉਹ 30ਵੇਂ ਸਾਲ 'ਚ ਹੈ ਤੇ ਸਰਗਰਮ ਵੇਟਲਿਫਟਰ ਹੈ। ਉਹ ਵਾਰ ਵਾਰ ਵਿਸ਼ਵ ਰਿਕਾਰਡ ਨਵਿਆਉਂਦਾ ਆ ਰਿਹੈ।

ਸਵਾਲ ਪੈਦਾ ਹੁੰਦੈ ਕਿ ਅਰਬਾਂ ਖਰਬਾਂ ਬੰਦਿਆਂ 'ਚੋਂ ਸਭ ਤੋਂ ਸ਼ਕਤੀਸ਼ਾਲੀ ਬੰਦਾ ਹੈ ਕਿਹੋ ਜਿਹਾ? ਉਸ ਦਾ ਆਪਣਾ ਕੱਦ-ਕਾਠ ਤੇ ਵਜ਼ਨ ਕਿੰਨਾ ਕੁ ਹੈ? ਜੁੱਸਾ ਕਿਹੋ ਜਿਹਾ ਹੈ? ਕੀ ਉਸ ਨੂੰ ਭਾਰ ਚੁੱਕਦੇ ਨੂੰ ਵੇਖਿਆ ਜਾ ਸਕਦੈ? ਜ਼ਰੂਰ ਵੇਖਿਆ ਜਾ ਸਕਦੈ। ਅਜੋਕੇ ਦੌਰ ਵਿਚ ਵੀਡੀਓਜ਼ ਰਾਹੀਂ ਬਹੁਤ ਕੁਝ ਰਿਕਾਰਡ ਕੀਤਾ ਗਿਐ ਤੇ ਕੀਤਾ ਜਾ ਰਿਹੈ। ਲਾਸ਼ਾ ਨੂੰ ਊਠ ਦੇ ਲੱਦ ਜਿੰਨਾ ਭਾਰ ਚੁੱਕਦਿਆਂ ਯੂ ਟਿਊਬ ਤੋਂ ਕਦੇ ਵੀ ਵੇਖਿਆ ਜਾ ਸਕਦੈ।

ਲਾਸ਼ਾ ਦਾ ਜਨਮ ਛੋਟੇ ਜਿਹੇ ਮੁਲਕ ਜਾਰਜੀਆ ਦੇ ਨਗਰ ਸੱਚਖੇਰੇ ਵਿਚ 2 ਅਕਤੂਬਰ 1993 ਨੂੰ ਹੋਇਆ ਸੀ। ਇਸ ਸਮੇਂ ਉਸ ਦਾ ਜੁੱਸਾ 183 ਕਿਲੋ ਦਾ ਹੈ। ਉਹਦਾ ਕੱਦ ਵੀ ਸਾਢੇ ਛੇ ਫੁੱਟ ਯਾਨੀ 1.97 ਮੀਟਰ ਹੈ। ਰੰਗ ਗੋਰਾ ਨਿਸ਼ੋਹ, ਦਾੜ੍ਹੀ ਕਾਲੀ ਕਤਰਵੀਂ, ਢਿੱਡ ਢੋਲ ਵਰਗਾ ਗੋਲ ਅਤੇ ਡੌਲੇ ਤੇ ਪੱਟ ਮੂੰਗਲੀਆਂ ਤੇ ਮੁਗਦਰਾਂ ਵਰਗੇ ਹਨ। ਵੇਖਣ ਨੂੰ ਉਹ ਦਿਉ ਲੱਗਦਾ ਹੈ।

ਭਾਰ ਚੁੱਕਣ ਦੇ ਤਿੰਨ ਤਰ੍ਹਾਂ ਦੇ ਰਿਕਾਰਡ ਹੁੰਦੇ ਹਨ। ਸਨੈਚ, ਕਲੀਨ ਐਂਡ ਜਰਕ ਅਤੇ ਕੁਲ ਭਾਰ। ਸਨੈਚ ਦਾ ਭਾਵ ਭਾਰ ਚੁੱਕਣ ਵਾਲੀ ਬਾਰ ਨੂੰ ਹੱਥ ਪਾ ਕੇ ਬਾਹਾਂ ਉਤਾਂਹ ਖੜ੍ਹੇ ਕਰਦਿਆਂ ਉੱਠ ਖੜ੍ਹਨਾ ਹੈ। ਇਹਦੇ ਲਈ ਬੜੇ ਤਕਨੀਕੀ ਅਭਿਆਸ ਦੀ ਲੋੜ ਹੁੰਦੀ ਹੈ। ਕਲੀਨ ਐਂਡ ਜਰਕ ਦਾ ਭਾਵ ਭਾਰ ਵਾਲੀ ਬਾਰ ਧਰਤੀ ਤੋਂ ਚੁੱਕ ਕੇ ਛਾਤੀ ਤਕ ਲਿਜਾਣਾ ਤੇ ਫਿਰ ਹੁਝਕਾ ਮਾਰ ਕੇ ਬਾਹਾਂ ਉਤੇ ਤੋਲਣਾ ਹੈ। ਦੇਸੀ ਬੋਲੀ ਵਿਚ ਇਸ ਨੂੰ 'ਬਾਲਾ ਕੱਢਣਾ' ਕਿਹਾ ਜਾਂਦਾ ਹੈ।

ਮੇਰੇ ਬਚਪਨ ਵਿਚ ਸਾਡੇ ਪਿੰਡ ਦੇ ਚੋਬਰ ਅਹਿਰਨਾਂ, ਪੱਥਰਾਂ, ਬੋਰੀਆਂ ਤੇ ਮੁਗਦਰਾਂ ਦੇ ਬਾਲੇ ਕੱਢਿਆ ਕਰਦੇ ਸਨ। ਉਹ ਹੌਲੀਆਂ ਤੇ ਭਾਰੀਆਂ ਮੂੰਗਲੀਆਂ ਫੇਰਦੇ। ਸਾਡੇ ਘਰ ਦੇ ਕੋਲ ਹੀ ਸੇਪੀ ਕਰਨ ਵਾਲੇ ਕਾਰੀਗਰ ਦਾ ਅੱਡਾ ਹੁੰਦਾ ਸੀ। ਉਥੇ ਲੱਕੜ ਤੇ ਲੋਹੇ ਦਾ ਕੰਮ ਹੁੰਦਾ ਰਹਿੰਦਾ। ਉਹਦੇ ਅੱਡੇ ਮੂਹਰੇ ਖੁੱਲ੍ਹੀ ਥਾਂ ਪਈ ਹੁੰਦੀ ਸੀ। ਜਦੋਂ ਚੌਆਂ ਦੇ ਫਾਲ਼ੇ ਚੰਡਣ ਵਾਲੀ ਅਹਿਰਨ ਵਿਹਲੀ ਹੁੰਦੀ ਤਾਂ ਪਿੰਡ ਦੇ ਚੋਬਰ ਉਸ ਅਹਿਰਨ ਦੇ ਬਾਲੇ ਕੱਢਣ ਦੀ ਜ਼ੋਰ ਅਜ਼ਮਾਈ ਕਰਦੇ। ਅਹਿਰਨ ਦਾ ਭਾਰ ਦੋ ਮਣ ਸੀ ਯਾਨੀ 75 ਕਿਲੋਗਰਾਮ। ਮਚਾਕ ਘੱਟ ਵਜ਼ਨਾਂ ਦੇ ਸਨ ਜਿਨ੍ਹਾਂ ਨੂੰ ਮੁੰਡੇ ਖੁੰਡੇ ਚੁੱਕਦੇ। ਉਦੋਂ 75 ਕਿਲੋ ਦੀ ਅਹਿਰਨ ਦਾ ਬਾਲਾ ਕੋਈ ਕੋਈ ਜੁਆਨ ਹੀ ਕੱਢ ਸਕਦਾ ਸੀ। ਚੌਰਸ ਅਹਿਰਨ ਨੂੰ ਪਹਿਲਾਂ ਪੱਟਾਂ ਉਤੇ, ਫਿਰ ਛਾਤੀ 'ਤੇ ਲਿਜਾਇਆ ਜਾਂਦਾ ਤੇ ਫਿਰ ਹੁਝਕਾ ਮਾਰ ਕੇ ਬਾਲਾ ਕੱਢਿਆ ਜਾਂਦਾ। 19-20 ਸਾਲ ਦੀ ਉਮਰ ਤਕ ਮੈਂ ਉਸ ਦਾ ਬਾਲਾ ਨਹੀਂ ਸਾਂ ਕੱਢ ਸਕਿਆ ਜੋ 21-22 ਸਾਲਾਂ ਦਾ ਹੋ ਕੇ ਮਸੀਂ ਕੱਢ ਸਕਿਆ। ਉਦੋਂ ਜੇ ਕੋਈ ਕਹਿੰਦਾ ਕਿ ਕੋਈ ਭਾਰਚੁਕਾਵਾ ਪੌਣੇ ਸੱਤ ਮਣ ਭਾਰ ਦਾ ਬਾਲਾ ਕੱਢ ਦਿੰਦੈ ਤਾਂ ਕਿਸੇ ਨੇ ਸੱਚ ਨਹੀਂ ਸੀ ਮੰਨਣਾ। 19ਵੀਂ ਸਦੀ ਦੇ ਅਖ਼ੀਰ ਵਿਚ 1896 ਦੀਆਂ ਪਹਿਲੀਆਂ ਨਵੀਨ ਓਲੰਪਿਕ ਖੇਡਾਂ 'ਚ ਦੁਨੀਆ ਦਾ ਸਭ ਤੋਂ ਤਕੜਾ ਬੰਦਾ ਵੱਧ ਤੋਂ ਵੱਧ 111.5 ਕਿਲੋ ਭਾਰ ਦਾ ਬਾਲਾ ਹੀ ਕੱਢ ਸਕਿਆ ਸੀ।



ਲਾਸ਼ਾ ਤਲਖਾਡਜ਼ੇ ਨੇ ਦੋ ਸਾਲ ਪਹਿਲਾਂ 17 ਦਸੰਬਰ 2021 ਨੂੰ ਤਾਸ਼ਕੰਦ ਦੀ ਵਰਲਡ ਵੇਟਲਿਫਟਿੰਗ ਚੈਂਪੀਅਨਸ਼ਿਪਸ ਵਿਚ ਸਨੈਚ, ਕਲੀਨ ਐਂਡ ਜਰਕ ਅਤੇ ਕੁਲ ਵਜ਼ਨ ਦੇ ਤਿੰਨੇ ਹੀ ਵਿਸ਼ਵ ਰਿਕਾਰਡ ਮੁੜ ਨਵਿਆਏ ਹਨ। ਉਸ ਨੇ ਸਨੈਚ ਤੇ ਜਰਕ ਨਾਲ 492 ਕਿਲੋ ਭਾਰ ਉਠਾਇਆ ਹੈ। ਭਾਰ ਚੁੱਕਣ ਦੇ ਮਾਹਿਰਾਂ ਨੇ 500 ਕਿਲੋਗਰਾਮ ਦੀ ਹੱਦ ਨੂੰ ਮਿਥਿਹਾਸਕ ਹੱਦ ਮਿਥਿਆ ਹੋਇਐ ਜਿਸ ਨੂੰ ਪਾਰ ਕਰਨਾ ਅਸੰਭਵ ਕਿਹਾ ਜਾ ਰਿਹੈ। ਪਰ ਬੰਦਾ ਫਿਰ ਬੰਦਾ ਹੀ ਕਾਹਦਾ ਹੋਇਆ ਜੇਕਰ ਅਸੰਭਵ ਨੂੰ ਸੰਭਵ ਨਾ ਕਰ ਵਿਖਾਵੇ!

ਮਨੁੱਖ ਦੇ ਜਾਏ ਮੁੱਢ ਕਦੀਮ ਤੋਂ ਕੁਦਰਤੀ ਸ਼ਕਤੀਆਂ ਵਿਰੁੱਧ ਜੂਝਦੇ ਆ ਰਹੇ ਹਨ। ਭਾਰਚੁਕਾਵੇ ਦਾ ਆਪਣੇ ਵਿਤੋਂ ਬਾਹਰੇ ਵਜ਼ਨ ਨਾਲ ਆਢਾ ਲਾਉਣਾ, ਮਨੁੱਖ ਦੇ ਕੁਦਰਤੀ ਸ਼ਕਤੀਆਂ ਵਿਰੁੱਧ ਜੂਝਣ ਦਾ ਹੀ ਇਕ ਲੱਛਣ ਹੈ। ਮਨੁੱਖੀ ਜੀਵ ਬ੍ਰਹਿਮੰਡ ਦਾ ਧੜਕਦਾ ਸਾਹ ਹੈ ਜਿਸ ਵਿਚ ਫਤਿਹ ਹਾਸਲ ਕਰਨ ਦਾ ਅਮੁੱਕ ਜਜ਼ਬਾ ਹੈ। ਕਿਧਰੇ ਉਹ ਉੱਚੀ ਤੋਂ ਉੱਚੀ ਛਾਲ ਲਾ ਕੇ ਧਰਤੀ ਦੀ ਖਿੱਚ ਨੂੰ ਹਰਾਉਣਾ ਚਾਹੁੰਦਾ ਹੈ ਤੇ ਕਿਧਰੇ ਤੇਜ਼ ਤੋਂ ਤੇਜ਼ ਦੌੜ ਕੇ ਧਰਤ-ਜ਼ਰਿਆਂ ਦੀ ਪਕੜ ਨੂੰ ਮਾਤ ਪਾਉਣਾ। ਕਿਧਰੇ ਉਹ ਵੱਧ ਤੋਂ ਵੱਧ ਵਜ਼ਨ ਚੁੱਕ ਕੇ ਦੱਸ ਦੇਣਾ ਚਾਹੁੰਦਾ ਹੈ ਕਿ ਭਾਰੀ ਬਾਰ ਤੇ ਧਰਤੀ ਵਿਚਾਲੇ ਬਾਹਾਂ ਖੜ੍ਹੀਆਂ ਕਰਨ ਦੇ ਕਿੰਨਾ ਸਮਰੱਥ ਹੋ ਗਿਆ ਹੈ! ਇਹ ਸੰਘਰਸ਼ ਸਦੀਵੀ ਹੈ ਤੇ ਮਨੁੱਖ ਪੈਦਾ ਹੀ ਨਵੀਂ ਤੋਂ ਨਵੀਂ ਜਿੱਤ ਹਾਸਲ ਕਰਨ ਲਈ ਹੋਇਆ ਹੈ। ਇਹ ਜਿੱਤ ਬੁਰਾਈਆਂ ਉਤੇ, ਵਿਰੋਧੀ ਵਿਚਾਰਾਂ ਉਤੇ, ਵਿਰੋਧੀ ਧਿਰਾਂ, ਜਮਾਤਾਂ ਤੇ ਨਿਜ਼ਾਮਾਂ ਉਤੇ ਵੀ ਹੋ ਸਕਦੀ ਹੈ, ਆਪਣੇ ਅੰਦਰ ਦੀਆਂ ਮਾਰੂ ਪ੍ਰਵਿਰਤੀਆਂ ਉਤੇ ਵੀ ਅਤੇ ਤੇਜ਼ ਤੋਂ ਤੇਜ਼ ਦੌੜਨ ਤੇ ਵੱਧ ਤੋਂ ਵੱਧ ਭਾਰ ਚੁੱਕਣ ਉਤੇ ਵੀ। ਡੂੰਘੀ ਨਜ਼ਰ ਮਾਰਿਆਂ ਸੰਘਰਸ਼ ਹਰ ਖੇਤਰ ਵਿਚ ਦਿਸਦਾ ਹੈ ਤੇ ਉਹਦੇ ਪਿੱਛੇ ਉਮ੍ਹਲਦਾ ਜਜ਼ਬਾ ਫਤਿਹ ਹਾਸਲ ਕਰਨ ਦਾ ਹੀ ਹੈ।

ਹਾਲ ਦੀ ਘੜੀ ਲਾਸ਼ਾ ਤਲਖਾਡਜ਼ੇ ਤੋਂ ਹੀ ਆਸ ਹੈ ਕਿ ਉਹ 225 ਕਿਲੋ ਦੀ ਸਨੈਚ ਤੇ 267 ਕਿਲੋ ਦੀ ਜਰਕ ਨੂੰ ਹੋਰ ਵਧਾ ਕੇ ਕੁਲ 500 ਕਿਲੋ ਦੀ ਮਿਥਕ ਹੱਦ ਤੋੜੇ। ਜੇ ਉਹ ਹੋਰ 4 ਕਿਲੋ ਵੱਧ ਦੀ ਸਨੈਚ ਤੇ ਹੋਰ 5 ਕਿਲੋ ਵੱਧ ਦੀ ਜਰਕ ਲਾ ਦੇਵੇ ਤਾਂ 500 ਕਿਲੋ ਦੀ ਅਟੁੱਟ ਮੰਨੀ ਜਾਂਦੀ ਹੱਦ ਟੁੱਟ ਸਕਦੀ ਹੈ। 500 ਕਿਲੋ ਦੀ ਮਿਥਕ ਹੱਦ ਤੋੜਨ ਲਈ ਇਕ ਦੋ ਨਹੀਂ, ਦੁਨੀਆ ਦੇ ਦਰਜਨਾਂ ਵੇਟਲਿਫਟਰ ਲੋਹੇ ਨਾਲ ਜੂਝ ਰਹੇ ਹਨ। ਕਈ ਹੋਰ ਵੇਟਲਿਫਟਰ ਲਾਸ਼ਾ ਨੂੰ ਮਾਤ ਪਾਉਣ ਲਈ ਉਹਦੇ ਮੋਢਿਆਂ 'ਤੇ ਚੜ੍ਹੇ ਆ ਰਹੇ ਹਨ।

ਇਹ ਹਕੀਕਤ ਹੈ ਕਿ ਕੋਈ ਰਿਕਾਰਡ ਐਸਾ ਨਹੀਂ ਜੋ ਕਦੇ ਟੁੱਟਿਆ ਨਾ ਹੋਵੇ। ਸਮਾਂ ਘੱਟ ਜਾਂ ਵੱਧ ਲੱਗ ਸਕਦਾ ਹੈ ਪਰ ਰਿਕਾਰਡ ਟੁੱਟਿਆ ਜ਼ਰੂਰ ਹੈ ਤੇ ਟੁੱਟੇਗਾ ਵੀ ਜ਼ਰੂਰ। 225 ਕਿਲੋ ਸਨੈਚ, 267 ਕਿਲੋ ਜਰਕ ਤੇ 492 ਕਿਲੋ ਟੋਟਲ ਅੱਜ ਤਕ ਦੇ ਵਿਸ਼ਵ ਰਿਕਾਰਡ ਹਨ ਜਿਨ੍ਹਾਂ ਨੇ ਆਉਂਦੇ ਸਮੇਂ 'ਚ ਟੁੱਟਣਾ ਹੀ ਟੁੱਟਣਾ ਹੈ। ਭਵਿੱਖ ਦੇ ਭਾਰਚੁਕਾਵੇ 270 ਕਿਲੋ ਜਰਕ ਦਾ ਬੈਰੀਅਰ ਵੀ ਤੋੜਨਗੇ ਤੇ 275 ਕਿਲੋ ਦਾ ਵੀ। ਸੰਭਵ ਹੈ 21ਵੀਂ ਸਦੀ ਦੇ ਅੰਤ ਤਕ ਕੋਈ ਵੇਟਲਿਫਟਰ 300 ਕਿਲੋ ਦਾ ਬਾਲਾ ਕੱਢਣ ਦੀ ਹੱਦ ਵੀ ਤੋੜ ਦੇਵੇ! ਬੰਦੇ ਦੀ ਸ਼ਕਤੀ ਦਾ ਕੋਈ ਸਿਰਾ ਜੁ ਨਹੀਂ!!

ਜ਼ਰੂਰੀ ਨਹੀਂ ਕਿ ਕਿਸੇ ਵੱਡੇ ਤੇ ਅਮੀਰ ਮੁਲਕ ਦਾ ਖਿਡਾਰੀ ਹੀ ਵਿਸ਼ਵ ਦਾ ਸਭ ਤੋਂ ਤਕੜਾ ਬੰਦਾ ਬਣ ਸਕਦੈ। ਜਾਰਜੀਆ ਇਕ ਛੋਟਾ ਜਿਹਾ ਮੁਲਕ ਹੈ ਜਿਸ ਦੀ ਆਬਾਦੀ ਸਿਰਫ਼ 37 ਲੱਖ ਹੈ। ਸਾਡੀ ਦਿੱਲੀ ਦੀ ਆਬਾਦੀ ਦੇ ਹੀ ਅੱਧੀ ਦਰਜਨ ਜਾਰਜੀਆ ਬਣ ਜਾਣ! ਜਾਰਜੀਆ ਏਸ਼ੀਆ ਤੇ ਯੂਰਪ ਦੀ ਹੱਦ 'ਤੇ ਸਰਹੱਦੀ ਦੇਸ਼ ਹੈ। ਪਹਿਲਾਂ ਉਹ ਸੋਵੀਅਤ ਰੂਸ ਦਾ ਭਾਗ ਸੀ। 1991 ਵਿਚ ਸੋਵੀਅਤ ਰੂਸ ਟੁੱਟਾ ਤਾਂ ਜਾਰਜੀਆ ਵੱਖਰਾ ਆਜ਼ਾਦ ਦੇਸ਼ ਬਣ ਗਿਆ ਜਿਸ ਦੀ ਉਮਰ ਲਾਸ਼ਾ ਤਲਖਾਡਜ਼ੇ ਤੋਂ ਦੋ ਕੁ ਸਾਲ ਹੀ ਵੱਡੀ ਹੈ। ਇਸ ਦੀ ਰਾਜਧਾਨੀ ਤਬਲਿਸੀ ਹੈ ਜੋ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੈ। ਉਸ ਸ਼ਹਿਰ ਵਿਚ ਦੇਸ਼ ਦੀ ਤੀਜਾ ਹਿੱਸਾ ਆਬਾਦੀ ਵੱਸਦੀ ਹੈ। ਲਗਭਗ 90% ਲੋਕ ਇਸਾਈ ਹਨ। ਲਾਸ਼ਾ ਜਦੋਂ ਭਾਰ ਚੁੱਕਣ ਆਉਂਦਾ ਹੈ ਤਾਂ ਹੱਥ ਨਾਲ ਛਾਤੀ 'ਤੇ ਕਰਾਸ ਦਾ ਚਿੰਨ੍ਹ ਬਣਾ ਕੇ ਬਾਰ ਨੂੰ ਹੱਥ ਪਾਉਂਦਾ ਹੈ। 'ਕੱਲਾ ਲਾਸ਼ਾ ਹੀ ਨਹੀਂ ਬਹੁਤ ਸਾਰੇ ਖਿਡਾਰੀ ਅਜਿਹੇ ਹਨ ਜੋ ਖੇਡ ਸ਼ੁਰੂ ਕਰਦਿਆਂ ਆਪੋ ਆਪਣੇ ਵਿਸ਼ਵਾਸ ਅਨੁਸਾਰ ਆਪਣੇ ਇਸ਼ਟ ਨੂੰ ਸਿਜਦਾ ਕਰਦੇ ਹਨ।

ਭਾਰਤ ਤੋਂ ਜਾਰਜੀਆ ਖੁਸ਼ਕ ਰਸਤੇ ਜਾਇਆ ਜਾ ਸਕਦੈ। ਉਥੇ ਕੁਝ ਪੰਜਾਬੀ ਤੇ ਭਾਰਤੀ ਗਏ ਵੀ ਹਨ। ਉਥੋਂ ਦੀਆਂ ਪ੍ਰਮੁੱਖ ਖੇਡਾਂ ਫੁੱਟਬਾਲ, ਬਾਸਕਟਬਾਲ, ਰਗਬੀ ਯੂਨੀਅਨ, ਰੈਸਲਿੰਗ, ਜੂਡੋ ਤੇ ਵੇਟਲਿਫਟਿੰਗ ਹਨ। ਜਾਰਜੀਆ ਇਤਿਹਾਸਕ ਤੌਰ 'ਤੇ ਤਕੜੇ ਜੁੱਸਿਆਂ ਵਾਲੇ ਬੰਦਿਆਂ ਦਾ ਦੇਸ਼ ਵੱਜਦਾ ਹੈ। ਉਸ ਨੇ ਥੋੜ੍ਹੇ ਸਮੇਂ ਵਿਚ ਹੀ ਕਈ ਖੇਡਾਂ 'ਚ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਖੱਟੀ ਹੈ। ਨਿੱਕੇ ਜਿੰਨੇ ਦੇਸ਼ ਨੇ 1992 ਤੋਂ ਬਾਅਦ ਓਲੰਪਿਕ ਖੇਡਾਂ 'ਚੋਂ 40 ਮੈਡਲ ਜਿੱਤ ਲਏ ਹਨ ਜਿਨ੍ਹਾਂ 'ਚ ਵਧੇਰੇ ਮੈਡਲ ਕੁਸ਼ਤੀ, ਜੂਡੋ ਤੇ ਵੇਟਲਿਫਟਿੰਗ ਦੇ ਹਨ।

ਲਾਸ਼ਾ ਨੇ 2015 ਦੀ ਵਿਸ਼ਵ ਵੇਟਲਿਫਟਿੰਗ ਚੈਂਪੀਅਨਸ਼ਿਪਸ ਤੋਂ ਵੱਡੀਆਂ ਜਿੱਤਾਂ ਜਿੱਤਣੀਆਂ ਸ਼ੁਰੂ ਕੀਤੀਆਂ ਸਨ। ਉਥੇ ਉਹ ਆਪਣੇ ਵਜ਼ਨ ਵਰਗ ਵਿਚ ਬੇਸ਼ਕ ਦੂਜੇ ਸਥਾਨ 'ਤੇ ਰਿਹਾ ਸੀ ਪਰ ਬਾਅਦ ਵਿਚ ਪਹਿਲੇ ਸਥਾਨ ਵਾਲੇ ਅਲੈਕਸੇਵ ਦੇ ਡੋਪ ਟੈਸਟ ਵਿਚ ਫੇਲ੍ਹ ਹੋਣ ਕਾਰਨ ਲਾਸ਼ਾ ਨੂੰ ਵਰਲਡ ਚੈਂਪੀਅਨ ਐਲਾਨਿਆ ਗਿਆ। ਉਥੇ ਉਸ ਨੇ +105 ਕਿਲੋ ਕੈਟੇਗਰੀ ਵਿਚ ਕੁਲ 454 ਕਿਲੋ ਭਾਰ ਚੁੱਕਿਆ ਸੀ। 2016 ਦੀਆਂ ਓਲੰਪਿਕ ਖੇਡਾਂ ਵਿਚ ਰੀਓ ਵਿਖੇ ਉਸ ਨੇ 215 ਕਿਲੋ ਦੀ ਸਨੈਚ ਲਾ ਕੇ ਪਹਿਲਾ ਵਿਸ਼ਵ ਰਿਕਾਰਡ ਤੋੜਿਆ। 258 ਕਿਲੋ ਦੀ ਕਲੀਨ ਐਂਡ ਜਰਕ ਨਾਲ ਦੂਜਾ ਵਿਸ਼ਵ ਰਿਕਾਰਡ ਵੀ ਤੋੜ ਦਿੱਤਾ ਤੇ ਕੁਲ 473 ਕਿਲੋ ਵਜ਼ਨ ਚੁੱਕ ਕੇ ਓਲੰਪਿਕ ਖੇਡਾਂ ਦਾ ਪਹਿਲਾ ਗੋਲਡ ਮੈਡਲ ਜਿੱਤਿਆ। 2017 ਦੀ ਯੂਰਪੀਨ ਚੈਂਪੀਅਨਸ਼ਿਪ ਵਿਚ ਲਾਸ਼ਾ ਨੇ 217 ਕਿਲੋ ਦੀ ਸਨੈਚ ਲਾ ਕੇ ਇਕ ਹੋਰ ਵਿਸ਼ਵ ਰਿਕਾਰਡ ਨਵਿਆਇਆ। ਉਸੇ ਸਾਲ ਦੀ ਵਿਸ਼ਵ ਚੈਂਪੀਅਨਸ਼ਿਪਸ ਵਿਚ 220 ਕਿਲੋ ਦੀ ਸਨੈਚ ਲਾ ਦਿੱਤੀ ਅਤੇ 257 ਕਿਲੋ ਦੀ ਜਰਕ ਨਾਲ ਕੁਲ 477 ਕਿਲੋ ਭਾਰ ਚੁੱਕ ਕੇ ਫਿਰ ਵਿਸ਼ਵ ਰਿਕਾਰਡ ਤੋੜ ਦਿੱਤਾ।

ਵੇਟਲਿਫਟਿੰਗ ਕਰਨ ਵਾਲਿਆਂ ਦੇ ਵੱਖੋ ਵੱਖਰੇ ਵਜ਼ਨ ਵਰਗ ਹੁੰਦੇ ਹਨ। ਮਸਲਨ 55 ਕਿਲੋ, 61, 67, 73, 81, 89, 96, 102, 109 ਤੇ +109 ਕਿਲੋ ਹਨ। ਇਨ੍ਹਾਂ ਦੀ ਗਿਣਤੀ ਤੇ ਭਾਰ 'ਚ ਵਾਧਾ ਘਾਟਾ ਵੀ ਹੁੰਦਾ ਰਹਿੰਦਾ ਹੈ। ਪਹਿਲਾਂ ਸਭ ਤੋਂ ਭਾਰਾ ਵਜ਼ਨ ਵਰਗ +105 ਕਿਲੋ ਸੀ ਜੋ ਵਧਾ ਕੇ +109 ਕਿਲੋ ਕਰ ਦਿੱਤਾ ਗਿਆ ਹੈ। 2018 ਦੀ ਵਰਲਡ ਚੈਂਪੀਅਨਸ਼ਿਪਸ ਵਿਚ ਲਾਸ਼ਾ ਨੇ +109 ਕਿਲੋ ਕੈਟੇਗਰੀ ਵਿਚ ਭਾਗ ਲਿਆ ਤੇ ਗੋਲਡ ਮੈਡਲ ਜਿੱਤਿਆ। 2019 ਦੀ ਵਰਲਡ ਚੈਂਪੀਅਨਸ਼ਿਪਸ ਵਿਚ ਉਸ ਨੇ 218 ਕਿਲੋ ਦੀ ਸਨੈਚ ਲਾਈ ਤੇ 260 ਕਿਲੋ ਦੀ ਜਰਕ। 2020 ਵਾਲੀਆਂ ਟੋਕੀਓ ਦੀਆਂ ਓਲੰਪਿਕ ਖੇਡਾਂ ਕੋਵਿਡ ਕਾਰਨ 2021 ਵਿਚ ਹੋ ਸਕੀਆਂ ਸਨ। ਉਥੇ ਉਸ ਨੇ 223 ਕਿਲੋ ਦੀ ਸਨੈਚ, 265 ਕਿਲੋ ਦੀ ਜਰਕ ਤੇ ਕੁਲ 488 ਕਿਲੋ ਭਾਰ ਚੁੱਕ ਕੇ ਓਲੰਪਿਕ ਖੇਡਾਂ ਦੇ ਤਿੰਨੇ ਰਿਕਾਰਡ ਮੁੜ ਤੋੜ ਦਿੱਤੇ ਸਨ। ਉਥੇ ਉਸ ਨੇ ਓਲੰਪਿਕ ਖੇਡਾਂ ਦਾ ਦੂਜਾ ਗੋਲਡ ਮੈਡਲ ਜਿੱਤਿਆ ਸੀ। ਤਦ ਉਸ ਨੂੰ ਜਾਰਜੀਆ ਦਾ ਸਰਬੋਤਮ ਖਿਡਾਰੀ ਹੋਣ ਦਾ ਸਨਮਾਨ ਦਿੱਤਾ ਗਿਆ। ਪਰ ਉਸ ਦੇ ਖੇਡ ਕਰੀਅਰ ਦੀ ਸਿਖਰਲੀ ਪ੍ਰਫਾਰਮੈਂਸ ਤਾਸ਼ਕੰਦ ਵਿਖੇ ਰਹੀ ਜਿਥੇ ਉਸ ਨੇ 225 ਕਿਲੋ ਸਨੈਚ, 267 ਕਿਲੋ ਕਲੀਨ ਐਂਡ ਜਰਕ ਅਤੇ 492 ਕਿਲੋ ਦਾ ਟੋਟਲ ਨਾਲ ਨਵੇਂ ਵਿਸ਼ਵ ਰਿਕਾਰਡ ਰੱਖੇ। ਅੱਜ ਵੀ 26 ਵਿਸ਼ਵ ਰਿਕਾਰਡ ਲਾਸ਼ਾ ਤਲਕਾਡਜ਼ੇ ਦੇ ਨਾਂ ਦਰਜ ਹਨ। ਵੈਸੇ ਇਕ ਵਾਰ ਉਸ ਨੇ 270 ਕਿਲੋ ਦੀ ਜਰਕ ਵੀ ਲਾ ਦਿੱਤੀ ਸੀ ਪਰ ਉਹ ਅਧਿਕਾਰਤ ਤੌਰ 'ਤੇ ਰਿਕਾਰਡ ਵਜੋਂ ਦਰਜ ਨਹੀਂ ਕੀਤੀ ਗਈ।

ਪਰਿਵਾਰਕ ਤੌਰ 'ਤੇ ਉਹ ਕਬੀਲਦਾਰ ਬੰਦਾ ਹੈ। 2016 ਵਿਚ ਉਹਦੇ ਵਰਗੀ ਹੀ ਇਕ ਖ਼ੂਬਸੂਰਤ ਲੰਮੀ ਝੰਮੀ ਮੁਟਿਆਰ ਅਨੀ ਦਮੂਰੀਆ ਨਾਲ ਉਹਦੀਆਂ ਅੱਖਾਂ ਮਿਲੀਆਂ ਜੋ ਦੋ ਸਾਲ ਗੁਪਤ ਤੌਰ 'ਤੇ ਮਿਲਦੀਆਂ ਰਹੀਆਂ। 24 ਜੁਲਾਈ 2018 ਨੂੰ ਉਨ੍ਹਾਂ ਦਾ ਜਾਰਜੀਆਂ ਦੀਆਂ ਰੀਤਾਂ ਅਨੁਸਾਰ ਵਿਆਹ ਹੋਇਆ। ਅੱਗੇ ਬਾਲ ਬੱਚੇ ਵੀ ਹੋ ਗਏ ਜਿਨ੍ਹਾਂ ਤੋਂ ਆਸਾਂ ਹਨ ਕਿ ਉਹ ਵੀ ਕੁਝ ਅਨੋਖਾ ਕਰਨਗੇ। ਲਾਸ਼ਾ ਨੂੰ ਦੇਸ਼ ਵਿਦੇਸ਼ ਦੇ ਬੜੇ ਮਾਣ ਸਨਮਾਨ ਮਿਲੇ ਹਨ ਤੇ ਉਹ ਅਜੇ ਵੀ ਲੋਹੇ ਨਾਲ ਲੋਹਾ ਲੈ ਰਿਹੈ। ਕਈ ਇਹ ਜਾਣ ਕੇ ਹੈਰਾਨ ਹੋਣਗੇ ਕਿ 2013 ਵਿਚ ਜਦੋਂ ਅਜੇ ਉਹ ਭਾਰ ਚੁੱਕਣ ਵਿਚ ਚਮਕਣ ਹੀ ਲੱਗਾ ਸੀ ਤਾਂ ਪਾਬੰਦੀਸ਼ੁਦਾ ਪ੍ਰਫਾਰਮੈਂਸ ਵਧਾਊ ਡਰੱਗ ਸਟੈਨੋਜ਼ੋਲੋਲ ਲੈ ਬੈਠਾ ਸੀ ਜੋ ਡੋਪ ਟੈਸਟ ਵਿਚ ਨਸ਼ਰ ਹੋ ਗਈ। ਸਜ਼ਾ ਵਜੋਂ ਉਸ ਨੂੰ ਦੋ ਸਾਲ ਲਈ ਬੈਨ ਕਰ ਦਿੱਤਾ ਗਿਆ। ਏਨੀ ਕੁ ਸਜ਼ਾ ਨਾਲ ਉਹ ਸੁਧਰ ਗਿਆ ਤੇ ਫਿਰ ਬਿਨਾਂ ਕਿਸੇ ਡਰੱਗ ਡੋਪਿੰਗ ਦੇ ਵਿਸ਼ਵ ਦਾ ਸਭ ਤੋਂ ਤਕੜਾ ਵੇਟਲਿਫਟਰ ਸਿੱਧ ਹੋਇਆ।

2024 'ਚ ਪੈਰਿਸ ਦੀਆਂ ਓਲੰਪਿਕ ਖੇਡਾਂ ਆ ਰਹੀਆਂ ਹਨ ਜਿਨ੍ਹਾਂ ਲਈ ਲਾਸ਼ਾ ਪੂਰੀ ਤਿਆਰੀ ਕਰ ਰਿਹੈ। ਉਥੇ ਵੇਟ ਵਰਗ ਘਟਾ ਦਿੱਤੇ ਗਏ ਹਨ। ਪੁਰਸ਼ਾਂ ਲਈ 61 ਕਿਲੋ, 73 ਕਿਲੋ, 89 ਕਿਲੋ, 102 ਕਿਲੋ ਤੇ +102 ਕਿਲੋ ਕੇਵਲ ਪੰਜ ਵਜ਼ਨ ਵਰਗ ਹੋਣਗੇ। ਲਾਸ਼ਾ ਉਦੋਂ 31ਵੇਂ ਸਾਲ 'ਚ ਹੋਵੇਗਾ। ਤਦ ਤਕ ਉਤਸੁਕਤਾ ਬਣੀ ਰਹੇਗੀ ਕਿ ਉਹ ਓਲੰਪਿਕ ਖੇਡਾਂ ਦਾ ਲਗਾਤਾਰ ਤੀਜਾ ਗੋਲਡ ਮੈਡਲ ਜਿੱਤਦਾ ਹੈ ਜਾਂ ਨਹੀਂ? ਅਤੇ ਇਹ ਵੀ ਕਿ ਫਿਰ ਕੋਈ ਹੋਰ ਨਵਾਂ ਰਿਕਾਰਡ ਕਦੋਂ ਰੱਖਦੈ?

# ਸਮੇਂ ਦਾ ਸੱਚ

ਪਰਮਜੀਤ ਸਿੰਘ ਸੇਖੋਂ (ਦਾਖਾ)
ਫੋਨ: 510-774-5909

* ਇਕ ਦਿਨ ਇਕੋ ਜਿਹੇ ਹੋ ਕੇ ਮਿਲਾਂਗੇ ਮਿੱਤਰਾ ਪਿੰਡ ਦੀਆਂ ਮੜ੍ਹੀਆਂ 'ਤੇ, ਬਹੁਤਾ ਮਾਣ ਨਹੀਂ ਕਰੀਦਾ ਹੁੰਦਾ ਗੁੱਡੀਆਂ ਚੜ੍ਹੀਆਂ 'ਤੇ।

* ਤਿਆਰੀ ਕੋਹਾਂ ਦੀ ਏ, ਭਰੋਸਾ ਘੜੀ ਦਾ ਨਹੀਂ।

* ਇਕ ਗੱਲ ਸਮਝ ਨਹੀਂ ਆਉਂਦੀ ਕਿ ਮਹਾਰਿਸ਼ੀ ਵਾਲਮੀਕਿ ਦੇ ਹੱਥਾਂ ਵਿਚ ਤਾਂ ਕਲਮ ਸੀ ਪਰ ਉਨ੍ਹਾਂ ਦੇ ਬੱਚਿਆਂ ਦੇ ਹੱਥ ਵਿਚ ਤ੍ਰਿਸੂਲ ਕਿਸ ਨੇ ਫੜਾ ਦਿੱਤੇ।

* ਜਿਨ੍ਹਾਂ ਨੇ ਸਾਡਾ ਮਾੜਾ ਕੀਤਾ, ਉਨ੍ਹਾਂ ਨੂੰ ਇਕ ਸੁਨੇਹਾ। ਅਸੀਂ ਅੱਜ ਵੀ ਹੱਸਦੇ ਹਾਂ।

* ਕੁਝ ਲੋਕ ਮਾਸ ਨਹੀਂ ਖਾਂਦੇ ਪਰ ਸਮਾਜ ਖਾਂਦੇ ਨੇ, ਕੁਝ ਲੋਕ ਸ਼ਰਾਬ ਨਹੀਂ ਪੀਂਦੇ ਪਰ ਗਰੀਬਾਂ ਦਾ ਖ਼ੂਨ ਪੀਂਦੇ ਨੇ, ਕੁਝ ਲੋਕ ਜੀਵ ਮਾਰ ਕੇ ਨਹੀਂ ਖਾਂਦੇ ਪਰ ਗਰੀਬਾਂ ਦਾ ਹੱਕ ਖਾਂਦੇ ਨੇ, ਕੁਝ ਲੋਕ ਆਪਣਾ ਭਵਿੱਖ ਰੌਸ਼ਨ ਕਰਦੇ ਨੇ ਪਰ ਗਰੀਬਾਂ ਦੇ ਘਰ ਹਨੇਰਾ ਕਰ ਕੇ।

* ਹਿੰਮਤ ਵਾਲਾ ਆਦਮੀ ਹਿਮਾਲਿਆ ਨੂੰ ਤਾਂ ਫਤਹਿ ਕਰ ਸਕਦਾ ਹੈ ਪਰ ਔਰਤ ਦੀ ਜ਼ਬਾਨ ਨੂੰ ਨਹੀਂ।

* ਚੰਗੇ ਇਨਸਾਨ ਦੀ ਨਿਸ਼ਨੀ ਹੈ ਕਿ ਉਹ ਮਾੜਿਆਂ ਵਿਚ ਜਾ ਕੇ ਵੀ ਉਨ੍ਹਾਂ ਨੂੰ ਚੰਗੇ ਬਣਾਉਣ ਦੇ ਯਤਨ ਜਾਰੀ ਰੱਖਦਾ ਹੈ।

* ਬਹੁਤੀਆਂ ਥਾਵਾਂ ਤੋਂ ਹਾਰਨ ਵਾਲੇ ਦਾ ਆਪਣੇ ਵੀ ਸਾਥ ਛੱਡ ਜਾਂਦੇ ਹਨ।

* ਅਮੀਰੀ ਦੀ ਭੁੱਖ, ਗਰੀਬੀ ਦੇ ਦੁੱਖ ਨਾਲੋਂ ਕਿਤੇ ਵੱਧ ਖਤਰਨਾਕ ਹੁੰਦੀ ਹੈ।

* ਆਤਮ ਵਿਸ਼ਵਾਸ, ਤੁਹਾਡੀਆਂ ਸਮੂਹ ਸ਼ਕਤੀਆਂ ਦਾ ਸਰਦਾਰ ਹੈ।

* ਮਾਪੇ, ਬੱਚਿਆਂ ਦੀਆਂ ਜੜ੍ਹਾਂ ਅਤੇ ਪੱਤਿਆਂ ਦੀ ਤਰ੍ਹਾਂ ਹਨ।

* ਜੇ ਮਾਪੇ ਚਾਹੁਣ ਤਾਂ ਮਾੜੇ ਤੋਂ ਮਾੜਾ ਮਾਹੌਲ ਵੀ ਬੱਚੇ ਨੂੰ ਵਿਗਾੜ ਨਹੀਂ ਸਕਦਾ।

* ਸਵੈਵਿਸ਼ਵਾਸ ਕਾਮਯਾਬੀ ਦੀ ਅਸਲ ਕੁੰਜੀ ਹੈ।

* ਕਦੇ ਵੀ ਆਪਣੇ ਬੱਚੇ ਵਿਚ ਹੀਣ ਭਾਵਨਾ ਨਾ ਪੈਦਾ ਹੋਣ ਦਿਓ।

* ਆਪਾਂ ਆਪਣੇ ਜੀਵਨ 'ਚ ਜਿਹੜੀ ਪ੍ਰਾਪਤੀ ਨਹੀਂ ਕਰ ਸਕੇ, ਚਾਹੁੰਦੇ ਹਾਂ ਕਿ ਸਾਡੇ ਬੱਚੇ ਉਹ ਕਰਨ।

* ਕਦੇ ਵੀ ਆਪਣੇ ਬੱਚੇ ਦੀ ਤੁਲਨਾ, ਦੂਜੇ ਬੱਚੇ ਨਾਲ ਨਾ ਕਰੋ।

* ਯਾਦ ਰੱਖੋ, ਹਰ ਬੱਚਾ ਆਪਣੇ ਆਪ ਵਿਚ ਅਲੱਗ ਹੈ।

* ਹਰ ਬੱਚੇ ਵਿਚ ਕੋਈ ਨਾ ਕੋਈ ਯੋਗਤਾ ਹੁੰਦੀ ਹੈ, ਉਸ ਦੀਆਂ ਯੋਗਤਾਵਾਂ ਨੂੰ ਪਛਾਣੋ ਅਤੇ ਉਤਸ਼ਾਹਤ ਕਰੋ।

* ਜੇ ਤੁਹਾਡਾ ਬੱਚਾ ਆਪਣੇ ਆਪ ਗਲਤੀ ਮੰਨ ਲਵੇ ਤਾਂ ਉਸ ਨੂੰ ਬਿਲਕੁਲ ਨਾ ਝਿੜਕੋ, ਸਗੋਂ ਉਸ ਨੂੰ ਸੱਚ ਬੋਲਣ ਲਈ ਉਤਸ਼ਾਹਤ ਕਰੋ।

* ਆਪਣੇ ਬੱਚੇ ਦੀ ਛੋਟੀ ਗਲਤੀ ਨੂੰ ਵੀ ਨਜ਼ਰ-ਅੰਦਾਜ਼ ਨਾ ਕਰੋ ਕਿਉਂਕਿ ਛੋਟੀਆਂ ਗਲਤੀਆਂ ਹੀ ਵੱਡੇ ਜੁਰਮ ਨੂੰ ਜਨਮ ਦਿੰਦੀਆਂ ਹਨ।

* ਇਹ ਗੱਲ ਯਾਦ ਰੱਖੋ ਕਿ ਸਾਡਾ ਬੱਚਾ ਸਾਡੇ ਲਈ ਸਭ ਤੋਂ ਵੱਧ ਮਹੱਤਵਪੂਰਨ ਹੈ।

* ਆਪਣੇ ਬੱਚੇ ਦੇ ਚੰਗੇ ਕੰਮਾਂ ਦੀ ਤਾਰੀਫ ਕਰੋ। ਇਹ ਤਾਰੀਫ ਜ਼ੁਬਾਨੀ ਵੀ ਹੋ ਸਕਦੀ ਹੈ ਅਤੇ ਤੋਹਫਾ ਦੇ ਕੇ ਵੀ।

* ਕਈ ਵਾਰ ਤਾਰੀਫ ਦੇ ਕੁੱਝ ਸ਼ਬਦ ਅਨੇਕਾਂ ਦਵਾਈਆਂ ਨਾਲੋਂ ਜ਼ਿਆਦਾ ਕੰਮ ਕਰਦੇ ਹਨ।

* ਜੇ ਕਿਸੇ ਕਾਰਨ ਬੱਚਾ ਫੇਲ੍ਹ ਵੀ ਹੋ ਜਾਂਦਾ ਹੈ ਤਾਂ ਉਸ ਦਾ ਦਿਲ ਨਾ ਤੋੜੋ ਸਗੋਂ ਮਹਾਨ ਲੋਕਾਂ ਦੀਆਂ ਕਹਾਣੀਆਂ ਸੁਣਾ ਕੇ ਉਸ ਵਿਚ ਏਨਾ ਹੌਂਸਲਾ ਭਰੋ ਕਿ ਉਹ ਗਲਤੀਆਂ ਨਾ ਦੁਹਰਾਵੇ ਅਤੇ ਸਫਲਤਾ ਪ੍ਰਾਪਤ ਕਰੇ।

* ਕਦੇ ਵੀ ਬੱਚੇ ਦੀ ਬੁਰਾਈ ਨਾ ਕਰੋ ਦੂਜਿਆਂ ਦੇ ਸਾਹਮਣੇ, ਅਜਿਹਾ ਕਰਨ ਨਾਲ ਉਹ ਦੂਜਿਆਂ ਦੀਆਂ ਨਜ਼ਰਾਂ ਵਿਚ ਤਾਂ ਡਿੱਗੇਗਾ ਹੀ, ਆਪਣੀਆਂ ਨਜ਼ਰਾਂ ਵਿਚ ਵੀ ਡਿੱਗ ਜਾਵੇਗਾ।

* ਬੱਚੇ ਨਾਲ ਕਦੇ ਵੀ ਅਜਿਹੇ ਵਾਅਦੇ ਨਾ ਕਰੋ ਜਿਹੜੇ ਤੁਸੀਂ ਕਦੇ ਪੂਰੇ ਨਾ ਕਰ ਸਕੋ।

* ਔਰਤਾਂ ਦਾ ਸਿਰ ਕੱਪੜੇ ਨਾਲ ਕੱਜ ਕੇ ਰੱਖਣਾ ਸੱਭਿਅਕ ਸਮਝਿਆ ਜਾਂਦਾ ਹੈ।

* ਅੱਜ ਦੀਆਂ ਬਹੁਤੀਆਂ ਕੁੜੀਆਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਡੋਰੀਆ ਹੁੰਦਾ ਕੀ ਹੈ।

* ਮਰਦ ਦੀ ਪੱਗ, ਉਸ ਦੀ ਇੱਜ਼ਤ, ਅਣਖ ਤੇ ਜ਼ਿੰਮੇਵਾਰੀ ਦੀ ਪ੍ਰਤੀਕ ਮੰਨੀ ਜਾਂਦੀ ਹੈ।

* ਦੁਪੱਟਾ, ਚੁੰਨੀ ਜਾਂ ਡੋਰੀਆ ਵੀ ਔਰਤ ਦੀ ਇੱਜ਼ਤਪੱਤ ਦਾ ਪ੍ਰਤੀਕ ਹੁੰਦਾ ਹੈ।

# ਫ਼ਲਸਤੀਨ ਖਿਲਾਫ ਜੰਗ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਦੁਰਵਰਤੋਂ

ਅਸੀਂ ਕਿੰਨਾ ਕੁਝ ਦੇਖ ਰਹੇ ਹਾਂ- ਇਕੋ ਵੇਲੇ ਹਜ਼ਾਰਾਂ ਲੋਕ ਮਾਰੇ ਜਾ ਰਹੇ, ਚੀਥੜੇ ਹੋਈਆਂ ਲੋਥਾਂ, ਕਤਲ ਕਰਨ ਤੋਂ ਪਹਿਲਾਂ ਘੇਰੇ ਹੋਏ ਬੰਦੇ, ਮਰ ਰਹੀਆਂ ਔਰਤਾਂ, ਮਾਵਾਂ ਦੀਆਂ ਕੁੱਖਾਂ ਵਿਚ ਜ਼ਲਾਏ ਗਏ ਭਰੂਣ- ਖ਼ੌਫ਼ਨਾਕ ਹਕੀਕਤ ਜਿਸ ਵਿਚ ਫ਼ਲਸਤੀਨੀ ਲੋਕ ਹਰ ਪਲ ਜਿਉਂ ਮਰ ਰਹੇ ਹਨ ਪਰ ਜੋ ਅਦਿੱਖ ਹੈ ਉਹ ਹੈ ਤਕਨਾਲੋਜੀ ਜਿਹੜੀ ਘਰਾਂ, ਪੱਤਰਕਾਰਾਂ, ਡਾਕਟਰਾਂ, ਹਸਪਤਾਲਾਂ, ਮਸੀਤਾਂ, ਯੂਨੀਵਰਸਿਟੀਆਂ ਨੂੰ ਵੱਧ ਤੋਂ ਵੱਧ ਬਰਬਾਦ ਕਰਨ ਲਈ ਵਰਤੀ ਜਾ ਰਹੀ। ਇਹ ਅਦਿੱਖ ਤਕਨਾਲੋਜੀ ਜਿਸ ਨੂੰ ਸੂਚਨਾ ਕ੍ਰਾਂਤੀ ਦੇ ਸਿਖਰਲੇ ਸਮਿਆਂ ਵਿਚ ਈਜਾਦ ਕੀਤਾ ਗਿਆ ਹੈ- ਕੰਪਿਊਟਰ, ਸੈਟੇਲਾਈਟ, ਇੰਟਰਨੈੱਟ, ਸੋਸ਼ਲ ਮੀਡੀਆ, ਮਸ਼ੀਨ ਲਰਨਿੰਗ ਅਤੇ ਅਖ਼ੀਰ ਇਕ ਮਸ਼ੀਨ ਜਿਹੜੀ ਇਨ੍ਹਾਂ ਸਰੋਤਾਂ ਤੋਂ ਇਕੱਠੀ ਕੀਤੀ ਜਾਣਕਾਰੀ ਤੋਂ ਗਿਆਨ ਪੈਦਾ ਕਰਦੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ (ਕੰਪਿਊਟਰ ਨਿਰਮਤ ਬੁੱਧੀ ਜਿਸ ਨੂੰ ਕਈ



**ਸੰਗੀਤ ਤੂਰ**
ਫੋਨ: +91-82849-80760

ਵਾਰ ਮਸਨੂਈ ਬੁੱਧੀ ਵੀ ਕਿਹਾ ਜਾਂਦਾ ਹੈ) ਦੀ ਵਰਤੋਂ ਵਾਲਾ ਦੁਰੇਡਾ ਭਵਿੱਖ ਹੁਣ ਸਾਡਾ ਅੱਜ ਹੈ। ਕਿਆਮਤ ਆ ਗਈ ਹੈ ਪਰ ਕਿਆਮਤੀ ਏ.ਆਈ. ਜੋ ਕੁਝ ਕਰ ਸਕਦੀ ਹੈ, ਉਸ ਦੀ ਲਗਾਮ ਮਨੁੱਖੀ ਹੱਥਾਂ ਵਿਚ ਹੈ। ਦੋ ਮਹੀਨਿਆਂ ਵਿਚ 18000 ਬੰਦੇ ਮਾਰਨ ਲਈ ਇਜ਼ਰਾਈਲ ਦੀ ਫ਼ੌਜ ਨੇ ਨਿਸ਼ਾਨੇ ਲੱਭਣ ਅਤੇ ਬੰਬਾਰੀ ਕਰਨ ਲਈ ਏ.ਆਈ. ਦੀ ਵਰਤੋਂ ਕੀਤੀ ਹੈ। ਆਜ਼ਾਦ ਰਸਾਲਿਆਂ '+972 ਮੈਗਜ਼ੀਨ' ਅਤੇ 'ਲੋਕਲ ਕਾਲ' ਮੁਤਾਬਕ ਇਜ਼ਰਾਇਲੀ ਫ਼ੌਜ ਨੇ ਫ਼ਲਸਤੀਨੀ ਜਨਤਕ ਇਮਾਰਤਾਂ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਲਈ ਹਬਸੋਰਾ ਨਾਮੀ ਏ.ਆਈ. ਸਿਸਟਮ ਵਰਤਿਆ ਹੈ। ਹੀਬਰੋ (ਪੁਰਾਤਨ ਯਹੂਦੀ ਭਾਸ਼ਾ) ਵਿਚ ਹਬਸੋਰਾ ਦਾ ਮਤਲਬ ਮਸੀਹੇ ਦੀ ਜਨਮ ਸਾਖੀ ਹੈ।

6 ਹਫ਼ਤਿਆਂ ਦੀ ਬੰਬਾਰੀ ਵਿਚ ਦੋ ਪਰਮਾਣੂ ਬੰਬਾਂ ਜਿੰਨਾ ਬਾਰੂਦ ਗਾਜ਼ਾ ਉੱਪਰ ਸੁੱਟਿਆ ਜਾ ਚੁੱਕਿਆ ਹੈ। ਥਾਵਾਂ ਦੀ ਨਿਸ਼ਾਨਦੇਹੀ ਅਤੇ ਹੋਰ ਵੇਰਵਾ ਏ.ਆਈ. ਸਿਸਟਮ ਪਤਾ ਕਰਦਾ ਹੈ ਅਤੇ ਇਹ ਵੀ ਅੰਦਾਜ਼ਾ ਲਾ ਕੇ ਦੱਸਦਾ ਹੈ ਕਿ ਕਿੰਨੇ ਬੰਦੇ ਮਾਰੇ ਜਾਣਗੇ। ਇਜ਼ਰਾਇਲੀ ਹਮਲੇ ਦੇ ਪਹਿਲੇ 35 ਦਿਨਾਂ ਵਿਚ 15000 ਥਾਵਾਂ 'ਤੇ ਹਮਲਾ ਕੀਤਾ ਗਿਆ। ਦੋ ਏ.ਆਈ. ਸਿਸਟਮ ਇਕੱਠੇ ਕੰਮ ਕਰਦੇ ਰਹੇ। ਇਕ ਏ.ਆਈ. ਸਿਸਟਮ ਜਿਸ ਨੇ ਹਵਾਈ ਬੰਬਾਰੀ ਵਾਸਤੇ ਨਿਸ਼ਾਨੇ ਸੁਝਾਏ ਅਤੇ ਦੂਜੇ ਸਿਸਟਮ ਨੇ ਨਿਸ਼ਾਨਦੇਹ ਕੀਤੀਆਂ ਥਾਵਾਂ ਤੇ ਮੈਦਾਨੀ ਹਮਲੇ ਦਾ ਪ੍ਰਬੰਧ ਸੰਭਾਲਿਆ। ਪਹਿਲੇ ਸਿਸਟਮ ਵਿਚ ਜਨਤਕ ਇਮਾਰਤਾਂ, ਲੋਕਾਂ ਦੀ ਗਿਣਤੀ, ਜ਼ਿਆਦਾ ਲੋਕਾਂ ਦੀ ਹਰਕਤ, ਡਰੋਨ, ਸੈਟੇਲਾਈਟ ਅਤੇ ਸਰਵੇਲੈਂਸ ਤੋਂ ਇਕੱਠੀ ਕੀਤੀ ਜਾਣਕਾਰੀ ਹੈ। ਇਸ ਸਿਸਟਮ ਨਾਲ ਰੋਜ਼ਾਨਾ ਨਿਸ਼ਾਨੇ ਤੈਅ ਕੀਤੇ ਜਾਂਦੇ ਹਨ। ਦੂਸਰਾ ਏ.ਆਈ. ਸਿਸਟਮ ਫਿਰ ਬਾਰੂਦ ਦੀ ਮਿਕਦਾਰ ਅਤੇ ਬੰਬ ਦਾਗਣ ਦਾ ਸਮਾਂ ਬੰਨ੍ਹ ਦਿੰਦਾ ਹੈ।

ਇੰਟੈਲੀਜੈਂਸ ਹੁੰਦੀ ਕੀ ਹੈ? ਇੰਟੈਲੀਜੈਂਸ ਸਾਡੀ ਹੁਨਰ ਅਤੇ ਜਾਣਕਾਰੀ ਹਾਸਿਲ ਕਰਨ ਅਤੇ ਇਸ ਨੂੰ ਸਹੀ ਤਰੀਕੇ ਨਾਲ਼ ਵਰਤਣ ਦੀ ਯੋਗਤਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਹੈ ਜਦੋਂ ਮਸ਼ੀਨ ਨੂੰ ਇਹੋ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਉਹ ਉਸ ਤੋਂ ਕੁਝ ਨਤੀਜੇ ਕੱਢ ਕੇ ਲਿਆਉਂਦੀ ਹੈ। ਦੋ ਤਰ੍ਹਾਂ ਦੇ ਏ.ਆਈ. ਸਿਸਟਮ ਹੁੰਦੇ ਹਨ- ਜੈਨਰੇਟਿਵ ਭਾਵ ਸਿਰਜਕ ਏ.ਆਈ. ਜਿਹੜਾ ਚੈਟਜੀਪੀਟੀ ਦੇ ਆਉਣ ਤੋਂ ਬਾਅਦ ਖਬਰਾਂ 'ਚ ਆਇਆ ਅਤੇ ਪਰਿਡਿਕਟਿਵ ਭਾਵ ਅਨੁਮਾਨਕ ਏ.ਆਈ.। ਜੈਨਰੇਟਿਵ ਏ.ਆਈ. ਮਾਡਲ ਬਹੁਤ ਵੱਡੇ ਗਿਆਨ ਤੇ ਜਾਣਕਾਰੀ (ਕਿੰਨੇ ਹੀ ਟੈਰਾਬਾਈਟ ਡਾਟਾ) ਨਾਲ ਸਿਖਾਇਆ ਹੁੰਦਾ ਸਿਸਟਮ ਹੈ ਜਿਹੜਾ ਲਿਖਤ, ਤਸਵੀਰ ਜਾਂ ਵੀਡੀਓ ਰੂਪ 'ਚ ਨਤੀਜੇ ਦੇਣ ਯੋਗ ਹੁੰਦਾ ਹੈ। ਚੈਟਜੀਪੀਟੀ 3 ਵਿਚ 45 ਟੈਰਾਬਾਈਟ ਜਾਣਕਾਰੀ ਸੀ ਜਿਹੜੀ 1000 ਪੰਨਿਆਂ ਦੀਆਂ 45 ਲੱਖ ਕਿਤਾਬਾਂ ਦੇ ਬਰਾਬਰ ਹੈ। ਪਰਿਡਿਕਟਿਵ ਏ.ਆਈ. ਭਾਵ ਅਨੁਮਾਨ ਲਗਾਉਣ ਵਾਲੀ ਕੰਪਿਊਟਰ ਸਿਰਜਤ ਬੁੱਧੀ ਕਿਸੇ ਨਾ ਕਿਸੇ ਲੋੜ ਲਈ ਸੁਝਾਅ ਦੇਣ ਲਈ ਸਿਖਾਇਆ ਜਾਂਦਾ ਸਿਸਟਮ ਹੈ। ਨੈੱਟਫਲਿਕਸ ਜਦੋਂ ਪਸੰਦੀਦਾ ਫਿਲਮਾਂ ਦੇ ਸੁਝਾਅ ਦਿੰਦਾ ਹੈ ਤਾਂ ਪਰਿਡਿਕਟਿਵ ਏ.ਆਈ. ਵਰਤਦਾ ਹੈ। ਇਹ ਨਤੀਜੇ ਤੁਹਾਡੀਆਂ ਪਹਿਲਾਂ ਦੇਖੀਆਂ ਫਿਲਮਾਂ, ਸਥਾਨ, ਉਮਰ, ਲਿੰਗ ਤੇ ਹੋਰ ਬਹੁਤ ਸਾਰੇ ਜਾਣਕਾਰੀ ਦੇ ਸਰੋਤਾਂ ਜੋ ਨੈੱਟਫਲਿਕਸ ਇਕੱਠੇ ਕਰਦਾ ਹੈ, 'ਤੇ ਆਧਾਰਿਤ ਹੁੰਦੇ ਹਨ।

ਏ.ਆਈ. ਸਿਸਟਮ ਦੀ ਖਾਸੀਆਤ ਹੈ ਕਿ ਇਹ ਜਾਣਕਾਰੀ ਦੇ ਜ਼ਖੀਰੇ ਨੂੰ ਬਹੁਤ ਜਲਦੀ ਸਮਝ ਕੇ ਸੁਝਾਅ ਦੇਣ ਦੇ ਯੋਗ ਹੈ। ਅਜਿਹੇ ਜਾਣਕਾਰੀ ਦੇ ਸਮੂਹ ਇੰਨੇ ਗੁੰਝਲਦਾਰ ਹੁੰਦੇ ਹਨ ਕਿ ਮਨੁੱਖਾਂ ਨੂੰ ਉਨ੍ਹਾਂ ਨੂੰ ਸਮਝਣ ਵਿਚ ਬਹੁਤ ਮੁਸ਼ਕਿਲ ਆਉਂਦੀ ਹੈ। ਅਜਿਹੇ ਏ.ਆਈ. ਸਿਸਟਮ ਅਮਰੀਕੀ ਨਿਆਂ ਪ੍ਰਣਾਲੀ ਵਿਚ ਵੀ ਵਰਤੇ ਜਾ ਰਹੇ ਹਨ। ਇਕੁਈਵਾਂਟ ਕੰਪਨੀ ਦਾ ਬਣਾਇਆ ਏ.ਆਈ. ਸਿਸਟਮ ਕੋਮਪਾਸ (ਸੀ.ਓ.ਐੱਮ.ਪੀ.ਏ.ਐੱਸ.) ਇਹ ਸੁਝਾਅ ਦੇਣ ਯੋਗ ਹੈ ਕਿ ਕੋਈ ਮੁਲਜ਼ਮ ਦੁਬਾਰਾ ਜੁਰਮ ਕਰੇਗਾ ਹਾਂ ਨਹੀਂ। ਇਸ ਸਿਸਟਮ ਵਿਚ ਕੈਮਰਿਆਂ ਰਾਹੀਂ ਚਿਹਰੇ ਮੋਹਰੇ ਦੀਆਂ ਤਸਵੀਰਾਂ, ਬੈਂਕ ਖਾਤਿਆਂ ਰਾਹੀਂ ਮਾਲੀ ਹਾਲਤ ਦਾ ਲੇਖਾ-ਜੋਖਾ, ਰੁਜ਼ਗਾਰ ਕਿਸ ਤਰ੍ਹਾਂ ਦਾ ਹੈ ਜਾਂ ਨਹੀਂ ਹੈ, ਰਿਹਾਇਸ਼ੀ ਇਲਾਕਾ, ਪਿਛਲੇ ਜੁਰਮ, ਪਰਿਵਾਰਿਕ ਪਿਛੋਕੜ, ਸਮਾਜਿਕ ਆਰਥਿਕ ਰੁਤਬਾ, ਵਿਹਾਰਕ ਜਾਣਕਾਰੀ ਅਤੇ ਜੇਲ੍ਹ ਜਾਣ ਵੇਲ਼ੇ ਭਰਾਏ ਜਾਂਦੇ



ਫਾਰਮ ਵਿਚਲੀ ਜਾਣਕਾਰੀ ਭਰੀ ਗਈ। ਇਸ ਜਾਣਕਾਰੀ ਦਾ ਅਧਿਐਨ ਕਰ ਕੇ ਇਹ ਸਿਸਟਮ ਹਰ ਦੋਸ਼ੀ ਲਈ ਰਿਸਕ ਸਕੋਰ ਜਾਰੀ ਕਰਦਾ ਹੈ। ਇਸ ਨਾਲ ਇਹ ਤੈਅ ਕੀਤਾ ਜਾਂਦਾ ਹੈ ਕਿ ਕਿੰਨੇ ਸਮੇਂ ਦੀ ਕੈਦ ਹੋਣੀ ਚਾਹੀਦੀ ਜਾਂ ਪੈਰੋਲ ਵਰਗੇ ਫ਼ੈਸਲੇ ਕੀਤੇ ਜਾਂਦੇ ਹਨ।

ਉਂਝ, ਇਸ ਸਿਸਟਮ ਦੀ ਕੰਮ ਕਰਨ ਦੀ ਪ੍ਰਣਾਲੀ ਸਿਰਫ਼ ਇਸ ਨੂੰ ਬਣਾਉਣ ਵਾਲਿਆਂ ਨੂੰ ਪਤਾ ਹੈ। ਇਹ ਜਨਤਕ ਨਹੀਂ ਹੈ ਕਿ ਕੋਈ ਸਕੋਰ ਕਿਵੇਂ ਤੈਅ ਕੀਤਾ ਗਿਆ। ਸਿਆਹਫਾਮ ਲੋਕਾਂ ਬਾਰੇ ਇਹ ਸੁਝਾਅ ਦਿੱਤਾ ਜਾਣਾ ਕਿ ਉਹ ਮੁੜ ਜੁਰਮ ਕਰਨਗੇ, ਗੋਰਿਆਂ ਦੇ ਮੁਕਾਬਲੇ ਦੁੱਗਣੀ ਅਨੁਪਾਤ ਵਿਚ ਹੈ। ਸਿਸਟਮ ਵੀ ਉਸੇ ਜਾਣਕਾਰੀ ਤੋਂ ਸਿੱਖਿਆ ਹੈ ਜਿਸ ਵਿਚ ਸਮਾਜ ਵਿਚਲੇ ਵਿਤਕਰੇ ਚਿਣੇ ਗਏ ਹਨ। ਨਸਲ ਅਤੇ ਕੌਮ ਪ੍ਰਤੀ ਵਿਤਕਰੇ ਪਰਿਡਿਕਟਿਵ ਏ.ਆਈ. 'ਚ ਵੀ ਹਨ। ਅਲੱਗ ਅਲੱਗ ਨਸਲਾਂ ਦੇ ਦੋ ਜਣੇ ਇੱਕੋ ਜੁਰਮ ਵਾਸਤੇ ਵੱਖੋ-ਵੱਖਰੀ ਸਜ਼ਾ ਪਾ ਸਕਦੇ ਹਨ। ਇਹ ਵਿਤਕਰੇ ਕਦੇ ਵੀ ਮੇਟੇ ਨਹੀਂ ਜਾਂਦੇ ਕਿਉਂਕਿ ਇਹ ਸਿਸਟਮ ਪ੍ਰਾਈਵੇਟ ਕੰਪਨੀ ਦੀ ਮਲਕੀਅਤ ਹੈ ਅਤੇ ਬੌਧਿਕ ਮਲਕੀਅਤ ਕਾਨੂੰਨ ਤਹਿਤ ਉਨ੍ਹਾਂ ਨੂੰ ਇਹ ਹੱਕ ਹੈ ਕਿ ਇਸ ਸਿਸਟਮ ਦੀ ਕਾਰਜ ਪ੍ਰਣਾਲੀ ਨਾ ਦੱਸੀ ਜਾਵੇ।

ਇਸੇ ਤਰ੍ਹਾਂ ਜਦੋਂ ਇਜ਼ਰਾਈਲ ਜਿਸ ਨੇ ਕਦੇ ਫ਼ਲਸਤੀਨੀ ਜ਼ਿੰਦਗੀਆਂ ਦੀ ਕੋਈ ਕੀਮਤ ਹੀ ਨਹੀਂ ਸਮਝੀ, ਆਪਣੇ ਏ.ਆਈ. ਸਿਸਟਮ ਨੂੰ ਸਿਖਾਉਂਦਾ ਹੈ ਅਤੇ ਘਾਤਕ ਬੰਦੇਮਾਰੂ ਮਸ਼ੀਨ ਬਣਾਉਂਦਾ ਹੈ ਤਾਂ ਇਸ ਦੀ ਫ਼ੌਜ ਦੇ ਵਿਤਕਰੇ, ਫ਼ਲਸਤੀਨੀ ਜ਼ਿੰਦਗੀਆਂ ਦਾ ਅਮਨੁੱਖੀਕਰਨ ਅਤੇ ਸਮੁੱਚੀ ਇਨਸਾਨੀਅਤ ਵਾਸਤੇ ਇਸ ਦੀ ਬੇਕਿਰਕੀ ਵੀ ਇਸ ਦੇ ਹਬਸੋਰਾ ਸਿਸਟਮ ਵਿਚ ਝਲਕਦੀ ਹੈ। '+972 ਮੈਗਜ਼ੀਨ' ਅਨੁਸਾਰ ਸਿਸਟਮ ਦਾ ਜ਼ੋਰ, ਇਸ ਦੇ ਮਾਲਕਾਂ ਵਾਂਗ ਇਸ ਚੀਜ਼ 'ਤੇ ਹੈ ਕਿ ਕਿਵੇਂ ਵੱਧ ਤੋਂ ਵੱਧ ਜਾਨਾਂ ਲਈਆਂ ਜਾਣ, ਨਾ ਕਿ ਇਸ 'ਤੇ ਕਿ ਆਮ ਸ਼ਹਿਰੀਆਂ ਦੀਆਂ ਜ਼ਿੰਦਗੀਆਂ ਕਿਵੇਂ ਬਚ ਸਕਣ। ਇਹ ਸਿਸਟਮ ਇਹ ਵੀ ਦੱਸਦਾ ਹੈ ਕਿ ਕਿਸ ਨਿਸ਼ਾਨੇ 'ਤੇ ਕਿਸ ਵੇਲੇ ਹਮਲਾ ਕਰਨ 'ਤੇ ਕਿੰਨੇ ਆਮ ਸ਼ਹਿਰੀ ਮਰਨਗੇ। ਇਹ ਨੁਕਸਾਨ 5 ਤੋਂ ਲੈ ਕੇ 100 ਜਣਿਆਂ ਤੱਕ ਹੋ ਸਕਦਾ ਹੈ। ਇਸ ਵੇਲੇ ਇਜ਼ਰਾਈਲ ਦੇ ਅੰਦਾਜ਼ਿਆਂ ਮੁਤਾਬਕ 30,000 ਹਮਾਸ ਜੰਗਜੂ ਹਨ। ਜੇ ਹਰ ਹਮਾਸ ਜੰਗਜੂ ਨਾਲ 5 ਆਮ ਸ਼ਹਿਰੀ ਮਰਨ ਦਾ ਖਦਸ਼ਾ ਹੈ ਤਾਂ ਆਮ ਸ਼ਹਿਰੀ ਮੌਤਾਂ ਦੀ ਘੱਟੋ-ਘੱਟ ਗਿਣਤੀ 1,50,000 ਹੋ ਜਾਂਦੀ ਹੈ। ਦੂਸਰਾ, ਜਦੋਂ ਬਹੁਤੇ ਇਜ਼ਰਾਇਲੀ ਸਿਆਸਤਦਾਨ ਇਹ ਕਹਿੰਦੇ ਹਨ ਕਿ ਫ਼ਲਸਤੀਨ ਵਿਚ ਕੋਈ ਬੇਕਸੂਰ ਆਮ ਸ਼ਹਿਰੀ ਹੈ ਹੀ ਨਹੀਂ ਤਾਂ ਹਰ ਕੋਈ ਹੀ ਹਬਸੋਰਾ ਦਾ ਨਿਸ਼ਾਨਾ ਬਣ ਸਕਦਾ ਹੈ।

ਦੂਜੇ ਪਾਸੇ, ਇਜ਼ਰਾਈਲ ਜੈਨਰੇਟਿਵ ਏ.ਆਈ. ਸਿਸਟਮ ਝੂਠੀ ਜਾਣਕਾਰੀ ਅਤੇ ਜਾਅਲੀ ਖ਼ਬਰਾਂ ਬਣਾਉਣ ਲਈ ਵਰਤ ਰਿਹਾ ਹੈ। ਲੱਖਾਂ ਜਾਅਲੀ ਖਾਤੇ ਤਿਆਰ ਕੀਤੇ ਗਏ ਨੇ ਜਿਹੜੇ ਸੋਸ਼ਲ ਮੀਡੀਆ ਉੱਪਰ ਝੂਠੀ ਜਾਣਕਾਰੀ ਫੈਲਾਉਂਦੇ ਹਨ। ਇਹ ਅਜਿਹੇ ਦੌਰ ਵਿਚ ਗਾਜ਼ਾ ਦੀ ਅਸਲੀਅਤ ਬਾਰੇ ਭੰਬਲਭੂਸੇ ਪੈਦਾ ਕਰਦਾ ਹੈ ਜਦੋਂ ਇਹ ਚਿੱਟੇ ਦਿਨ ਵਾਂਗ ਸਾਫ਼ ਹੋ ਗਿਆ ਹੈ ਕਿ ਇਜ਼ਰਾਈਲ ਜਮਹੂਰੀਅਤ ਦੀ ਖੱਲ ਵਿਚ ਕਾਤਲ ਬਸਤੀਵਾਦੀ ਮੁਲਕ ਹੈ। ਜੈਨਰੇਟਿਵ ਏ.ਆਈ. ਜਾਅਲੀ ਜਾਣਕਾਰੀ ਤਿਆਰ ਕਰਦਾ ਹੈ, ਜਾਅਲੀ ਤਸਵੀਰਾਂ ਅਤੇ ਜਾਅਲੀ ਵੀਡੀਓ। ਸ਼ੁਰੂਆਤ ਵਿਚ ਹਮਾਸ ਵੱਲੋਂ ਬੱਚਿਆਂ ਦੇ ਸਿਰ ਕਲਮ ਕਰਨ ਅਤੇ ਯਹੂਦੀ ਔਰਤਾਂ ਨਾਲ ਜਬਰ ਜਨਾਹ ਦੀਆਂ ਵੀਡੀਓਜ਼ ਝੂਠੀਆਂ ਨਿਕਲੀਆਂ ਪਰ ਇਨ੍ਹਾਂ ਦੇ ਜਾਰੀ ਕਰਨ ਅਤੇ ਫੈਲਾਉਣ ਨਾਲ ਇਜ਼ਰਾਈਲ ਦੇ 'ਜਵਾਬੀ' ਹਮਲੇ ਦੀ ਕਰੂਰਤਾ ਨੂੰ ਹੱਕੀ ਅਤੇ ਜਾਇਜ਼ ਠਹਿਰਾਇਆ ਜਾ ਸਕਿਆ। 7 ਅਕਤੂਬਰ ਦੀਆਂ ਬਹੁਤ ਸਾਰੀਆਂ ਵੀਡੀਓਜ਼ ਅਤੇ ਖ਼ਬਰਾਂ ਇਜ਼ਰਾਈਲ ਭੰਡੀ ਪ੍ਰਚਾਰ ਸਾਬਿਤ ਹੋਈਆਂ ਹਨ।

ਸਵਾਲ ਹੈ: ਜਦੋਂ ਏ.ਆਈ. ਸਿਸਟਮ ਆਮ ਸ਼ਹਿਰੀਆਂ, ਜਨਤਕ ਇਮਾਰਤਾਂ, ਮਿਲਟਰੀ ਸਰਵੇਲੈਂਸ ਤੋਂ ਇਕੱਠੀ ਕੀਤੀ ਜਾਣਕਾਰੀ ਨਾਲ ਸਿਖਲਾਈ ਹਾਸਿਲ ਕਰਦਾ ਹੈ ਤੇ ਇਸ ਟੀਚੇ ਨਾਲ ਕਿ ਵੱਧ ਤੋਂ ਵੱਧ ਜਾਨੀ ਨੁਕਸਾਨ ਪਹੁੰਚਾਇਆ ਜਾਵੇ ਤਾਂ ਦੋਸ਼ ਕਿਸ ਦਾ ਹੈ? ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਜਾਂ ਸਿਆਸੀ ਤੰਤਰ ਦਾ ਜਿਸ ਵਿਚ ਇਸ ਦੀ ਵਰਤੋਂ ਹੁੰਦੀ ਹੈ।

ਜਵਾਬ ਸਿਆਸੀ ਵਿਦਵਾਨ ਲੈਂਗਡੋਨ ਵਿਨਰ ਦੇ ਖੋਜ ਪੱਤਰ 'ਕੀ ਚੀਜ਼ਾਂ ਵਿਚ ਸਿਆਸਤ ਹੁੰਦੀ ਹੈ?' (ਡੂ ਆਰਟੀਫੈਕਟਸ ਹੈਵ ਪਾਲਿਟਿਕਸ?); ਵਿਨਰ ਨਿਊ ਯਾਰਕ ਸ਼ਹਿਰ ਦੇ ਯੋਜਨਾਕਾਰ ਰੌਬਰਟ ਮੋਜੇਜ ਦੀ ਮਿਸਾਲ ਦਿੰਦਾ ਹੈ ਜਿਸ ਨੇ ਲੌਂਗ ਆਈਲੈਂਡ ਟਾਪੂ ਦੇ ਪਾਰਕ, ਸ਼ਾਹਰਾਹ ਅਤੇ ਪੁਲ ਡਿਜ਼ਾਈਨ ਕਰਦਿਆਂ ਪੁਲਾਂ ਦੀ ਉਚਾਈ 9 ਫੁੱਟ ਰੱਖੀ ਜਿਸ ਨਾਲ ਕਾਰਾਂ ਤਾਂ ਲੰਘ ਜਾਣ ਜਿਨ੍ਹਾਂ ਵਿਚ ਗੋਰੇ ਅਮੀਰ ਸਫ਼ਰ ਕਰਦੇ ਸਨ ਪਰ ਬੱਸਾਂ ਨਾ ਲੰਘ ਸਕਣ ਜਿਸ ਵਿਚ ਹਮਾਤੜ ਜ਼ਿਆਦਾਤਾਰ ਸਿਆਹਫ਼ਾਮ ਸ਼ਹਿਰੀ ਸਫ਼ਰ ਕਰਦੇ ਸਨ। ਇਸ ਤਰ੍ਹਾਂ ਉਸ ਨੇ ਡਿਜ਼ਾਈਨ ਰਾਹੀਂ ਵਿਤਕਰਾ ਪੱਕਾ ਕਰ ਦਿੱਤਾ। ਤਕਨਾਲੋਜੀ ਅਤੇ ਇਸ ਦੀਆਂ ਵਸਤਾਂ ਸਿਆਸੀ ਹੋ ਸਕਦੀਆਂ ਹਨ, ਇਨ੍ਹਾਂ ਦੀ ਸਿਆਸਤ ਡਿਜ਼ਾਈਨ ਦੇ ਫ਼ੈਸਲਿਆਂ ਰਾਹੀਂ ਜਮਹੂਰੀ ਜਾਂ ਤਾਨਾਸ਼ਾਹੀ ਹੋ ਸਕਦੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਸਿਆਸਤ ਹੈ? ਹਾਂ ਹੈ। ਮਨੁੱਖ ਨੂੰ ਏ.ਆਈ. ਤੋਂ ਖ਼ਤਰਾ ਇਸ ਕਰ ਕੇ ਨਹੀਂ ਕਿ ਬਹੁਤ ਸਾਰੀਆਂ ਨੌਕਰੀਆਂ ਚਲੀਆਂ ਜਾਣਗੀਆਂ ਪਰ ਇਸ ਕਰ ਕੇ ਹੈ ਕਿ ਵਿਤਕਰੇ ਅਤੇ ਜਬਰ ਜ਼ੁਲਮ ਦੀ ਲਗਾਤਾਰਤਾ ਮਨੁੱਖੀ ਦੁਖ ਦਰਦ ਨੂੰ ਹੋਰ ਵਧਾਏਗੀ। ਮਨੁੱਖਤਾ ਨੂੰ ਏ.ਆਈ. ਤੋਂ ਜੋ ਖਤਰਾ ਹੈ, ਉਹ ਸਾਡੀਆਂ ਅੱਖਾਂ ਸਾਹਮਣੇ ਹੋ ਰਹੇ ਫ਼ਲਸਤੀਨੀਆਂ ਦੇ ਕਤਲੇਆਮ ਵਿਚ ਜ਼ਾਹਿਰ ਹੈ। ਹਾਲੀਆ ਜੰਗ ਵਿਚ ਹਬਸੋਰਾ ਨੇ ਕਿੰਨੇ ਹੀ ਫ਼ੌਜੀ ਕਮਾਂਡਰਾਂ ਦੀ ਯੋਗਤਾ ਵਧਾ ਦਿੱਤੀ, ਅਸੀਂ ਏ.ਆਈ. ਰਾਹੀਂ ਅਸਲੀਅਤ ਵਿਚ ਲਿਆਂਦੇ ਕਿਆਮਤੀ ਵਰਤਮਾਨ ਦੇ ਚਸ਼ਮਦੀਦ ਹਾਂ ਜਿਹੜਾ ਫ਼ੌਜਾਂ ਦੇ ਹੱਥ ਵਿਚ ਹੈ ਜਿਸ ਦਾ ਟੀਚਾ ਫ਼ਲਸਤੀਨੀ ਨਸਲ ਦਾ ਘਾਣ ਕਰਨਾ ਹੈ। ਏ.ਆਈ. ਘਾਤਕ ਬਣ ਜਾਂਦੀ ਹੈ ਜਦ ਡਿਜ਼ਾਈਨ ਦੇ ਫ਼ੈਸਲੇ, ਮਤਲਬ ਜਾਣਕਾਰੀ ਦੇ ਸਰੋਤਾਂ ਦੀ ਚੋਣ ਜਾਂ ਫ਼ੌਜਾਂ ਦੇ ਖ਼ਤਰਨਾਕ ਇਰਾਦੇ ਇਸ ਨੂੰ ਨਿਰੰਕੁਸ਼ ਸੱਤਾ ਜ਼ਾਹਿਰ ਕਰਨ ਲਈ ਵਰਤਣ ਦੇ ਹੋਣ। ਏ.ਆਈ. ਲੋਕਾਈ ਲਈ ਤਾਂ ਖ਼ਤਰਨਾਕ ਹੈ ਕਿਉਂਕਿ ਇਸ ਦੀ ਵਰਤੋਂ ਖ਼ਤਰਨਾਕ ਹੱਥਾਂ ਵਿਚ ਹੈ।

# ਦੱਖਣੀ ਏਸ਼ੀਆ ਅਤੇ ਚੋਣਾਂ

ਦੱਖਣੀ ਏਸ਼ੀਆ ਦੇ ਤਿੰਨ ਸਭ ਤੋਂ ਵੱਡੇ ਮੁਲਕਾਂ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਵਿਚ ਆਪੋ-ਆਪਣੀਆਂ ਕੌਮੀ ਚੋਣਾਂ ਦਾ ਮਾਹੌਲ ਬੱਝਣਾ ਸ਼ੁਰੂ ਹੋ ਗਿਆ ਹੈ। ਭਾਰਤ ਵਿਚ ਸੱਤਾਧਾਰੀ ਭਾਜਪਾ ਨੇ ਤਿੰਨ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਦੀਆਂ ਅਸੈਂਬਲੀ ਚੋਣਾਂ ਵਿਚ ਵੱਡੀਆਂ ਜਿੱਤਾਂ ਦਰਜ ਕਰ ਕੇ ਆਪਣੀ ਜਨਤਕ ਹਮਾਇਤ ਦਾ ਸਬੂਤ ਦਿੱਤਾ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਲੰਮੇ ਅਰਸੇ ਬਾਅਦ ਤਿਲੰਗਾਨਾ ਵਿਚ ਸਰਕਾਰ

**ਜੀ ਪਾਰਥਾਸਾਰਥੀ**

ਬਣਾਉਣ ਵਿਚ ਸਫਲ ਹੋਈ ਹੈ। ਇਸੇ ਦੌਰਾਨ, ਭਾਰਤ ਦੇ ਦੋ ਗੁਆਂਢੀ ਦੇਸ਼ਾਂ- ਬੰਗਲਾਦੇਸ਼ ਤੇ ਪਾਕਿਸਤਾਨ ਵਿਚ ਸਾਲ 2024 ਦੇ ਪਹਿਲੇ ਅਤੇ ਦੂਜੇ ਮਹੀਨੇ ਆਮ ਚੋਣਾਂ ਹੋ ਰਹੀਆਂ ਹਨ। ਉਨ੍ਹਾਂ ਤੋਂ ਬਾਅਦ ਸ੍ਰੀਲੰਕਾ ਦਾ ਨੰਬਰ ਆ ਜਾਵੇਗਾ।

ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਾਲਦੀਵ ਦੇ ਨਵ-ਨਿਯੁਕਤ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਦੀ ਰਸਮੀ ਬੇਨਤੀ ਪ੍ਰਵਾਨ ਕਰਦੇ ਹੋਏ ਇਸ ਟਾਪੂ ਮੁਲਕ ਵਿਚ ਤਾਇਨਾਤ 75 ਦੇ ਕਰੀਬ ਫ਼ੌਜੀ ਵਾਪਸ ਬੁਲਾਉਣ ਲਈ ਰਾਜ਼ੀ ਹੋ ਗਏ ਹਨ। ਇਸ ਦੇ ਨਾਲ ਹੀ ਮਾਲਦੀਵ ਵਿਚ ਭਾਰਤ ਦੇ ਵਿਕਾਸ ਪ੍ਰਾਜੈਕਟਾਂ ਦੀ ਪ੍ਰਗਤੀ ਲਈ ਉੱਚ ਪੱਧਰੀ ਕਮੇਟੀ ਬਣਾਉਣ ਬਾਬਤ ਵੀ ਸਮਝੌਤਾ ਕੀਤਾ ਹੈ। ਭਾਰਤ ਨੇ 1988 ਵਿਚ ਮਾਲਦੀਵ ਦੀ ਪ੍ਰਭੂਸੱਤਾ ਬਹਾਲ ਕਰਾਉਣ ਲਈ ਆਪਣੇ ਫ਼ੌਜੀ ਦਸਤੇ ਭੇਜੇ ਸਨ।

ਪਾਕਿਸਤਾਨ ਇਸ ਸਮੇਂ ਆਰਥਿਕ ਦੀਵਾਲੀਏਪਣ ਨਾਲ ਜੂਝ ਰਿਹਾ ਹੈ। ਹਾਲਾਂਕਿ ਉੱਥੇ ਆਮ ਚੋਣਾਂ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਪਰ ਸਹੀ ਮਾਇਨਿਆਂ ਵਿਚ ਦੇਸ਼ ਦੀ ਵਾਗਡੋਰ ਫ਼ੌਜ ਦੇ ਹੱਥਾਂ ਵਿਚ ਜਾ ਚੁੱਕੀ ਹੈ। ਕੋਈ ਭਾਵੇਂ ਲੋਕਰਾਜ ਦੇ ਕਿੰਨੇ ਮਰਜ਼ੀ ਸੋਹਲੇ ਗਾਈ ਜਾਵੇ ਪਰ ਪਾਕਿਸਤਾਨ ਦੀ ਸੱਤਾ ਦੀ ਕਮਾਨ ਇਸ ਵੇਲੇ ਸੈਨਾਪਤੀ ਜਨਰਲ ਆਸਿਮ ਮੁਨੀਰ ਦੇ ਹੱਥਾਂ ਵਿਚ ਹੈ। ਸਾਫ਼ ਜ਼ਾਹਿਰ ਹੈ ਕਿ ਸੱਤਾ ਦੇ ਲਾਲਸੀ ਹਰ ਪਾਕਿਸਤਾਨੀ ਜਰਨੈਲ ਵਾਂਗ ਹੀ ਜਨਰਲ ਆਸਿਮ ਮੁਨੀਰ ਨੂੰ ਅਮਰੀਕਾ ਦਾ ਪੂਰਾ ਥਾਪੜਾ ਹਾਸਲ ਹੈ। ਜਨਰਲ ਮੁਨੀਰ ਜੋ ਇਮਰਾਨ ਖ਼ਾਨ ਨੂੰ ਦੇਖ ਨਹੀਂ ਸੁਖਾਂਦੇ, ਨੇ ਪਹਿਲੀ ਵਾਰ ਅਮਰੀਕਾ ਦਾ ਦੌਰਾ ਕੀਤਾ ਹੈ। ਪਾਕਿਸਤਾਨੀ ਫ਼ੌਜ ਦੇ ਪ੍ਰਚਾਰ ਵਿੰਗ ਵਲੋਂ ਬਾਇਡਨ ਪ੍ਰਸ਼ਾਸਨ ਦੇ ਸੀਨੀਅਰ ਅਹਿਲਕਾਰਾਂ ਜਿਨ੍ਹਾਂ ਵਿਚ ਵਿਦੇਸ਼ ਮੰਤਰੀ, ਰੱਖਿਆ ਮੰਤਰੀ, ਕੌਮੀ ਸੁਰੱਖਿਆ ਸਲਾਹਕਾਰ ਆਦਿ ਨਾਲ ਵ੍ਹਾਈਟ ਹਾਊਸ ਵਿਚ ਹੋਣ ਵਾਲੀਆਂ ਜਨਰਲ ਮੁਨੀਰ ਨਾਲ ਹੋਣ ਵਾਲੀਆਂ ਮੀਟਿੰਗਾਂ ਦੇ ਇਸ਼ਤਿਹਾਰ ਛਪਵਾਏ ਗਏ ਸਨ। ਜਨਰਲ ਮੁਨੀਰ ਜਨਰਲ ਕਮਰ ਜਾਵੇਦ ਬਾਜਵਾ ਦੀ ਚੋਣ ਸਨ ਅਤੇ ਇਹ ਜਨਰਲ ਬਾਜਵਾ ਹੀ ਸਨ ਜਿਨ੍ਹਾਂ ਨੇ ਅਮਰੀਕਾ ਦੇ ਇਸ਼ਾਰੇ 'ਤੇ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਵਾਏ ਸਨ।

ਇਸ ਦੌਰਾਨ ਅਫ਼ਗਾਨਿਸਤਾਨ ਦੇ ਮਾਮਲਿਆਂ ਬਾਰੇ ਅਮਰੀਕਾ ਦੇ ਵਿਸ਼ੇਸ਼ ਨੁਮਾਇੰਦੇ ਥੌਮਸ ਵੈਸਟ ਨੇ ਪਾਕਿਸਤਾਨ ਦਾ ਦੌਰਾ ਕੀਤਾ ਹੈ ਜਿਸ ਦੌਰਾਨ ਉਨ੍ਹਾਂ ਦਹਿਸ਼ਤਵਾਦ ਖਿਲਾਫ਼ ਪਾਕਿਸਤਾਨ ਦੀ ਲੜਾਈ ਦੀ ਗੱਜ ਵੱਜ ਕੇ ਹਮਾਇਤ ਕੀਤੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਬਾਇਡਨ ਪ੍ਰਸ਼ਾਸਨ ਪਾਕਿਸਤਾਨ ਖਿਲਾਫ਼ ਕੀਤੀ ਆਪਣੀ ਸਾਰੀ ਬਿਆਨਬਾਜ਼ੀ ਭੁੱਲ ਭੁਲਾ ਗਿਆ ਹੈ। ਇਸ ਤੋਂ ਇਲਾਵਾ ਇਹ ਵੀ ਭੁੱਲ ਗਿਆ ਹੈ ਕਿ ਪਾਕਿਸਤਾਨ ਨੇ ਉਸਾਮਾ ਬਿਨ-ਲਾਦਿਨ ਨੂੰ ਪਨਾਹ ਦਿੱਤੀ ਸੀ ਅਤੇ ਕਿਵੇਂ ਅਫ਼ਗਾਨਿਸਤਾਨ 'ਚੋਂ ਅਮਰੀਕੀ ਫ਼ੌਜ ਦੀ ਵਾਪਸੀ ਤੋਂ ਬਾਅਦ ਆਈਐੱਸਆਈ ਦੀ ਨੱਕ ਹੇਠ ਤਾਲਿਬਾਨ ਕਾਬੁਲ ਦੀ ਸੱਤਾ 'ਤੇ ਕਾਬਿਜ਼ ਹੋਏ ਸਨ। ਕਮਾਲ ਦੀ ਗੱਲ ਇਹ ਹੈ ਕਿ ਇਸ ਨਾਲ ਪਾਕਿਸਤਾਨ ਦੇ 'ਸਦਾ ਬਹਾਰ ਦੋਸਤ' ਚੀਨ ਨੂੰ ਰੱਤੀ ਭਰ ਫ਼ਰਕ ਨਹੀਂ ਪੈਂਦਾ ਅਤੇ ਇਨ੍ਹਾਂ ਦਰਮਿਆਨ ਰਿਸ਼ਤੇ ਆਮ ਵਾਂਗ ਚੱਲ ਰਹੇ ਹਨ। ਇਸ ਸਮੇਂ ਜਨਰਲ ਮੁਨੀਰ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਿਆ ਹੋਇਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਉਨ੍ਹਾਂ ਦੇ ਖਾਸਮਖ਼ਾਸ ਸਾਬਕਾ ਵਜ਼ੀਰ ਸ਼ਾਹ ਮਹਿਮੂਦ ਕੁਰੈਸ਼ੀ 'ਤੇ ਕਿਵੇਂ ਸ਼ਿਕੰਜਾ ਕੱਸਿਆ ਜਾਵੇ ਜਿਨ੍ਹਾਂ ਦੇ ਖਿਲਾਫ਼ ਅਜਿਹੇ ਦੋਸ਼ ਲਾਏ ਜਾ ਰਹੇ ਹਨ ਤਾਂ ਕਿ ਉਹ ਚੋਣਾਂ ਲੜਨ ਤੋਂ ਅਯੋਗ ਐਲਾਨ ਦਿੱਤੇ ਜਾਣ।

ਫ਼ੌਜ ਦੇ ਬਹੁਤ ਸਾਰੇ ਅਫਸਰਾਂ, ਜਵਾਨਾਂ ਅਤੇ ਸਾਬਕਾ ਫ਼ੌਜੀਆਂ ਵਲੋਂ ਇਮਰਾਨ ਖ਼ਾਨ ਨੂੰ ਚੋਣਾਂ ਲੜਨ ਤੋਂ ਰੋਕਣ ਦੇ ਇਨ੍ਹਾਂ ਹਥਕੰਡਿਆਂ ਦਾ ਪੁਰਜ਼ੋਰ ਵਿਰੋਧ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਨਿਆਂਪਾਲਿਕਾ ਦਾ ਵੱਡਾ ਤਬਕਾ ਵੀ ਇਮਰਾਨ ਖ਼ਾਨ ਦੇ ਹੱਕ ਵਿਚ ਹੈ। ਉਂਝ, ਹਾਲੇ ਇਹ ਦੇਖਣਾ ਬਾਕੀ ਹੈ ਕਿ ਇਮਰਾਨ ਖ਼ਾਨ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਮਿਲਦੀ ਹੈ ਜਾਂ ਨਹੀਂ ਤਾਂ ਕਿ ਉਹ ਚੋਣਾਂ ਵਿਚ ਹਿੱਸਾ ਲੈ ਸਕਣ।

ਪਾਕਿਸਤਾਨ ਦੇ ਹਥਿਆਰਬੰਦ ਦਸਤਿਆਂ ਨੂੰ ਇਸ ਸਮੇਂ ਡੂਰੰਡ ਲਾਈਨ ਦੇ ਦੋਵੇਂ ਪਾਸੀਂ ਭਾਰੀ ਤਾਦਾਦ ਵਿਚ ਵਸਦੇ ਪਖਤੂਨਾਂ ਵਲੋਂ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਨੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਨਾਲ ਗੱਲਬਾਤ ਦੇ ਚੈਨਲ ਖੋਲ੍ਹੇ ਹੋਏ ਹਨ। ਆਸ ਕੀਤੀ ਜਾਂਦੀ ਹੈ ਕਿ ਨਵੀਂ ਦਿੱਲੀ ਅਫ਼ਗਾਨਾਂ ਨੂੰ ਕਣਕ ਦੀ ਸਪਲਾਈ ਜਾਰੀ ਰੱਖੇਗੀ। ਭਾਰਤ ਤੋਂ ਕਣਕ ਅਤੇ ਹੋਰ ਵਸਤਾਂ ਦੀ ਸਪਲਾਈ ਇਰਾਨ ਦੀ ਚਾਬਹਾਰ ਬੰਦਰਗਾਹ ਰਾਹੀਂ ਕੀਤੀ ਜਾ ਰਹੀ ਹੈ। ਹਾਲਾਂਕਿ ਮੋਦੀ ਸਰਕਾਰ ਵੀ ਆਉਣ ਵਾਲੀਆਂ ਆਮ ਚੋਣਾਂ ਦੀਆਂ ਤਿਆਰੀਆਂ ਕਰਨ ਲੱਗ ਪਈ ਹੈ ਪਰ ਉਧਰ ਬੰਗਲਾਦੇਸ਼ ਵਿਚ ਭਾਰਤ ਨਾਲ ਦੋਸਤਾਨਾ ਰਿਸ਼ਤੇ ਬਣਾ ਕੇ ਚੱਲਣ ਵਾਲੀ ਸ਼ੇਖ ਹਸੀਨਾ ਦੀ ਸਰਕਾਰ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਉਣ ਵਾਲੇ ਕੁਝ ਮਹੀਨਿਆਂ ਵਿਚ ਭਾਰਤ ਦੀਆਂ ਦੱਖਣ ਪੂਰਬੀ ਸਰਹੱਦਾਂ ਉਪਰ ਤਣਾਅ ਵਧ ਸਕਦਾ ਹੈ ਅਤੇ ਹਿੰਸਾ ਵੀ ਹੋ ਸਕਦੀ ਹੈ। ਬੰਗਲਾਦੇਸ਼ ਵਿਚ ਕੱਟੜਪੰਥੀ ਤਾਕਤਾਂ ਉੱਥੋਂ ਦੀ ਧਰਮ ਨਿਰਪੱਖ ਸ਼ੇਖ ਹਸੀਨਾ ਸਰਕਾਰ ਲਈ ਸਿਰਦਰਦ ਬਣੇ ਹੋਏ ਹਨ ਜਿਸ ਕਰ ਕੇ ਆਉਣ ਵਾਲੀਆਂ ਚੋਣਾਂ ਵਿਚ ਹਿੰਸਾ ਹੋ ਸਕਦੀ ਹੈ। ਬੰਗਲਾਦੇਸ਼ ਅਤੇ ਸ਼ੇਖ ਹਸੀਨਾ ਨੂੰ ਨਿੱਜੀ ਤੌਰ 'ਤੇ ਅਮਰੀਕਾ ਅਤੇ ਕੈਨੇਡਾ ਪ੍ਰਤੀ ਗਿਲੇ ਸ਼ਿਕਵੇ ਹਨ ਜਿਨ੍ਹਾਂ ਦੋਵੇਂ ਨੇ ਬੰਗਲਾਦੇਸ਼ ਦੇ ਸਾਬਕਾ ਫ਼ੌਜੀ ਅਫਸਰਾਂ ਨੂੰ ਪਨਾਹ ਦਿੱਤੀ ਸੀ ਜੋ ਉਨ੍ਹਾਂ ਦੇ ਪਿਤਾ ਸ਼ੇਖ ਮੁਜੀਬੁਰ ਰਹਿਮਾਨ ਦੀ ਹੱਤਿਆ ਵਿਚ ਮੁਲਜ਼ਮ ਕਰਾਰ ਦਿੱਤੇ ਗਏ ਸਨ। ਇਨ੍ਹਾਂ ਦੋਵੇਂ ਅਫਸਰਾਂ ਖਿਲਾਫ਼ ਕੇਸ ਅਜੇ ਵੀ ਚੱਲ ਰਹੇ ਹਨ।

ਨਵੇਂ ਸਾਲ ਵਿਚ ਬੰਗਲਾਦੇਸ਼, ਪਾਕਿਸਤਾਨ ਅਤੇ ਭਾਰਤ ਵਿਚ ਚੋਣਾਂ ਹੋ ਰਹੀਆਂ ਹਨ। ਪਾਕਿਸਤਾਨ ਵਿਚ ਫ਼ੌਜ ਦੇਸ਼ ਦੀ ਹੋਣੀ ਤੈਅ ਕਰ ਰਹੀ ਹੈ ਅਤੇ ਇਸ ਦਾ ਸਾਰਾ ਧਿਆਨ ਇਸ ਪਾਸੇ ਲੱਗਿਆ ਹੋਇਆ ਹੈ ਕਿ ਕਿਵੇਂ ਨਾ ਕਿਵੇਂ ਇਮਰਾਨ ਖ਼ਾਨ ਨੂੰ ਚੋਣਾਂ ਲੜਨ ਤੋਂ ਅਯੋਗ ਕਰਾਰ ਦੇ ਦਿੱਤਾ ਜਾਵੇ। ਇਹ ਸਭ ਕੁਝ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਦੇਸ਼ ਆਰਥਿਕ ਦੀਵਾਲੀਏਪਣ ਦੇ ਕੰਢੇ 'ਤੇ ਹੈ ਅਤੇ ਅਮਰੀਕੀ ਹਮਾਇਤ 'ਤੇ ਨਿਰਭਰ ਹੈ ਜੋ ਇਸ ਨੂੰ ਆਈਐੱਮਐੱਫ ਅਤੇ ਵਿਸ਼ਵ ਬੈਂਕ ਤੋਂ ਕਰਜ਼ੇ ਜਾਰੀ ਕਰਵਾ ਰਿਹਾ ਹੈ।



# ਅਨਿਲ ਕਪੂਰ ਬਾਪ


**ਗੁਰਜੰਟ ਸਿੰਘ**

ਉਘੇ ਅਦਾਕਾਰ ਅਨਿਲ ਕਪੂਰ ਦੀ ਅੱਜ ਕੱਲ੍ਹ ਫਿਰ ਚੜ੍ਹਾਈ ਹੈ। ਅੱਜ ਕੱਲ੍ਹ ਉਹ ਫਿਲਮ 'ਐਨੀਮਲ' ਕਰ ਕੇ ਚਰਚਾ ਵਿਚ ਜਿਸ ਵਿਚ ਉਸ ਨੇ ਫਿਲਮ ਦੇ ਹੀਰੋ ਰਣਬੀਰ ਕਪੂਰ ਦੇ ਪਿਤਾ ਦਾ ਰੋਲ ਨਿਭਾਇਆ ਹੈ। ਪਿਛਲੇ ਕੁਝ ਸਮੇਂ ਤੋਂ ਅਨਿਲ ਕਪੂਰ ਓ.ਟੀ.ਟੀ. 'ਤੇ ਨਜ਼ਰ ਆ ਰਿਹਾ ਸੀ। ਹੁਣ ਉਹ ਫੀਚਰ ਫਿਲਮਾਂ ਵੱਲ ਵੀ ਉਚੇਚਾ ਧਿਆਨ ਦੇਣ ਲੱਗਾ ਹੈ।

ਯਾਦ ਰਹੇ ਕਿ ਕਰੋਨਾ ਮਹਾਮਾਰੀ ਕਾਰਨ ਫਿਲਮ ਥੀਏਟਰ ਬੰਦ ਹੋਣ ਕਰ ਕੇ ਫਿਲਮਾਂ ਦਾ ਕਾਰੋਬਾਰ ਤਕਰੀਬਨ ਠੱਪ ਹੀ ਹੋ ਗਿਆ ਸੀ। ਉਸ ਵਕਤ ਓ.ਟੀ.ਟੀ. 'ਤੇ ਪ੍ਰਾਜੈਕਟ ਕਰਨ ਦਾ ਰਿਵਾਜ਼ ਪੈ ਗਿਆ ਅਤੇ ਬਹੁਤ ਸਾਰੇ ਉਘੇ ਅਦਾਕਾਰ ਇਸ ਮੰਚ ਉਤੇ ਨਜ਼ਰ ਆਉਣ ਲੱਗੇ। ਉਂਝ, ਹੁਣ ਫਿਲਮਾਂ ਦਾ ਕਾਰੋਬਾਰ ਇਕ ਵਾਰ ਫਿਰ ਪੈਰਾਂ ਸਿਰ ਹੋਣ ਕਾਰਨ ਫਿਰ ਫਿਲਮਾਂ ਬਣਨ ਅਤੇ ਰਿਲੀਜ਼ ਹੋਣ ਲੱਗੀਆਂ ਹਨ। ਸਾਲ 2023 ਤਾਂ ਫਿਲਮੀ ਦੁਨੀਆ ਲਈ ਬੜਾ ਵਧੀਆ ਰਿਹਾ ਹੈ। ਇਸ ਸਾਲ ਦੌਰਾਨ ਬਹੁਤ ਸਾਰੀਆਂ ਫਿਲਮਾਂ ਨੇ ਕਰੋੜਾਂ ਰੁਪਏ ਕਮਾਏ ਹਨ।

ਅਨਿਲ ਕਪੂਰ ਦਾ ਆਖਣਾ ਹੈ ਕਿ ਉਹ ਪਹਿਲਾਂ ਵੀ ਚੋਣਵੀਆਂ ਫਿਲਮਾਂ ਕਰਦਾ ਸੀ, ਹੁਣ ਵੀ ਉਹ ਚੋਣਵੀਆਂ ਫਿਲਮਾਂ ਹੀ ਕਰ ਰਿਹਾ ਹੈ। ਅਗਲੇ ਸਾਲ ਉਸ ਦੀ ਫਿਲਮ 'ਫਾਈਟਰ' ਰਿਲੀਜ਼ ਹੋ ਰਹੀ ਹੈ। ਇਹ ਫਿਲਮ ਸਿਧਾਰਥ ਆਨੰਦ ਦੇ ਨਿਰਦੇਸ਼ਨ ਵਿਚ ਬਣ ਰਹੀ ਹੈ ਅਤੇ ਇਸ ਵਿਚ ਦੀਪਿਕਾ ਪਾਦੂਕੋਣ ਅਤੇ ਰਿਤਿਕ ਰੌਸ਼ਨ ਵੀ ਅਹਿਮ ਭੂਮਿਕਾਵਾਂ ਵਿਚ ਹਨ। ਫਿਲਮ ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ, ਹੁਣ ਪੋਸਟ-ਪ੍ਰੋਡਕਸ਼ਨ ਕੰਮ ਚੱਲ ਰਿਹਾ ਹੈ।

# 'ਲਾਹੌਰ 1947' ਦੀ ਕਹਾਣੀ






*ਪਿਛਲੇ ਕੁਝ ਸਮਿਆਂ ਤੋਂ ਫਿਲਮੀ ਦੁਨੀਆ ਅੰਦਰ ਸੰਵੇਦਨਸ਼ੀਲ ਫਿਲਮਾਂ ਬਣਾਉਣ ਵਾਲਾ ਅਦਾਕਾਰ, ਨਿਰਮਾਤਾ ਆਮਿਰ ਖਾਨ, ਫਿਲਮਸਾਜ਼ ਰਾਜ ਕੁਮਾਰ ਸੰਤੋਸ਼ੀ ਅਤੇ ਅਦਾਕਾਰ ਸਨੀ ਦਿਓਲ।*

**ਕੁਦਰਤ ਕੌਰ**

ਉਘੇ ਅਦਾਕਾਰ ਤੇ ਨਿਰਮਾਤਾ ਆਮਿਰ ਖਾਨ ਅਤੇ ਚਰਚਿਤ ਅਦਾਕਾਰ ਸਨੀ ਦਿਓਲ ਪਹਿਲੀ ਵਾਰ ਇਕੱਠੇ ਇਕ ਪ੍ਰਾਜੈਕਟ 'ਤੇ ਕੰਮ ਕਰ ਰਹੇ ਹਨ। ਇਸ ਪ੍ਰਾਜੈਕਟ ਤਹਿਤ ਫਿਲਮ 'ਲਾਹੌਰ 1947' ਬਣਾਈ ਜਾ ਰਹੀ ਹੈ। ਇਸ ਫਿਲਮ ਦਾ ਨਾਂ ਪਹਿਲਾਂ 'ਜਿਸ ਲਾਹੌਰ ਨਹੀਂ ਦੇਖਿਆ' ਰੱਖਿਆ ਗਿਆ ਸੀ ਪਰ ਕੁਝ ਤਕਨੀਕੀ ਕਾਰਨਾਂ ਕਰ ਕੇ ਫਿਲਮ ਦਾ ਨਾਂ ਬਦਲ ਕੇ 'ਲਾਹੌਰ 1947' ਕਰ ਦਿੱਤਾ ਗਿਆ। ਇਸ ਫਿਲਮ ਦੀ ਕਹਾਣੀ ਕੀ ਹੈ ਅਤੇ ਇਸ ਵਿਚ ਹੋਰ ਕਿਹੜੇ-ਕਿਹੜੇ ਕਲਾਕਾਰ ਕੰਮ ਕਰ ਰਹੇ ਹਨ, ਇਸ ਦੀ ਤਾਂ ਅਜੇ ਪਸ਼ਟੀ ਨਹੀਂ ਹੋਈ ਹੈ ਪਰ ਦੱਸਿਆ ਜਾ ਰਿਹਾ ਹੈ ਕਿ ਇਹ ਫਿਲਮ ਸੰਤਾਲੀ ਦੀ ਵੰਡ ਦੁਆਲੇ ਘੁੰਮੇਗੀ। ਇਹ ਫਿਲਮ ਉਘਾ ਫਿਲਮਸਾਜ਼ ਰਾਜ ਕੁਮਾਰ ਸੰਤੋਸ਼ੀ ਨਿਰਦੇਸ਼ਤ ਕਰ ਰਿਹਾ ਹੈ।

ਚੇਤੇ ਰਹੇ ਕਿ ਅਦਾਕਾਰ ਆਮਿਰ ਖਾਨ ਦੀ ਪਿਛਲੀ ਫਿਲਮ 'ਲਾਲ ਸਿੰਘ ਚੱਢਾ' ਫਲਾਪ ਹੋ ਗਈ ਸੀ। ਇਹ ਫਿਲਮ ਬਹੁਤ ਵਧੀਆ ਬਣੀ ਸੀ ਪਰ ਹਿੰਦੂ ਕੱਟੜਪੰਥੀਆਂ ਦੀ ਚਲਾਈ ਮੁਹਿੰਮ ਕਾਰਨ ਇਸ ਫਿਲਮ ਖਿਲਾਫ ਬਹੁਤ ਪ੍ਰਚਾਰ ਕੀਤਾ ਗਿਆ। ਇਥੋਂ ਤੱਕ ਕਿ ਜਿਨ੍ਹਾਂ ਥੀਏਟਰਾਂ ਵਿਚ ਇਹ ਫਿਲਮ ਰਿਲੀਜ਼ ਕੀਤੀ ਜਾ ਰਹੀ ਸੀ, ਉਨ੍ਹਾਂ ਦੇ ਮਾਲਕਾਂ ਨੂੰ ਡਰਾਇਆ-ਧਮਕਾਇਆ ਗਿਆ। ਉਂਝ, ਇਹ ਫਿਲਮ ਭਾਵੇਂ ਬਾਕਸ ਆਫਿਸ 'ਤੇ ਤਾਂ ਬਹੁਤੀ ਕਮਾਈ ਨਹੀਂ ਸੀ ਕਰ ਸਕੀ ਪਰ ਇਸ ਫਿਲਮ ਨੇ ਦਰਸ਼ਕਾਂ ਦਾ ਦਿਲ ਮੋਹ ਲਿਆ ਸੀ; ਖਾਸ ਕਰ ਕੇ ਪੰਜਾਬ ਵਿਚ ਇਹ ਫਿਲਮ ਬਹੁਤ ਚਾਅ ਨਾਲ ਦੇਖੀ ਗਈ। ਇਸ ਫਿਲਮ ਦਾ ਮੁੱਖ ਕਿਰਦਾਰ ਸਿੱਖ ਹੈ ਅਤੇ ਇਸ ਵਿਚ 1984 ਵਾਲੇ ਸਿੱਖ ਕਤਲੇਆਮ ਤੋਂ ਲੈ ਕੇ ਪੰਜਾਬ ਅਤੇ ਸਿੱਖਾਂ ਨਾਲ ਜੁੜੇ ਹੋਰ ਕਈ ਮਸਲੇ ਬਹੁਤ ਸੂਖਮ ਢੰਗ ਨਾਲ ਛੋਹੇ ਗਏ ਸਨ। ਇਸ ਫਿਲਮ ਨੂੰ ਲੋਕਾਂ ਨੇ ਬਹੁਤ ਪਿਆਰ ਦਿੱਤਾ। ਉਂਝ ਵੀ ਇਹ ਫਿਲਮ ਮੋਹ-ਮੁਹੱਬਤ ਦਾ ਸੁਨੇਹਾ ਦੇਣ ਵਿਚ ਸਫਲ ਰਹੀ ਸੀ।






*ਫਿਲਮ 'ਲਾਹੌਰ 1947' ਦਾ ਪੋਸਟਰ।*

ਦੂਜੇ ਬੰਨੇ, ਸਨੀ ਦਿਓਲ ਦੀ ਫਿਲਮ 'ਗਦਰ-2' ਕਮਾਈ ਪੱਖੋਂ ਤਾਂ ਬਹੁਤ ਸਫਲ ਰਹੀ ਪਰ ਇਸ ਵਿਚ ਪਾਕਿਸਤਾਨ ਪ੍ਰਤੀ ਬਹੁਤ ਜ਼ਿਆਦਾ ਨਫਰਤ ਦਿਖਾਈ ਗਈ ਹੈ। ਅਸਲ ਵਿਚ ਇਹ ਫਿਲਮ ਕੱਟੜਪੰਥੀਆਂ ਦੀ ਸਿਆਸਤ ਨੂੰ ਬਹੁਤ ਸੂਤ ਬੈਠਦੀ ਹੈ। ਸ਼ਾਇਦ ਇਸੇ ਕਰ ਕੇ ਕੱਟੜਪੰਥੀਆਂ ਨੇ ਇਸ ਫਿਲਮ ਦਾ ਰੱਜ ਕੇ ਪ੍ਰਚਾਰ ਕੀਤਾ।


ਹੁਣ ਦੇਖਣਾ ਇਹ ਹੈ ਕਿ ਆਮਿਰ ਖਾਨ ਵਰਗਾ ਸੰਵੇਦਨਸ਼ੀਲ ਬੰਦਾ ਸਨੀ ਦਿਓਲ ਨਾਲ ਮਿਲ ਕੇ ਕਿਸ ਤਰ੍ਹਾਂ ਦੀ ਫਿਲਮ ਦਰਸ਼ਕਾਂ ਅੱਗੇ ਲੈ ਕੇ ਆਉਂਦਾ ਹੈ।


# ਜੀਵਨ ਆਧਾਰਿਤ ਫਿਲਮਾਂ ਦੇ ਰੰਗ-ਢੰਗ













*ਵੱਖ-ਵੱਖ ਸ਼ਖਸੀਅਤਾਂ ਦੇ ਜੀਵਨ 'ਤੇ ਆਧਾਰਿਤ ਬਣੀਆਂ ਫਿਲਮਾਂ 'ਮੈਂ ਅਟਲ ਹੂੰ', 'ਮਿਸਟਰ ਬੱਚਨ', 'ਐਮਰਜੈਂਸੀ', 'ਸੈਮਬਹਾਦੁਰ' ਅਤੇ 'ਅਪੂਰਵਾ' ਦੇ ਪੋਸਟਰ।*

**ਆਮਨਾ ਕੌਰ**

ਪਿਛਲੇ ਕੁਝ ਸਮੇਂ ਤੋਂ ਜੀਵਨ ਆਧਾਰਿਤ ਫਿਲਮਾਂ ਬਣਾਉਣ ਦਾ ਬਹੁਤ ਰਿਵਾਜ਼ ਚੱਲਿਆ ਹੈ। ਖਾਸ ਸ਼ਖਸੀਅਤਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਪਹਿਲਾਂ ਵੀ ਫਿਲਮਾਂ ਵਿਚ ਉਤਾਰਿਆ ਜਾਂਦਾ ਰਿਹਾ ਹੈ ਪਰ ਹੁਣ ਫਿਲਮਸਾਜ਼ ਇਸ ਪਾਸੇ ਵਧੇਰੇ ਸੋਚਣ ਲੱਗ ਪਏ ਹਨ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਵਿਚ ਨਵੀਂ ਤਰ੍ਹਾਂ ਦੀਆਂ ਕਹਾਣੀਆਂ ਨਾ ਮਿਲਣ ਕਾਰਨ ਫਿਲਮਸਾਜ਼ਾਂ ਦਾ ਰੁਝਾਨ ਕਿਤਾਬਾਂ ਜਾਂ ਕਿਸੇ ਖਾਸ ਸ਼ਖਸੀਅਤ 'ਤੇ ਫਿਲਮਾਂ ਬਣਾਉਣ ਵੱਲ ਵਧਿਆ ਹੈ। ਸਾਲ 2023 ਵਿਚ ਅਜਿਹੀਆਂ ਜਿਹੜੀਆਂ ਫਿਲਮਾਂ ਆਈਆਂ ਹਨ ਜਾਂ ਅਗਾਂਹ ਆ ਰਹੀਆਂ ਹਨ, ਉਨ੍ਹਾਂ ਵਿਚ 'ਸੈਮਬਹਾਦੁਰ', '12ਵੀਂ ਫੇਲ੍ਹ', 'ਮਿਸ਼ਨ ਰਾਨੀਗੰਜ', 'ਸਕੈਮ 1992', 'ਖੁਫੀਆ' ਆਦਿ ਹਨ। ਇਨ੍ਹਾਂ ਤੋਂ ਇਲਾਵਾ 'ਐਮਰਜੈਂਸੀ', 'ਮੈਂ ਅਟਲ ਹੂੰ', 'ਮਿਸਟਰ ਬੱਚਨ' ਵਰਗੀਆਂ ਫਿਲਮਾਂ ਅਗਲੇ ਸਾਲ ਰਿਲੀਜ਼ ਹੋ ਰਹੀਆਂ ਹਨ।

ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਸੈਮਬਹਾਦੁਰ' ਭਾਵੇਂ ਕਮਾਈ ਪੱਖੋਂ ਤਾਂ ਕੋਈ ਬਹੁਤਾ ਮਾਅਰਕਾ ਨਹੀਂ ਮਾਰ ਸਕੀ ਪਰ ਇਸ ਫਿਲਮ ਨੇ ਫੌਜ ਦੇ ਕੁਝ ਪੱਖ ਬਹੁਤ ਵਧੀਆ ਢੰਗ ਨਾਲ ਉਜਾਗਰ ਕੀਤੇ ਹਨ। ਇਹ ਫਿਲਮ ਉਘੇ ਫਿਲਮਸਾਜ਼ ਗੁਲਜ਼ਾਰ ਦੀ ਧੀ ਮੇਘਨਾ ਗੁਲਜ਼ਾਰ ਨੇ ਬਣਾਈ ਹੈ। 'ਅਟਲ' ਫਿਲਮ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਉਘੇ ਲੀਡਰ ਅਟਲ ਬਿਹਾਰੀ ਬਾਜਪਾਈ ਦੇ ਜੀਵਨ 'ਤੇ ਆਧਾਰਿਤ ਹੈ। ਇਸ ਫਿਲਮ ਵਿਚ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਬਾਰੇ ਕੁਝ ਖਾਸ ਗੱਲਾਂ ਹੋਈਆਂ ਹਨ। 'ਐਮਰਜੈਂਸੀ' ਫਿਲਮ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਜੀਵਨ 'ਤੇ ਆਧਾਰਿਤ ਹੈ। ਇਹ ਫਿਲਮ ਕੰਗਨਾ ਰਣੌਤ ਦੇ ਨਿਰਦੇਸ਼ਨ ਹੇਠ ਬਣੀ ਹੈ ਅਤੇ ਫਿਲਮ ਵਿਚ ਇੰਦਰਾ ਗਾਂਧੀ ਵਾਲਾ ਕਿਰਦਾਰ ਵੀ ਉਸ ਨੇ ਹੀ ਨਿਭਾਇਆ ਹੈ। ਕਿਹਾ ਜਾ ਰਿਹਾ ਹੈ ਕਿ ਇਹ ਫਿਲਮ ਜਾਣ-ਬੁੱਝ ਕੇ ਅਗਲੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਰਿਲੀਜ਼ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਤਾਂ ਕਿ ਇਸ ਤੋਂ ਭਾਰਤੀ ਜਨਤਾ ਪਾਰਟੀ ਨੂੰ ਫਾਇਦਾ ਹੋ ਸਕੇ ਅਤੇ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ। ਉਂਝ ਵੀ ਕੰਗਨਾ ਰਣੌਤ ਲੋਕਾਂ ਸਭਾ ਚੋਣਾਂ ਦੌਰਾਨ ਟਿਕਟ ਹਾਸਲ ਕਰਨ ਲਈ ਵੀ ਹੱਥ-ਪੈਰ ਮਾਰ ਰਹੀ ਹੇ। ਪਿਛਲੇ ਸਮੇਂ ਦੌਰਾਨ ਉਹ ਖੁੱਲ੍ਹੇਆਮ ਮੋਦੀ ਸਰਕਾਰ ਦੇ ਹੱਕ ਵਿਚ ਖੜ੍ਹਦੀ ਰਹੀ ਹੈ। ਦਿੱਲੀ ਦੀਆਂ ਬਰੂਹਾਂ ਉਤੇ ਸਾਲ ਭਰ ਚੱਲੇ ਕਿਸਾਨ ਅੰਦੋਲਨ ਬਾਰੇ ਵੀ ਉਸ ਨੇ ਬੜੀਆਂ ਕੋਝੀਆਂ ਟਿੱਪਣੀਆਂ ਕੀਤੀਆਂ ਸਨ। ਫਿਲਮ 'ਮਿਸਟਰ ਬੱਚਨ' ਉਘੇ ਅਦਾਕਾਰ ਅਮਿਤਾਭ ਬੱਚਨ ਦੀ ਜ਼ਿੰਦਗੀ 'ਤੇ ਆਧਾਰਿਤ ਹੈ। ਇਨ੍ਹਾਂ ਵਿਚੋਂ ਸਭ ਤੋਂ ਦਿਲਚਸਪ ਫਿਲਮ 'ਅਪੂਰਵਾ' ਹੈ ਜੋ ਚੰਬਲ ਦੀ ਇਕ ਡਾਕੂ ਦੀ ਜ਼ਿੰਦਗੀ 'ਤੇ ਆਧਾਰਿਤ ਹੈ। ਇਹ ਫਿਲਮ ਡਿਜ਼ਨੀ+ਹੌਟਸਟਾਰ 'ਤੇ ਰਿਲੀਜ਼ ਕੀਤੀ ਗਈ ਗਈ ਹੈ। ਇਹ ਫਿਲਮ ਨਿਖਿਲ ਨਾਗੇਸ਼ ਨੇ ਨਿਰਦੇਸ਼ਤ ਕੀਤੀ ਹੈ।

**ਕਿਹਾ ਜਾ ਰਿਹਾ ਹੈ ਕਿ ਨਵੀਂ ਤਰ੍ਹਾਂ ਦੀਆਂ ਕਹਾਣੀਆਂ ਨਾ ਮਿਲਣ ਕਾਰਨ ਫਿਲਮਸਾਜ਼ਾਂ ਦਾ ਰੁਝਾਨ ਕਿਤਾਬਾਂ ਜਾਂ ਕਿਸੇ ਖਾਸ ਸ਼ਖਸੀਅਤ 'ਤੇ ਫਿਲਮਾਂ ਬਣਾਉਣ ਵੱਲ ਵਧਿਆ ਹੈ।**


KALGIDHAR TRUST BARU SAHIB.1982
LET'S WELCOME AND CELEBRATE THE NEW YEAR 2024
WITH
DR. DAVINDER SINGH JI
President - The Kalgidhar Trust - Baru Sahib
MEET & GREET
December 31st, 2023
Morning Divan: 10:00 AM
Evening Divan: 8:00 PM
Sikh Religious Society of Chicago
1280 Winnetka Street
Palatine IL 60067
January 1st, 2024
Evening Divan: 6:00 PM
Dinner: 9:00 PM
Aaj Da Mudda, jus
Jaidev Singh Bhattal's Residence, 143 Founders Pointe S., Bloomingdale, IL
Educate to Save
Educate Kids Save Punjab
Sponsor a Child Now!
$500 Yearly
$5000 For Lifetime
EducateToSave.com
FOR MORE INFORMATION CONTACT:
MAJOR GURCHARN SINGH JHAJ: 847-330-1421 | MANDEEP SINGH PANNU: 224-704-3282 | RAVIDEEP KAUR: 972-693-1077